
ਸੱਦਾਮ ਹੁਸੈਨ

ਦੇ ਕਤਲ ਦੀ ਅਮਰੀਕਨ ਸਾਜ਼ਿਸ਼

ਭਗਤ ਸਿੰਘ ਸਰੋਆ



ਸੱਦਾਮ ਹੁਸੈਨ
ਦੇ ਕਤਲ ਦੀ ਅਮਰੀਕਨ ਸਾਜ਼ਿਸ਼

ਭਗਤ ਸਿੰਘ ਸਰੋਆ



ਤਤਕਰਾ

~ ਭੂਮਿਕਾ 7

~ ਕਾਂਡ - 1
ਧਰਤੀ ਮੈਸੋਪੋਟਾਮੀਆ ਦੀ 9

~ ਕਾਂਡ -2
ਰੇਗਸਥਾਨੀ ਕਤਲੇਆਮ 16

~ ਕਾਂਡ -3
ਵਿਨਾਸ਼ ਕਿਉਂ? 32

~ ਕਾਂਡ-4
ਮੈਸੋਪੋਟਾਮੀਆ ਦਾ ਸੋਗ -1 43

~ ਕਾਂਡ -5
ਖੂਨੀ ਹਤਿਆਰਾ 68

~ ਕਾਂਡ-6
ਮੀਡੀਆ 91

~ ਕਾਂਡ - 7
ਹਥਿਆਰ ਨਰੀਖਣ 103

~ ਕਾਂਡ - 8
ਮੈਸੋਪੋਟਾਮੀਆ ਦਾ ਸੋਗ-II 121

ਸਮਰਪਤ

ਇਰਾਕ ਵਿਚ ਅਮਰੀਕਾ ਵੱਲੋਂ ਲਗਾਈਆਂ ਬੰਧਸ਼ਾਂ ਦੇ ਕਾਰਨ
ਭੁੱਖ ਨਾਲ ਵਿਲਕਦੇ ਅਤੇ ਦਵਾਈਆਂ ਖੁਣੋਂ ਮਾਰੇ ਗਏ
ਨਿਰਦੋਸ਼ ਅਤੇ ਮਾਸੂਮ ਬੱਚਿਆਂ ਦੇ ਨਾਂ

ਭੂਮਿਕਾ

ਅਮਰੀਕਾ ਦੁਆਰਾ ਰਚੀ ਗਈ ਸੱਦਾਮ ਹੁਸੈਨ ਦੇ ਕਤਲ ਦੀ ਇਸ ਸਾਜ਼ਿਸ਼ ਦੀ ਖੋਜ ਨੂੰ ਮੈਂ 1990 ਵਿਚ ਹੀ ਸ਼ੁਰੂ ਕਰ ਦਿੱਤਾ ਸੀ ਅਤੇ ਸੱਦਾਮ ਹੁਸੈਨ ਨੂੰ ਫਾਂਸੀ ਲਾਉਣ ਦੇ ਸਫਰ ਤੱਕ ਇਸ ਨੂੰ ਜਾਰੀ ਰੱਖਿਆ। ਤੱਥਾਂ ਅਤੇ ਅੰਕੜਿਆਂ 'ਤੇ ਆਧਾਰਿਤ ਇਹ ਪੁਸਤਕ ਅਮਰੀਕਾ ਦੀ ਧੱਕੇਸ਼ਾਹੀ ਨੂੰ ਨਸ਼ਰ ਕਰਦੀ ਹੈ। ਇਰਾਕੀ ਸਦਰ ਨੂੰ ਕਤਲ ਕਰਨ ਲਈ ਅਮਰੀਕਾ ਨੂੰ ਇਤਿਹਾਸ ਦੀ ਸਭ ਤੋਂ ਮਹਿੰਗੀ ਜੰਗ ਲੜਨੀ ਪਈ। ਐਨੀ ਮਹਿੰਗੀ, ਜਿਸ ਦੇ ਅੱਧੇ ਧਨ ਨਾਲ ਹੀ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਕਰਜ਼ਾ ਚੁਕਾਇਆ ਜਾ ਸਕਦਾ ਸੀ। ਇਹ ਜੰਗ ਇਰਾਕ ਦੇ ਖਿਲਾਫ 1987 ਤੋਂ ਹੀ ਵਿੱਢ ਦਿੱਤੀ ਗਈ ਸੀ ਜਦੋਂ ਅਮਰੀਕਾ ਨੇ ਇਰਾਕ ਦੇ ਖਿਲਾਫ ਅਰਬ ਦੇਸ਼ਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਇਹ ਅਮਰੀਕਾ ਦੀ ਸੰਕੀਰਣਵਾਦੀ ਸੋਚ ਦੀ ਜਥੇਬੰਦੀ 'ਹੈਰੀਟੇਜ਼ ਫਾਉਂਡੇਸ਼ਨ' ਦੀ ਨੀਤੀ ਦਾ ਸਿੱਟਾ ਅਤੇ ਅਮਰੀਕੀ ਰੱਖਿਆ ਉਪ-ਸਕੱਤਰ ਪੌਲ-ਵੁਲਫੋਵਿਟਜ਼ ਦੇ ਦਿਮਾਗ ਦੀ ਕਾਢ ਸੀ। ਉਹ ਪਿਛਲੇ ਲੰਮੇ ਅਰਸੇ ਤੋਂ ਇਰਾਕ ਨੂੰ ਅਮਰੀਕੀ ਕਬਜ਼ੇ ਅਧੀਨ ਲੈਣ ਦੀ ਮੁਹਿੰਮ ਚਲਾਉਂਦਾ ਆ ਰਿਹਾ ਸੀ। ਇਸ ਲਈ ਅਮਰੀਕੀ ਰਾਸ਼ਟਰਪਤੀ ਭਾਵੇਂ ਉਹ ਸੀਨੀਅਰ ਬੁਸ਼ ਹੋਵੇ, ਭਾਵੇਂ ਬਿਲ ਕਲਿੰਟਨ ਤੇ ਭਾਵੇਂ ਜੂਨੀਅਰ ਬੁਸ਼, ਇਨ੍ਹਾਂ ਨੇ 1991 ਤੋਂ 2006 ਤਕ ਇਰਾਕ 'ਤੇ ਜਿੰਨੇ ਵੀ ਹਮਲੇ ਕੀਤੇ, ਸਾਰੇ 'ਇਰਾਦਾ ਕਤਲ' ਨੂੰ ਮੁੱਖ ਰੱਖ ਕੇ ਕੀਤੇ ਸਨ। ਇਹ ਹਮਲੇ ਅਤਿ ਆਧੁਨਿਕ ਕੰਪਿਊਟਰੀਕ੍ਰਿਤ ਹਥਿਆਰਾਂ ਨਾਲ ਲੈਸ ਵੀਡੀਓ ਕੈਮਰਿਆਂ, ਰਾਡਾਰ ਅਤੇ ਲੇਜ਼ਰ ਰਾਹੀਂ ਨਿਰਦੇਸ਼ਤ ਸਨ।

ਜੂਨੀਅਰ ਬੁਸ਼ ਦਾ ਸਾਰਾ ਮੰਤਰੀ ਮੰਡਲ ਤੇਲ ਵਪਾਰ ਨਾਲ ਜੁੜਿਆ ਹੋਇਆ ਹੈ। ਇਹ ਮੱਧ-ਪੂਰਬ ਦੇ ਨਕਸ਼ੇ ਨੂੰ ਬਦਲ ਕੇ ਅਫਰੀਕਾ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਤੇਲ ਅਤੇ ਗੈਸ ਪੱਟੀ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਲਈ ਹੀ ਇਨ੍ਹਾਂ ਨੇ "ਪ੍ਰਾਜੈਕਟ ਫਾਰ ਨਿਊ ਸੈਂਚੂਰੀ" ਦੀ ਸੋਚ ਨੂੰ ਲੈ ਕੇ 'ਕੌਮੀ ਰਣਨੀਤੀ' ਤਿਆਰ ਕੀਤੀ ਪਰ ਇਸ ਨੀਤੀ ਨੂੰ ਲਾਗੂ ਕਰਨ ਦੇ ਰਸਤੇ ਵਿਚ ਇਰਾਕੀ ਸਦਰ ਸੱਦਾਮ ਹੁਸੈਨ ਇਕ ਵੱਡਾ ਰੋੜਾ ਸੀ। ਇਸ ਅੜਿੱਕੇ ਨੂੰ ਦੂਰ ਕਰਨ ਲਈ ਇਰਾਕੀ ਸਦਰ ਨੂੰ ਦੂਰ ਕਰਨਾ ਜਰੂਰੀ ਸੀ। ਇਰਾਕੀ ਸਦਰ ਦਾ ਖਾਤਮਾ ਹੁਣ ਅਮਰੀਕਾ ਦੀ ਮਜਬੂਰੀ

ਬਣ ਗਿਆ ਸੀ। ਉਸ ਨਾਲ ਜੰਗ ਵਿੱਢਣ ਲਈ ਅਮਰੀਕਾ ਨੂੰ ਵਿਸ਼ਵ ਅੱਗੇ ਅਨੇਕਾਂ ਵੱਡੇ ਵੱਡੇ ਝੂਠ ਬੋਲਣੇ ਪਏ। 13 ਸਾਲ ਤਕ ਇਰਾਕ ਵਿਚ ਬੰਦਸ਼ਾਂ ਲਗਾ ਕੇ ਬੱਚਿਆਂ, ਬੁੱਢਿਆਂ ਅਤੇ ਆਮ ਜਨਤਾ ਨੂੰ ਭੁੱਖਿਆਂ ਰੱਖਿਆ ਗਿਆ ਤੇ ਹਥਿਆਰ ਨਿਰੀਖਣ ਦੇ ਬਹਾਨੇ 13 ਸਾਲ ਉਥੇ ਜਾਸੂਸੀ ਕੀਤੀ ਗਈ। ਇਰਾਕ ਦੇ ਵੱਡੇ ਸੈਨਾ ਕਮਾਂਡਰਾਂ ਅਤੇ ਵਿਗਿਆਨਕਾਂ ਨੂੰ ਵੱਡੇ ਲਾਲਚ ਦੇ ਕੇ ਉਨ੍ਹਾਂ ਤੋਂ ਅਨੇਕਾਂ ਗੁਪਤ ਭੇਦ ਲਏ ਗਏ। ਇਰਾਕੀ ਸਦਰ ਨੂੰ ਕਤਲ ਕਰ ਕੇ ਉਥੋਂ ਦੇ ਸੱਭਿਆਚਾਰ ਅਤੇ ਜੰਗਜੂ ਮਾਨਸਿਕਤਾ ਦਾ ਵੀ ਕਤਲ ਕਰ ਦਿੱਤਾ ਗਿਆ।

ਮੈਂ ਹਥਲੀ ਪੁਸਤਕ ਦਾ ਦੂਜਾ ਐਡੀਸ਼ਨ ਪਾਠਕਾਂ ਨੂੰ ਸਮਰਪਣ ਕਰਨ ਦੀ ਅਥਾਹ ਖੁਸ਼ੀ ਲੈ ਰਿਹਾ ਹਾਂ। ਪੁਸਤਕ ਸਬੰਧੀ ਸੁਝਾਵਾਂ ਦੀ ਉਡੀਕ ਕਰਾਂਗਾ।

ਇਤਿਹਾਸ ਦੇ ਖੋਜੀਆਂ ਲਈ ਲਾਹੇਵੰਦ ਇਹ ਪੁਸਤਕ ਰਾਜਨੀਤੀਵਾਨਾਂ ਅਤੇ ਸਾਮਰਾਜਵਾਦੀਆਂ ਨੂੰ ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਦਾ ਪ੍ਰੇਰਨਾਮਈ ਸਰੋਤ ਹੈ। ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਲਈ ਮੈਂ ਲੋਕਗੀਤ ਪ੍ਰਕਾਸ਼ਨ ਦਾ ਬਹੁਤ ਧੰਨਵਾਦੀ ਹਾਂ।

ਭਗਤ ਸਿੰਘ ਸਰੋਆ

ਕਾਂਡ - 1

ਧਰਤੀ ਮੈਸੋਪੋਟਾਮੀਆ ਦੀ

ਏਸ਼ੀਆ ਮਾਈਨਰ ਵਿਚ ਖਾੜੀ ਫਾਰਸ ਦੇ ਉਤੱਰ ਅਤੇ ਤੁਰਕੀ ਦੇ ਦੱਖਣ ਵਿਚ ਵਸਿਆ ਹੋਇਆ ਹੈ ਇਰਾਕ ਦੇਸ਼ । ਪੂਰਬ ਵਿਚ ਇਰਾਨ, ਉਤੱਰ ਵਿਚ ਸੀਰੀਆ, ਪੱਛਮ ਵਿਚ ਜਾਰਡਨ, ਦੱਖਣ ਵਿਚ ਸਾਊਦੀ ਅਰਬ ਅਤੇ ਕੁਵੈਤ ਨਾਲ ਇਸ ਦੀਆਂ ਸਰਹੱਦਾਂ ਛੂੰਦੀਆਂ ਹਨ । ਇਹ ਸੁਤੰਤਰ ਦੇਸ਼ ਪ੍ਰਚੀਨ ਕਾਲ ਵਿਚ ਮੈਸੋਪੋਟਾਮੀਆ ਦੀ ਧਰਤੀ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ । ਇਸ ਵਿਚ ਵਗਦੇ ਦਜ਼ਲਾ ਅਤੇ ਫਰਾਤ ਦਰਿਆਵਾਂ ਦੇ ਵਿਚਕਾਰਲੀ ਭੂਮੀ ਨੂੰ 'ਮੈਸੋਪੋਟਾਮੀਆ ਦੀ ਭੂਮੀ' ਕਿਹਾ ਜਾਂਦਾ ਹੈ । ਜੇਕਰ ਇਰਾਕ ਵਿਚੋਂ ਦਜ਼ਲਾ ਅਤੇ ਫਰਾਤ ਦੀ ਭੂਮੀ ਨੂੰ ਮਨਫੀ ਕਰ ਦਿੱਤਾ ਜਾਵੇ ਤਾ ਬਾਕੀ ਕੁਝ ਵੀ ਨਹੀਂ ਬਚਦਾ । ਇਹੋ ਭੂਮੀ ਇਰਾਕ ਦਾ ਦਿਲ ਹੈ । ਜ਼ਿੰਦਗੀ ਦੀ ਸਾਰੀ ਧੜਕਣ ਇਸ ਹੁਸੀਨ ਵਾਦੀ ਵਿਚ ਹੀ ਧੜਕਦੀ ਮਹਿਸੂਸ ਹੁੰਦੀ ਹੈ । ਦੂਰ ਤੁਰਕੀ ਦੀਆਂ ਪਹਾੜੀਆਂ ਵਿਚੋਂ ਨਿਕਲਦੇ ਦਜ਼ਲਾ ਅਤੇ ਫਰਾਤ ਦਰਿਆ ਵਲ-ਵਲੇਵੇ ਖਾਂਦੇ ਇਰਾਕ ਦੇ ਉਤੱਰੀ ਪਾਸੇ ਵੱਲ ਵਹਿੰਦੇ ਹੋਏ ਫਾਰਸ ਦੀ ਖਾੜੀ ਵਿਚ ਜਾ ਡਿਗਦੇ ਹਨ । ਉਤੱਰੀ ਦਰਿਆ ਦਜ਼ਲਾ 1850 ਕਿ.ਮੀ ਲੰਬਾ ਹੈ । ਇਹਨਾਂ ਵਿਚਕਾਰਲੀ ਉਚੱ ਭੂਮੀ ਨੂੰ 'ਅਲ ਜ਼ਜ਼ੀਰਾ' ਵੀ ਕਿਹਾ ਜਾਂਦਾ ਹੈ । ਗੰਗਾ ਨਦੀ ਦਾ ਡੈਲਟਾ ਜੇ ਕਰ ਸੁੰਦਰਬਨ ਕਰ ਕੇ ਸੰਸਾਰ ਭਰ ਵਿਚ ਪ੍ਰਸਿੱਧ ਹੈ ਤਾਂ ਦਜ਼ਲਾ - ਫਰਾਤ ਦਾ ਡੈਲਟਾ 'ਸ਼ਤ-ਅਲ-ਅਰਬ' ਆਪਣੀ ਭੌਤਿਕ ਵਿਵਸਥਾ ਤੇ ਖੰਜੂਰਾਂ ਦੀ ਖੂਬਸੂਰਤੀ ਕਰ ਕੇ ਸੰਸਾਰ ਪ੍ਰਸਿੰਧ ਹੈ । ਇਸ ਸਮੁੱਚੇ ਮਾਰੂਥਲੀ ਖਿੱਤੇ ਵਿਚ ਪਹਿਲਾਂ ਤਾ ਵਹਿੰਦੀ ਹੋਈ ਜਲਧਾਰਾ ਹੀ ਇਕ ਅਜੂਬਾ ਹੈ 'ਤੇ ਜੇ ਕਰ ਇਸ ਤਪਦੇ ਮਾਰੂਥਲ ਵਿਚ ਝੀਲਾਂ, ਨਿਕੀਆਂ-ਨਿੱਕੀਆਂ ਬੇਸ਼ੁਮਾਰ ਨਦੀਆਂ, ਖੰਜੂਰਾਂ ਦੇ ਝੁੰਡ ਅਤੇ ਦਲਦਲਾਂ 'ਤੇ ਛੇ-ਛੇ- ਮੀਟਰ ਉਚੇ ਨਾੜ ਦੀ ਕੋਈ ਗੱਲ ਕਰਦਾ ਹੈ ਤਾਂ ਸੱਚਮੁੱਚ ਹੀ ਇਹ 'ਸ਼ਤ-ਅਲ-ਅਰਬ' ਕ੍ਰਿਸ਼ਮੇ ਵਾਲਾ ਨਖ਼ਲਿਸਤਾਨ ਹੀ ਭਾਸਦਾ ਹੈ । ਇਹੋ ਖਿੱਤਾ ਹੀ ਕਦੀ ਸੰਸਾਰ ਦੀ ਪ੍ਰਚੀਨ ਮੈਸੋਪੋਟਾਮੀਆਈ ਸੱਭਿਅਤਾ ਦਾ ਪੰਘੂੜਾ ਹੁੰਦਾ ਸੀ । ਇਤਿਹਾਸਕ ਬੇਬੀਲੋਨ ਸ਼ਹਿਰ ਇਸੇ ਫਰਾਤ ਦਰਿਆ ਦੇ ਕੰਢੇ ਉਪਰ ਹੀ ਵਸਿਆ ਹੁੰਦਾ ਸੀ । ਪੁਰਾਤੱਤਵ ਵਿਗਿਆਨੀਆਂ ਦਾ ਮੱਤ ਹੈ ਕਿ ਦੋਨਾਂ ਦਰਿਆਵਾਂ ਦੇ ਸੰਗਮ ਉਪਰ ਜਿਥੇ ਹੁਣ 'ਅਲ-ਕੁਰਾਨਾ' ਸ਼ਹਿਰ ਹੈ ਉਥੇ ਹੀ ਬਾਈਬਲ ਵਿਚ ਆਏ ਅਦਨ ਬਗੀਚੇ ਦੀ ਥਾਂ ਬਣਦੀ ਹੈ । ਦੋਵਾਂ ਦਰਿਆਵਾਂ ਵਿਚੋਂ ਬਹੁਤਾ ਪਾਣੀ ਉਪਰਲੀ ਵਾਦੀ ਨੂੰ ਸਿੰਜਣ ਲਈ ਵਰਤ ਲਿਆ ਜਾਂਦਾ ਹੈ ਅਤੇ ਅਤਿ ਦੀ ਗਰਮੀ ਕਾਰਨ ਬੇਸ਼ੁਮਾਰ ਮਾਤਰਾ ਵਿਚ ਵਾਸ਼ਪੀਕਰਨ ਵੀ ਹੋ ਜਾਂਦਾ ਹੈ । ਫਿਰ ਵੀ 'ਸ਼ਤ-ਅਲ-ਅਰਬ' ਵਿਚ ਜਲ ਮਾਤਰਾ ਕਾਫੀ ਰਹਿੰਦੀ ਹੈ। ਇਰਾਨ ਵੱਲੋਂ ਆਉਂਦੀ 'ਕਾਰੂਨ' ਨਦੀ ਇਥੇ ਆ ਕੇ ਰਲ ਜਾਂਦੀ ਹੈ ਅਤੇ ਖਾੜੀ ਫਾਰਸ ਦਾ

ਨੀਲਾ ਨਮਕੀਨ ਪਾਣੀ ਤਰੰਗਾਂ ਤੇ ਲਹਿਰਾਂ ਨਾਲ ਗਹਿਰਾਈ ਨੂੰ ਕਾਇਮ ਰੱਖਦਾ ਹੈ । ਬਸਰਾ ਬੰਦਰਗਾਹ ਖਾੜੀ ਤੋਂ 95 ਕਿ.ਮੀ. ਦੂਰ ਹੁੰਦੀ ਹੋਈ ਵੀ 'ਸ਼ਤ-ਅਲ-ਅਰਬ' ਮੁੰਦਰੀ ਦਾ ਨਗ ਬਣੀ ਹੋਈ ਹੈ । ਕਾਫੀ ਵੱਡੇ -2 ਟੈਂਕਰ ਖਾੜੀ ਤੋਂ ਇਸ ਬੰਦਰਗਾਹ ਤੀਕ ਪੁੱਜ ਸਕਦੇ ਹਨ । ਇਹ ਡੈਲਟਾ ਇਕ ਸਦੀ ਵਿਚ ਕੋਈ ਤਿੰਨ ਕਿ.ਮੀ. ਖਾੜੀ ਵੱਲ ਵੱਧ ਜਾਂਦਾ ਹੈ । ਇਸ ਤਰਾਂ ਇਰਾਕ ਦੀ ਇਹ ਜਰਖੇਜ਼ ਭੂਮੀ ਹੋਲੀ ਹੋਲੀ ਪੂਰਬ ਵੱਲ ਵਧਦੀ ਜਾ ਰਹੀ ਹੈ ।

ਇਰਾਕ ਸਮੁੱਚੇ ਰੂਪ ਵਿਚ ਖੁਸ਼ਕ ਪੌਣਪਾਣੀ ਦਾ ਖਿੱਤਾ ਹੈ । ਸਿਆਲ ਮਹੀਨੇ ਕਾਫੀ ਸਰਦ ਹਨ । ਗਰਮੀਆਂ ਵਿਚ ਅਤਿ ਦੀ ਗਰਮੀ ਕਾਰਨ ਰੇਗਿਸਤਾਨ ਭੱਠੀ ਵਾਂਗ ਭੱਖ ਉਠੱਦਾ ਹੈ । ਬਗਦਾਦ ਸ਼ਹਿਰ ਵਿਚ ਜਨਵਰੀ ਦਾ ਔਸਤਨ ਤਾਪਮਾਨ 10 ਡਿਗਰੀ ਸੈ. ਹੈ । ਪਰ ਜੁਲਾਈ ਵਿਚ ਪਾਰਾ 35 ਡਿਗਰੀ ਸੈ. ਤੋਂ ਟੱਪ ਜਾਂਦਾ ਹੈ । ਇਸ ਸ਼ਹਿਰ ਦੀ ਔਸਤ ਵਾਰਸ਼ਿਕ ਵਰਖਾ ਕੇਵਲ 6 ਇੰਚ (140 ਮੀਲੀਮੀਟਰ) ਹੈ । ਇਹ ਇਕ ਖੇਤੀ ਪ੍ਰਧਾਨ ਦੇਸ਼ ਹੈ ਇਥੋਂ ਦੇ 90 ਫੀਸਦੀ ਲੋਕ ਖੇਤੀ ਖੇਤਰ ਵਿਚ ਕੰਮ ਕਰਦੇ ਹਨ । 42 ਫੀਸਦੀ ਕਾਮੇ ਖੇਤੀ ਦਾ ਕਿੱਤਾ ਕਰਦੇ ਹਨ । ਕੇਵਲ 26 ਫੀਸਦੀ ਸੱਨਅਤ ਵਿਚ ਕੰਮ ਕਰਦੇ ਹਨ । ਦੇਸ਼ ਦਾ 3 ਫੀਸਦੀ ਹਿੱਸਾ ਹੀ ਅਜਿਹਾ ਹੈ ਜਿਥੇ ਖੇਤੀ ਕੀਤੀ ਜਾ ਸਕਦੀ ਹੈ ਤੇ 3 ਫੀਸਦੀ ਭੂਮੀ 2 ਕਰੋੜ ਲੋਕਾਂ ਨੂੰ ਅਨਾਜ, ਫਲ ਅਤੇ ਮੇਵੇ ਖੁਆਂਦੀ ਹੈ । ਸਿੰਚਾਈ ਸਹੂਲਤਾਂ ਨੇ ਮੈਸੋਪੋਟਾਮੀਆ ਦੀ ਭੂਮੀ ਨੂੰ ਅਨਾਜ ਦਾ ਗੁਦਾਮ ਬਣਾ ਦਿੱਤਾ ਹੈ । ਡੀਜ਼ਲ ਦੀ ਕੋਈ ਘਾਟ ਨਹੀਂ । ਪਾਣੀ ਦਜ਼ਲਾ ਅਤੇ ਫਰਾਤ ਖਤਮ ਨਹੀਂ ਹੋਣ ਦਿੰਦੇ । ਕਣਕ, ਜੌਂ,ਮੱਕੀ, ਜਵਾਰ-ਬਾਜਰਾ, ਚੌਲ (ਡੈਲਟਾਈ ਸ਼ਤ-ਅਲ-ਅਰਬ ਵਿਚ) ਕਪਾਹ, ਤੰਬਾਕੂ,ਅੰਜ਼ੀਰ, ਅਖਰੋਟ, ਅੰਗੂਰ, ਖੰਜੂਰ, ਨਾਸਪਾਤੀ ਇਰਾਕ ਦੀਆਂ ਮੁੱਖ ਫਸਲਾਂ ਹਨ । ਜੌਂ ਅਤੇ ਖੰਜੂਰ ਇਰਾਕ ਦੀਆਂ ਦੋ ਗੌਰਵਮਈ ਫਸਲਾਂ ਹਨ । ਇਕੱਲਾ ਇਰਾਕ ਸੰਸਾਰ ਦੀਆਂ 80 ਫੀਸਦੀ ਖੰਜੂਰਾਂ ਪੈਦਾ ਕਰਦਾ ਹੈ । ਇਸ ਲਈ ਇਸ ਨੂੰ 'ਖੰਜੂਰਾਂ ਦਾ ਬਾਦਸ਼ਾਹ' ਵੀ ਕਿਹਾ ਜਾਂਦਾ ਹੈ, 6.50 ਕਰੋੜ ਰੁੱਖ 3.50 ਲੱਖ ਟਨ ਖੰਜੂਰਾ ਦਾ ਉਤਪਾਦਨ ਕਰਦੇ ਹਨ ।

ਭੇਡਾਂ ਪਾਲਣਾ ਵੀ ਲੋਕਾਂ ਦਾ ਮੁੱਖ ਕਿੱਤਾ ਹੈ । ਉਪਰਲੇ ਪਹਾੜੀ ਅਤੇ ਨੀਮ ਪਹਾੜੀ ਖੇਤਰ ਵਿਚ (ਕੁਰਦਸਤਾਨ ਵਿਚ) ਇਸ ਕਿੱਤੇ ਨੇ ਬੜੀ ਉਨੱਤੀ ਕੀਤੀ ਹੈ । ਇਰਾਕ ਕੋਲ 90 ਲੱਖ ਭੇਡਾਂ ਅਤੇ 15 ਲੱਖ ਬੱਕਰੀਆਂ ਦੇ ਇੱਜੜ ਹਨ । ਗੁੱਜਰਾਂ ਦੇ ਟੋਲੇ ਵੀ ਇਰਾਕੀ ਆਰਥਿਕਤਾ ਦਾ ਅਨਿਖੜਵਾਂ ਅੰਗ ਬਣੇ ਹੋਏ ਹਨ । ਇਰਾਕ ਦੀ ਜਰਖੇਜ਼ ਭੂਮੀ ਦੀਆਂ ਦਲਦਲਾਂ ਵਿੱਚ ਇਕ ਵਿਸ਼ੇਸ਼ ਕਿਸਮ ਦਾ ਨਾੜ ਉਗੱਦਾ ਹੈ ਜਿਸ ਦੀ ਲੰਬਾਈ 20 ਫੁੱਟ ਤੋਂ ਵੀ ਟੱਪ ਜਾਂਦੀ ਹੈ । ਇਹ ਨਾੜ ਲੋਕਾਂ ਨੂੰ ਭੋਜਨ, ਪੰਛੀਆਂ ਨੂੰ ਆਲ੍ਹਣਿਆਂ ਲਈ ਥਾਂ, ਪਸ਼ੂਆਂ ਲਈ ਚਾਰਾ, ਝੁੱਗੀਆਂ ਨੂੰ ਛੱਤਾਂ ਤੇ ਕੰਧਾਂ, ਚੁਲ੍ਹਿਆਂ ਨੂੰ ਬਾਲਣ ਤੇ ਮਾਹੀਗੀਰਾਂ ਨੂੰ ਰੱਸੀਆਂ ਤੇ ਜਾਲ ਦਿੰਦਾ ਹੈ ।

ਇਰਾਕ ਕੋਲ ਇਕ ਵੱਡੇ ਸਨੱਅਤੀ ਉਤਪਾਦਨ ਲਈ ਜਿੱਥੇ ਲੋਹੇ,ਕੋਲੇ ਤੇ ਹੋਰ ਧਾਤਾਂ ਦੀ ਘਾਟ ਹੈ ਉਥੇ ਸਵਾਏ ਖਣਿਜ ਤੇਲ ਦੇ ਹੋਰ ਕੋਈ ਵੀ ਉਰਜਾ ਦਾ ਸਾਧਨ ਨਹੀਂ ਹੈ । ਖਣਿਜ ਲੋਹਾ, ਕਰੋਮਾਈਟ,ਤਾਂਬਾ, ਸਿੱਕਾ ਆਦਿ ਘੱਟ ਮਾਤਰਾ ਵਿਚ ਹਨ ਪਰ ਚੂਨੇ

ਦੇ ਪੱਥਰ, ਜਿਪਸਮ, ਫਾਸਫੇਟ ਅਤੇ ਗੰਧਕ ਦੀ ਬਹੁਲਤਾ ਹੈ । ਇਸੇ ਕਾਰਨ ਇਥੇ ਭਾਰੀ ਉਦਯੋਗਾਂ ਦੀ ਘਾਟ ਰਹੀ ਹੈ । ਇਥੇ ਕੇਵਲ ਛੋਟੇ ਪੈਮਾਨੇ ਦੀਆਂ ਸਨੱਅਤਾਂ ਨੇ ਹੀ ਵਿਕਾਸ ਕੀਤਾ ਹੈ । 1940 ਦੇ ਸ਼ੁਰੂ ਵਿਚ ਕੇਵਲ ਸੂਤੀ ਊਨੀ ਕੱਪੜੇ ਬਨਾਉਣ, ਸੀਮਿੰਟ ਤੇ ਚਮੜਾ ਉਦਯੋਗ ਹੀ ਲੱਗੇ ਸਨ । 1940 ਪਿੱਛੋਂ ਸਨੱਅਤਾਂ ਦਾ ਨਵੀਨੀਕਰਨ ਕੀਤਾ ਗਿਆ ਤੇ ਬਹੁਭਾਂਤੀ ਉਦਯੋਗ ਸਥਾਪਿਤ ਹੋਣੇ ਸ਼ੁਰੂ ਹੋ ਗਏ । ਬਗਦਾਦ ਅਤੇ ਮੌਸੂਲ ਸਨੱਅਤੀ ਕੇਂਦਰ ਬਣ ਗਏ । ਇਥੇ ਲੋਹਾ, ਇਸਪਾਤ, ਰੇਸ਼ਮ, ਸਾਬਣ, ਸ਼ਰਾਬ, ਬਨਸਪਤੀ ਘਿਉ, ਕਲੀਨਾਂ ਅਤੇ ਦਰੀਆਂ ਦੇ ਉਨੱਤ ਕਾਰਖਾਨੇ ਸਥਾਪਿਤ ਕੀਤੇ ਗਏ । ਬਗਦਾਦ ਵਿਚ ਸੋਵਿਅਤ ਸਹਾਇਤਾ ਨਾਲ ਸਥਾਪਿਤ ਕੀਤਾ ਲੋਹਾ ਇਸਪਾਤ ਕਾਰਖਾਨਾਂ ਹਰ ਸਾਲ 10 ਲੱਖ ਟਨ ਦਾ ਉਤਪਾਦਨ ਕਰਨ ਲੱਗਾ । ਤੇਲ ਸੋਧਕ ਕਾਰਖਾਨਿਆਂ ਤੇ ਪੈਟਰੋਲੀਅਮ ਵਸਤਾਂ ਦੀ ਪੈਦਾਵਾਰ ਕਾਫੀ ਵੱਧ ਗਈ । ਸਨਅਤੀਕਰਨ ਦੇ ਖੇਤਰਾਂ ਵਿਚ ਸੋਵੀਅਤ ਸਹਾਇਤਾ ਨੇ ਇਰਾਕ ਨੂੰ ਇਕ ਸ਼ਕਤੀਸ਼ਾਲੀ ਦੇਸ਼ ਬਣਾ ਦਿੱਤਾ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਇਰਾਕ ਬਹੁਤ ਅਮੀਰ ਦੇਸ਼ ਬਣ ਗਿਆ । ਇਸ ਨੇ 38 ਬਿਲੀਅਨ ਡਾਲਰ ਦੇ ਵਿਦੇਸ਼ੀ ਰਿਜ਼ਰਵ ਕਰ ਲਏ । 1986 ਤੱਕ ਪ੍ਰਤੀ ਵਿਅਕਤੀ ਆਮਦਨ 2140 ਅਮਰੀਕੀ ਡਾਲਰ ਤੱਕ ਪਹੁੰਚ ਗਈ ।

ਜੂਨ 1972 ਵਿਚ ਇਰਾਕੀ ਤੇਲ ਦਾ ਕੌਮੀਕਰਨ ਕਰ ਦਿੱਤਾ ਗਿਆ । ਕੌਮੀਕਰਨ ਤੋਂ ਮਗਰੋਂ 'ਇਰਾਕੀ ਕੌਮੀ ਤੇਲ ਕੰਪਨੀ' (National Oil Company of Iraq) ਹੀ ਦੇਸ਼ ਅੰਦਰ ਤੇਲ ਭੰਡਾਰ ਦੀ ਖੋਜ, ਉਤਪਾਦਨ ਅਤੇ ਵੰਡ ਕਰ ਸਕਦੀ ਸੀ । ਪਹਿਲਾਂ ਪਹਿਲਾਂ ਤਾਂ ਖਣਿਜ ਤੇਲ ਹੀ ਬਾਹਰ ਵੇਚ ਦਿੱਤਾ ਜਾਂਦਾ ਸੀ । ਪਰ ਤੇਲ ਸੋਧਕ ਕਾਰਖਾਨੇ ਲੱਗ ਜਾਣ ਨਾਲ ਪੈਟਰੋਲ ਦਾ ਨਿਰਯਾਤ ਵੀ ਦਿਨੋ ਦਿਨ ਵੱਧਣ ਲੱਗਾ । 1989 ਵਿਚ ਇਰਾਕੀ ਤੇਲ ਉਤਪਾਦਨ 13 ਕਰੋੜ 80 ਲੱਖ ਟਨ ਸੀ । ਇਰਾਕੀ ਤੇਲ ਨੂੰ ਵਿਦੇਸ਼ਾਂ ਵਿਚ ਭੇਜਣ ਲਈ ਕਈ ਸੱਮਸਿਆਵਾਂ ਵੀ ਸਨ । ਪਾਈਪ ਲਾਈਨਾਂ ਨੂੰ ਧੁਰ ਸਾਗਰ ਤੱਕ ਪਹੁੰਚਾਉਣ ਲਈ ਦੂਜੇ ਦੇਸ਼ਾਂ ਦਾ ਆਸਰਾ ਲੈਣਾ ਪਿਆ ਹੈ । ਰੋਮ ਸਾਗਰ ਤੱਕ ਜਾਂਦੀ ਪਾਈਪ ਲਾਈਨ ਤੁਰਕੀ ਵਿੱਚੋਂ ਦੀ ਹੋ ਕੇ ਜਾਂਦੀ ਹੈ । ਖਾੜੀ ਵੱਲ ਆਉਂਦੀਆਂ ਪਾਈਪ ਲਾਈਨਾਂ ਇਰਾਨ ਨਾਲ ਯੁੱਧ ਸਮੇਂ ਨਸ਼ਟ ਹੋ ਗਈਆਂ ਸਨ । ਕੌਮ ਫਿਰ ਵੀ ਪੂਰੇ ਗੌਰਵ ਨਾਲ ਵਿੱਚਰ ਰਹੀ ਹੈ । ਸਭ ਤੋਂ ਵੱਡੀ ਵਪਾਰਕ ਵਸਤੂ ਤੇਲ ਹੀ ਹੈ । ਇਰਾਕੀ ਤੇਲ ਦੇ ਵੱਡੇ ਗਾਹਕ ਬ੍ਰਜ਼ੀਲ 23 % ਅਤੇ ਇਟਲੀ 13.8 % ਹਨ । 1991 ਦੇ ਭਿਆਨਕ ਦੁਖਾਂਤ ਤੋਂ ਪਹਿਲਾਂ ਬਹੁਤਾ ਵਪਾਰ ਜਰਮਨੀ ਅਤੇ ਬਰਤਾਨੀਆਂ ਨਾਲ ਚੱਲਦਾ ਸੀ ।

434924 ਵ. ਕਿ.ਮੀ. ਦੇ ਖੇਤਰ ਵਾਲੇ ਇਰਾਕ ਦੇ ਕਈ ਨਸਲਾਂ ਅਤੇ ਸੰਸਕ੍ਰਿਤੀਆਂ ਦੇ ਮਿਹਨਤੀ ਲੋਕ ਅਰਬ ਜਗਤ ਵਿਚ ਸਭ ਤੋਂ ਖੰਖਾਰ ਅਤੇ ਬਹਾਦਰ ਮੰਨੀ ਜਾਣ ਵਾਲੀ ਕੌਮ ਹੈ । ਬਹੁਤੀ ਵਸੋਂ ਇਸਲਾਮ ਧਰਮ ਦੀ ਪੈਰੋਕਾਰ ਅਤੇ ਇਰਾਕੀ ਨਸਲ ਦੀ ਔਲਾਦ ਹੈ । ਕੁਰਦ ਨਸਲ ਦੇ ਲੋਕ ਇਰਾਨੀਆਂ ਨਾਲ ਮਿਲਦੇ-ਜੁਲਦੇ ਹਨ । ਤੁਰਕਮਾਨ, ਸ਼ਬਾਕ, ਯਜ਼ਦੀ ਅਤੇ ਅਸੀਰੀਆਈ ਨਸਲ ਦੇ ਲੋਕ ਇਰਾਕੀ ਵਸੋਂ ਦਾ ਹਿੱਸਾ ਹਨ । ਲੋਕਾਂ ਦੀ ਸਰਕਾਰੀ ਭਾਸ਼ਾ ਅਰਬੀ ਹੈ । ਉਤੱਰੀ ਇਲਾਕਿਆਂ ਵਿਚ ਕੁਰਦੀ ਅਤੇ ਤੁਰਕੀ ਉਪਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ । ਦੇਸ਼ ਵਿਚ ਸੈਕੰਡਰੀ ਪੱਧਰ ਤੱਕ ਮੁਫਤ ਵਿੱਦਿਆ ਦਿੱਤੀ

ਜਾਂਦੀ ਹੈ । ਪ੍ਰਾਇਮਰੀ ਵਿੱਦਿਆ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ । ਸਿੱਖਿਆ ਦਾ ਮਾਧਿਅਮ ਅਰਬੀ ਭਾਸ਼ਾ ਹੈ । ਖ਼ਲੀਜ ਦੀ ਜੰਗ ਸਮੇਂ ਵਿੱਦਿਆ ਦੇ ਮਿਆਰ ਨੂੰ ਉਚੱਾ ਚੁੱਕਣ ਲਈ ਛੇ ਯੂਨੀਵਰਸਿਟੀਆਂ ਸਨ । ਇਰਾਕੀ ਲੋਕਾਂ ਅੰਦਰ ਆਪਣੇ ਦੇਸ਼ ਪ੍ਰਤੀ ਅਥਾਹ ਪਿਆਰ ਹੈ । ਉਹਨਾਂ ਨੂੰ ਆਪਣੀ ਸ਼ਕਤੀ ਉਤੇ ਅਟੱਲ ਭਰੋਸਾ ਹੈ । ਇਰਾਨ-ਇਰਾਕ ਜੰਗ ਸਮੇਂ ਉਹਨਾਂ ਦੀ ਬਹਾਦਰੀ ਅਤੇ ਦਲੇਰੀ ਨੇ ਸੰਸਰ ਨੂੰ ਭੈ-ਭੀਤ ਕਰ ਦਿੱਤਾ। ਉਹਨਾਂ ਨੇ ਆਪਣੀ ਸ਼ਕਤੀ ਉਤੇ ਭਰੋਸਾ ਪ੍ਰਗਟਾਉਦੇ ਹੋਏ ਖਾੜੀ ਜੰਗ ਵਿਚ ਇਹ ਕਹਿ ਕੇ ਪ੍ਰਵੇਸ਼ ਕੀਤਾ ਸੀ, "ਅਸੀਂ ਜਿੱਤਾਂਗੇ ਅਤੇ ਕੁਵੈਤ ਆਪਣੀ ਇਰਾਕੀ ਮਾਂ ਦੀ ਝੋਲੀ ਵਿਚ ਸਲਾਮਤ ਰਹੇਗਾ ।" ਖਾੜੀ ਜੰਗ ਤੋਂ ਮਗਰੋਂ ਇਰਾਕ ਦੇ ਪ੍ਰਮਾਣੂ ਠਿਕਾਣਿਆਂ ਦੀ ਤਲਾਸ਼ੀ ਲੈਣ ਲਈ ਜਦੋਂ ਅਮਰੀਕਾ ਨੇ ਇਰਾਕ ਨੂੰ ਆਪਣੀ ਸ਼ਕਤੀ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ, ਇਰਾਕੀ ਲੋਕ ਅਮਰੀਕਾ ਨਾਲ ਲੋਹਾ ਲੈਣ ਲਈ ਫਿਰ ਤਿਆਰ ਹੋ ਗਏ ।

ਇਸ ਮੈਸੋਪੋਟਾਮੀਆ ਦੀ ਭੂਮੀ ਨੇ ਦੁਨੀਆਂ ਦੀਆਂ ਅਤਿ ਪ੍ਰਚੀਨ ਅਤੇ ਗੌਰਵਮਈ ਸੱਭਿਅਤਾਵਾਂ ਨੂੰ ਜਨਮ ਦਿੱਤਾ । ਪਵਿੱਤਰ ਇੰਜ਼ੀਲ ਵਿਚ ਆਈ ਆਦਮ ਅਤੇ ਹਵਾ ਦੀ ਕਹਾਣੀ ਵੀ ਇਸੇ ਧਰਤੀ ਦੇ 'ਅਦਨ ਬਾਗ' ਤੋਂ ਸ਼ੁਰੂ ਹੁੰਦੀ ਹੈ । ਇਸ ਦੀਆਂ ਦੋ ਮਹਾਨ ਨਦੀਆਂ ਦਜ਼ਲਾ ਅਤੇ ਫ਼ਰਾਤ ਦੇ ਕੰਢਿਆ 'ਤੇ ਕਈ ਸਲਤਨਤਾਂ ਪੈਦਾ ਹੋਈਆਂ ਅਤੇ ਹੌਲੀ-ਹੌਲੀ ਖੰਡਰਾਂ ਵਿਚ ਜਾ ਸੁੱਤੀਆਂ ਇਸ ਧਰਤੀ 'ਤੇ ਸੁਮੇਰੀਅਨ ਲੋਕ ਰਹਿੰਦੇ ਸਨ । ਕਿੱਸ ਦਾ ਰਾਜ ਇਸ ਸਭਿਅਤਾ ਦਾ ਮਹੱਤਵਪੂਰਨ ਕੇਂਦਰ ਸੀ ਅਜ਼ਗਬਾਊ,ਉਸਕਾਗਿਨ, ਸਾਰਜਨ ਆਦਿ ਹੁਕਮਰਾਨਾਂ ਨੇ ਮੈਸੋਪੋਟਾਮੀਆ ਦੀ ਉਨੱਤੀ ਲਈ ਅਨੇਕਾਂ ਯਤਨ ਕੀਤੇ । ਈਸਾ ਤੋਂ ਲੱਗਭੱਗ 2300 ਵਰ੍ਹੇ ਪਹਿਲਾਂ ਸੋਮੈਟਿਕ ਨਸਲ ਦੇ ਹਮਲਾਵਰਾਂ ਨੇ ਇਸ ਨੂੰ ਤਬਾਹ ਕਰ ਦਿੱਤਾ ।

ਅੱਜ ਜੇ ਕਰ ਭਾਰਤ ਵਿਚ ਇਸਲਾਮ ਧਰਮ ਦੇ ਪੈਰੋਕਾਰ ਹਨ ਇਸ ਨੂੰ ਜੇ ਕਰ ਇਰਾਕੀਆਂ ਦੀ ਦੇਣ ਮੰਨ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । ਦੇਬਲ ਦੀ ਬੰਦਰਗਾਹ ਦੇ ਨੇੜੇ ਜਦੋਂ ਕੁਝ ਡਾਕੂਆਂ ਨੇ ਅਰਬ ਦੇ ਖਲੀਫਾ ਵੱਲ ਜਾਣ ਵਾਲੇ ਕੁਝ ਜਹਾਜਾਂ ਨੂੰ ਲੁੱਟ ਲਿਆ, ਬਸਰਾ ਦੇ ਮੁਸਲਮਾਨ ਹੁਕਮਰਾਨ ਹਜਾਜ਼ ਨੇ ਸਿੰਧ ਦੇ ਹੁਕਮਰਾਨ ਰਾਜਾ ਦਾਹਿਰ ਨੂੰ ਇਸ ਘਾਟੇ ਨੂੰ ਪੂਰਾ ਕਰਨ ਲਈ ਕਿਹਾ । ਰਾਜਾ ਦਾਹਿਰ ਨੇ ਇਸ ਦਾ ਉਤੱਰ ਭੇਜਣ ਨਾਲ ਕਿ ਦੇਬਲ ਦੀ ਬੰਦਰਗਾਹ ਉਸ ਦੇ ਅਧੀਨ ਨਹੀਂ, ਇਸ ਲਈ ਉਹ ਇਸ ਘਾਟੇ ਨੂੰ ਪੂਰਾ ਨਹੀਂ ਕਰ ਸਕਦਾ, ਬਸਰਾ ਦੇ ਹੁਕਮਰਾਨ ਹਜ਼ਾਜ ਨੇ ਆਪਣੀਆਂ ਦੋ ਸੈਨਾਵਾਂ ਦੇ ਅਸਫਲ ਰਹਿਣ ਪਿੱਛੋਂ 712 ਈ. ਵਿਚ ਆਪਣੇ ਗੱਭਰੂ ਭਤੀਜੇ ਮਹੁੰਮਦ-ਬਿਨ-ਕਾਸਿਮ ਦੀ ਅਗਵਾਈ ਹੇਠ 6000 ਇਰਾਕੀ ਸਿਪਾਹੀ, 4000 ਊਠ ਸਵਾਰਾਂ ਅਤੇ 3000 ਹੋਰ ਪਸ਼ੂਆਂ ਵਾਲੀ ਸ਼ਕਤੀਸ਼ਾਲੀ ਸੈਨਾ ਸਿੰਧ ਤੇ ਹਮਲਾ ਕਰਨ ਲਈ ਭੇਜੀ। ਰਾਜਾ ਦਾਹਿਰ ਬੀਰਤਾ ਨਾਲ ਲੜਿਆ ਪ੍ਰੰਤੂ ਸ਼ਕਤੀਸ਼ਾਲੀ ਸੈਨਾ ਅੱਗੇ ਟਿਕ ਨਾ ਸਕਿਆ ਅਤੇ ਦੌੜ ਗਿਆ । ਇਥੇ (ਦੇਬਲ) ਹਿੰਦੂਆਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕੀਤਾ ਗਿਆ ਜਿਨ੍ਹਾਂ ਨੇ ਇਨਕਾਰ ਕੀਤਾ ਉਹਨਾਂ ਵਿਚੋਂ 17 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਤਲਵਾਰ ਦੀ ਭੇਂਟ ਚੜ੍ਹਾ ਦਿੱਤਾ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਵਿਚ ਇਸਲਾਮ ਧਰਮ ਦੀ ਨੀਂਹ ਰੱਖੀ ਗਈ ।

ਸੱਭਿਅਤਾਵਾਂ ਦੇ ਦੌਰ ਪਿੱਛੋਂ ਇੱਥੇ ਇਰਾਨੀ ਤੇ ਯੂਨਾਨੀ ਸਲਤਨਤਾਂ ਕਾਇਮ ਹੋ ਗਈਆਂ ਜਿਹੜੀਆਂ ਛੇਤੀ ਹੀ ਸਮਾਪਤ ਹੋ ਗਈਆਂ । ਸੱਤਵੀਂ ਸਤਾਵਦੀ ਵਿਚ ਇਥੇ ਅਰਬਾਂ ਦੀ ਹਕੂਮਤ ਕਾਇਮ ਹੋ ਗਈ । ਖਲੀਫਿਆਂ ਦਾ ਰਾਜ 632 ਈ. ਤੋਂ 1258 ਈ. ਤੱਕ ਰਿਹਾ । ਇਸੇ ਕਾਲ ਵਿਚ ਹੀ ਕੂਫਾ, ਬਸਰਾ ਤੇ ਬਗਦਾਦ ਦੇ ਸ਼ਹਿਰ ਹੋਂਦ ਵਿਚ ਆਏ । ਖਲੀਫਾ ਹਾਰੂੰਅਲ ਰਸ਼ੀਦ ਦੇ ਸਮੇਂ ਬਗਦਾਦ ਨੂੰ ਰਾਜਧਾਨੀ ਦੀ ਪਦਵੀ ਮਿਲੀ । ਇਹ ਸ਼ਹਿਰ ਅਰਬ ਜਗਤ ਵਿਚ ਗਿਆਨ, ਵਿਗਿਆਨ, ਕਲਾ, ਸੱਭਿਅਤਾ ਅਤੇ ਸੰਸਕ੍ਰਿਤ ਦਾ ਇਕ ਬਹੁਤ ਵੱਡਾ ਕੇਂਦਰ ਬਣ ਗਿਆ । 8ਵੀਂ ਅਤੇ 9ਵੀਂ ਸਦੀ ਵਿਚ ਬਗਦਾਦ ਆਪਣੇ ਪੂਰੇ ਜ਼ੋਬਨ ਉਤੇ ਸੀ । 1258 ਈ. ਵਿਚ ਚੰਗੇਜ਼ ਖਾਂ ਦੇ ਪੋਤੇ ਹਲਾਕੂ ਖਾਂ ਨੇ ਬਗਦਾਦ ਉਤੇ ਮੰਗੋਲੀਆਈ ਸੈਨਾ ਨਾਲ ਹਮਲਾ ਕਰ ਕੇ 80000 ਨਿਹੱਥੇ ਨਾਗਰਿਕਾਂ ਨੂੰ ਕਤਲ ਕਰ ਦਿੱਤਾ ਅਤੇ ਬਗਦਾਦ ਨੂੰ ਥੇਹ ਬਣਾ ਦਿੱਤਾ । ਲਗਭਗ 80 ਸਾਲ ਮੰਗੋਲ ਰਾਜ ਪਿੱਛੋਂ ਇਥੇ ਫਿਰ ਇਰਾਨੀਆਂ ਦਾ ਕਬਜ਼ਾ ਹੋ ਗਿਆ, ਜਿਹੜਾ ਥੋੜਾ ਸਮਾਂ ਹੀ ਚੱਲ ਸਕਿਆ । ਤੁਰਕਾਂ ਦੀ 'ਓਟੋਮਾਨ ਅੰਪਾਇਰ (Ottoman Empire) ਇੱਥੇ 18 ਵੀਂ ਸਦੀ ਤੱਕ ਚਲਦੀ ਰਹੀ । ਸੰਸਾਰ ਦੇ ਪਹਿਲੇ ਮਹਾਂ ਯੁੱਧ (First world war 1914-18 A.D) ਤੋਂ ਮਗਰੋਂ ਇੱਥੇ ਅੰਗਰੇਜਾਂ ਦਾ ਕਬਜ਼ਾ ਹੋ ਗਿਆ । ਇਹਨਾਂ ਸਾਮਰਾਜੀਆਂ ਨੇ ਇਰਾਕੀ ਤੇਲ ਉਤੇ ਟਿਕ-ਟਿਕੀ ਲਗਾਈ ਹੋਈ ਸੀ ਉਸ ਵੇਲੇ ਇਨ੍ਹਾਂ ਸਾਮਰਾਜੀਆਂ ਨੇ ਅਬਾਦਾਨ ਦੀ ਖਾੜੀ ਬੰਦਰਗਾਹ ਨੂੰ ਕਾਬੂ ਕਰ ਕੇ ਮੌਸੂਲ ਦਾ ਤੇਲ ਲੁੱਟਿਆ ਸੀ ਤੇ 2 ਅਗਸਤ 1990 ਨੂੰ ਇਹੋ ਸਾਮਰਾਜੀਏ ਆਪਣੇ ਕਬਜ਼ੇ ਹੇਠੋਂ ਕੁਵੈਤੀ ਤੇਲ ਭੰਡਾਰ ਨਿਕਲਣ 'ਤੇ ਵਿਸ ਘੋਲਣ ਲੱਗ ਪਏ ।

3 ਅਕਤੂਬਰ 1932 ਨੂੰ ਇਰਾਕ ਸੁਤੰਤਰ ਹੋ ਗਿਆ ਪ੍ਰੰਤੂ ਦੂਜੇ ਮਹਾਂ ਯੁੱਧ (The Second world war 1939-45 A.D.) ਸਮੇਂ ਬਰਤਾਨਵੀ ਸਾਮਰਾਜੀਆਂ ਨੇ ਇਸ ਨੂੰ ਫਿਰ ਘੇਰ ਲਿਆ । 14 ਜੁਲਾਈ 1958 ਈ. ਨੂੰ ਇਕ ਸੈਨਿਕ ਵਿਦਰੋਹ ਨਾਲ ਇਹ ਦੇਸ਼ ਗਣਰਾਜ ਬਣ ਗਿਆ । ਇਸ ਦਾ ਸਰਬਰਾਹ ਜਨਰਲ ਕਾਸਿਮ ਬਣਿਆ । 1963 ਵਿਚ ਕਾਸਿਮ ਨੂੰ ਗੱਦੀਉਂ ਲਾਹ ਕੇ ਜਨਰਲ ਅਬਦੁਲ ਸਲਾਮ ਆਰਿਫ ਦੇਸ਼ ਦਾ ਪ੍ਰਧਾਨ ਬਣ ਗਿਆ । 1966 ਵਿਚ ਅਬਦੁਲ ਸਲਾਮ ਆਰਿਫ ਦੇ ਭਰਾ ਅਬਦੁਲ ਰਹਿਮਾਨ ਨੇ ਪ੍ਰਧਾਨਗੀ ਸੰਭਾਲੀ । 1968 ਵਿਚ ਫਿਰ ਇਕ ਨਵਾਂ ਕਾਮਯਾਬ ਵਿਦਰੋਹ ਹੋਇਆ ਤੇ ਜਨਰਲ ਅਹਿਮਦ ਅਲ ਬਕਰ ਪ੍ਰਧਾਨ ਬਣ ਆਿ । ਇਸ ਦਾ ਉਪ ਪ੍ਰਧਾਨ ਸੀ ਸੱਦਾਮ ਹੁਸੈਨ ਜਿਸ ਨੇ ਸ਼ਾਤਮਈ ਢੰਗ ਅਤੇ ਸੁਲਾਹ ਸਫਾਈ ਨਾਲ 17 ਜੁਲਾਈ 1979 ਨੂੰ ਇਰਾਕੀ ਤਾਕਤ ਨੂੰ ਆਪਣੇ ਹੱਥਾਂ ਵਿਚ ਲੈ ਲਿਆ ।

ਇਰਾਕ ਵਿਚ ਸੱਦਾਮ ਹੁਸੈਨ ਦਾ ਸਤਾ ਵਿਚ ਆਉਣਾ ਮੁੱਢ ਤੋਂ ਹੀ ਅਮਰੀਕਾ ਅਤੇ ਇੰਗਲੈਂਡ ਨੂੰ ਰੜਕ ਰਿਹਾ ਸੀ ਕਿਉਂਕਿ ਉਹ ਸਮਾਜਵਾਦ ਦਾ ਹਾਮੀ ਅਤੇ ਸਾਮਰਾਜਵਾਦ ਦਾ ਕੱਟੜ ਵਿਰੋਧੀ ਸੀ । ਇਰਾਨ-ਇਰਾਕ ਜੰਗ ਬੰਦ ਕਰ ਕੇ ਉਸ ਨੇ ਵਿਦੇਸ਼ੀ ਸਹਾਇਤਾ ਨਾਲ ਬੜੀ ਤੇਜੀ ਨਾਲ ਵਿਕਾਸ ਦਾ ਕੰਮ ਸ਼ੁਰੂ ਕਰ ਦਿੱਤਾ । ਲੋਕਾਂ ਵਿਚ ਨਵਾਂ ਉਤਸ਼ਾਹ ਜਾਗ ਪਿਆ । ਸਾਰੇ ਪਿੰਡਾ ਵਿਚ ਪੀਣ ਵਾਲਾ ਪਾਣੀ, ਬਿਜਲੀ ਅਤੇ ਸੜਕਾਂ ਪੁੱਜ ਗਈਆਂ । ਬਹੁਤ ਸਾਰੇ ਇਰਾਕੀ ਵਿਦਿਆਰਥੀ ਉਚੇਰੀ ਪੜ੍ਹਾਈ ਲਈ

ਵਿਦੇਸ਼ਾਂ ਵਿਚ ਭੇਜੇ ਗਏ । ਸਰਕਾਰ ਦਾ ਇੰਨਾ ਡਰ ਸੀ ਕਿ ਹੇਰਾਫੇਰੀ,ਚੋਰ ਬਜਾਰੀ,ਰਿਸ਼ਵਤਖੋਰੀ ਆਦਿ ਲਗਭਗ ਖਤਮ ਹੋ ਗਈਆਂ । ਵਿਗਿਆਨ ਦੇ ਖੇਤਰ ਵਿਚ ਵੀ ਹੈਰਾਨੀਜਨਕ ਤਰੱਕੀ ਹੋਣ ਲੱਗੀ । ਭਾਵੇਂ ਉਸ ਨੇ 1991 ਦੇ ਵਾਪਰੇ ਭਿਆਨਕ ਦੁਖਾਂਤ ਤੱਕ ਐਟਮ ਬੰਬ ਨਹੀਂ ਸੀ ਬਣਾਇਆ ਤਾਂ ਵੀ ਉਹ ਉਸ ਵੇਲੇ ਤੱਕ ਐਟਮ ਬੰਬ ਬਣਾਉਣ ਦੇ ਬਹੁਤ ਨਜ਼ਦੀਕ ਪਹੁੰਚ ਚੁੱਕਾ ਸੀ । ਸੱਦਾਮ ਹੁਸੈਨ ਦੀ ਨਿੱਜੀ ਦੇਖ ਰੇਖ ਹੇਠ ਉਸ ਨੇ ਗਾਰਾ ਖੇਤਰ ਵਿੱਚੋਂ 1989 ਤੋਂ ਯੂਰੇਨੀਅਮ ਕੱਢਣਾ ਸ਼ੁਰੂ ਕਰ ਦਿੱਤਾ ਸੀ । ਇਸ ਲਈ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦਾ ਚਿੰਤਤ ਹੋਣਾ ਲਾਜ਼ਮੀ ਹੀ ਸੀ । ਜਲਦੀ ਹੀ ਸੱਦਾਮ ਹੁਸੈਨ ਨੇ ਰਸਾਇਕ ਬਾਇਉਲਾਜੀਕਲ ਤੇ ਨਿਉਕਲੀਅਰ ਹਥਿਆਰਾਂ ਦੇ ਕਈ ਪ੍ਰੋਜੈਕਟ ਚਾਲੂ ਕਰ ਦਿੱਤੇ ਸਨ । ਸੋਵੀਅਤ ਸੰਘ ਤੋਂ ਮਿਗੱ ਜੰਗੀ ਜਹਾਜ਼ ਤੇ ਮਿਜ਼ਾਇਲਾਂ,ਫਰਾਂਸ ਤੋਂ ਮਿਰਾਜ਼ ਜੈਟੱ ਫਾਈਟਰ ਤੇ ਐਕਸੋਸੈਟ ਮਿਜ਼ਾਇਲਾਂ,ਬ੍ਰਾਜ਼ੀਲ ਤੋਂ ਮਲਟੀਪਲ ਰਾਕਟ ਲਾਂਚਰ ਅਤੇ ਆਰਮਰਡ ਗੱਡੀਆਂ ਉਸ ਨੇ ਖਰੀਦ ਲਈਆਂ ਸਨ । ਕੁਵੈਤੀ ਧਾਵੇ ਤੱਕ ਉਸ ਨੇ ਕਈ ਤਰ੍ਹਾਂ ਦੀਆਂ ਮਿਜਾਇਲਾਂ ਵਿਕਸਤ ਕਰ ਕੇ ਟੈਸਟ ਕਰ ਲਈਆਂ ਸਨ । ਰੂਸੀ ਸਕੱਡ ਨੂੰ ਸੋਧ ਕੇ ਇਸ ਦੀ ਰੇਂਜ਼ 175 ਮੀਲ ਤੱਕ ਕਰ ਲਈ ਸੀ । ਇਥੇ ਹੀ ਬੱਸ ਨਹੀਂ , ਦੋ ਸਟੇਜੀ ਸਪੇਸ ਰਾਕਟ ਵੀ ਉਸ ਨੇ ਬਣਾ ਲਏ ਸਨ । ਇਕੋ ਸਮੇਂ ਮੌਸੂਲ,ਹਿਲਾਹ,ਫਾਲੂਜਾ, ਕਰਬਲਾ,ਐਸਕਾਨਾਰੀਆ ਆਦਿ ਕਿੰਨੇ ਹੀ ਥਾਵਾਂ 'ਤੇ ਉਸ ਨੇ ਮਿਜ਼ਾਈਲ ਖੋਜ ਅਤੇ ਵਿਕਾਸ ਦਾ ਕੰਮ ਸ਼ੁਰੂ ਕਰ ਦਿੱਤਾ ਸੀ । ਵਿਕਸਤ ਹੋ ਰਹੇ ਦੇਸ਼ਾਂ ਵਿੱਚੋਂ ਸਭ ਤੋਂ ਵੱਧ ਰਸਾਇਣਕ ਹਥਿਆਰ ਇਰਾਕ ਕੋਲ ਸਨ । ਪੱਛਮੀ ਜਰਮਨੀ ਦੀ ਮੱਦਦ ਨਾਲ ਉਸ ਨੇ ਇਸ ਪੱਖੋਂ ਇੰਨੀ ਤਰੱਕੀ ਕੀਤੀ ਕਿ ਹਰ ਸਾਲ 7 ਸੌ ਟਨ ਦੇ ਦੋ ਪਲਾਂਟ ਮਸਟਰਡ ਗੈਸ ਅਤੇ ਨਰਵ ਗੈਸ ਬਣਾਉਣ ਲੱਗੇ ।

ਇੰਝ ਜਾਪਦਾ ਸੀ ਕਿ ਇਰਾਕ ਕੁਝ ਹੀ ਸਾਲਾਂ ਵਿਚ ਏਸ਼ੀਆ ਦੀ ਇਕ ਸਭ ਤੋਂ ਵੱਡੀ ਤਾਕਤ ਬਣ ਜਾਵੇਗਾ । ਅਮਰੀਕਾ ਅਤੇ ਉਸ ਦੇ ਜੋਟੀਦਾਰ ਮਹਿਸੂਸ ਕਰਨ ਲੱਗੇ ਕਿ ਖਾੜੀ ਵਿਚਲੇ ਉਨਾਂ ਦੇ ਹਿੱਤਾਂ ਨੂੰ ਜੇ ਕੋਈ ਸੱਟ ਮਾਰਨ ਵਾਲਾ ਹੈ ਤਾਂ ਉਹ ਸੱਦਾਮ ਹੁਸੈਨ ਹੈ । ਸੱਦਾਮ ਹੁਸੈਨ ਕੋਲ ਦੁਨੀਆਂ ਦੀ ਸਭ ਤੋਂ ਵੱਡੀ ਚੌਥੀ ਸ਼ਕਤੀਸ਼ਾਲੀ ਸੈਨਾ ਵੀ ਸੀ । ਇਸ ਲਈ ਕਈ ਅਰਬ ਦੇਸ਼ ਵੀ ਇਰਾਕੀ ਸੈਨਾ ਤੋਂ ਭੈ-ਭੀਤ ਸਨ । ਸੱਦਾਮ ਹੁਸੈਨ ਦੀ ਲੋਕਪ੍ਰੀਅਤਾ ਵਿਚ ਹੋ ਰਿਹਾ ਵਾਧਾ, ਇਰਾਕ ਦੀ ਦਿਨੋ ਦਿਨ ਵਧ ਰਹੀ ਵਿਗਿਆਨਕ ਸ਼ਾਖ, ਆਰਥਿਕ ਵਿਕਾਸ, ਗੌਰਵਮਈ ਵਿਰਸਾ ਅਤੇ ਇਸ ਦੀ ਸ਼ਕਤੀਸ਼ਾਲੀ ਸੈਨਾ ਪਿੱਛਲੇ ਕਾਫੀ ਅਰਸੇ ਤੋਂ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੂੰ ਰੜਕ ਰਹੇ ਸਨ । ਇਸ ਸਭ ਕੁਝ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਸੱਦਾਮ ਹੁਸੈਨ ਦਾ ਖਾਤਮਾ ਜਰੂਰੀ ਸਮਝਿਆ । ਇਸ ਲਈ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੇ ਆਪਣੇ ਖਾੜੀ ਵਿਚਲੇ ਹਿੱਤਾਂ ਨੂੰ ਸੁਰੱਖਿਆ ਲਈ ਇਰਾਕੀ ਅਰਥਚਾਰੇ ਦੇ ਖਾਤਮੇ ਦੇ ਨਾਲ ਨਾਲ ਸੱਦਾਮ ਹੁਸੈਨ ਨੂੰ ਖਤਮ ਕਰਨ ਦੇ ਮਨਸੂਬੇ ਬਣਾਉਣੇ ਅਰੰਭ ਕਰ ਦਿੱਤੇ । ਅਮਰੀਕਾ ਨੇ ਇਕ ਗਿਣੀ-ਮਿਥੀ ਸਾਜ਼ਿਸ਼ ਦੇ ਅਧੀਨ ਕੁਵੈਤੀ ਅਮੀਰ ਨਾਲ ਸਸਤੇ ਭਾਅ 'ਤੇ ਤੇਲ ਲੈਣ ਲਈ ਉਸ ਨੂੰ ਇਕ ਅਜਿਹੀ ਤਕਨੀਕ ਦਿੱਤੀ ਜਿਸ ਦੇ ਜ਼ਰੀਏ ਉਸ ਨੇ ਇਰਾਕ ਦੇ ਹਿੱਸੇ ਆਉਂਦਾ ਤੇਲ ਪਾਈਪਾਂ ਰਾਹੀਂ ਖਿੱਚਣਾ ਸ਼ੁਰੂ ਕਰ ਦਿੱਤਾ । ਇਹ ਸਾਰਾ ਕੁਝ ਇਸ ਲਈ ਕੀਤਾ ਗਿਆ

ਤਾਂ ਕਿ ਸੱਦਾਮ ਹੁਸੈਨ ਖਿਝ ਕੇ ਕੁਵੈਤ ਦੇ ਅਮੀਰ ਨਾਲ ਝਗੜਾ ਕਰੇ ਅਤੇ ਅਮਰੀਕਾ ਆਪਣੇ ਜੋਟੀਦਾਰਾਂ ਸਮੇਤ ਦਖਲ ਦੇਵੇ । ਅਜਿਹਾ ਹੀ ਹੋਇਆ । ਸੱਦਾਮ ਹੁਸੈਨ ਕੁਵੈਤ 'ਤੇ ਹਮਲਾ ਕਰਨ ਲਈ ਮਜ਼ਬੂਰ ਹੋ ਗਿਆ । ਅਮਰੀਕਾ ਨੇ ਵੀ ਉਸ ਨੂੰ ਅਜਿਹਾ ਕਰਨ ਲਈ ਸਮਾਂ ਦਿੱਤਾ । ਇਰਾਕੀ ਸਦਰ ਸੱਦਾਮ ਹੁਸੈਨ ਨੇ ਦੁਖੀ ਹੋ ਕੇ 2 ਅਗਸਤ 1990 ਨੂੰ ਕੁਵੈਤ 'ਤੇ ਕਬਜ਼ਾ ਕਰ ਲਿਆ । ਅਮਰੀਕਾ ਨੇ ਕੁਵੈਤ ਦੀ ਅਜ਼ਾਦੀ ਦੇ ਬਹਾਨੇ ਖਾੜੀ ਵਿਚ ਫੌਜਾਂ ਦਾ ਜਮਘਟਾ ਉਤਾਰ ਦਿੱਤਾ ਅਤੇ 15 ਜਨਵਰੀ 1991 ਤੱਕ ਦੇ ਅਲਟੀਮੇਟਮ ਦੀ ਮਹੋਲਤ ਖਤਮ ਹੁੰਦਿਆ ਹੀ ਇਰਾਕ ਉਤੇ ਤਾਬੜ ਤੋੜ ਹਵਾਈ ਹਮਲੇ ਸ਼ੁਰੂ ਕਰ ਦਿੱਤੇ ।

ਕਾਂਡ -2

ਰੇਗਸਥਾਨੀ ਕਤਲੇਆਮ

ਦੂਜੇ ਵਿਸ਼ਵ ਯੁੱਧ 1939-45 ਤੋਂ ਮਗਰੋਂ ਪਹਿਲੀ ਵਾਰ ਇੰਨੀ ਵੱਡੀ ਪੱਧਰ 'ਤੇ ਜੰਗ ਲੜੀ ਗਈ ਸੀ । ਜਿਸ ਵਿਚ ਸੰਸਾਰ ਪੱਧਰ ਦੀਆਂ ਮਹਾਂ ਸ਼ਕਤੀਆਂ ਨੇ ਇੱਕਠੇ ਹੋ ਕੇ ਇਰਾਕ ਦੇ ਵਿਰੁੱਧ ਖਾੜੀ ਖੇਤਰ ਵਿਚ ਇਕ ਭਿਆਨਕ ਯੁੱਧ ਲੜਿਆ । ਜਿਸ ਵਿਚ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੇ ਇਕ ਦੂਜੇ ਤੋਂ ਅੱਗੇ ਵਧ ਕੇ ਹਿੱਸਾ ਲਿਆ । ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਇੰਨੇ ਦੇਸ਼ਾਂ ਨੇ ਇਕੱਠੇ ਹੋ ਕੇ ਕਿਸੇ ਇਕ ਦੇਸ਼ 'ਤੇ ਹਮਲਾ ਕੀਤਾ ਹੋਵੇ । ਇਸ ਜੰਗ ਵਿਚ ਅਮਰੀਕਾ, ਬਰਤਾਨੀਆ, ਫਰਾਂਸ, ਸਾਉਦੀ ਅਰਬ, ਉਮਾਨ, ਕਤਰ, ਯੂ.ਏ.ਈ, ਬਹਿਰੀਨ, ਮਰਾਕੋ, ਪਾਕਿਸਤਾਨ, ਬੰਗਲਾ ਦੇਸ਼, ਕੈਨੇਡਾ, ਮਿਸਰ, ਸੀਰੀਆ, ਚੈਕੋਸਲੋਵਕੀਆ, ਅਰਜਨਟੀਨਾ, ਹਾਂਡੂਰਾਸ, ਨਾਈਜੀਰੀਆ, ਸੈਨੀਗਾਲ, ਇਟਲੀ, ਨਾਟੋ ਗੁੱਟ ਦੇ ਦੇਸ਼, ਅਸਟ੍ਰੇਲੀਆ ਅਤੇ ਯੂ. ਐਸ. ਐਸ. ਆਰ. ਨੇ ਇਰਾਕ ਦੇ ਵਿਰੁੱਧ 8 ਲੱਖ ਫੌਜ ਦੇ ਨਾਲ ਅਧੁਨਿਕ ਫੌਜੀ ਸਾਜੋ ਸਮਾਨ ਵੀ ਜੰਗ ਦੇ ਮੈਦਾਨ ਵਿਚ ਤਾਇਨਾਤ ਕੀਤਾ ਹੋਇਆ ਸੀ । ਦੂਜੇ ਪਾਸੇ ਇੱਕਲੇ ਇਰਾਕ ਨੇ ਇਨ੍ਹਾਂ ਦੇਸ਼ਾਂ ਦਾ ਮੁਕਾਬਲਾ ਕਰਨ ਲਈ ਆਪਣੀ 10 ਲੱਖ ਸ਼ਕਤੀਸ਼ਾਲੀ ਸੈਨਾ ਦੇ ਨਾਲ ਇਰਾਕੀ ਦੇਸ਼ ਭਗਤੀ ਨੂੰ ਵੀ ਜੰਗੇ ਮੈਦਾਨ ਵਿਚ ਝੋਕਿਆ ਹੋਇਆ ਸੀ । ਦੋਵੇਂ ਸ਼ਕਤੀਆਂ ਇਕ ਦੂਜੇ ਦੇ ਖੂਨ ਦੀ ਹੋਲੀ ਖੇਡਣ 'ਤੇ ਤੁਲੀਆਂ ਹੋਈਆਂ ਸਨ । ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਨੂੰ ਜਿੱਥੇ ਆਪਣੇ ਅਧੁਨਿਕ ਇਲੈਕਟ੍ਰਾਨਿਕ ਹਥਿਆਰਾਂ ਉਤੇ ਮਾਣ ਸੀ ਉਥੇ ਇਰਾਕੀਆਂ ਨੂੰ ਆਪਣੀ ਦੇਸ਼ ਭਗਤੀ 'ਤੇ ਮਾਣ ਸੀ । ਦੋਵੇਂ ਸ਼ਕਤੀਆਂ ਦੂਜੀ ਸ਼ਕਤੀ ਦਾ ਮਲੀਆਮੇਟ ਕਰ ਦੇਣਾ ਚਾਹੁੰਦੀਆ ਸਨ । ਅਮਰੀਕਾ ਨੇ ਜਿਥੇ ਅਧੁਨਿਕ ਹਥਿਆਰਾਂ ਦਾ ਪ੍ਰਦਸ਼ਨ ਕੀਤਾ ਉਥੇ ਇਰਾਕੀ ਰੇਗਸਤਾਨ ਨੂੰ ਇਰਾਕੀ ਖੂਨ ਨਾਲ ਸਿੰਜ ਕੇ ਹਥਿਆਰਾਂ ਦੀ ਪਰਖ ਵੀ ਕੀਤੀ । ਇਰਾਕ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਪਹਿਲਾਂ ਅਮਰੀਕੀ ਮਿਲਟਰੀ ਖੁਫੀਆ ਵਿਭਾਗ ਨੇ ਬੜੀ ਚਲਾਕੀ ਨਾਲ ਇਰਾਕ ਦੇ ਫੌਜੀ ਕੰਪਿਊਟਰਾਂ ਵਿਚ ਕੰਪਿਊਟਰ ਵਾਇਰਸ ਦਾਖਲ ਕਰ ਕੇ ਇਰਾਕ ਦੀ ਹਵਾਈ ਕਾਰਜਪ੍ਰਣਾਲੀ ਵਿਚ ਵਿਘਨ ਪਾ ਦਿੱਤਾ ਤੇ ਫਿਰ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਬਿਜਲੀ ਵਰਗੀ ਤੇਜੀ ਨਾਲ ਚੱਲਣ ਵਾਲੇ ਇਲੈਕਟ੍ਰਾਨਿਕਸ ਦੀ ਸਹਾਇਤਾ ਨਾਲ ਸਭ ਤੋਂ ਪਹਿਲਾਂ ਇਰਾਕੀ ਰੱਖਿਆ ਮੰਤਰਾਲਾ ਪੂਰੀ ਤਰ੍ਹਾਂ ਨਾਲ ਨਸ਼ਟ ਕਰ ਦਿੱਤਾ । ਰਾਸ਼ਟਰਪਤੀ ਭਵਨ 'ਤੇ ਵੀ ਜ਼ਬਰਦਸਤ ਬੰਬਾਰੀ ਕੀਤੀ । ਇਲੈਕਟ੍ਰਾਨਿਕਸ ਦੀ ਸਹਾਇਤਾ ਨਾਲ ਕੀਤੀ ਗਈ ਬੰਬਾਰੀ ਨਾਲ ਇਰਾਕੀ ਰੱਖਿਆ ਮੰਤਰਾਲਾ, ਤਾਰ ਸੰਚਾਰ ਕੇਂਦਰ ਅਤੇ ਬਗਦਾਦ ਦੇ ਕੁਝ ਕਿ.ਮੀ.

ਬਾਹਰ ਸਥਿਤ ਪ੍ਰਮਾਣੂ ਸਹੂਲਤ ਵਾਲੇ ਕਾਰਖਾਨੇ ਬੁਰੀ ਤਰ੍ਹਾਂ ਤਬਾਹ ਕਰ ਦਿੱਤੇ । ਇਰਾਕੀ ਸਦਰ ਸੱਦਾਮ ਹੁਸੈਨ ਦੇ ਅਧੀਨ ਫੌਜ 'ਰਿਪਬਲੀਕਰਨ ਗਾਰਡਜ਼' (Republican Guards) ਵੀ ਅਮਰੀਕੀ ਹਮਲਿਆਂ ਦੀ ਮਾਰ ਹੇਠ ਆ ਚੁੱਕੀ ਸੀ । ਪਹਿਲੇ ਦਸ ਘੰਟਿਆ ਵਿਚ ਹੀ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਨੇ ਇਰਾਕ ਦੀ ਧਰਤੀ ਉਤੇ 18000 ਟਨ ਬਾਰੂਦ ਸੁੱਟਿਆ । ਇਤਿਹਾਦੀਆਂ ਵੱਲੋਂ ਕੀਤੀ ਗਈ ਪਹਿਲੇ ਦਿਨ ਦੀ ਬੰਬਾਰੀ ਦਾ ਇਰਾਕ ਨੇ ਕੋਈ ਜਵਾਬ ਨਹੀਂ ਦਿੱਤਾ ਪ੍ਰੰਤੂ 18 ਜਨਵਰੀ ਨੂੰ ਇਰਾਕ ਨੇ ਤਲਅਵੀਵ ਉਤੇ ਸਕੱਡ ਮਿਜ਼ਾਇਲਾਂ ਨਾਲ ਹਮਲਾ ਕਰ ਕੇ ਸੰਸਾਰ ਨੂੰ ਭੈ -ਭੀਤ ਕਰ ਦਿੱਤਾ । ਇਰਾਕ ਦੇ ਇਹਨਾਂ ਹਮਲਿਆਂ ਨੂੰ ਰੋਕਣ ਲਈ ਅਮਰੀਕਾ ਨੇ ਸਾਉਦੀ ਅਰਬ ਤੋਂ ਇਲਾਵਾ ਤੁਰਕੀ ਤੋਂ ਵੀ ਇਰਾਕ ਉਤੇ ਹਵਾਈ ਹਮਲੇ ਅਰੰਭ ਕਰ ਦਿੱਤੇ । ਇਸ ਦੇ ਉਤਰ ਵੱਜੋਂ ਇਰਾਕ ਨੇ ਤਲਅਵੀਵ, ਹੂਫਾ ਅਤੇ ਰਿਆਧ 'ਤੇ ਸਕੱਡ ਮਿਜ਼ਾਇਲਾਂ ਨਾਲ ਤੇਜੀ ਨਾਲ ਹਮਲੇ ਸ਼ੁਰੂ ਕਰ ਦਿੱਤੇ ਅਤੇ ਦੁਸ਼ਮਣ ਫੌਜਾਂ ਦੇ 101 ਜਹਾਜ਼ ਹੇਠਾ ਸੁੱਟ ਲਏ ਅਤੇ 12 ਪਾਇਲਟ ਮਾਰ ਦਿੱਤੇ । ਇਸ ਦਾ ਉਤਰ ਦੇਣ ਲਈ ਅਮਰੀਕਾ ਨੇ ਇਰਾਕ ਵਿਰੁੱਧ ਤੁਰਕੀ ਵੱਲੋਂ ਇਕ ਹੋਰ ਮੋਰਚਾ ਖੋਲ੍ਹ ਦਿੱਤਾ । ਜਿਸ ਕਾਰਨ ਲੜਾਈ ਹੋਰ ਵੀ ਭਿਆਨਕ ਰੂਪ ਧਾਰਨ ਕਰ ਗਈ । ਹੁਣ ਸਾਂਝੀਆਂ ਫੌਜਾਂ ਨੇ ਇੰਨੀ ਤੇਜੀ ਨਾਲ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਕਿ ਜਹਾਜ਼ਾਂ ਦੇ ਪ੍ਰਛਾਵਿਆਂ ਨਾਲ ਸੂਰਜ ਦੀਆਂ ਕਿਰਨਾਂ ਰੁਕਣ ਨਾਲ ਇਰਾਕ ਦੀ ਧਰਤੀ ਉਤੇ ਹਨੇਰਾ ਛਾ ਗਿਆ । ਸਾਂਝੀਆਂ ਫੌਜਾਂ ਨੇ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਦੇ ਜੱਦੀ ਕਸਬੇ ਟਿਕਰੀਤ ਉਪਰ ਵੀ ਮਿਜ਼ਾਈਲਾਂ ਨਾਲ ਤਬਾਹੀ ਮਚਾ ਦਿੱਤੀ । ਇਸ ਤੋਂ ਇਲਾਵਾ ਅਲ-ਰਮਾਦੀ,ਅਲ ਆਕਿਮ, ਅਲ-ਨਸੀਰੀਆ ਅਤੇ ਅਲ-ਅਨਬਰ 'ਤੇ ਉਤੋੜਿਤੀ ਹਮਲੇ ਕੀਤੇ । 18 ਜਨਵਰੀ ਨੂੰ ਕਰੂਜ਼ ਮਿਜ਼ਾਇਲਾਂ ਦੇ ਪਹਿਲੇ ਹਮਲੇ ਨੇ ਬਗ਼ਦਾਦ ਸ਼ਹਿਰ ਦੇ ਅਹਿਮ ਠਿਕਾਣਿਆਂ ਨੂੰ ਮਲੀਆਮੇਟ ਕਰ ਦਿੱਤਾ । ਇਰਾਕ ਨੇ ਬਦਲਾ ਲਉ ਨੀਤੀ ਰਾਂਹੀ 21 ਜਨਵਰੀ 1991 ਨੂੰ ਰਿਆਧ ਅਤੇ ਬਹਰੀਨ 'ਤੇ ਦੋ ਵਾਰ ਸਕੱਡ ਮਿਜ਼ਾਇਲਾਂ ਨਾਲ ਭਿਆਨਕ ਹਮਲੇ ਕੀਤੇ । ਇਨ੍ਹਾਂ ਹਮਲਿਆਂ ਦੇ ਜਵਾਬ ਵੱਜੋਂ ਸਾਂਝੀਆਂ ਫੌਜਾਂ ਨੇ ਇਰਾਕ ਦੇ ਨਾਗਰਿਕਾਂ, ਆਰਥਿਕ ਅਤੇ ਵਿਗਿਆਨਕ ਠਿਕਾਣਿਆ 'ਤੇ ਜ਼ੋਰਦਾਰ ਹਵਾਈ ਹਮਲੇ ਸ਼ੁਰੂ ਕਰ ਦਿੱਤੇ । ਜਿਸ ਕਰਕੇ ਇਰਾਕ ਦੇ ਬਹੁਤ ਸਾਰੇ ਸਿਵਲੀਅਨ ਮਾਰੇ ਗਏ । ਅਮਰੀਕਾ ਦੀ ਜਲ ਸੈਨਾ ਨੇ ਵੀ ਜੰਗ ਵਿਚ ਰਿਮੋਟ ਕੰਟਰੋਲ ਵਾਲੀਆਂ ਕਰੂਜ਼ ਮਿਜ਼ਾਇਲਾਂ ਨਾਲ ਇਰਾਕ 'ਤੇ ਲਗਾਤਾਰ ਬੰਬਾਰੀ ਸ਼ੁਰੂ ਕਰ ਦਿੱਤੀ । ਬਸਰਾ ਬੰਦਰਗਾਹ 'ਤੇ ਏਨੀ ਭਿਆਨਕ ਬੰਬਾਰ ਕੀਤੀ ਕਿ ਇਸ ਦਾ ਅਸਰ ਕਈ ਮੀਲ ਦੂਰ ਤੱਕ ਮਹਿਸੂਸ ਕੀਤਾ ਜਾ ਸਕਦਾ ਸੀ । ਉਧਰ ਇਰਾਕ ਨੇ ਫੁਰਤੀ ਕਰ ਕੇ ਦੁਸ਼ਮਣ ਦੇ 13 ਲੜਾਕੂ ਹਵਾਈ ਜਹਾਜ਼ ਹੇਠਾਂ ਸੁੱਟ ਲਏ । ਇਸ ਸਮੇਂ ਇਰਾਕੀ ਥਲ ਸੈਨਾਂ ਨੇ ਸਾਊਦੀ ਅਰਬ ਦੀਆਂ ਕੁਝ ਸਰਹੱਦੀ ਚੌਕੀਆਂ 'ਤੇ ਕਬਜ਼ਾ ਕਰ ਲਿਆ ਪ੍ਰੰਤੂ ਕੁਝ ਸਮੇਂ ਬਾਅਦ ਹੀ ਇਰਾਕੀ ਬਖ਼ਤਬੰਦ ਯੂਨਿਟਾਂ ਜ਼ਮੀਨੀ ਜੰਗ ਦੀ ਸ਼ੁਰੂਆਤ 'ਤੇ ਪਿੱਛੇ ਪਰਤ ਆਈਆ ਅਤੇ ਨਵੀਂ ਸਫਬੰਦੀ ਕਰਨ ਲੱਗ ਪਈਆਂ । ਪੱਛਮੀ ਫੌਜਾਂ ਨੇ ਕੁਵੈਤ ਵਿਚ ਮੁਹਰਲੀਆਂ ਇਰਾਕੀ ਫੌਜੀ ਸਫਾਂ ਨੂੰ ਚੀਰ ਕੇ ਅੱਗੇ ਲੰਘ ਜਾਣ ਦੀ ਕੋਸ਼ਿਸ਼ ਕੀਤੀ ਪ੍ਰੰਤੂ

ਇਰਾਕੀ ਫੌਜਾਂ ਦੀ ਭਾਰੀ ਗੋਲਾਬਾਰੀ ਅੱਗੇ ਪੱਛਮੀ ਫੌਜਾਂ ਟਿਕ ਨਾ ਸਕੀਆਂ ਅਤੇ ਪਿੱਛੇ ਹਟਣ ਲਈ ਮਜ਼ਬੂਰ ਹੋ ਗਈਆਂ । ਇਰਾਕ ਨੇ ਇਸ ਦੇ ਨਾਲ ਹੀ ਤਲਅਵੀਵ 'ਤੇ ਵੀ ਸਕੱਡ ਮਿਜ਼ਾਇਲਾਂ ਨਾਲ ਹਮਲਾ ਕਰ ਦਿੱਤਾ ਅਤੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ।

ਬਹੁਕੌਮੀ ਫੌਜਾਂ ਦੇ ਲੜਾਕੂ ਪਾਇਲਟਾਂ ਨੇ ਸਾਰੀਆਂ ਕੌਮਾਂਤਰੀ ਸੰਧੀਆਂ ਅਤੇ ਅਹਿਦਨਾਮਿਆਂ ਦੀ ਉਲੰਘਣਾ ਕਰ ਕੇ ਇਰਾਕੀ ਸ਼ਹਿਰ, ਬਸਤੀਆਂ, ਫੈਕਟਰੀਆਂ, ਖੁਰਾਕੀ ਭੰਡਾਰਾਂ, ਦਵਾਈਆਂ ਦੀਆਂ ਦੁਕਾਨਾਂ ਤੇ ਜ਼ਖਮੀਆਂ ਅਤੇ ਧਾਰਮਿਕ ਸਥਾਨਾਂ 'ਤੇ ਭਿਆਨਕ ਬੰਬਾਰੀ ਕੀਤੀ । ਜਿਸ ਕਾਰਨ ਸੈਂਕੜੇ ਔਰਤਾਂ, ਬੱਚੇ ਅਤੇ ਬਿਰਧ ਆਪਣੇ ਹੀ ਖੂਨ ਨਾਲ ਲੱਥ-ਪੱਥ ਹੋ ਗਏ । ਬਹੁਕੌਮੀ ਫੌਜਾਂ ਦੇ ਜਹਾਜ਼ਾਂ ਨੇ ਦੱਖਣੀ ਇਰਾਕ ਦੇ ਫੌਜੀ ਟਿਕਾਣਿਆਂ 'ਤੇ ਮੁੜ ਬੰਬਾਰੀ ਸ਼ੁਰੂ ਕਰ ਦਿੱਤੀ । ਬਸਰਾ ਸ਼ਹਿਰ ਉਤੇ 24 ਘੰਟਿਆਂ ਵਿਚ ਹੀ ਲਗਾਤਾਰ 15 ਵਾਰ ਬੰਬਾਰੀ ਕੀਤੀ । ਇਸ ਭਿਆਨਕ ਬੰਬਾਰੀ ਕਾਰਨ ਕੁਵੈਤੀ ਖੇਤਰ ਵਿੱਚਲੇ ਤੇਲ ਦੇ ਖੂਹਾਂ ਨੂੰ ਅੱਗ ਲੱਗ ਗਈ । ਜਿਸ ਕਾਰਨ ਤੇਲ ਦੇ ਖੂਹਾਂ ਵਿੱਚੋਂ ਨਿਕਲੇ ਕਾਲੇ ਧੂੰਏ ਕਾਰਨ ਅਕਾਸ਼ ਕਾਲਾ ਹੋ ਗਿਆ । ਅਮਰੀਕੀ ਫੌਜਾਂ ਨੇ ਇਰਾਕ ਦੇ ਦੋ ਤੇਲ ਵਾਹਕ ਜਹਾਜ਼ਾਂ 'ਤੇ ਭਾਰੀ ਗੋਲਾਬਾਰੀ ਕੀਤੀ ਤੇ ਇਨ੍ਹਾਂ ਜਹਾਜ਼ਾਂ ਵਿਚੋਂ ਤੇਲ ਰੁੜ ਕੇ ਸਮੁੰਦਰ ਵਿਚ ਵਹਿ ਗਿਆ । ਅਮਰੀਕੀ ਹਵਾਈ ਫੌਜ ਨੇ ਬਗ਼ਦਾਦ ਵਿਚ ਰਸਾਇਣਕ ਹਥਿਆਰ ਬਣਾਉਣ ਵਾਲੇ ਇਕ ਪਲਾਂਟ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ । ਬਦਲੇ ਵੱਜੋਂ ਇਰਾਕ ਨੇ ਤਲਅਵੀਵ, ਰਿਆਧ, ਦਹਰਾਨ ਅਤੇ ਅਲ-ਮਤੀਨਾ 'ਤੇ ਸਕੱਡ ਮਿਜ਼ਾਇਲਾਂ ਨਾਲ ਮੁੜ ਹਮਲਾ ਕਰ ਦਿੱਤਾ । ਇਹਨਾਂ ਮਿਜ਼ਾਇਲਾਂ ਨੂੰ ਪੈਟਰੀਆਟ ਨੇ ਭਾਵੇਂ ਅਕਾਸ਼ ਵਿਚ ਹੀ ਨਸ਼ਟ ਕਰ ਦੇਂਦੀਆਂ ਸਨ ਪ੍ਰੰਤੂ 'ਸਕੱਡ' ਸਾਂਝੀਆਂ ਫੌਜਾਂ ਲਈ ਅਖੀਰ ਤੱਕ ਸਿਰਦਰਦੀ ਬਣੇ ਰਹੇ । ਇਹਨਾਂ ਮਿਜ਼ਾਇਲੀ ਹਮਲਿਆਂ ਤੋਂ ਤੰਗ ਆ ਕੇ ਸਾਂਝੀਆਂ ਫੌਜਾਂ ਦੇ ਮੁੱਖੀ ਜਨਰਲ ਕੌਲਿਨ ਪਾਵੈਲ ਨੇ ਕਿਹਾ, "ਇਰਾਕੀ ਸਕੱਡ ਮਿਜ਼ਾਇਲ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਲਈ ਸਭ ਤੋਂ ਵੱਡੀ ਸਿਰਦਰਦੀ ਸਾਬਤ ਹੋਏ ਹਨ ।"

ਹੁਣ ਤੱਕ ਲੜਾਈ ਪੂਰੇ ਇਰਾਕ ਵਿਚ ਫੈਲ ਚੁੱਕੀ ਸੀ । ਫੈਕਟਰੀਆਂ ਅਤੇ ਸਕੂਲ ਆਦਿ ਸਭ ਜੰਗ ਦੀ ਮਾਰ ਹੇਠ ਆ ਚੁੱਕੇ ਸਨ । ਸਮੁੱਚੀ ਮਨੁੱਖਤਾ ਦਾ ਘਾਣ ਹੋ ਰਿਹਾ ਸੀ। ਸਨਅਤੀ ਅਦਾਰੇ ਤਬਾਹ ਹੋ ਰਹੇ ਸਨ । ਰੇਡੀਓ ਅਤੇ ਟੀ.ਵੀ. ਕੇਂਦਰ ਨੂੰ ਭਾਰੀ ਨੁਕਸਾਨ ਪੁੱਜਾ ਪ੍ਰੰਤੂ ਇਰਾਕੀ ਅਧਿਕਾਰੀਆਂ ਨੇ ਇਸ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਹੀ ਬਦਲਵੇਂ ਪ੍ਰਬੰਧ ਕੀਤੇ ਹੋਏ ਸਨ । ਫਿਰ ਵੀ ਜੰਗ ਸ਼ੁਰੂ ਹੋਣ ਤੋਂ ਹੀ ਭਾਰੀ ਬੰਬਾਰੀ ਕਾਰਨ ਬਗ਼ਦਾਦ ਸ਼ਹਿਰ ਦਾ ਦੇਸ਼ ਦੇ ਹੋਰਨਾਂ ਸ਼ਹਿਰਾਂ ਨਾਲੋ ਸੰਪਰਕ ਕੱਟ ਚੁੱਕਾ ਸੀ । ਬਗ਼ਦਾਦ ਸ਼ਹਿਰ ਨੂੰ ਤਬਾਹ ਕਰ ਕੇ ਇਤਿਹਾਦੀ ਫੌਜਾਂ ਨੇ ਬੰਬਾਰੀ ਦੇ ਨਿਸ਼ਾਨੇ ਬਦਲ ਦਿੱਤੇ ਸਨ । ਹੁਣ ਉਨ੍ਹਾਂ ਨੇ ਇਰਾਕ ਦੀ ਸਭ ਤੋਂ ਵਧੀਆ ਜ਼ਮੀਨੀ ਫੌਜ 'ਰਿਪਬਲੀਕਨ ਗਾਰਡਜ਼' ਅਤੇ ਕੁਵੈਤ ਵੱਲ ਜਾ ਰਹੀਆਂ ਸਪਲਾਈ ਲਾਈਨਾਂ ਨੂੰ ਨਿਸ਼ਾਨਾਂ ਬਣਾਉਣਾ ਸ਼ੁਰੂ ਕਰ ਦਿੱਤਾ ਸੀ । ਕਿਉਂਕਿ 'ਰਿਪਲੀਕਨ ਗਾਰਡਜ਼' ਸਿੱਧੀ ਇਰਾਕੀ ਸਦਰ ਸੱਦਾਮ ਹੁਸੈਨ ਦੇ ਅਧੀਨ ਸੀ ਇਸ ਲਈ ਉਹ ਇਰਾਕ ਦੇ ਰਾਸ਼ਟਰ ਪ੍ਰਮੁੱਖ ਹੋਣ ਦੇ ਨਾਲ ਨਾਲ ਇਰਾਕੀ ਫੌਜੀ ਕਮਾਨ ਦੇ ਮੁੱਖੀ ਵੀ ਸਨ । ਅਮਰੀਕਾ ਸੱਦਾਮ ਹੁਸੈਨ ਨੂੰ ਇਰਾਕੀ ਫੌਜ ਦੀ ਰੀੜ

ਦੀ ਹੱਡੀ ਸਮਝਦਾ ਸੀ । ਇਸ ਲਈ ਅਮਰੀਕਾ ਨੇ ਕੇਂਦਰੀ ਇੰਟੈਲੀਜੈਂਸ ਟਾਸਕ ਫੋਰਸ ਨੂੰ ਸੱਦਾਮ ਹੁਸੈਨ ਦਾ ਪਤਾ ਲਗਾਉਣ ਦੀ ਜਿਮੇਂਵਾਰੀ ਸੌਂਪੀ । ਖੁਫੀਆਂ ਏਜੰਸੀਆਂ ਨੇ ਸੱਦਾਮ ਹੁਸੈਨ ਦੇ ਥਹੁ ਟਿਕਾਣੇ ਦਾ ਸਫਲਤਾ ਪੂਰਬਕ ਪਤਾ ਲਗਾ ਲਿਆ ਅਤੇ ਤੁਰੰਤ ਹੀ ਅਮਰੀਕਾ ਨੇ ਉਸ ਥਾਂ 'ਤੇ ਬੰਬਾਰੀ ਕਰਨ ਲਈ ਲੜਾਕੂ ਜਹਾਜ਼ ਭੇਜ ਦਿੱਤੇ । ਇਨ੍ਹਾਂ ਲੜਾਕੂ ਹਵਾਈ ਜਹਾਜ਼ਾਂ ਨੇ ਸੱਦਾਮ ਹੁਸੈਨ 'ਤੇ ਜ਼ੋਰਦਾਰ ਹਵਾਈ ਹਮਲਾ ਕੀਤਾ ਪ੍ਰੰਤੂ ਕੇਂਦਰੀ ਇਰਾਕ ਵਿਚ ਚੱਲ ਰਹੇ ਤੂਫਾਨ ਕਾਰਨ ਲੜਾਕੂ ਜਹਾਜ਼ ਨਿਰਧਾਰਤ ਥਾਂ 'ਤੇ ਮਾਰ ਨਾ ਕਰ ਸਕੇ । ਇਸ ਲਈ ਉਹਨਾਂ ਨੂੰ ਨਿਰਾਸ਼ ਹੋ ਕੇ ਵਾਪਸ ਪਰਤਣਾ ਪਿਆ ਤੇ ਇਰਾਕੀ ਸਦਰ ਵਾਲ ਵਾਲ ਬਚ ਗਏ।

ਇਤਿਹਾਦੀਆਂ ਦਾ ਕੁਰਾ ਜ਼ਜ਼ੀਰੇ 'ਤੇ ਕਬਜ਼ਾ ਅਤੇ ਬਸਰਾ ਅੱਗ ਦੀ ਲਪੇਟ ਵਿਚ :-

ਇਤਿਹਾਦੀ ਫੌਜਾਂ ਨੇ 25 ਜਨਵਰੀ ਨੂੰ ਸੰਖੇਪ ਜਹੀ ਲੜਾਈ ਤੋਂ ਮਗਰੋਂ ਕੁਰ੍ਹਾ ਜ਼ਜ਼ੀਰੇ ਉਤੇ ਕਬਜਾ ਕਰ ਲਿਆ । ਇਹ ਪਹਿਲਾ ਕੁਵੈਤੀ ਇਲਾਕਾ ਸੀ ਜਿਸ ਨੂੰ ਇਤਿਹਾਦੀ ਫੌਜਾਂ ਨੇ ਇਰਾਕ ਕੋਲੋਂ ਅਜ਼ਾਦ ਕਰਵਾ ਲਿਆ ਪ੍ਰੰਤੂ ਕੁਰ੍ਹਾ ਜ਼ਜ਼ੀਰਾ ਇਰਾਕ ਨੇ ਕਈ ਫੌਜੀ ਕਾਰਨਾਂ ਕਰ ਕੇ ਪਹਿਲਾਂ ਹੀ ਖਾਲੀ ਕੀਤਾ ਹੋਇਆ ਸੀ । ਹੁਣ ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਜ਼ਮੀਨੀ ਲੜਾਈ ਨੂੰ ਮੱਦੇ ਨਜ਼ਰ ਰੱਖਦਿਆਂ ਸਾਉਦੀ-ਕੁਵੈਤ ਸਰਹੱਦ ਦੇ ਨਾਲ-ਨਾਲ ਲੜਾਈ ਲਈ ਮੋਰਚਾਬੰਦੀ ਨੂੰ ਹੋਰ ਮਜ਼ਬੂਤ ਕਰ ਦਿੱਤਾ । ਫਰਾਂਸੀਸੀ ਲੜਾਕੂ ਹਵਾਈ ਜਹਾਜ਼ਾਂ ਨੇ ਦੂਜੀ ਵਾਰ ਕੁਵੈਤੀ ਸਰੱਹਦ ਦੇ ਨੇੜੇ ਇਰਾਕੀ ਫੌਜ ਦੇ ਸਭ ਤੋਂ ਵੱਧ ਜਾਂਬਾਜ ਵਰਗ ਰਿਪਬਲੀਕਨ ਗਾਰਡਜ਼ 'ਤੇ ਬੰਬਾਰੀ ਸ਼ੁਰੂ ਕਰ ਦਿੱਤੀ । ਬ੍ਰਿਟਿਸ਼ ਫੌਜਾਂ ਨੇ ਵੀ 111 ਉਡਾਣਾ ਭਰ ਕੇ ਇਰਾਕ 'ਤੇ ਜ਼ੋਰਦਾਰ ਬੰਬਾਰੀ ਕੀਤੀ । ਇਰਾਕ ਨੇ ਰਿਆਧ, ਤਲਅਵੀਵ, ਹੇਫਾ ਅਤੇ ਦਹਰਾਨ 'ਤੇ ਸਕੱਡ ਮਿਜ਼ਾਇਲਾਂ ਨਾਲ ਹਮਲਾ ਕਰ ਦਿੱਤਾ । ਭਾਵੇਂ ਇਤਿਹਾਦੀ ਫੌਜਾਂ ਕੁਵੈਤ ਵਿਚ ਇਰਾਕ ਦੀ ਰੱਖਿਆ ਰੇਖਾ ਉਤੇ ਦਿਨ ਰਾਤ ਜ਼ਬਰਦਸਤ ਹਮਲੇ ਕਰ ਰਹੀਆਂ ਸਨ । ਪਰ ਇਰਾਕੀ ਫੌਜਾਂ ਪੂਰੀ ਬਹਾਦਰੀ ਨਾਲ ਦੁਸ਼ਮਣ ਦੇ ਦੰਦ ਖੱਟੇ ਕਰਨ ਲਈ ਪੂਰੀ ਵਾਹ ਲਾ ਰਹੀਆਂ ਸਨ । ਇਰਾਕ ਦੀਆਂ ਹਵਾਮਾਰ ਤੋਪਾਂ ਦੀ ਭਿਆਨਕ ਮਾਰ ਤੋਂ ਆਪਣੇ ਫੌਜੀਆਂ ਨੂੰ ਬਚਾਉਣ ਲਈ ਬਰਤਾਨਵੀਆਂ ਨੂੰ ਉਚੇਰੀ ਉਡਾਣ ਤੋਂ ਬੰਬਾਰੀ ਕਰਨ ਵਾਲੇ ਆਪਣੇ ਫੁਰਤੀਲੇ ਲੜਾਕੇ ਹਵਾਈ ਜਹਾਜ਼ ਜੰਗ ਵਿਚ ਭੇਜਣੇ ਪਏ । ਇਰਾਕ ਵੱਲੋਂ ਕੀਤੇ ਗਏ ਸਕੱਡ ਹਮਲਿਆਂ ਨੇ ਦਹਰਾਨ ਵਿਚ ਭਾਰੀ ਜਾਨੀ ਮਾਲੀ ਨੁਕਸਾਨ ਕੀਤਾ । ਇਰਾਕੀ ਸਕੱਡ ਮਿਜ਼ਾਇਲਾਂ ਦੇ ਹਮਲਿਆਂ ਤੋਂ ਤੰਗ ਆ ਕੇ ਅਮਰੀਕੀ ਰੱਖਿਆ ਮੰਤਰੀ ਡਿੱਕ ਚੈਨੀ ਚੀਕ ਉਠਿਆ, 'ਚਲਦੇ ਫਿਰਦੇ ਮਿਜ਼ਾਈਲ ਲਾਂਚਰਾਂ ਦੀ ਸੂਹ ਲਾਉਣੀ ਬੜੀ ਮੁਸ਼ਕਿਲ ਹੈ। ਉਸ (ਰਾਸ਼ਟਰਪਤੀ ਸੱਦਾਮ ਹੁਸੈਨ) ਕੋਲ ਬਹੁਤ ਸਾਰੀਆਂ ਮਿਜ਼ਾਇਲਾਂ ਹਨ ਅਤੇ ਚਲਾ ਰਿਹਾ ਹੈ ।" ਅਮਰੀਕਾ ਵੱਲੋਂ ਇਰਾਕੀ ਤੇਲ ਟੈਂਕਰਾਂ ਉਤੇ ਕੀਤੀ ਗਈ ਬੰਬਾਰੀ ਕਾਰਨ ਖਾੜੀ ਵਿਚ ਭਾਰੀ ਮਾਤਰਾ ਵਿਚ ਡੁੱਲ੍ਹਿਆ ਤੇਲ ਸਾਉਦੀ ਅਰਬ ਦੇ ਸਮੁੰਦਰੀ ਤੱਟ ਵੱਲ ਵਧਣ ਕਾਰਨ ਇਤਿਹਾਦੀਆਂ ਨੂੰ ਪਾਣੀ ਦੀ ਸਪਲਾਈ ਲਈ ਵੱਡਾ ਖਤਰਾ ਖੜਾ ਹੋ ਗਿਆ । ਬਹੁਕੌਮੀ ਦੇਸ਼ਾਂ ਦੀਆਂ ਫੌਜਾਂ ਨੇ ਕਰੋਧ

ਵਿਚ ਆ ਕੇ ਬਸਰਾ ਸ਼ਹਿਰ 'ਤੇ ਇੰਨੀ ਜ਼ੋਰਦਾਰ ਬੰਬਾਰੀ ਕੀਤੀ ਕਿ ਸ਼ਹਿਰ ਵਿਚ ਥਾਂ-ਥਾਂ 'ਤੇ ਅੱਗ ਲੱਗ ਗਈ ਅਤੇ ਬਗਦਾਦ ਸ਼ਹਿਰ ਵਿਚ ਬਹੁਤ ਸਾਰੀਆਂ ਇਮਾਰਤਾਂ ਬੇਹ ਬਣਾ ਦਿੱਤੀਆਂ । ਕੁਵੈਤ ਵਿਚ ਇਰਾਕੀ ਫੌਜਾਂ ਦੇ ਮੋਰਚਿਆਂ 'ਤੇ ਬੰਬਾਂ ਦਾ ਮੀਂਹ ਵਰਸਾ ਦਿੱਤਾ । ਜਿਵੇਂ ਕੁਦਰਤ ਨੇ ਮਨੁੱਖਤਾ 'ਤੇ ਕਰੋਧ ਵਿਚ ਆ ਕੇ ਗੜ੍ਹਿਆਂ ਦੀ ਵਰਖਾ ਕੀਤੀ ਹੋਵੇ । ਸਿੱਟੇ ਵੱਜੋਂ ਰਿਹਾਇਸ਼ੀ ਖੇਤਰਾਂ 'ਤੇ ਕੀਤੀ ਅੰਨੇਵਾਹ ਬੰਬਾਰੀ ਕਾਰਨ ਸੈਂਕੜੇ ਨਾਗਰਿਕ ਮੌਤ ਦੇ ਮੂੰਹ ਵਿਚ ਚਲੇ ਗਏ । ਇਸ ਲਈ ਇਰਾਕ ਨੇ ਵੀ ਸਾਊਦੀ ਅਰਬ ਅਤੇ ਇਸਰਾਇਲ 'ਤੇ ਸਕੱਡ ਹਮਲਿਆਂ ਨੂੰ ਤੇਜ ਕਰ ਦਿੱਤਾ । ਤਲਅਵੀਵ ਅਤੇ ਹੇਫਾ ਵੱਲ ਮਿਜ਼ਾਇਲ ਛੱਡਣ ਤੋਂ ਮਗਰੋਂ ਇਰਾਕੀ ਮੋਬਾਇਲ ਲਾਂਚਰ ਸੁੱਰਖਿਅਤ ਆਪਣੇ ਅੱਡਿਆ 'ਤੇ ਪਰਤ ਆਉਂਦੇ ਸਨ । ਭਾਵੇਂ ਪੈਟਰੀਆਟ ਮਿਜ਼ਾਇਲਾਂ ਬਹੁਤ ਸਾਰੀਆਂ ਸਕੱਡ ਮਿਜ਼ਾਇਲਾਂ ਨੂੰ ਅਕਾਸ਼ ਵਿਚ ਹੀ ਨਸ਼ਟ ਕਰ ਦਿੰਦੀਆਂ ਸਨ ਪਰ ਫਿਰ ਵੀ ਇਨ੍ਹਾਂ ਹਮਲਿਆਂ ਕਾਰਨ ਰਿਆਧ ਵਿਚ ਅਨੇਕਾਂ ਇਮਾਰਤਾਂ ਮਲਬੇ ਦਾ ਢੇਰ ਬਣ ਗਈਆਂ । ਹੁਣ ਇਤਿਹਾਦੀ ਫੌਜਾਂ ਨੇ ਬਸਰਾ ਦੇ ਨਾਲ ਜੋਰਬੱਤੀਆ ਸ਼ਹਿਰ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ । ਫਰਾਂਸ ਦੇ ਜੈਗੂਆਰ ਅਤੇ ਮਿਰਾਜ਼ ਲੜਾਕੂ ਜਹਾਜ਼ਾਂ ਨੇ ਇਰਾਕ ਵਿਚਲੇ ਬਖਤਰਬੰਦ ਯੂਨਿਟਾਂ ਅਤੇ ਫੌਜੀ ਮੋਰਚਿਆਂ 'ਤੇ ਲਗਾਤਾਰ ਜ਼ੋਰਦਾਰ ਬੰਬਾਰੀ ਜਾਰੀ ਰੱਖੀ ਹੋਈ ਸੀ ਅਤੇ ਸਹਿਯੋਗੀ ਦੇਸ਼ਾਂ ਦੀਆਂ ਫੌਜਾਂ ਨੇ ਲਗਾਤਾਰ ਬੰਬਾਰੀ ਵਿਚ ਕੋਈ ਕਮੀ ਨਹੀਂ ਸੀ ਆਉਣ ਦਿੱਤੀ । ਇਸ ਤੋਂ ਵੀ ਵੱਧ ਹਵਾਈ ਹਮਲਿਆਂ ਨੂੰ ਹੋਰ ਵੀ ਵਧੇਰੇ ਵਿਆਪਕ ਬਣਾ ਦਿੱਤਾ । ਦੂਰ-ਦੂਰ ਤੱਕ ਇਰਾਕੀ ਇਲਾਕਿਆਂ ਨੂੰ ਭਿਆਨਕ ਹਮਲੇ ਦੀ ਮਾਰ ਹੇਠ ਲਿਆਂਦਾ ਗਿਆ । ਇਰਾਕ ਦੇ ਨਗਰਾਂ ਮਹਿਰਾਨ ਅਤੇ ਸਲਿਆਮੀਆ 'ਤੇ ਇੰਨੀ ਭਿਆਨਕ ਬੰਬਾਰੀ ਕੀਤੀ ਜਿਸ ਕਾਰਨ ਸੈਂਕੜੇ ਸਿਵਲੀਅਨ ਮਾਰੇ ਗਏ ਅਤੇ ਹਜ਼ਾਰਾਂ ਜਖਮੀ ਹੋ ਗਏ ।

ਅਲ ਖ਼ਾਫਜੀ 'ਤੇ ਕਬਜੇ ਲਈ ਘਮਸਾਨ ਦੀ ਜੰਗ :

ਇਰਾਕ ਨੇ 30 ਜਨਵਰੀ ਨੂੰ ਸਾਊਦੀ ਅਰਬ 'ਤੇ ਰਾਤ ਨੂੰ ਇਕੋ ਸਮੇਂ ਬਹੁਤ ਤੇਜੀ ਨਾਲ ਜ਼ਮੀਨੀ ਹਮਲਾ ਕਰ ਦਿੱਤਾ । ਇਸ ਹਮਲੇ ਦੀ ਰਫਤਾਰ ਧਰਤੀ 'ਤੇ ਆਏ ਤੂਫਾਨ ਵਰਗੀ ਸੀ । ਜਿਸ ਦਾ ਸਿੱਟਾ ਇਹ ਹੋਇਆ ਕਿ ਇਰਾਕੀ ਫੌਜਾਂ ਨੇ ਸਾਊਦੀ ਅਰਬ ਦੇ 20 ਕਿ.ਮੀ. ਅੰਦਰ ਜਾ ਕੇ ਅਲ-ਖਾਫਜੀ 'ਤੇ ਕਬਜ਼ਾ ਕਰ ਲਿਆ ਜਿਥੇ ਅਮਰੀਕੀ ਫਸਟ ਮੈਰੀਨ ਡਵੀਜ਼ਨ ਦੀਆਂ ਯੂਨਿਟਾਂ ਨਾਲ ਇਰਾਕੀ ਫੌਜਾਂ ਦੀ ਘਮਸਾਨ ਦੀ ਜੰਗ ਸ਼ੁਰੂ ਹੋ ਗਈ । ਭਾਵੇਂ ਇਰਾਕੀ ਫੌਜਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ ਤਾਂ ਵੀ ਇਤਿਹਾਦੀ ਫੌਜਾਂ ਦੇ ਸੈਂਕੜੇ ਫੌਜੀ ਮਾਰੇ ਗਏ । ਇਰਾਕੀ ਫੌਜਾਂ ਨੇ ਬਹੁਤ ਮਾਤਰਾ ਵਿਚ ਦੁਸ਼ਮਣ ਫੌਜਾਂ ਦਾ ਸਾਜੋ-ਸਮਾਨ ਅਤੇ ਗੱਡੀਆਂ ਨਸ਼ਟ ਕਰ ਦਿੱਤੀਆਂ ਅਤੇ ਬਹੁਤ ਸਾਰਾ ਸਮਾਨ ਕਬਜੇ ਵਿਚ ਕਰ ਲਿਆ । ਇਰਾਕੀ ਫੌਜਾਂ ਨੇ ਸਾਊਦੀ ਅਰਬ ਦੇ ਨਾਜ਼ਦ ਅਤੇ ਹੋਜਾਜ਼ ਸ਼ਹਿਰਾਂ 'ਤੇ ਵੀ ਭਿਆਨਕ ਹਮਲੇ ਕੀਤੇ ਅਤੇ ਅਲ-ਖਾਫਜੀ ਵਿਚ ਦੁਸ਼ਮਣ ਦੇ ਠਿਕਾਣਿਆਂ ਨੂੰ ਲਗਾਤਾਰ ਢਹਿ ਢੇਰੀ ਕਰਨਾ ਸ਼ੁਰੂ ਕਰ ਦਿੱਤਾ ।

ਇਨ੍ਹਾਂ ਹਮਲਿਆਂ ਦਾ ਜਵਾਬ ਦੇਣ ਲਈ ਸਹਿਯੋਗੀ ਦੇਸ਼ਾਂ ਦੀਆਂ ਫੌਜਾਂ ਨੇ ਇਰਾਕੀ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਤੇ ਬੰਬ ਵਰਸਾਉਣੇ ਸ਼ੁਰੂ ਕਰ ਦਿੱਤੇ । 24 ਘੰਟਿਆਂ ਵਿਚ ਇਰਾਕ ਉਤੇ 127 ਵਾਰ ਹਵਾਈ ਹਮਲੇ ਕੀਤੇ । ਬਹੁਰੰਮੀ ਫੌਜਾਂ ਨੇ ਏ.ਐਚ-1 ਹੈਲੀਕਾਪਟਰਾਂ ਅਤੇ ਮੈਰੀਨ ਏ-6 ਬੰਬਾਰਾਂ ਤੋਂ ਬੰਬ ਵਰਾ ਕੇ ਅਤੇ ਏ-10 ਮਿਜ਼ਾਇਲਾਂ ਦਾਗ ਕੇ ਇਰਾਕੀ ਹਮਲਿਆਂ ਦਾ ਜਵਾਬ ਦਿੱਤਾ । ਉਨ੍ਹਾਂ ਨੇ ਕੁਵੈਤ ਦੇ ਨਾਲ ਲਗਦੇ ਸਮੁੰਦਰੀ ਖੇਤਰ ਵਿਚ ਇਰਾਕ ਦੇ 5 ਸਮੁੰਦਰੀ ਜਹਾਜ਼ਾਂ ਨੂੰ ਡੁਬੋ ਦਿੱਤਾ ਅਤੇ 12 ਹੋਰਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ । ਅਮਰੀਕੀ ਹਵਾਈ ਜਹਾਜ਼ਾਂ ਨੇ ਬਸਰਾ ਵਿਚ ਤੇਲ ਦੇ ਡੀਪੂਆਂ ਅਤੇ ਕੁਵੈਤ ਵਿਚਲੇ ਮਿਜ਼ਾਈਲ ਅੱਡਿਆਂ ਉਪਰ ਵੀ ਭਾਰੀ ਹਵਾਈ ਹਮਲੇ ਕੀਤੇ ।

ਇਤਿਹਾਦੀ ਫੌਜਾਂ ਨੇ ਅਲ-ਖਾਫਜੀ ਸ਼ਹਿਰ ਨੂੰ ਖੋਹਣ ਲਈ 31 ਜਨਵਰੀ ਨੂੰ ਹਵਾਈ ਜਹਾਜ਼ਾਂ, ਤੋਪਾਂ ਅਤੇ ਟੈਕਾਂ ਨਾਲ ਇਰਾਕੀ ਫੌਜਾਂ ਉਤੇ ਦੋ ਵਾਰ ਭਿਆਨਕ ਹਮਲੇ ਕੀਤੇ । ਕੁਝ ਸਾਉਦੀ ਬਖਤਰਬੰਦ ਗੱਡੀਆਂ ਉੱਤਰ ਪੂਰਬੀ ਸ਼ਹਿਰ ਵਿਚ ਦਾਖਲ ਹੋ ਗਈਆਂ, ਇਰਾਕੀ ਫੌਜਾਂ ਨੂੰ ਅਲ-ਖਾਫਜੀ 'ਚੋਂ ਖਦੇੜਨ ਲਈ ਅਮਰੀਕੀ ਸਮੁੰਦਰੀ ਸੈਨਿਕਾਂ ਨੂੰ ਹੋਰ ਤੋਪਖਾਨਾਂ, ਕੋਬਰਾ ਹੈਲੀਕਾਪਟਰ ਅਤੇ ਜੰਗੀ ਜਹਾਜ਼ ਮੰਗਵਾਉਣੇ ਪਏ, ਅਮੀਰੀਕੀ ਸੈਨਿਕ ਆਪਣੇ ਦੋ ਟੈਂਕ ਤੋੜੂ ਮਿਜ਼ਾਇਲ ਲਾਚਿੰਗ ਵਹੀਕਲ ਅਲ-ਖਾਫਜੀ ਦੇ ਦੱਖਣ ਵੱਲ ਲੈ ਗਏ । ਸੈਂਕੜੇ ਬਖਤਰਬੰਦ ਗੱਡੀਆਂ ਅਤੇ ਕਤਰੀ ਸੈਨਾਂ ਦੇ ਟੈਂਕ ਖਾਫਜੀ ਵੱਲ ਰਵਾਨਾ ਹੋ ਗਏ ਇਤਿਹਾਦੀ ਫੌਜਾਂ ਵਿੱਚ ਬਹੁਤੇ ਸਾਉਦੀ ਅਤੇ ਕਤਰੀ ਸੈਨਿਕ ਸਨ । ਅਮਰੀਕਾ ਦੇ ਕੇਵਲ 200 ਸਮੁੰਦਰੀ ਸੈਨਿਕ ਸਨ । ਜਦੋਂ ਇਹ ਫੌਜਾਂ ਉੱਤਰ ਦਿਸ਼ਾ ਵਿਚ ਇਰਾਕੀ ਠਿਕਾਣਿਆਂ ਦੇ ਨੇੜੇ ਪੁੱਜੀਆਂ, ਪਹਿਲਾਂ ਹੀ ਕਰੋਧ ਵਿਚ ਆਈਆਂ ਇਰਾਕੀ ਫੌਜਾਂ ਨੇ ਦੁਸ਼ਮਣ ਫੌਜਾਂ 'ਤੇ ਗਰਨੇਡਾਂ, ਤੋਪਾਂ ਅਤੇ ਟੈਕਾਂ ਨਾਲ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ । ਅਮਰੀਕੀ ਸੈਨਾਂ ਦੇ ਮਿਜ਼ਾਈਲ ਲਾਚਿੰਗ ਵਹੀਕਲ ਖਾਫਜੀ ਤੋਂ ਦੱਖਣ ਵੱਲ ਰੇਗਸਤਾਨ 'ਚ ਦੂਰ ਦੂਰ ਤੱਕ ਫੈਲ ਗਏ ਸਨ । ਉਨ੍ਹਾਂ ਉਤੇ ਵੀ ਖਫੀਆਂ ਹੋਈਆਂ ਇਰਾਕੀ ਸੈਨਾਵਾਂ ਨੇ ਜ਼ੋਰਦਾਰ ਬੰਬਾਰੀ ਕੀਤੀ । ਇਰਾਕੀ ਫੌਜਾਂ ਦੀ ਬੰਬਾਰੀ ਏਨੀ ਭਿਆਨਕ ਸੀ ਕਿ ਬਹੁਕੌਮੀ ਫੌਜਾਂ ਦੇ ਇਕ ਕੈਪਟਨ ਨੇ ਕਿਹਾ, "ਸਾਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਗੋਲਾਬਾਰੀ ਕਿੱਥੋ ਹੋ ਰਹੀ ਹੈ ।" ਇਤਿਹਾਦੀ ਫੌਜਾਂ ਇਰਾਕੀ ਫੌਜਾਂ ਦੀ ਭਿਆਨਕ ਗੋਲਾਬਾਰੀ ਅੱਗੇ ਟਿਕ ਨਾ ਸਕੀਆਂ । ਉਨ੍ਹਾਂ ਨੂੰ 80 ਕਿ.ਮੀ. ਫੀ ਘੰਟੇ ਦੀ ਰਫਤਾਰ ਨਾਲ ਪਿੱਛੇ ਵੱਲ ਭੱਜਣਾ ਪਿਆ । ਬਗਦਾਦ ਸ਼ਹਿਰ ਵਿਚ ਇਸ ਦੀ ਖਬਰ ਸੁਣ ਕੇ ਖੁਸ਼ੀ ਦੀ ਲਹਿਰ ਦੌੜ ਗਈ । ਬਗਦਾਦ ਨੇ ਇਹ ਹਮਲੇ ਪਛਾੜਨ ਨੂੰ ਪਹਿਲੀ ਵੱਡੀ ਜ਼ਮੀਨੀ ਲੜਾਈ ਵਿਚ 'ਇਰਾਕ ਦੀ ਸ਼ਾਨਦਾਰ ਜਿੱਤ' ਕਰਾਰ ਦਿੱਤਾ । ਕੁਵੈਤੀ ਸ਼ਹਿਰ ਵਫਰਾ ਦੇ ਦੋਹੀਂ ਪਾਸੀ ਲਗਭਗ 17 ਕਿ.ਮੀ ਲੰਬੇ ਖਿੱਤੇ ਵਿਚ ਇਰਾਕ ਨੇ 65000 ਹਜ਼ਾਰ ਤੋਂ ਵੱਧ ਫੌਜੀ, ਇਕ ਹਜ਼ਾਰ ਤੋਂ ਵੱਧ ਟੈਂਕ ਅਤੇ ਬਖਤਰਬੰਦ ਗੱਡੀਆਂ ਜਮਾਂ ਕਰ ਲਈਆਂ ਸਨ ਤਾਂ ਕਿ ਸਾਉਦੀ ਅਰਬ 'ਤੇ ਇਕ ਵੱਡਾ ਜ਼ਮੀਨੀ ਹਮਲਾ ਕੀਤਾ ਜਾ ਸਕੇ ।

ਹਫੀਆਂ ਹੋਈਆਂ ਅਮਰੀਕੀ ਅਤੇ ਇਤਿਹਾਦੀ ਫੌਜਾਂ ਨੇ ਗੁੱਸੇ ਵਿਚ ਆ ਕੇ ਸਭ

ਤੋਂ ਘਾਤਕ ਲੜਾਕੂ 'ਅਮਰੀਕੀ ਬੀ-52 ਜਹਾਜ਼ਾਂ ਨੂੰ ਰਣ ਭੂਮੀ ਵਿਚ ਭੇਜਿਆ । ਇਨ੍ਹਾਂ ਲੜਾਕੂ ਜੰਗਜੂਆਂ ਨੇ ਏਨੀ ਜ਼ੋਰ ਨਾਲ ਹਵਾਈ ਬੰਬਾਰੀ ਕੀਤੀ ਕਿ ਖਾਫਜੀ ਦੇ ਆਲੇ ਦੁਆਲੇ 100 ਇਰਾਕੀ ਬੰਖਤਰਬੰਦ ਗੱਡੀਆਂ ਤਬਾਹ ਕਰ ਦਿੱਤੀਆਂ । ਇਰਾਕੀ ਬਟਾਲੀਅਨਾਂ ਉਤੇ ਬੰਬਾਰੀ ਅਤੇ ਗੋਲਾਬਾਰੀ ਕਰਨ ਲਈ ਸਭ ਤੋਂ ਘਾਤਕ ਲੜਾਕੂ ਹਵਾਈ ਜਹਾਜ 'ਅਮਰੀਕੀ ਬੀ-52' ਜਹਾਜ਼ਾਂ ਦੀ ਜੰਗ ਵਿਚ ਖੁਲ੍ਹ ਕੇ ਵਰਤੋਂ ਕੀਤੀ । ਖਾਫਜੀ ਸ਼ਹਿਰ ਦੀਆਂ ਸੜਕਾਂ 'ਤੇ ਇਰਾਕੀ ਫੌਜਾਂ ਦੀਆਂ ਤਬਾਹ ਹੋਈਆਂ ਦਰਜਨਾਂ ਸੋਵੀਅਤ ਨਿਰਮਿਤ 'ਬੀ.ਟੀ.ਆਰ.-61' ਬੰਖਤਰਬੰਦ ਗੱਡੀਆਂ, ਟੁੱਟੇ -ਭੱਜੇ ਟਰੱਕ ਅਤੇ ਲਾਸ਼ਾਂ ਤੋਂ ਵਗੈਰ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ । ਗਲੀਆਂ ਵਿਚ ਪਾਣੀ ਦੀ ਥਾਂ ਤੇਲ ਅਤੇ ਖੂਨ ਵਹਿ ਰਿਹਾ ਸੀ । ਇਤਿਹਾਦੀ ਫੌਜਾਂ ਨੂੰ ਖਾਫਜੀ ਸ਼ਹਿਰ ਤੋਂ ਇਰਾਕੀ ਕਬਜ਼ਾ ਸਮਾਪਤ ਕਰਨ ਲਈ ਵਾਰ ਵਾਰ ਹਵਾਈ ਸੈਨਾ ਦਾ ਸਹਾਰਾ ਲੈਣਾ ਪਿਆ । ਅੰਤ ਇਤਿਹਾਦੀ ਫੌਜਾਂ ਨੇ ਖਾਫਜੀ ਸ਼ਹਿਰ 'ਤੇ ਕਬਜ਼ਾ ਕਰ ਲਿਆ । ਇਹ ਜੰਗ ਇੰਨੀ ਭਿਆਨਕ ਸੀ ਕਿ ਅਮਰੀਕੀ ਫੌਜਾਂ ਦੀਆਂ ਲਾਸਾਂ ਦੇਖ ਕੇ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਚੀਕ ਉਠਿਆਂ "ਅਮਰੀਕੀਆਂ ਨੂੰ ਪ੍ਰਮਾਤਮਾ ਅੱਗੇ ਦੁਆ ਕਰਨੀ ਚਾਹੀਦੀ ਹੈ ਕਿ ਜੰਗ ਲੜਨ ਵਾਲੇ ਅਮਰੀਕੀਆਂ ਦੀਆਂ ਜਾਨਾਂ ਸਲਾਮਤ ਰਹਿਣ ।"

ਭਾਵੇਂ ਅਮਰੀਕੀ ਅਤੇ ਇਤਿਹਾਦੀ ਫੌਜਾਂ ਨੇ ਅਲ-ਖਾਫਜੀ 'ਤੇ ਕਬਜ਼ਾ ਕਰ ਲਿਆ ਸੀ ਪਰ ਉਹਨਾਂ ਦਾ ਗੁੱਸਾ ਅਜੇ ਵੀ ਠੰਡਾ ਨਹੀਂ ਸੀ ਹੋਇਆ । ਉਹਨਾਂ ਨੇ ਕੁਵੈਤ ਨੂੰ ਅਜ਼ਾਦ ਕਰਵਾਉਣ ਦਾ ਦਿੜ੍ਹ ਨਿਸਚਾ ਕੀਤਾ ਹੋਇਆ ਸੀ । ਖਾਫਜੀ ਸ਼ਹਿਰ 'ਤੇ ਇਰਾਕੀ ਕਬਜ਼ੇ ਨੂੰ ਖਤਮ ਕਰ ਕੇ ਇਤਿਹਾਦੀ ਫੌਜਾਂ ਦੀਆਂ ਜਮੀਨੀ ਸਫਾਂ ਅੱਗੇ ਵਧਣ ਲੱਗੀਆਂ । ਕੁਝ ਇਰਾਕੀ ਫੌਜਾਂ ਦੀ ਹਿਲ ਜੁਲ ਦੇ ਉਤੱਰ ਵਿਚ ਅੱਗੇ ਵਧੱਣ ਲੱਗੀਆਂ । ਸਾਉਦੀ ਫੌਜੀ ਇਕਾਈਆਂ ਸਰੱਹਦੀ ਕਬਜ਼ੇ ਖਾਫਜੀ ਦੀਆਂ ਅਗਲੀਆਂ ਸਫਾਂ ਨੂੰ ਮਜ਼ਬੂਤ ਕਰਨ ਤੇ ਲੱਗੀਆਂ ਹੋਈਆਂ ਸਨ । ਤਾਂ ਕਿ ਇਰਾਕ ਵੱਲੋਂ ਹਮਲਾ ਹੋਣ ਦੀ ਸੂਰਤ ਵਿਚ ਬਚਾਅ ਕੀਤਾ ਜਾ ਸਕੇ । ਅਮਰੀਕੀ ਯੂਨਿਟਾਂ ਆਪਣੀ ਜੰਗੀ ਪੁਜੀਸ਼ਨ ਵੱਲ ਵਧ ਰਹੀਆਂ ਸਨ । ਜਦ ਕਿ ਬਾਕੀ, ਇਰਾਕੀ ਫੌਜ ਨੂੰ ਭੱਬਲਭੂਸੇ ਵਿਚ ਪਾਉਣ ਦੇ ਅਹਾਰ ਵਿਚ ਲੱਗੀਆਂ ਹੋਈਆ ਸਨ ਕਿ ਉਤੱਰ ਵਿਚ ਉਨ੍ਹਾਂ ਵੱਲੋਂ ਕਿਥੇ ਹਮਲਾ ਹੋਵੇਗਾ । ਇਸ ਤਰ੍ਹਾਂ ਚਾਰੇ ਪਾਸੇ ਤੋਂ ਇਰਾਕੀ ਫੌਜਾਂ ਨੂੰ ਘੇਰਾ ਪਾ ਕੇ ਅਮਰੀਕੀ ਅਤੇ ਇਤਿਹਾਦੀ ਫੌਜਾਂ ਨੇ ਜੈਟੱ ਬੰਬਾਰਾਂ ਅਤੇ ਬੀ- 52 ਬੰਬਾਰਾਂ ਨੂੰ ਮਿਲਾ ਕੇ ਭਾਰੀ ਮਿਜ਼ਾਇਲੀ ਅਤੇ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਦੇ ਭਿਆਨਕ ਧਮਾਕਿਆਂ ਨੇ ਬਸਰਾ, ਫਾਅ, ਜੁਬੈਰ, ਅਬੁਲ - ਖਸੀਬ ਅਤੇ ਤਾਨੂੰਉਮਾਹ ਸ਼ਹਿਰਾਂ ਨੂੰ ਹਿਲਾ ਕੇ ਰੱਖ ਦਿੱਤਾ । ਇਹਨਾਂ ਧਮਾਕਿਆਂ ਦੀ ਅਵਾਜ਼ ਇੰਨੀ ਤੇਜ ਸੀ ਕਿ ਇਹ ਇਰਾਕ ਦੀ ਸਰਹੱਦ ਨਾਲ ਲੱਗਦੇ ਕਸਬਿਆਂ ਖੁਰਮ ਸ਼ਹਿਰ ਅਤੇ ਅਬਾਦਾਨ ਵਿਚ ਵੀ ਸੁਣਾਈ ਦਿੰਦੀ ਸੀ । ਬਸਰਾ ਸ਼ਹਿਰ ਖੰਡਰ ਬਣ ਚੁੱਕਾ ਸੀ । ਲੋਕ ਟੋਇਆਂ ਅਤੇ ਗੰਦੇ ਛੱਪੜਾਂ ਵਿੱਚੋ ਪਾਣੀ ਪੀਣ ਲਈ ਮਜ਼ਬੂਰ ਹੋ ਗਏ ।

ਇਨ੍ਹਾਂ ਹਮਲਿਆਂ ਵਿਚ ਇਤਿਹਾਦੀ ਫੌਜਾਂ ਨੇ 24 ਘੰਟੇ ਵਿਚ 3000 ਉਡਾਨਾਂ ਭਰ ਕੇ ਇਰਾਕ ਦੇ ਸਿਵਲੀਅਨ ਇਲਾਕੇ, ਤੇਪਖਾਨੇ, ਇਰਾਕ ਦੀ ਸਭ ਤੋ ਘਾਤਕ ਮੰਨੀ

ਜਾਣ ਵਾਲੀ ਫੋਰਸ ਰਿਪਬਲੀਕਨ ਗਾਰਡਜ਼, ਕੁਵੈਤ ਸ਼ਹਿਰ ਦੇ 50 ਕਿ. ਮੀ. ਦੱਖਣ ਵੱਲ ਇਰਾਕੀ ਅਮਨੀਸ਼ਨ ਡਿਪੂ, ਸੱਦਾਮ ਹੁਸੈਨ ਦੇ ਜੱਦੀ ਪਿੰਡ ਟਿਕਰੀਤ, ਬੰਕਰਾਂ ਵਿੱਚੋਂ ਬਾਹਰ ਆ ਰਹੀਆਂ ਜ਼ਮੀਨੀ ਫੌਜਾਂ, ਟੈਂਕਾ ਅਤੇ ਬੰਖਤਰਬੰਦ ਗੱਡੀਆਂ ਉਤੇ ਜ਼ਬਰਦਸਤ ਬੰਬਾਰੀ ਕੀਤੀ। ਇਰਾਕ ਨੇ ਸਿਵਲੀਅਨ ਇਲਾਕਿਆਂ 'ਤੇ ਅਮਰੀਕੀ ਬੰਬਾਰੀ ਦਾ ਬਦਲਾ ਲੈਣ ਲਈ ਇਸਰਾਈਲ ਅਤੇ ਰਿਆਧ 'ਤੇ ਸਕੱਡ ਮਿਜ਼ਾਇਲਾਂ ਨਾਲ ਹਮਲਾ ਕਰ ਦਿੱਤਾ। ਭਾਵੇਂ ਪੈਟਰੀਆਟ ਮਿਜ਼ਾਇਲਾਂ ਨੇ ਇਰਾਕੀ ਹਮਲੇ ਨੂੰ ਬੁਰੀ ਤਰ੍ਹਾਂ ਨਾਕਾਮ ਕਰ ਦਿੱਤਾ ਤਾਂ ਵੀ ਰਿਆਧ ਵਿਚ ਬਹੁਤ ਸਾਰੀਆਂ ਇਮਾਰਤਾਂ ਨੂੰ ਸਕੱਡ ਮਿਜ਼ਾਇਲਾਂ ਨੇ ਮਲਬੇ ਦਾ ਢੇਰ ਬਣਾ ਦਿੱਤਾ । ਰਿਆਧ 'ਤੇ ਕੀਤੇ ਗਏ ਸਕੱਡ ਹਮਲੇ ਤੋਂ ਤੁਰੰਤ ਮਗਰੋਂ ਅਮਰੀਕੀ ਬੰਬਾਰ ਜਹਾਜ਼ਾਂ ਨੇ ਉਹਨਾਂ ਦੇ ਮਿਜ਼ਾਈਲੀ ਅੱਡਿਆਂ ਨੂੰ ਤਬਾਹ ਕਰ ਦਿੱਤਾ ਜਿਥੋਂ ਰਿਆਧ ਅਤੇ ਤਲਆਵੀਵ 'ਤੇ ਸਕੱਡ ਮਿਜ਼ਾਈਲ ਦਾਗੇ ਜਾ ਰਹੇ ਸਨ । ਅਮਰੀਕਾ ਨੇ ਇਰਾਕ ਵਿੱਚਲੇ ਹੋਰ ਗੁਪਤ ਮਿਜ਼ਾਈਲ ਲਾਂਚਰਾਂ ਦਾ ਪਤਾ ਲਾਉਣ ਲਈ ਟੀ.ਆਰ.-1 ਏ ਟੋਹ ਲਾਊ ਜਹਾਜ਼ਾਂ ਦੀ ਜੰਗ ਵਿਚ ਵਰਤੋਂ ਸ਼ੁਰੂ ਕਰ ਦਿੱਤੀ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਘਾਤਕ ਲੜਾਕੂ ਜਹਾਜ਼ ਬੀ-52 ਨਾਲ ਬਗ਼ਦਾਦ ਨੂੰ ਤਬਾਹ ਕਰਨਾ ਜਾਰੀ ਰੱਖਿਆ ਹੋਇਆ ਸੀ । ਫਰਾਂਸ ਦੇ ਜੈਗੁਆਰ ਅਤੇ ਮਿਰਾਜ ਲੜਾਕੂ ਜਹਾਜ਼ਾਂ ਨੇ ਵੀ ਇਰਾਕੀ ਇਲਾਕੇ ਦੇ 50 ਕਿ.ਮੀ ਅੰਦਰ ਇਰਾਕੀ ਤੋਪਖਾਨੇ 'ਤੇ ਬੰਬਾਰੀ ਜਾਰੀ ਰੱਖੀ ਹੋਈ ਸੀ । ਅਮਰੀਕੀ ਫੌਜੀ ਦੱਖਣ-ਪੱਛਮੀ ਕੁਵੈਤ ਵਿਚ ਅਲ- ਵਫਰਾ ਸ਼ਹਿਰ ਨੇੜੇ ਉਮ ਗੁਦੈਰ ਤੇਲ ਖਿੱਤੇ ਵਿਚ ਇਰਾਕੀ ਜ਼ਮੀਨੀ ਰਡਾਰ ਅਤੇ ਪੈਦਲ ਫੌਜ ਦੇ ਮੋਰਚਿਆ ਤੇ 155 ਐਮ.ਐਮ. ਤੋਪਾਂ ਨਾਲ ਲਗਾਤਾਰ ਬੰਬਾਰੀ ਕਰ ਰਹੇ ਸਨ ਜਦ ਕਿ ਇਰਾਕ ਇਸ ਦਾ ਜਵਾਬ ਰਾਕਟਾਂ ਨਾਲ ਦੇ ਰਿਹਾ ਸੀ । ਖਾੜੀ ਫਾਰਸ ਵਿਚ ਤੈਨਾਤ ਜੰਗੀ ਜਹਾਜ਼ "ਮਿਸੂਰੀ" ਕੁਵੈਤ ਵਿਚਲੇ ਇਰਾਕੀ ਠਿਕਾਣਿਆ ਤੇ 4 ਦਿਨਾਂ ਤੋਂ ਲਗਾਤਾਰ 16 ਇਚੀ ਤੋਪ ਨਾਲ 1.25 ਟਨ ਭਾਰੀ ਗੋਲੇ ਦਾਗ ਰਿਹਾ ਸੀ । ਜਿਸ ਨਾਲ ਬਹੁਤ ਸਾਰੇ ਇਰਾਕੀ ਬੰਕਰ ਤਬਾਹ ਹੋ ਗਏ । ਅਮਰੀਕੀ ਜਲ ਸੈਨਾ ਦੇ ਚਾਰ ਏ.ਵੀ.-8 ਹੈਰੀਅਰ ਜਹਾਜ਼ ਇਰਾਕੀ ਟੈਂਕਾ 'ਤੇ ਰਾਕਟਾਂ ਨਾਲ ਲਗਾਤਾਰ ਹਮਲੇ ਕਰਨ ਲੱਗੇ ਹੋਏ ਸਨ । ਇਤਿਹਾਦੀ ਲੜਾਕੂ ਹਵਾਈ ਜਹਾਜ਼ ਕੁਵੈਤ ਅਤੇ ਇਰਾਕ ਵਿਚ ਪੁਲਾਂ, ਰਸਾਇਣਕ ਕਾਰਖਾਨਿਆਂ ਅਤੇ ਮਿਜ਼ਾਇਲੀ ਅੱਡਿਆਂ ਨੂੰ ਤਬਾਹ ਕਰਨ ਲੱਗੇ ਹੋਏ ਸਨ । ਕੁਵੈਤ ਦੇ ਸਮੁੰਦਰੀ ਕੰਢੇ 'ਤੇ ਅਮਰੀਕਾ ਦੇ ਜੰਗੀ ਬੇੜੇ ਮਿਸੂਰੀ ਦੇ ਨਾਲ ਇਕ ਦੂਸਰੇ ਅਮਰੀਕੀ ਜੰਗੀ ਬੇੜੇ "ਵਿਸਕੋਨਸਿਨ" ਨੇ 40 ਸੈ.ਮੀ ਦੀਆਂ ਤੋਪਾਂ ਤੋਂ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ ਸਨ । ਕੋਰੀਆ ਦੀ ਜੰਗ ਪਿੱਛੋਂ ਇਹ ਪਹਿਲਾਂ ਮੌਕਾ ਸੀ ਕਿ ਕਿਸੇ ਦੇਸ਼ 'ਤੇ 40 ਸੈ.ਮੀ ਦੇ ਗੋਲੇ ਦਾਗੇ ਜਾ ਰਹੇ ਸਨ । ਇਹ ਅਮਰੀਕੀ ਜੰਗੀ ਬੇੜਾ ਇਰਾਕੀ ਤੋਪਖਾਨੇ ਦੇ ਠਿਕਾਣਿਆਂ ਉਪਰ ਹਮਲੇ ਕਰ ਰਿਹਾ ਸੀ । ਇਰਾਕ ਨੇ ਗੁੱਸੇ ਵਿਚ ਆ ਕੇ ਤੇਲ ਖੂਹਾਂ ਨੂੰ ਅੱਗ ਲਾਉਣੀ ਸ਼ੁਰੂ ਕਰ ਦਿੱਤੀ । ਜਿਸ ਕਾਰਨ ਸਾਰਾ ਕੁਵੈਤ ਅਤੇ ਦੱਖਣੀ ਇਰਾਕ ਧੂੰਏ ਦੀ ਲਪੇਟ ਵਿਚ ਆ ਗਿਆ ।

ਦੱਖਣੀ ਇਰਾਕ ਭਿਆਨਕ ਤਬਾਹੀ ਦੀ ਲਪੇਟ ਵਿਚ :
(6-2-91 ਤੋਂ 13-2-91)

ਹੁਣ ਅਮਰੀਕਾ ਨੇ ਅਜਿਹੀ ਜਲ ਸੈਨਾ ਖਾੜੀ ਯੁੱਧ ਵਿਚ ਦਾਖਲ ਕਰ ਦਿੱਤੀ ਸੀ ਜਿਹੜੀ ਕਿ ਜ਼ਮੀਨੀ ਤੇ ਸਮੁੰਦਰੀ ਜੰਗਾਂ ਵਿਚ ਮਾਹਰ ਸੀ। ਬੰਬਾਂ ਨਾਲ ਲੈਂਦੇ ਸਾਉਦੀ ਟਾਰਨਾਡੋ ਹਵਾਈ ਜਹਾਜ਼ ਉਤੱਰੀ ਪੂਰਬੀ ਅਰਬ ਦੇ ਇਕ ਅਹਿਮ ਹਵਾਈ ਅੱਡੇ ਤੋਂ ਇਰਾਕ ਉਪਰ ਬੰਬਾਰੀ ਕਰ ਰਹੇ ਸਨ। ਇਹਨਾਂ ਦਾ ਮੁੱਖ ਨਿਸ਼ਾਨਾ ਇਰਾਕ ਦੇ ਰਿਪਲੀਕਨ ਗਾਰਡਜ਼ ਦੇ ਠਿਕਾਣੇ, ਕੁਵੈਤ ਅਤੇ ਦੱਖਣੀ ਇਰਾਕ ਵਿਚ ਇਰਾਕੀ ਫੌਜ ਨੂੰ ਕੁਮਕ ਤੇ ਜੰਗੀ ਸਮਾਨ ਪਹੁੰਚਾਉਣ ਵਾਲੀਆਂ ਸੜਕਾਂ ਤੇ ਪੁਲ ਸਨ। ਉਤੱਰੀ ਸਾਉਦੀ ਅਰਬ ਵਿਚ ਅਗਲੇਰੇ ਮੋਰਚਿਆਂ ਨੂੰ ਸਪਲਾਈ ਭੇਜਣ ਦੇ ਕੰਮ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਸੀ। ਵਿਸ਼ਾਲ ਹਰਕੁਲੀਸ ਸੀ-130 ਟਰਾਂਸਪੋਰਟ ਹੈਲੀਕਾਪਟਰ ਹਰ 30 ਮਿੰਟਾਂ ਮਗਰੋਂ ਅਗਲੇਰੇ ਮੋਰਚਿਆਂ 'ਤੇ ਸਮਾਨ ਲੈ ਕੇ ਪਹੁੰਚਾ ਰਹੇ ਸਨ। ਉਧਰ ਇਰਾਕ ਨੇ ਦਹਰਾਨ ਸ਼ਹਿਰ ਉਪਰ ਅਲ-ਹੁਸੈਨ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਇਹ ਮਿਜ਼ਾਈਲਾਂ ਆਪਣੇ ਨਿਸ਼ਾਨੇ 'ਤੇ ਹਮਲਾ ਕਰ ਕੇ ਵਾਪਸ ਆਪਣੇ ਅੱਡਿਆ 'ਤੇ ਸੁਰਖਿਅਤ ਪਰਤ ਆਉਦੀਆਂ ਸਨ। ਇਤਿਹਾਦੀ ਫੌਜਾਂ ਨੇ ਵੀ ਆਪਣੇ ਹਮਲੇ ਵਿਚ ਕੋਈ ਕਮੀ ਨਹੀਂ ਸੀ ਆਉਣ ਦਿੱਤੀ। ਬਸਰਾ ਸ਼ਹਿਰ ਅਤੇ ਦੱਖਣੀ ਇਰਾਕ ਦੇ ਹੋਰ ਸ਼ਹਿਰਾਂ ਵਿਚ ਇਤਿਹਾਦੀ ਫੌਜਾਂ ਮਿੰਟ-ਮਿੰਟ ਹਮਲੇ ਕਰ ਰਹੀਆਂ ਸਨ। ਬਸਰਾ ਸ਼ਹਿਰ ਵਿਚ ਗਿਰਦੇ ਬੰਬਾਂ ਦੀ ਧਮਕ 80 ਕਿ.ਮੀ ਦੂਰ ਇਰਾਨ ਦੇ ਖੁਰਮ ਸ਼ਹਿਰ ਵਿਚ ਮਹਿਸੂਸ ਹੁੰਦੀ ਸੀ। ਇਨ੍ਹਾਂ ਬੰਬਾਂ ਨਾਲ ਮਨੁੱਖਾਂ ਨੂੰ ਇਸ ਤਰ੍ਹਾਂ ਉਡਾਇਆ ਜਾ ਰਿਹਾ ਸੀ ਜਿਵੇਂ ਅਕਾਸ਼ ਵਿਚ ਪੰਛੀ ਉਡਦੇ ਹੋਣ। ਇਰਾਕ ਨੇ ਇਕ ਹਫਤੇ ਤੋਂ ਮਗਰੋਂ ਤਲਅਵੀਵ 'ਤੇ ਫਿਰ ਸਕੱਡ ਮਿਜ਼ਾਈਲਾਂ ਨਾਲ ਹਮਲਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਦੋਵੇਂ ਪਾਸੇ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਸੀ। ਇਰਾਕ ਦੇ ਇਹਨਾਂ ਹਮਲਿਆਂ ਨੂੰ ਜਾਇਆ ਕਰਨ ਲਈ ਅਮਰੀਕੀ ਪੈਟਰੀਆਟ ਡਿਫੈਂਸ ਰਾਕਟਾਂ ਦੀ ਵਰਤੋਂ ਕੀਤੀ ਜਾ ਰਹੀ ਸੀ। ਅਮਰੀਕਾ ਨੇ ਇਰਾਕੀ ਮਿਜ਼ਾਈਲੀ ਹਮਲਿਆਂ ਤੋਂ ਤੰਗ ਆ ਕੇ ਆਪਣੇ ਸਭ ਤੋਂ ਘਾਤਕ ਲੜਾਕੂ ਹਵਾਈ ਜਹਾਜ਼ ਬੀ- 52 ਦੀਆਂ ਲੰਡਨ ਅਤੇ ਮੈਡਰਿਡ ਤੋਂ ਵੀ ਉਡਾਨਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਇਨ੍ਹਾਂ ਜਹਾਜ਼ਾਂ ਰਾਂਹੀ ਇਰਾਕ ਉਤੇ ਤੇਜੀ ਨਾਲ ਹਮਲੇ ਕੀਤੇ ਜਾ ਸਕਣ।

ਇਰਾਕ ਦੇ ਰਿਆਧ ਉਤੇ ਸਕੱਡ ਮਿਜ਼ਾਈਲਾਂ ਨਾਲ ਹਮਲਾ ਕਰਨ ਤੋਂ ਤੁਰੰਤ ਮਗਰੋਂ ਅਮਰੀਕੀ ਲੜਾਕੂ ਜਹਾਜ਼ਾਂ ਨੇ ਇਰਾਕ ਦੀ ਸਾਉਦੀ ਅਰਬ ਨਾਲ ਲਗਦੀ ਦੱਖਣੀ ਸਰਹੱਦ ਨੇੜੇ ਇਕ ਮਿਜ਼ਾਈਲ ਲਾਂਚਰ ਨੂੰ ਤੁਰੰਤ ਤਬਾਹ ਕਰ ਦਿੱਤਾ ਜਦ ਕਿ ਸਕੱਡ ਹਮਲੇ ਨੂੰ ਪੈਟਰੀਆਟ ਮਿਜ਼ਾਈਲਾਂ ਨਾਲ ਬੁਰੀ ਤਰ੍ਹਾਂ ਨਾਕਾਮ ਕਰ ਦਿੱਤਾ। ਇਤਿਹਾਦੀ ਫੌਜ ਦੇ ਲੜਾਕੂ ਜਹਾਜ਼ਾਂ ਨੇ ਦੱਖਣੀ ਸ਼ਹਿਰ ਬਸਰਾ, ਨਸੀਰੀਆ, ਤਾਨੂਮਾਹ, ਫਾਹ, ਅਬੁਲ-ਖਸੀਬ ਅਤੇ ਜੋਹੇਰ ਉਪਰ ਬੰਬਾਂ ਦਾ ਮੀਂਹ ਬਰਸਾ ਦਿੱਤਾ। ਜਿਸ ਕਾਰਨ ਹਜ਼ਾਰਾਂ ਇਰਾਕੀ ਸਿਵਲੀਅਨ ਮਾਰੇ ਗਏ। ਇਤਿਹਾਦੀ ਫੌਜਾਂ ਨੇ 24 ਘੰਟਿਆਂ ਵਿਚ 100 ਤੋਂ

ਵੱਧ ਇਰਾਕੀ ਠਿਕਾਣਿਆਂ ਉਤੇ 2700 ਤੋਂ ਵੱਧ ਹਵਾਈ ਹਮਲੇ ਕੀਤੇ । ਬਸਰਾ ਸ਼ਹਿਰ 'ਤੇ ਇੰਨੀ ਭਿਆਨਕ ਬੰਬਾਰੀ ਕੀਤੀ ਕਿ ਇਸ ਨੂੰ ਪੂਰੇ ਦੇਸ ਨਾਲੋਂ ਅਲੱਗ ਥਲੱਗ ਕਰ ਦਿੱਤਾ । ਪੂਰਾ ਸ਼ਹਿਰ ਤਹਿਸ - ਨਹਿਸ ਕਰ ਦਿੱਤਾ । ਬਸਰਾ ਸ਼ਹਿਰ 'ਤੇ ਬੰਬਾਰੀ ਇੰਨੀ ਜਿਆਦਾ ਅਤੇ ਭਿਆਨਕ ਸੀ ਕਿ ਬੰਬਾਰੀ ਕਰ ਕੇ ਵਾਪਸ ਪਰਤੇ ਇਕ ਅਮਰੀਕੀ ਪਾਇਲਟ ਦਾ ਕਹਿਣਾ ਸੀ, " ਸਾਡੇ ਪਾਸ ਬੰਬ ਹੀ ਮੁੱਕ ਗਏ ਸਨ, ਉਂਝ ਸਾਡਾ ਮੁਤਨ ਨੂੰ ਦਿਲ ਨਹੀਂ ਸੀ ਕਰਦਾ ।" ਇਸ ਬੰਬਾਰੀ ਵਿਚ ਇਤਿਹਾਦੀ ਫੌਜਾਂ ਨੇ ਇਰਾਕ ਦੇ 5 ਮੋਬਾਈਲ ਲਾਂਚਰ ਤਬਾਹ ਕਰ ਦਿੱਤੇ । ਸਿਵਲੀਅਨ ਗੱਡੀਆਂ, ਪੁੱਲਾਂ, ਹਸਪਤਾਲਾਂ, ਨਰਸਰੀਆਂ, ਪਾਣੀ ਦੇ ਤਲਾਵਾਂ, ਮਕਾਨਾਂ ਤੇ ਦੁਕਾਨਾਂ ਆਦਿ ਸਭ ਥਾਵਾਂ ਨੂੰ ਇਤਿਹਾਦੀ ਫੌਜਾਂ ਨੇ ਬੰਬਾਰੀ ਦਾ ਨਿਸ਼ਾਨਾ ਬਣਾ ਰੱਖਿਆ ਸੀ । ਇਨ੍ਹਾਂ ਹਵਾਈ ਹਮਲਿਆਂ ਨੇ ਬਗਦਾਦ ਉਤੇ ਏਨੀ ਭਿਆਨਕ ਬੰਬਾਰੀ ਕੀਤੀ ਕਿ ਬੰਕਰਾਂ ਵਿਚ ਰਹਿੰਦੇ ਸਿਵਲੀਅਨ ਲੋਕਾਂ ਨੂੰ ਵੀ ਨਾ ਬਖਸ਼ਿਆ ਗਿਆ ਇਸ ਬੰਬਾਰੀ ਦੌਰਾਨ ਬਗਦਾਦ ਦੀ ਇਕ ਜ਼ਮੀਨ-ਦੋਜ਼ ਪਨਾਹ-ਗਾਹ ਨੂੰ ਤਬਾਹ ਕਰ ਦਿੱਤਾ । ਜਿਸ ਕਾਰਨ 1500 ਤੋਂ ਵੱਧ ਵਿਅਕਤੀ ਜਿਨ੍ਹਾਂ ਵਿਚ ਨਵ-ਜੰਮੇ ਬੱਚੇ, ਬੁੱਢੇ ਅਤੇ ਔਰਤਾਂ ਸ਼ਾਮਲ ਸਨ, ਇਕੋ ਥਾਂ ਮਾਰੇ ਗਏ । ਇਹ ਤਹਿਖਾਨਾ 12 ਘੰਟੇ ਤੋਂ ਵੀ ਵੱਧ ਸਮੇ ਤੱਕ ਅੱਗ ਦੀਆਂ ਲਾਟਾਂ ਵਿਚ ਸੜਦਾ ਰਿਹਾ । ਇਕ ਪਾਸੇ ਬੰਬਾਰੀ ਕਾਰਨ ਥਾਂ-ਥਾਂ ਅੱਗ ਲੱਗੀ ਹੋਈ ਸੀ ਦੂਜੇ ਪਾਸੇ ਸਾਰਾ ਕੁਵੈਤ ਤੇਲ ਖੂਹਾਂ ਨੂੰ ਲੱਗੀ ਹੋਈ ਅੱਗ ਕਾਰਨ ਧੂੰਏਂ ਦੀ ਲਪੇਟ ਵਿਚ ਆਇਆ ਹੋਇਆ ਸੀ । ਪੂਰੇ ਦੱਖਣੀ ਇਰਾਕ ਅਤੇ ਕੁਵੈਤ ਵਿਚ ਥਾਂ-ਥਾਂ 'ਤੇ ਨਸ਼ਟ ਹੋਈਆਂ ਇਰਾਕੀ ਫੌਜੀ ਗੱਡੀਆਂ, ਗੈਰ ਫੌਜੀ ਗੱਡੀਆਂ, ਬਖ਼ਤਰਬੰਦ ਗੱਡੀਆਂ ਤੇ ਟੈਂਕ ਨਜ਼ਰ ਆ ਰਹੇ ਸਨ । ਇਸ ਬੰਬਾਰੀ ਨੇ ਦੱਖਣੀ ਇਰਾਕ ਦੇ ਪੂਰੇ ਜਨ-ਜੀਵਨ ਨੂੰ ਤਹਿਸ ਨਹਿਸ ਕਰ ਦਿੱਤਾ ।

ਇਤਿਹਾਦੀ ਫੌਜਾਂ ਨੇ ਇਰਾਕ ਦੇ ਪਵਿੱਤਰ ਸ਼ਹਿਰਾਂ ਕਰਬਲਾ ਅਤੇ ਨਜ਼ਫ ਨੂੰ ਵੀ ਨਾ ਬਖਸ਼ਿਆ । ਇਤਿਹਾਦੀ ਫੌਜਾਂ ਨੇ ਇਨ੍ਹਾਂ ਪਵਿੱਤਰ ਸ਼ਹਿਰਾਂ 'ਤੇ ਵੀ ਲਗਾਤਾਰ ਬੰਬਾਰੀ ਕੀਤੀ । ਜਦ ਕਿ ਇਰਾਕ ਨੇ ਹਵਾਈ ਹਮਲੇ ਤੋਂ ਬਚਣ ਦੀ ਸ਼ਰਨਗਾਹ ਉਪਰ ਹਮਲੇ ਵਿਚ ਨਾਗਰਿਕਾਂ ਦੇ ਮਾਰੇ ਜਾਣ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੋਈ ਸੀ । ਇਸ ਲਈ ਉਸ ਨੇ ਸਾਉਦੀ ਅਰਬ ਦੇ ਸੰਘਣੀ ਅਬਾਦੀ ਵਾਲੇ ਸ਼ਹਿਰ ਹਾਫਰ ਅਲ ਬਾਤੇਨ ਉਪਰ ਸਕੱਡ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ ਪ੍ਰੰਤੂ ਪੈਟਰੀਆਟ ਮਿਜ਼ਾਈਲਾਂ ਨੇ ਇਸ ਹਮਲੇ ਨੂੰ ਬੁਰੀ ਤਰ੍ਹਾਂ ਨਕਾਮ ਕਰ ਦਿੱਤਾ । ਇਸ ਹਮਲੇ ਦੇ ਨਕਾਮ ਹੋਣ ਤੋਂ ਮਗਰੋਂ ਇਰਾਕੀ ਸਦਰ ਸੱਦਾਮ ਹੁਸੈਨ ਨੇ ਇਰਾਕ ਵਿਚ ਹੋ ਰਹੇ ਜਾਨੀ ਮਾਲੀ ਨੁਕਸਾਨ ਨੂੰ ਮੱਦੇ ਨਜ਼ਰ ਰੱਖਦਿਆਂ ਜੰਗਬੰਦੀ ਦੀ ਵਾਰਤਾ ਪੇਸ਼ ਕੀਤੀ । ਜਿਸ ਨੂੰ ਅਮਰੀਕਾ ਨੇ ਠੁਕਰਾ ਦਿੱਤਾ । ਕਿਉਕਿ ਅਮਰੀਕਾ ਇਰਾਕ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਾ ਚਾਹੁੰਦਾ ਸੀ ਤਾਂ ਕਿ ਉਹ ਆਉਣ ਵਾਲੇ ਕਈ ਦਹਾਕਿਆਂ ਤੱਕ ਸਿਰ ਨਾ ਚੁੱਕ ਸਕੇ । ਹੁਣ ਤੱਕ ਇਰਾਕ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ । ਏਨੀ ਤਬਾਹੀ ਤੋਂ ਮਗਰੋਂ ਅਮਰੀਕਾ ਅਤੇ ਬਰਤਾਨੀਆ ਨੇ ਸਾਉਦੀ ਅਰਬ ਨੂੰ ਪੁੱਛਿਆ ਕਿ ਕੀ ਉਸ ਨੂੰ ਇਰਾਕੀ ਹਮਲੇ ਦਾ ਅਜੇ ਵੀ ਕੋਈ ਖਤਰਾ ਹੈ ਕਿਉਂਕਿ ਸਾਉਦੀ ਅਰਬ ਦੇ ਇਸ਼ਾਰੇ 'ਤੇ ਹੀ ਅਮਰੀਕੀ ਫੌਜਾਂ ਖਾਤੀ ਖੇਤਰ ਵਿਚ ਉਤੱਰੀਆਂ ਸਨ ।

ਇਰਾਕ ਦੇ ਮੁੱਖ ਸ਼ਹਿਰਾਂ ਨੂੰ ਬੇਹ ਬਣਾ ਕੇ ਵੀ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੇ ਹਵਾਈ ਬੰਬਾਰੀ ਵਿਚ ਕੋਈ ਕਮੀ ਨਹੀਂ ਸੀ ਆਉਣ ਦਿੱਤੀ । ਬੰਬਾਰੀ ਲਗਾਤਾਰ ਜਾਰੀ ਸੀ ਸਗੋਂ ਇਸ ਨੂੰ ਹੋਰ ਤੇਜ ਕੀਤਾ ਜਾ ਰਿਹਾ ਸੀ ਤਾਂ ਕਿ ਜ਼ਮੀਨੀ ਲੜਾਈ ਲਈ ਰਾਹ ਪੱਧਰਾ ਕੀਤਾ ਜਾ ਸਕੇ । ਕੁਲੀਸ਼ਨ ਫੌਜਾਂ ਵੱਲੋਂ ਜ਼ਮੀਨੀ ਹਮਲੇ ਦੀ ਤਿਆਰੀ ਵੱਜੋਂ ਅਮਰੀਕਾ ਦੇ ਬੰਬਾਰ ਜਹਾਜ਼ਾਂ ਵੱਲੋਂ ਸਾਉਦੀ ਅਰਬ ਨਾਲ ਲੱਗਦੀ ਕੁਵੈਤ ਦੀ ਸਰਹੱਦ ਨੇੜੇ ਇਰਾਕੀਆਂ ਵੱਲੋਂ ਵਿਛਾਈਆਂ ਸੁੰਰਗਾਂ ਨੂੰ ਨਸ਼ਟ ਕਰਨ ਲਈ ਜ਼ਬਰਦਸਤ ਬੰਬ ਸੁੱਟੇ ਜਾ ਰਹੇ ਸਨ । ਜਿਹੜੇ ਹਵਾ ਵਿਚ ਹੀ ਫੱਟ ਜਾਂਦੇ ਸਨ ਉਹਨਾਂ ਦੇ ਅਸਰ ਨਾਲ ਜ਼ਮੀਨ ਵਿਚ ਵਿਛਾਈਆਂ ਸੁਰੰਗਾਂ ਫਟ ਜਾਂਦੀਆਂ ਸਨ । ਸੁੱਟੇ ਜਾ ਰਹੇ ਬੰਬ ਇਨ੍ਹੇ ਸ਼ਕਤੀਸ਼ਾਲੀ ਸਨ ਕਿ ਉਹਨਾਂ ਨੂੰ ਛੋਟਾ ਐਟਮ ਬੰਬ ਵੀ ਕਿਹਾ ਜਾ ਸਕਦਾ ਸੀ ।

ਅਮਰੀਕਾ ਨੇ ਆਪਣੇ ਤੁਰਕੀ ਵਿਚਲੇ ਹਵਾਈ ਅੱਡਿਆਂ ਦੀ ਇਰਾਕੀ ਜ਼ਮੀਨੀ ਹਮਲੇ ਤੋਂ ਰੱਖਿਆ ਲਈ ਇਕ ਗਲੈਕਸੀ ਸੀ-5 ਟ੍ਰਾਂਸਪੋਰਟ ਜਹਾਜ਼ ਰਾਂਹੀ ਜਰਮਨੀ ਤੋਂ ਮਿਜ਼ਾਈਲ ਲਾਂਚਰ ਤੁਰਕੀ ਲਿਆਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਜਰਮਨੀ ਕੋਲ ਇਹ ਮਿਜ਼ਾਈਲ ਲਾਂਚਰ ਭੇਜਣ ਲਈ ਲੋੜੀਂਦੇ ਵੱਡੇ ਜਹਾਜ਼ ਨਹੀਂ ਸਨ । ਇਹ ਲਾਂਚਰ ਰੋਲੈਂਡ ਵਿਮਾਨ ਭੇਦੀ ਮਿਜ਼ਾਈਲਾਂ ਚਲਾਉਣ ਲਈ ਤੁਰਕੀ ਭੇਜ ਦਿੱਤੇ ਗਏ । ਇਸੇ ਦੌਰਾਨ ਅਮਰੀਕਾ ਨਾਲ ਸਪੇਨ ਅਤੇ ਇਟਲੀ ਦੇ ਮਤਭੇਦ ਪੈਦਾ ਹੋ ਗਏ । ਇਸ ਲਈ ਅਮਰੀਕਾ ਜੰਗ ਨੂੰ ਜਲਦੀ ਖਤਮ ਕਰਨ ਦੇ ਹੱਕ ਵਿਚ ਸੀ । ਇਸੇ ਕਾਰਨ ਅਮਰੀਕੀ ਅਤੇ ਇਤਿਹਾਦੀ ਫੌਜਾਂ ਨੇ 17 ਫਰਵਰੀ ਤੋਂ ਇਰਾਕ 'ਤੇ ਵਿਆਪਕ ਜ਼ਮੀਨੀ ਅਤੇ ਸਮੁੰਦਰੀ ਹਮਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ । ਇਸ ਸਮੇਂ ਇਰਾਕ ਨੇ ਇਸਰਾਈਲ ਦੇ ਪ੍ਰਮਾਣੂ ਠਿਕਾਣਿਆਂ ਉਤੇ ਸਕੱਡ ਮਿਜ਼ਾਈਲਾਂ ਨਾਲ ਜ਼ੋਰਦਾਰ ਹਮਲਾ ਕਰ ਦਿੱਤਾ ਅਤੇ ਹਮਲਾ ਕਰਨ ਆ ਰਹੇ ਚਾਰ ਅਮਰੀਕੀ ਜਹਾਜ਼ਾਂ ਨੂੰ ਹੇਠਾਂ ਸੁੱਟ ਲਿਆ । ਇਸ 'ਤੇ ਇਤਿਹਾਦੀਆਂ ਨੇ ਦੱਖਣੀ ਇਰਾਕ 'ਤੇ ਬੰਬਾਰੀ ਹੋਰ ਤੇਜ ਕਰ ਦਿੱਤੀ । ਦੱਖਣੀ ਇਰਾਕੀ ਸ਼ਹਿਰਾਂ ਫਾਹ, ਬਸਰਾ ਅਤੇ ਆਬੂ ਅਲ ਖਾਸਿਬ 'ਤੇ ਕੀਤੇ ਜਾ ਰਹੇ ਹਵਾਈ ਹਮਲੇ ਇਤਨੇ ਸ਼ਕਤੀਸ਼ਾਲੀ ਸਨ ਕਿ ਬੰਬਾਂ ਦੇ ਭਿਆਨਕ ਧਮਾਕਿਆਂ ਨਾਲ ਸਰਹੱਦੀ ਇਰਾਨੀ ਸ਼ਹਿਰਾਂ ਵਿਚ ਖਿੜਕੀਆਂ ਦੇ ਸ਼ੀਸ਼ੇ ਕੰਬ ਉਠੇ । ਅਮਰੀਕੀ -ਇਤਿਹਾਦੀ ਫੌਜਾਂ ਵੱਲੋਂ ਇਰਾਕੀ ਸ਼ਹਿਰਾਂ ਅਤੇ ਤੇਲ ਸੋਧਕ ਕਾਰਖਾਨਿਆਂ 'ਤੇ ਬੰਬਾਂ ਨਾਲ ਕਰਮਵਾਰ ਕੀਤੇ ਜਾ ਰਹੇ ਜ਼ੋਰਦਾਰ ਹਮਲਿਆਂ ਦੇ ਨਤੀਜੇ ਵੱਜੋਂ ਇਰਾਨ ਦੇ ਪੱਛਮੀ ਭਾਗਾਂ ਵਿਚ ਕਾਲਾ ਮੀਂਹ ਵਰਸ ਪਿਆ । ਤੇਲ ਖੂਹਾਂ ਦੇ ਠਿਕਾਣਿਆਂ 'ਤੇ ਕੀਤੀ ਜਾ ਰਹੀ ਲਗਾਤਾਰ ਬੰਬਾਰੀ ਕਾਰਨ ਤੇਲ ਖੂਹਾਂ 'ਚੋਂ ਉਠ ਰਿਹਾ ਧੂੰਆਂ ਅਤੇ ਇਰਾਨ ਨਾਲ ਲੱਗਦੇ ਪੂਰਬੀ ਇਰਾਕ ਦੇ ਰਿਹਾਇਸ਼ੀ ਖੇਤਰਾਂ ਉਤੇ ਕੀਤੇ ਜਾ ਰਹੇ ਲਗਾਤਾਰ ਹਵਾਈ ਹਮਲਿਆਂ ਕਾਰਨ ਧੂੰਆਂ ਅਕਾਸ਼ ਵਿਚ ਫੈਲ ਗਿਆ । ਜਿਸ ਕਾਰਨ ਮੀਂਹ ਦਾ ਪਾਣੀ ਕਾਲਾ ਹੋ ਗਿਆ । ਇਸ ਲਈ ਪੂਰਾ ਵਾਤਾਵਰਣ ਪ੍ਰਦੂਸ਼ਤ ਹੋ ਗਿਆ ।

ਅਮਰੀਕਾ ਨੇ ਜ਼ਮੀਨੀ ਲੜਾਈ ਦੇ ਨਾਲ ਨਾਲ ਇਰਾਕ ਉਤੇ ਭਾਰੀ ਸਮੁੰਦਰੀ ਹਮਲੇ ਦੀ ਵੀ ਯੋਜਨਾ ਬਣਾ ਰੱਖੀ ਸੀ ਇਸ ਲਈ ਅਮਰੀਕੀ ਮੈਰਕਿਜ਼ ਨੂੰ ਖਾੜੀ ਦੇ ਸਾਹਿਲ ਉਤੇ ਉਤਾਰਨ ਲਈ ਅਮਰੀਕਾ ਦੇ 31 ਵਿਸ਼ਾਲ ਸਮੁੰਦਰੀ ਜਹਾਜ਼ਾਂ ਦਾ ਕਾਫਲਾ

ਖਾੜੀ ਦੇ ਉਤੱਰ ਵੱਲ ਵਧਣ ਲੱਗਾ । ਇਨ੍ਹਾਂ ਵਿਚ 4 ਅਜਿਹੇ ਸਮੁੰਦਰੀ ਬੇੜੇ ਵੀ ਸਨ ਜਿਨ੍ਹਾਂ ਵਿਚੋਂ ਜੰਗੀ ਹੈਲੀਕਾਪਟਰ ਉਡ੍ਹ ਕੇ ਇਰਾਕ 'ਤੇ ਬੰਬਾਰੀ ਕਰਦੇ ਸਨ ਅਤੇ ਬੰਬਾਰੀ ਕਰ ਕੇ ਬੇੜੇ 'ਤੇ ਵਾਪਸ ਪਰਤ ਆਉਂਦੇ ਸਨ । ਜਦੋਂ ਇਨ੍ਹਾਂ ਵਿਚੋਂ ਦੋ ਬੇੜੇ ਖਾੜੀ ਵਿਚੋਂ ਲੰਘ ਰਹੇ ਸਨ, ਅੱਗੇ ਵਿਛਾਈਆਂ ਬਾਰੂਦੀ ਸੁਰੰਗਾਂ ਦੇ ਫਟਣ ਕਾਰਨ ਇੰਨਾਂ ਨੂੰ ਭਾਰੀ ਨੁਕਸਾਨ ਪੁੱਜਾ । ਇਨ੍ਹਾਂ ਵਿਚ 18500 ਟਨ ਸਮਰਥਾ ਵਾਲਾ 'ਤ੍ਰਿਪੋਲੀ' ਨਾਂ ਦਾ ਬੇੜਾ ਵੀ ਸੀ । ਅਮਰੀਕਾ ਨੇ ਇਰਾਕ ਦੀਆਂ ਚਾਲਾਂ ਤੋਂ ਤੰਗ ਆ ਕੇ ਬਗਦਾਦ ਉਤੇ ਇਨ੍ਹਾਂ ਜ਼ੋਰਦਾਰ ਹਮਲਾ ਕੀਤਾ ਕਿ ਬਗਦਾਦ ਸ਼ਹਿਰ ਵਿਚ ਥਾਂ-ਥਾਂ 'ਤੇ ਅੱਗ ਲੱਗ ਗਈ । ਅੱਗ ਦੀਆਂ ਲਪਟਾਂ ਅਸਮਾਨ ਨੂੰ ਛੂਹਣ ਲੱਗੀਆਂ । ਇਰਾਕ ਦੇ ਪਵਿੱਤਰ ਸ਼ਹਿਰ ਕਰਬਲਾ ਉਤੇ ਵੀ ਜ਼ੋਰਦਾਰ ਬੰਬਾਰੀ ਕੀਤੀ । ਕਰਬਲਾ ਉਤੇ ਕੀਤੇ ਗਏ ਹਵਾਈ ਹਮਲੇ ਵਿਚ ਇਕੋ ਸਮੇਂ 25 ਮਸਜਿਦਾਂ ਅਤੇ 5 ਗਿਰਜਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ । ਉਧਰ ਇਰਾਕ ਵੱਲ ਵਧ ਰਹੀ ਸਹਿਯੋਗੀ ਦੇਸ਼ਾਂ ਦੀ ਜ਼ਮੀਨੀ ਫੌਜ ਨੂੰ ਇਰਾਕੀ ਜ਼ਮੀਨੀ ਸੈਨਾ ਨੇ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ।'

ਇਰਾਕ 'ਤੇ ਵੱਡਾ ਜ਼ਮੀਨੀ ਹਮਲਾ ਅਤੇ ਘਮਸਾਨ ਦੀ ਖੂਨੀ ਜੰਗ :-

ਸੱਦਾਮ ਹੁਸੈਨ ਦੀ ਜੰਗਬੰਦੀ ਦੀ ਪੇਸ਼ਕਸ਼ ਭੇਜਣ ਤੋਂ ਮਗਰੋਂ ਕੁਲੀਸ਼ਨ ਫੌਜਾਂ ਨੇ ਇਰਾਕ ਉਤੇ ਜ਼ਮੀਨ ਅਤੇ ਸਮੁੰਦਰ ਦੇ ਰਸਤਿਓਂ ਕੁਵੈਤ ਅਤੇ ਇਰਾਕ ਉਤੇ 24 ਫਰਵਰੀ ਨੂੰ ਇਕੋ ਸਮੇਂ ਜ਼ੋਰਦਾਰ ਹਮਲਾ ਕਰ ਦਿੱਤਾ । ਫਰਾਂਸੀਸੀ ਫੌਜਾਂ ਕੁਵੈਤ ਵੱਲ ਵੱਧਣ ਲੱਗੀਆ । ਅਮਰੀਕਾ ਨੇ ਜ਼ਮੀਨੀ ਜੰਗ ਵਿਚ ਨਾਪਾਮ ਬੰਬ ਵੀ ਵਰਤਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨਾਲ ਸੁੱਟਣ ਵਾਲੀ ਥਾਂ 'ਤੇ ਅੱਗ ਦੇ ਭਾਂਬੜ ਬਲ ਉਠੱਦੇ ਸਨ । ਇਰਾਕੀ ਸੈਨਾ ਇਸ ਦੀ ਮਾਰ ਝੱਲ ਨਾ ਸਕੀ । ਜਲਦੀ ਹੀ ਅਮਰੀਕਾ ਨੇ 6500 ਇਰਾਕੀ ਫੌਜਾਂ ਨੂੰ ਕੈਦੀ ਬਣਾ ਲਿਆ । ਉਧਰ ਕੁਵੈਤ ਸ਼ਹਿਰ ਤੇ ਕਬਜ਼ੇ ਲਈ ਘਮਸਾਣ ਦੀ ਜੰਗ ਸ਼ੁਰੂ ਹੋ ਚੁੱਕੀ ਸੀ । ਬਹੁਕੌਮੀ ਫੌਜਾਂ ਤੇਜੀ ਨਾਲ ਬੱਸਰਾ ਵਲ ਵਧਣ ਲੱਗੀਆਂ । ਕੁਲੀਸ਼ਨ ਫੌਜ ਨੇ ਇਰਾਕ ਨੂੰ ਪਿੱਛੋਂ ਘੇਰਾ ਪਾਉਣ ਲਈ ਸਾਲਮੀਆ ਅਤੇ ਰਹਿਮਤੀਆ ਵਿਖੇ ਆਪਣੇ ਛਾਤਾ ਫੌਜੀ ਉਤਾਰ ਦਿੱਤੇ ਜਿਸ ਕਾਰਨ ਇਰਾਕੀ ਫੌਜਾਂ ਨੂੰ ਪਿਛੋਂ ਘੇਰਾ ਪੈ ਗਿਆ । ਕੁਲੀਸ਼ਨ ਫੌਜਾਂ ਨੇ ਫੁਰਤੀ ਕਰ ਕੇ ਬੜੀ ਤੇਜੀ ਨਾਲ ਬਸਰਾ ਦੇ ਨਾਲ ਨਾਲ ਪੁਜੀਸ਼ਨਾ ਲੈ ਲਈਆਂ ਅਤੇ ਇਰਾਕ ਵਿਚ ਹੀ ਪੰਜ ਲੱਖ ਇਰਾਕੀ ਫੌਜ ਨੂੰ ਆਪਣੇ ਹੀ ਦੇਸ਼ ਨਾਲੋਂ ਕੱਟ ਦਿੱਤਾ । ਕੁਲੀਸ਼ਨ ਫੌਜਾਂ ਦੇ ਟੈਂਕ ਅਤੇ ਬਖ਼ਤਰਬੰਦ ਗੱਡੀਆਂ ਤਿੰਨ ਪਾਸੇ ਤੋਂ ਬਸਰਾ ਵੱਲ ਵਧਣ ਲੱਗੀਆ । ਇਰਾਕ ਨੇ ਵੀ ਰਿਆਧ 'ਤੇ ਜ਼ੋਰਦਾਰ ਮਿਜ਼ਾਇਲੀ ਹਮਲਾ ਕਰ ਦਿੱਤਾ ਜਿਸ ਨੂੰ ਪੈਟਰੀਆਟ ਮਿਜ਼ਾਇਲਾਂ ਨੇ ਨਕਾਮ ਕਰ ਦਿੱਤਾ । ਮਿਸਰੀ ਫੌਜਾਂ ਸਭ ਤੋਂ ਪਹਿਲਾਂ ਕੁਵੈਤ ਵਿਚ ਦਾਖ਼ਲ ਹੋ ਗਈਆ । ਕੁਵੈਤ ਸ਼ਹਿਰ ਇੰਝ ਲੱਗਦਾ ਸੀ ਜਿਵੇਂ ਅੱਗ ਦੀ ਬਲੀ ਚੜਾ ਦਿੱਤਾ ਹੋਵੇ । ਗੱਲੀਆਂ ਵਿਚ ਲਾਸ਼ਾਂ ਤੋਂ ਬਿਨ੍ਹਾਂ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ । ਅਮਰੀਕੀ ਫੌਜਾਂ ਨੇ ਜ਼ਮੀਨੀ ਜੰਗ ਵਿਚ ਨਵੀਨਤਮ ਅਤੇ ਸਭ ਤੋਂ ਸ਼ਕਤੀਸ਼ਾਲੀ ਆਰਟੀਲਰੀ ਸਿਸਟਮ ਦੀ ਵਰਤੋਂ ਸ਼ੁਰੂ ਕਰ ਦਿੱਤੀ । ਜ਼ਮੀਨੀ ਜੰਗ ਵਿਚ ਅਮਰੀਕੀ ਬੰਖਤਰਬੰਦ

ਡਵੀਜ਼ਨਾਂ ਅਤੇ ਬਰਤਾਨਵੀ ਫੌਜਾਂ ਨੇ ਮਲਟੀਪਲ -ਲਾਂਚ-ਰਾਕਟ-ਸਿਸਟਮ (ਐਮ.ਐਲ. ਆਰ.ਐਸ.) ਦੀ ਇਤਿਹਾਸ ਵਿਚ ਪਹਿਲੀ ਵਾਰ ਵਰਤੋਂ ਕੀਤੀ । ਜਿਹੜੇ ਦਿਲ ਕੰਬਾਊ ਤਬਾਹੀ ਮਚਾ ਰਹੇ ਸਨ । ਕੁਵੈਤ ਸ਼ਹਿਰ ਨੂੰ ਸਾਰੀਆਂ ਜਰੂਰੀ ਵਸਤਾਂ ਦੀ ਸਪਲਾਈ ਕੱਟੀ ਜਾ ਚੁੱਕੀ ਸੀ ਅਤੇ ਇਰਾਕੀ ਫੌਜਾਂ ਸ਼ਹਿਰ ਅੰਦਰ ਘਿਰ ਗਈਆਂ । ਇਰਾਕੀ ਸਦਰ ਸੱਦਾਮ ਹੁਸੈਨ ਇਰਾਕੀ ਫੌਜਾਂ ਨੂੰ ਦੁਸ਼ਮਣ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਹੌਲਾ ਸ਼ੇਰੀ ਦੇ ਰਹੇ ਸਨ । ਕੁਲੀਸ਼ਨ ਫੌਜਾਂ ਨੇ ਕੁਵੈਤ ਸ਼ਹਿਰ ਦੇ ਨਾਲ ਨਾਲ ਇਰਾਕੀ ਫੌਜਾਂ ਦਾ ਧਿਆਨ ਮੋੜਨ ਲਈ ਬਗਦਾਦ 'ਤੇ ਵੀ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ । ਅਕਾਸ਼ ਨੂੰ ਛੂੰਹਦੀਆਂ ਲਪਟਾਂ ਕਾਰਨ ਪੂਰਾ ਅਕਾਸ਼ ਕਾਲੇ ਧੂੰਏਂ ਨਾਲ ਭਰ ਗਿਆ । ਇਸ ਨਾਲ ਜਿਥੇ ਬਗਦਾਦ ਸੜ ਰਿਹਾ ਸੀ ਉਥੇ ਇਰਾਕੀ ਫੌਜਾਂ ਨੂੰ ਕੁਝ ਸਮੇਂ ਲਈ ਸੁੱਖ ਦਾ ਸਾਹ ਵੀ ਮਿਲ ਗਿਆ । ਕਿਉਂਕਿ ਅਕਾਸ਼ ਵਿਚ ਕਾਲਾ ਧੂੰਆਂ ਇੰਨਾ ਫੈਲ ਗਿਆ ਸੀ ਕਿ ਕੁਲੀਸ਼ਨ ਫੌਜਾਂ ਦੇ ਹਵਾਈ ਜਹਾਜ਼ ਅਕਾਸ਼ ਵਿੱਚੋਂ ਹਮਲਾ ਕਰਨ ਦੇ ਯੋਗ ਨਾ ਰਹੇ । ਉਹਨਾਂ ਨੂੰ ਧਰਤੀ ਉਤੇ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ । ਇਰਾਕੀ ਫੌਜਾਂ ਨੇ ਇਸ ਦਾ ਪੂਰਾ ਲਾਭ ਉਠਾਇਆ । ਉਹਨਾਂ ਨੇ ਇਕੋ ਸਮੇਂ ਕੁਲੀਸ਼ਨ ਫੌਜਾਂ 'ਤੇ ਦੱਖਣੀ ਇਰਾਕੀ -ਸਾਉਦੀ ਸਰਹੱਦ ਦੇ ਨਾਲ ਨਾਲ ਜ਼ੋਰਦਾਰ ਜਵਾਬੀ ਹਮਲਾ ਕਰ ਦਿੱਤਾ । ਸਾਉਦੀ ਅਰਬ ਵਿਚ ਹਟਰ-ਅਲ ਬਾਤੀਨ ਉਤੇ ਸਕੱਡ ਮਿਜ਼ਾਈਲਾਂ ਨਾਲ ਅਤੇ ਬਰਤਾਨਵੀ ਸਮੁੰਦਰੀ ਬੇੜੇ ਉਤੇ ਸਿਲਕਵੋਰਮ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ । ਬਰਤਾਨਵੀ ਸਮੁੰਦਰੀ ਸੈਨਾਂ ਨੂੰ ਸਿਲਕਵੋਰਮ ਮਿਜ਼ਾਈਲਾਂ ਦੇ ਹਮਲੇ ਤੋਂ ਬਚਣ ਲਈ ਸੀ -ਡਾਰਟ ਮਿਜ਼ਾਈਲਾਂ ਦੀ ਵਰਤੋਂ ਕਰਨੀ ਪਈ । ਰੋਹ ਵਿਚ ਆਈ ਇਰਾਕੀ ਫੌਜ ਨੇ ਕੁਲੀਸ਼ਨ ਫੌਜਾਂ ਦੇ ਭਾਰੀ ਗਿਣਤੀ ਵਿਚ ਫੌਜੀ ਮਾਰ ਦਿੱਤੇ ਅਤੇ ਸੈਂਕੜੇ ਟੈਂਕ ਤਬਾਹ ਕਰ ਦਿੱਤੇ । ਉਧਰ ਸਾਉਦੀ ਫੌਜਾਂ ਖੂਨ ਵੀਟਵੀਂ ਲੜਾਈ ਲੜਦੀਆਂ ਹੋਈਆਂ ਕੁਵੈਤ ਸ਼ਹਿਰ ਦੇ ਨੇੜੇ ਪਹੁੰਚ ਗਈਆਂ। ਦੱਖਣੀ ਇਰਾਕ ਵਿਚ ਸਾਉਦੀ ਅਰਬ ਦੇ ਨਾਲ ਨਾਲ ਲੱਖਾਂ ਇਰਾਕੀ ਸਾਉਦੀ ਅਰਬ 'ਤੇ ਹੌਲਾ ਬੋਲਣ ਲਈ ਜੰਗੀ ਪੁਜ਼ੀਸ਼ਨਾਂ ਵਿਚ ਇੱਕਠੇ ਹੋ ਗਏ । ਇਰਾਕ ਦੇ ਟੀ -72 ਸੈਂਕੜੇ ਟੈਂਕ ਇਤਿਹਾਦੀ ਫੌਜਾਂ ਵੱਲੋ ਇਰਾਕ ਦੇ ਅੰਦਰਵਾਰ ਕਾਇਮ ਕੀਤੀਆਂ ਪੁਜ਼ੀਸ਼ਨਾਂ ਵੱਲ ਤੁਫਾਨੀ ਰਫਤਾਰ ਨਾਲ ਵਧਣ ਲੱਗੇ । ਇਰਾਕ ਦੀ ਲਗਭੱਗ ਇਕ ਲੱਖ ਸ਼ਕਤੀਸ਼ਾਲੀ ਰਿਪਬਲੀਕਨ ਗਾਰਡਜ਼ ਸੈਨਾਂ ਵੀ ਬੰਕਰਾਂ ਵਿੱਚੋਂ ਬਾਹਰ ਆ ਗਈ । ਇਸ ਨੇ ਤੇਜੀ ਨਾਲ ਇਤਿਹਾਦੀ ਫੌਜਾਂ ਵੱਲ ਵਧਣਾ ਸ਼ੁਰੂ ਕਰ ਦਿੱਤਾ । ਭਾਰੀ ਤੋਪਖਾਨਾ ਅਤੇ ਸ਼ਕਤੀਸ਼ਾਲੀ ਟੈਂਕ ਇਸ ਦੀ ਰੱਖਿਆ ਲਈ ਨਾਲ ਨਾਲ ਚਲ ਰਹੇ ਸਨ । ਇਤਿਹਾਦੀ ਫੌਜਾਂ 'ਤੇ ਵੱਡਾ ਹਮਲਾ ਕਰਨ ਲਈ ਇਰਾਕੀ ਹਵਾਈ ਸੈਨਾ ਵੀ ਬੰਕਰਾਂ ਵਿੱਚੋਂ ਬਾਹਰ ਆ ਗਈ ।

ਇਰਾਕੀ ਲੜਾਕੂ ਮਿਗ -23 ਜਹਾਜ਼ ਦੱਖਣੀ ਇਰਾਕ 'ਤੇ ਉਡਾਣਾਂ ਭਰਨ ਲੱਗੇ । 32 ਘੰਟੇ ਲਗਾਤਾਰ ਚਲੀ ਘਮਾਸਾਨ ਦੀ ਖੂਨੀ ਜੰਗ ਪਿੱਛੋਂ ਇਰਾਕ ਦੀ ਤੀਜੀ ਆਰਮੀ ਕੋਰ ਨੇ ਅਮਰੀਕਾ ਦੀ ਦੂਜੀ ਬਖਤਰਬੰਦ ਡਵੀਜ਼ਨ, ਮਿਸਰ ਦੀ ਚੌਥੀ ਬਖਤਰਬੰਦ ਡਵੀਜ਼ਨ ਅਤੇ ਸਾਉਦੀ ਫੌਜਾਂ ਨੂੰ ਹਰਾ ਕੇ ਇਤਿਹਾਦੀ ਫੌਜਾਂ ਵੱਲੋਂ ਖੋਹੀਆਂ ਗਈਆਂ ਇਸ ਦੀਆਂ ਪੁਜ਼ੀਸ਼ਨਾਂ ਮੁੜ ਆਪਣੇ ਕਬਜੇ ਵਿਚ ਕਰ ਲਈਆਂ । ਇਸ ਲੜਾਈ ਵਿਚ

ਅਮਰੀਕਾ ਦੇ ਸੈਂਕੜੇ ਫੌਜੀ ਮਾਰੇ ਗਏ । ਕੁਲੀਸ਼ਨ ਫੌਜਾਂ ਆਪਣੇ ਸੜਦੇ ਬਲਦੇ ਟੈਂਕ ਅਤੇ ਵਹੀਕਲ ਛੱਡ ਕੇ ਪਿੱਛੇ ਵਲ ਨਸ ਗਈਆਂ । ਮਾਨਾਕਿਦ ਖੇਤਰ ਵਿਚ ਬਰਤਾਨਵੀ ਅਤੇ ਫ੍ਰਾਂਸੀਸੀ ਥਲ ਸੈਨਾਂ ਦਾ ਵੀ ਭਾਰੀ ਜਾਨੀ ਨੁਕਸਾਨ ਹੋਇਆ । ਕੁਲੀਸ਼ਨ ਫੌਜਾਂ ਦੇ ਛਾਤਾ-ਬਰਦਾਰ, ਮਾਨਾਕਿਦ ਖੇਤਰ ਵਿਚ ਕੁਵੈਤ ਸ਼ਹਿਰ ਤੋਂ ਦੱਖਣੀ ਪਾਸੇ ਜਿਹਤੇ ਇਰਾਕੀ ਪੁਜੀਸ਼ਨਾਂ ਵਿਚ ਘੁਸ ਗਏ ਸਨ ਨੂੰ ਵੀ ਖ਼ੂਨ ਡੋਲਵੀਂ ਲੜਾਈ ਪਿੱਛੋਂ ਮੂੰਹ ਦੀ ਖਾਣੀ ਪਈ। ਇਰਾਕੀ ਫੌਜਾਂ ਵਿਚ ਭਗਦੜ ਮਚਾਉਣ ਲਈ ਇਤਿਹਾਦੀ ਫੌਜਾਂ ਨੇ ਬਗਦਾਦ 'ਤੇ ਹੋਰ ਵੀ ਜ਼ੋਰਦਾਰ ਹਵਾਈ ਹਮਲੇ ਅਰੰਭ ਕਰ ਦਿੱਤੇ ਅਤੇ ਅਮਰੀਕਾ ਨੇ ਆਪਣੇ 2000 ਹੋਰ ਸੈਨਿਕ ਹੈਲੀਕਾਪਟਰਾਂ ਰਾਹੀ ਇਰਾਕੀ ਖੇਤਰ ਵਿਚ 80 ਕਿ.ਮੀ ਅੰਦਰਵਾਰ ਉਤਾਰ ਦਿੱਤੇ । ਇਸ ਦੇ ਨਾਲ ਹੀ ਬਰਤਾਨੀਆ ਦੀ ਪਹਿਲੀ ਬਖਤਰਬੰਦ ਡਵੀਜ਼ਨ, ਟੈਂਕ ਯੂਨਿਟ ਅਤੇ ਫਰਾਂਸੀਸੀ ਟੈਂਕ ਯੂਨਿਟ ਵੀ ਤੇਜੀ ਨਾਲ ਇਰਾਕੀ ਖੇਤਰ ਵਿਚ ਅੱਗੇ ਵੱਧਣ ਲੱਗੇ ਤਾਂ ਜੋ ਰਿਪਲੀਕਰਨ ਗਾਰਡਜ਼ ਯੂਨਿਟਾਂ ਦੀ ਸਪਲਾਈ ਲਾਈਨ ਤੋੜੀ ਜਾ ਸਕੇ । ਇਰਾਕੀ ਜ਼ਮੀਨੀ ਫੌਜ ਦੀਆਂ ਚਾਲਾਂ ਅਤੇ ਇਸ ਨੂੰ ਆਪਣੇ ਕਾਬੂ ਤੋਂ ਬਾਹਰ ਹੁੰਦਿਆਂ ਦੇਖ ਕੇ ਇਤਿਹਾਦੀ ਫੌਜਾਂ ਨੇ ਇਰਾਕ 'ਤੇ ਇਤਿਹਾਸ ਦਾ ਸਭ ਤੋਂ ਵੱਡਾ ਹਵਾਈ ਹਮਲਾ ਕਰ ਦਿੱਤਾ ਅਤੇ ਨਾਲ ਹੀ 300 ਜੰਗੀ ਹੈਲੀਕਾਪਟਰ ਇਰਾਕੀ ਖੇਤਰ ਦੇ ਧੁਰ ਅੰਦਰ ਭੇਜ ਦਿੱਤੇ ਜਿਨ੍ਹਾਂ ਨੇ ਉਥੇ ਸੈਨਿਕਾਂ ਅਤੇ 50 ਫੌਜੀ ਟਰੱਕਾਂ ਤੋਂ ਬਿਨ੍ਹਾਂ ਹੋਵਿਟਜ਼ਰ ਤੋਪਾਂ, ਕਈ ਟਨ ਈਂਧਨ ਅਤੇ ਅਸਲਾ ਉਤਾਰਿਆ । ਠੀਕ ਉਸੇ ਸਮੇਂ ਜਦੋਂ ਰੇਗਿਸਤਾਨ ਵਿਚ ਕਤਲੇਆਮ ਪੂਰੇ ਜ਼ੋਬਨ ਉਤੇ ਸੀ ਤੁਰਕੀ ਦੇ ਪ੍ਰਧਾਨ ਟੁਰਕਤ ਉਜਾਲ ਨੇ ਐਲਾਨ ਕਰ ਦਿੱਤਾ ਕਿ ਉਹ ਨਾ ਤਾਂ ਜ਼ਮੀਨੀ ਜੰਗ ਵਿਚ ਹਿੱਸਾ ਲਏਗਾ ਅਤੇ ਨਾ ਹੀ ਇਰਾਕ ਵਿਰੁਧ ਉਤਰੀ ਫਰੰਟ ਖੋਲ੍ਹੇਗਾ । ਜੰਗਬੰਦੀ ਦੇ ਯਤਨ ਜ਼ੋਰਾਂ 'ਤੇ ਸਨ ਅਤੇ ਇਰਾਕ ਬਿਨ੍ਹਾਂ ਸ਼ਰਤ ਕੁਵੈਤ ਵਿੱਚੋਂ ਨਿਕਲਣਾ ਮੰਨ ਗਿਆ ਸੀ । ਇਰਾਕ ਨੇ ਆਪਣੇ ਸ਼ਹਿਰਾਂ ਦੀ ਤਬਾਹੀ ਨੂੰ ਦੇਖਦਿਆਂ ਅਮਰੀਕਾ ਵੱਲੋਂ ਤਿਆਰ ਕੀਤੀਆਂ ਸਾਰੀਆਂ ਸ਼ਰਤਾਂ ਮੰਨ ਕੇ 26 ਫਰਵਰੀ 1991 ਨੂੰ ਜੰਗਬੰਦੀ ਦਾ ਐਲਾਨ ਕਰ ਦਿੱਤਾ । ਪ੍ਰੰਤੂ ਇਰਾਕੀ ਫੌਜਾਂ ਨੂੰ ਕੁਵੈਤ ਵਿਚੋਂ ਨਿਕਲਣ ਦਾ ਕੋਈ ਸਮਾਂ ਨਾ ਦਿੱਤਾ । ਪਿੱਛੇ ਮੁੜਦੀ ਹੋਈ ਇਰਾਕੀ ਸੈਨਾਂ 'ਤੇ ਹਵਾਈ ਹਮਲਿਆਂ ਦੇ ਨਾਲ ਨਾਲ ਜ਼ਮੀਨੀ ਹਮਲੇ ਵੀ ਜਾਰੀ ਸਨ । ਠੀਕ ਉਸੇ ਸਮੇਂ ਜਦੋਂ ਇਰਾਕ ਨੇ ਅਮਰੀਕਾ ਵੱਲੋਂ ਬਣਾਏ 12 ਮਤੇ ਪ੍ਰਵਾਨ ਕਰ ਲਏ, ਅਮਰੀਕਾ ਨੇ ਯੂਫਰੇਟਸ ਦਰਿਆ 'ਤੇ ਵਸਦੇ ਨਸੀਰੀਆ ਸ਼ਹਿਰ ਵਿਚ ਆਪਣੇ ਛਾਤਾ ਫੌਜੀ ਉਤਾਰ ਦਿਤੇ । ਅਮਰੀਕਾ ਦਾ ਇਥੇ ਛਾਤਾ ਫੌਜੀ ਉਤਾਰਨ ਦਾ ਮਨੋਰਥ ਇਹ ਸੀ ਕਿ ਪਿੱਛੇ ਹਟ ਰਹੀਆਂ ਇਰਾਕੀ ਫੌਜਾਂ ਦਾ ਮੁੱਖ ਮਾਰਗ ਕਟ ਦਿੱਤਾ ਜਾਵੇ । ਇਸ ਲਈ ਇਰਾਕੀ ਲੋਕਾਂ ਅਤੇ ਫੌਜਾਂ ਨਾਲ ਇਨ੍ਹਾਂ ਛਾਤਾ ਫੌਜੀਆਂ ਦੀ ਗਹਿ ਗਚ ਲੜਾਈ ਸ਼ੁਰੂ ਹੋ ਗਈ । ਉਧਰ ਕੁਲੀਸ਼ਨ ਜਹਾਜ਼ ਅਜੇ ਵੀ ਬਸਰਾ, ਅਲ-ਅਮਾਨਾ ਅਤੇ ਕੁੱਟ 'ਤੇ ਬੰਬਾਰੀ ਕਰ ਰਹੇ ਸਨ । ਅਮਰੀਕਾ ਦੇ ਅਤਿ ਅਧੁਨਿਕ 25-ਐਫ ਦੱਖਣੀ ਇਰਾਕੀ ਸ਼ਹਿਰਾਂ ਅਤੇ ਜ਼ਮੀਨੀ ਫੌਜਾਂ 'ਤੇ ਤੇਜੀ ਨਾਲ ਬੰਬਾਰੀ ਕਰ ਰਹੇ ਸਨ । ਕੁਲੀਸ਼ਨ ਫੌਜਾਂ ਦੇ ਤਿੰਨ ਮਜ਼ਬੂਤ ਡਵੀਜ਼ਨ ਜਿਨ੍ਹਾਂ ਵਿਚ ਅਮਰੀਕੀ ਅਤੇ ਫਰਾਂਸੀਸੀ ਫੌਜਾਂ ਸ਼ਾਮਲ ਸਨ ਵੱਲੋਂ ਬਸਰਾ ਵਿਚ ਮੋਰਚੇ ਸੰਭਾਲੀ

ਬੈਠੀਆਂ ਰਿਪਬਲੀਕਨ ਗਾਰਡਜ਼ ਨੂੰ ਨਸ਼ਟ ਕਰਨ ਜਾਂ ਉਸ ਤੋਂ ਆਤਮਸਮਰਪਣ ਕਰਵਉਣ ਲਈ ਘਮਸਾਨ ਦੀ ਅੰਤਮ ਜੰਗ ਲੜ ਰਹੀਆਂ ਸਨ । ਯੂ.ਐਨ.ਓ ਪੂਰੀ ਤਰ੍ਹਾਂ ਨਾਲ ਅਮਰੀਕਾ ਦਾ ਹੱਥ ਠੋਕਾ ਬਣਿਆ ਹੋਇਆ ਸੀ ਅਮਰੀਕਾ ਜੋ ਵੀ ਚਾਹੁੰਦਾ ਯੂ.ਐਨ.ਓ. ਉਹ ਹੀ ਕਰਦਾ ।

ਕਿਉਂਕਿ ਰਿਪਬਲੀਕਨ ਗਾਰਡਜ਼ ਤੇ ਜਿੱਤ ਪ੍ਰਾਪਤ ਕਰਨ ਨਾਲ ਪੂਰਾ ਦੱਖਣੀ ਇਰਾਕ ਕੁਲੀਸ਼ਨ ਫੌਜਾਂ ਦੇ ਕਬਜ਼ੇ ਵਿਚ ਆ ਜਾਂਦਾ । ਪ੍ਰੰਤੂ ਕੁਲੀਸ਼ਨ ਫੌਜਾਂ ਦੀ ਇਹ ਆਸ ਪੂਰੀ ਨਾ ਹੋਈ । ਰਿਪਬਲੀਕਨ ਗਾਰਡਜ਼ ਨੇ ਉਹਨਾਂ ਦੀ ਇਥੇ ਇਕ ਨਾ ਚੱਲਣ ਦਿੱਤੀ । ਪਰ ਦੂਜੇ ਪਾਸੇ ਇਤਿਹਾਦੀ ਫੌਜਾਂ ਦੇ ਨਾਲ ਕੁਵੈਤ ਸ਼ਹਿਰ ਵਿਚ ਦਾਖ਼ਲ ਹੋਈ ਕੁਵੈਤੀ ਫੌਜ ਨੇ ਕੁਵੈਤੀ ਸ਼ਹਿਰ ਵਿਚ ਆਪਣਾ ਝੰਡਾ ਲਹਿਰਾ ਦਿੱਤਾ । ਇਤਿਹਾਦੀ ਫੌਜਾਂ ਨੇ ਘਮਸਾਨ ਦੀ ਲੜਾਈ ਪਿੱਛੋਂ ਕੁਵੈਤ ਸ਼ਹਿਰ ਦੇ ਕੌਮਾਂਤਰੀ ਹਵਾਈ ਅੱਡੇ ਉਤੇ ਵੀ ਕਬਜਾ ਕਰ ਲਿਆ । ਇਹ ਜੰਗ ਇੰਨੀ ਭਿਆਨਕ ਸੀ ਕਿ ਇਸ ਹਵਾਈ ਅੱਡੇ ਨੂੰ ਮੁਕਤ ਕਰਵਾਉਣ ਲਈ ਕੁਲੀਸ਼ਨ ਫੌਜਾਂ ਨੂੰ ਹਰ ਪ੍ਰਕਾਰ ਦੇ ਨਵੀਨਤਮ ਹਥਿਆਰਾਂ ਦੀ ਵਰਤੋਂ ਕਰਨੀ ਪਈ । ਭਾਵੇਂ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਸੰਯੁਕਤ ਰਾਸ਼ਟਰ ਦੇ ਸਾਰੇ 12 ਮਤੇ ਮੰਨ ਲਏ ਸਨ ਪ੍ਰੰਤੂ ਫਿਰ ਵੀ ਇਰਾਕ ਦੇ ਵਿਰੁੱਧ ਹਵਾਈ ਅਤੇ ਜ਼ਮੀਨੀ ਜੰਗ ਜਾਰੀ ਸੀ ਕਿਉਂਕਿ ਅਮਰੀਕਾ ਇਸ ਗੱਲ ਤੇ ਬਜਿੱਦ ਸੀ ਕਿ ਇਰਾਕੀ ਸਦਰ ਦਾ ਤਖਤ ਪਲਟਿਆ ਜਾਵੇ ਪ੍ਰੰਤੂ ਉਹ ਆਪਣੇ ਮਿਸ਼ਨ ਵਿਚ ਬੁਰੀ ਤਰ੍ਹਾਂ ਅਸਫਲ ਹੋ ਗਿਆ । ਜਿਥੇ ਇਰਾਕ ਦੇ ਅੰਤਾਂ ਦੇ ਫੌਜੀ, ਤੇ ਆਰਥਿਕ ਨੁਕਸਾਨ ਕਾਰਨ ਉਸ ਦੇ ਵਕਾਰ ਨੂੰ ਸੱਟ ਵੱਜੀ ਉਥੇ ਅਮਰੀਕਾ ਇਸ ਗੱਲੋਂ ਨਿਰਾਸ਼ ਸੀ ਕਿ ਉਹ 42 ਦਿਨਾਂ ਵਿਚ ਇਰਾਕ ਉਤੇ ਪ੍ਰਤੀ ਵਿਅਕਤੀ 3 ਕੁਇੰਟਲ ਬਾਰੂਦ ਸੁੱਟ ਕੇ ਵੀ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਦਾ ਤਖਤਾ ਪਲਟਣ ਵਿਚ ਸਫਲ ਨਹੀਂ ਹੋ ਸਕਿਆ । ਮਜ਼ਬੂਰ ਹੋ ਕੇ ਅਮਰੀਕਾ ਦੇ ਰਾਸ਼ਟਰਪਤੀ ਜਾਰਜ਼ ਬੁਸ਼ ਨੂੰ ਜੰਗਬੰਦੀ ਦਾ ਐਲਾਨ ਕਰਨਾ ਪਿਆ । ਇਸ ਤੋਂ ਤੁਰੰਤ ਮਗਰੋਂ ਬ੍ਰਿਟੇਨ, ਫਰਾਂਸ, ਸਾਉਦੀ ਅਰਬ ਨੇ ਵੀ ਸਾਉਦੀ ਸਮੇਂ ਅਨੁਸਾਰ 27 ਫਰਵਰੀ 1991 ਨੂੰ ਸਵੇਰੇ 8 ਵਜੇ 100 ਘੰਟਿਆਂ ਦੀ ਘਮਸਾਨ ਦੀ ਜ਼ਮੀਨੀ ਜੰਗ ਤੋਂ ਮਗਰੋਂ ਜੰਗਬੰਦੀ ਦੀ ਘੋਸ਼ਣਾ ਕਰ ਦਿੱਤੀ। 209 ਦਿਨਾਂ ਵਾਲਾ ਇਹ ਸੰਕਟ 2 ਅਗਸਤ 1990 ਨੂੰ ਕੁਵੈਤ ਉਤੇ ਇਰਾਕੀ ਹਮਲੇ ਨਾਲ ਸ਼ੁਰੂ ਹੋਇਆ ਸੀ ।

ਜੰਗਬੰਦੀ ਲਈ ਇਰਾਕ ਨੂੰ ਯੂ.ਐਨ.ਓ. ਦੇ ਉਹ ਸਾਰੇ 23 ਅਪਮਾਨਜਨਕ ਮਤੇ ਮੰਨਣੇ ਪਏ ਜਿਨ੍ਹਾਂ ਨੂੰ ਲੈ ਕੇ ਅਮਰੀਕਾ ਨੇ ਇਰਾਕ ਦੇ ਵਿਰੁੱਧ ਜੰਗ ਛੇੜੀ ਸੀ । ਸਭ ਤੋਂ ਪਹਿਲਾਂ ਇਰਾਕ ਨੇ ਕੁਵੈਤ ਨੂੰ ਅਜ਼ਾਦ ਦੇਸ਼ ਦੀ ਮਾਨਤਾ ਦੇ ਦਿੱਤੀ । ਉਸ ਨੇ ਸਾਰੇ ਜੰਗੀ ਕੈਦੀ ਰਿਹਾਅ ਕਰਨੇ ਮੰਨ ਲਏ ਅਤੇ ਉਸ ਨੂੰ ਸਾਰਾ ਜੰਗੀ ਤਾਵਾਨ ਅਦਾ ਕਰਨਾ ਮੰਨਣਾ ਪਿਆ । ਉਸ ਨੂੰ ਅਰਬਾਂ ਡਾਲਰ ਮੁੱਲ ਦਾ ਸੋਨਾ, ਕਰੰਸੀ, ਪ੍ਰਾਚੀਨ ਵਸਤਾਂ ਦੇ ਚਿੱਤਰ ਅਤੇ ਹਵਾਈ ਜਹਾਜ਼ "ਜਲਦੀ ਤੋਂ ਜਲਦੀ" ਵਾਪਸ ਕਰਨ ਦਾ ਵਾਅਦਾ ਕਰਨਾ ਪਿਆ । ਇਰਾਕ ਨੇ ਇਹ ਸਾਜੋ -ਸਮਾਨ ਕੁਵੈਤ 'ਤੇ ਆਪਣੇ 7 ਮਹੀਨੀਆਂ ਦੇ ਕਬਜ਼ੇ ਦੌਰਾਨ ਲੁੱਟ ਲਿਆ ਸੀ । ਮਤਾ ਨੰਬਰ 688 ਦੇ ਅਧੀਨ ਉਸ ਨੂੰ ਆਪਣੇ ਸਾਰੇ ਲੋਕ-ਘਾਤਕ ਸ਼ਕਤੀਸ਼ਾਲੀ

ਹਥਿਆਰ ਜਿਨ੍ਹਾਂ ਵਿਚ ਪ੍ਰਮਾਣੂ,ਰਸਾਣਿਕ ਅਤੇ ਕਿਟਾਣੂਆਂ ਦੇ ਸ਼ਸਤਰ ਵੀ ਆਉਦੇ ਸਨ, ਨੂੰ ਨਸ਼ਟ ਕਰਨਾ ਮੰਨਣਾ ਪਿਆ । ਮਤਾ ਨੰਬਰ 706 ਅਤੇ 712 ਰਾਹੀ ਉਹ ਯੂ.ਐਨ.ਓ. ਦੀ ਆਗਿਆ ਤੋਂ ਬਿਨ੍ਹਾਂ ਤੇਲ ਵੀ ਨਹੀਂ ਸੀ ਵੇਚ ਸਕਦਾ ਕਿਉਂਕਿ ਯੂ.ਐਨ.ਓ. ਨੇ ਇਰਾਕ ਦਾ ਤੇਲ ਵੇਚ ਕੇ ਜੰਗ 'ਤੇ ਹੋਏ ਖਰਚੇ ਨੂੰ ਪੂਰਾ ਕਰਨਾ ਸੀ ਪ੍ਰੰਤੂ ਆਮ ਲੋਕਾਂ ਦੀ ਔਕੜ ਨੂੰ ਮੁੱਖ ਰੱਖਦਿਆਂ ਹੋਇਆਂ ਯੂ.ਐਨ.ਓ ਨੇ ਮਗਰੋਂ ਇਰਾਕ ਨੂੰ ਥੋੜਾ ਜਿਹਾ ਤੇਲ (30%) ਵੇਚਣ ਦੀ ਆਗਿਆ ਇਸ ਸ਼ਰਤ 'ਤੇ ਦੇ ਦਿੱਤੀ ਕਿ ਉਹ ਤੇਲ ਰਾਂਹੀ ਕਮਾਈ ਗਈ ਧਨ ਰਾਸ਼ੀ ਕੇਵਲ ਖਾਧ ਖੁਰਾਕ ਅਤੇ ਦਵਾਈਆਂ ਲਈ ਹੀ ਵਰਤ ਸਕੇਗਾ । ਉਸ ਨੂੰ ਇਹ ਵੀ ਮੰਨਣਾ ਪਿਆ ਕਿ ਉਹ ਯੂ.ਐਨ.ਓ. ਦੇ ਉਨ੍ਹਾਂ ਕਾਮਿਆਂ ਨੂੰ ਜਿਹੜੇ ਇਰਾਕ ਦੇ ਸ਼ਹਿਰਾਂ ਵਿਚ ਕੰਮ ਕਰਨਗੇ, ਅਵਾਜਾਈ ਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰੇਗਾ । ਯੂ.ਐਨ.ਓ. ਨੇ ਇਰਾਕ ਵਿਚ ਲੋਕ ਮਾਰੂ ਹਥਿਆਰਾਂ ਨੂੰ ਨਸ਼ਟ ਕਰਨ ਲਈ ਇਕ ਕਮਿਸ਼ਨ ਸਥਾਪਿਤ ਕਰ ਦਿੱਤਾ ਜਿਸ ਦਾ ਪ੍ਰਧਾਨ ਰੌਲਫ ਐਕੀਅਸ ਨੂੰ ਬਣਾਇਆ ਗਿਆ । ਇਸ ਕਮਿਸ਼ਨ ਨੇ ਕੁਝ ਸੰਸਾਰ ਪ੍ਰਸਿੱਧ ਵਿਗਿਆਨੀਆਂ ਦੀ ਜਾਂਚ ਕਮੇਟੀ ਬਣਾ ਕੇ ਇਰਾਕ ਦੇ ਹਥਿਆਰਾਂ ਅਤੇ ਇਰਾਕ ਦੇ ਪ੍ਰਮਾਣੂ ਠਿਕਾਣਿਆਂ ਦਾ ਪਤਾ ਲਗਾਉਣਾ ਸੀ । ਇਰਾਕ ਨੂੰ ਇਹ ਵੀ ਚਿਤਾਵਨੀ ਦਿੱਤੀ ਗਈ ਕਿ ਜੇਕਰ ਉਸ ਨੇ ਇਨ੍ਹਾਂ ਸ਼ਰਤਾ ਦੀ ਉਲੰਘਣਾ ਕੀਤੀ ਤਾਂ ਕੁਲੀਸ਼ਨ ਫੌਜਾਂ ਨੂੰ ਇਰਾਕ ਵਿਚ ਫੌਜੀ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ ।

ਕਾਂਡ -3

ਵਿਨਾਸ਼ ਕਿਉਂ?

ਸੋਚਣ ਵਾਲੀ ਗੱਲ ਹੈ ਕਿ ਅਮਰੀਕਾ ਵਰਗੀ ਮਹਾਂਸ਼ਕਤੀ ਨੇ ਹੋਰ 28 ਦੇਸ਼ਾਂ ਦੀ ਸਹਾਇਤਾ ਨਾਲ ਇਰਾਕ 'ਤੇ ਹਮਲਾ ਕਿਉਂ ਕੀਤਾ ? ਦੂਜੇ ਦੇਸ਼ਾਂ ਦੀ ਸਹਾਇਤਾ ਦੀ ਇਸ ਨੂੰ ਕਿਉਂ ਲੋੜ ਪਈ ? ਇਰਾਕ ਨੇ ਇਕੱਲਿਆਂ ਹੀ ਇਨ੍ਹਾਂ ਮਹਾਂ ਸ਼ਕਤੀਆਂ ਦਾ ਮੁਕਾਬਲਾ ਕਿਉਂ ਕੀਤਾ ? ਇਥੇ ਇਹ ਜਾਣ ਲੈਣਾ ਵੀ ਜਰੂਰੀ ਹੈ ਕਿ ਇਸ ਜੰਗ ਵਿਚ ਇਰਾਕ ਦੀ ਹਾਰ ਕਿਉਂ ਹੋਈ । ਸਭ ਤੋਂ ਪਹਿਲਾਂ ਅਸੀ ਇਹ ਦੇਖਾਂਗੇ ਕਿ ਅਮਰੀਕਾ ਨੇ ਇਰਾਕ 'ਤੇ ਹਮਲਾ ਕਿਉਂ ਕੀਤਾ ?

ਦੂਜੀ ਸੰਸਾਰ ਜੰਗ ਤੋਂ ਮਗਰੋਂ ਸੰਸਾਰ ਦੋ ਧੜਿਆ ਵਿਚ ਵੰਡਿਆ ਗਿਆ । ਦੋ ਤਾਕਤਾਂ ਅਮਰੀਕਾ ਅਤੇ ਰੂਸ (ਯੂ.ਐਸ.ਐਸ.ਆਰ.) ਉਭੱਰ ਕੇ ਸੰਸਾਰ ਦੇ ਸਾਹਮਣੇ ਆਈਆਂ । ਦੁਨੀਆਂ ਦਾ ਸਤੁੰਲਨ ਦੋਵੇ ਸੁਪਰ ਸ਼ਕਤੀਆਂ ਦੇ ਸਤੁੰਲਨ 'ਤੇ ਖੜ ਗਿਆ ਪ੍ਰੰਤੂ 20ਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਪਰੇਸਤੋਰਕਾ ਅਤੇ ਗਲਾਸਨੋਸਤ ਦੀਆਂ ਧਾਰਨਾਵਾਂ ਨੇ ਸੋਵੀਅਤ ਯੂਨੀਅਨ ਦੀ ਅੰਦੂਰਨੀ ਅਤੇ ਬਹਾਰੀ ਨੀਤੀ ਨੂੰ ਬਦਲ ਕੇ ਰੱਖ ਦਿੱਤਾ । ਸਿੱਟੇ ਵੱਜੋਂ ਯੂ.ਐਸ.ਆਰ ਨੂੰ ਮਜ਼ਬੂਰ ਹੋ ਕੇ ਬਾਲਟਿਕ ਗਣਰਾਜਾਂ ਨੂੰ ਸੁੰਤਰਤਾ ਦੇਣੀ ਪਈ ਜਿਸ ਨਾਲ ਉਸ ਦਾ ਖੋਖਲਾਪਣ ਦੁਨੀਆਂ ਸਾਹਮਣੇ ਜ਼ਾਹਰ ਹੋ ਗਿਆ । ਦੁਨੀਆਂ ਦੀ ਇਕ ਵੱਡੀ ਸ਼ਕਤੀ ਟਹਿ-ਢੇਰੀ ਹੋ ਗਈ । ਅਮਰੀਕਨ ਧੜੇ ਨੂੰ ਹੁਣ ਕਿਸੇ ਹੋਰ ਧੜੇ ਦਾ ਡਰ ਨਾ ਰਿਹਾ । ਉਹ ਆਪਣੇ ਆਪ ਨੂੰ ਦੁਨੀਆਂ ਦੀ ਨੰਬਰ ਇਕ ਤਾਕਤ ਸਮਝਣ ਲੱਗਾ ਉਸ ਨੂੰ ਪਤਾ ਲੱਗ ਗਿਆ ਸੀ ਕਿ ਯੂ.ਐਸ.ਐਸ.ਆਰ. ਹੁਣ ਇਰਾਕ ਦੀ ਸਹਾਇਤਾ ਕਰਨ ਦੇ ਯੋਗ ਨਹੀਂ ਰਿਹਾ । ਹੁਣ ਉਹ ਏਸ਼ੀਆ ਮਾਈਨਰ ਵਿੱਚੋਂ ਇਰਾਕ ਦੀ ਤਾਕਤ ਨੂੰ ਖਤਮ ਕਰਨ ਦਾ ਸੁਨਹਿਰੀ ਮੌਕਾ ਸਮਝਣ ਲੱਗਾ ।

ਸਾਮਰਾਜਵਾਦ ਦੀ ਭਾਵਨਾ ਨੇ ਵੀ ਇਸ ਜੰਗ ਨੂੰ ਹੱਲਾਸ਼ੇਰੀ ਦਿੱਤੀ । ਜਿਥੇ ਅਮਰੀਕਾ ਤੇ ਇੰਗਲੈਂਡ ਸਾਮਰਾਜਵਾਦ ਦੀ ਭਾਵਨਾ ਨਾਲ ਭਰੇ ਹੋਏ ਸਨ । ਉਥੇ ਸੱਦਾਮ ਹੁਸੈਨ ਉਨ੍ਹਾਂ ਤੋਂ ਪਿੱਛੇ ਨਹੀਂ ਸੀ । ਉਸ ਨੇ ਆਪਣੀ ਤਾਕਤ ਦੇ ਬਲ-ਬੂਤੇ ਕੁਵੈਤ 'ਤੇ ਕਬਜ਼ਾ ਕਰ ਕੇ ਇਸ ਨੂੰ ਇਰਾਕ ਦਾ 19 ਵੀਂ ਸੂਬਾ ਘੋਸ਼ਿਤ ਕਰ ਦਿੱਤਾ । ਅਮਰੀਕਾ ਤੇ ਇੰਗਲੈਂਡ ਵਰਗੇ ਸਾਮਰਾਜੀ ਦੇਸ਼ ਇਸ ਨੂੰ ਆਪਣੀ ਸਾਮਰਾਜਵਾਦੀ ਨੀਤੀ 'ਤੇ ਚੋਟ ਸਮਝਣ ਲੱਗੇ । ਉਹ ਸੰਸਾਰ ਦੇ ਕਮਜ਼ੋਰ ਦੇਸ਼ਾਂ ਵਿਚ ਆਪਣੇ ਵਿਚਾਰਾਂ-ਪੱਖੀ ਸਰਕਾਰਾਂ ਠੋਸ ਕੇ ਉਥੋਂ ਦੇ ਲੋਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਸਨ । ਇਸ ਲਈ ਉਹ ਹਰਗਿਜ਼ ਵੀ ਸਹਿਣ ਨਹੀਂ ਕਰ ਸਕਦੇ ਸਨ ਕਿ ਉਹ ਇਹ ਇਲਾਕਾ ਜਿਥੇ ਉਹਨਾਂ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੋਵੇ ਉਹ ਇਰਾਕ ਦਾ ਹਿੱਸਾ ਬਣ ਜਾਵੇ।

ਇਹ ਵੀ ਸੀ ਕਿ ਬਾਲਟਿਕ ਗਣਰਾਜਾਂ ਦੀ ਅਜ਼ਾਦੀ ਮਗਰੋਂ ਯੂ.ਐਸ.ਐਸ.ਆਰ ਵਿਚ ਗੰਭੀਰ ਆਰਥਿਕ ਸੰਕਟ ਛਾ ਗਿਆ ਸੀ । ਜਿਹੜੀ ਕਦੇ ਅਮਰੀਕਾ ਦੇ ਬਰਾਬਰ 'ਨੰਬਰ ਇਕ' ਤਾਕਤ ਸੀ ਉਸ ਨੂੰ ਅਮਰੀਕਾ ਅੱਗੇ ਗੋਡੇ ਟੇਕਣੇ ਪੈ ਗਏ । ਉਸ ਨੂੰ ਆਰਥਿਕ ਪੱਖੋਂ ਵਿਦੇਸ਼ੀ ਸਹਾਇਤਾ 'ਤੇ ਨਿਰਭਰ ਕਰਨਾ ਪਿਆ । ਬਾਲਟਿਕ ਗਣਰਾਜਾਂ ਨੂੰ ਅਜ਼ਾਦ ਕਰਵਾ ਕੇ ਵੀ ਜੇਕਰ ਯੂ.ਐਸ.ਐਸ.ਆਰ. ਆਰਥਿਕ ਤੌਰ 'ਤੇ ਆਤਮ ਨਿਰਭਰ ਹੁੰਦਾ ਤਾਂ ਉਸ ਨੂੰ ਵਿਦੇਸ਼ੀ ਸਹਾਇਤਾ ਲਈ ਦੂਜੇ ਰਾਜਾਂ ਅੱਗੇ ਝੁਕਣਾ ਨਾ ਪੈਂਦਾ। ਜਿਵੇਂ ਉਸ ਨੇ 1961 ਈ: ਵਿਚ ਇਰਾਕ ਦੇ ਹੱਕ ਵਿਚ ਵੀਟੋ ਕਰ ਕੇ ਯੁੱਧ ਟਾਲਿਆ ਸੀ ਉਸ ਤਰ੍ਹਾਂ ਹੁਣ ਵੀ ਉਹ ਅਮਰੀਕਨ ਧੜੇ ਦੀ ਕਾਹਲ ਨੂੰ ਠੱਲ੍ਹ ਪਾਉਣ ਲਈ ਵੀਟੋ ਕਰ ਸਕਦਾ ਸੀ ਅਤੇ ਅਮਰੀਕਾ ਨੂੰ ਹਮਲਾ ਕਰਨ ਤੋਂ ਰੋਕ ਸਕਦਾ ਸੀ ਪ੍ਰੰਤੂ 1961 ਅਤੇ ਹੁਣ ਵਾਲੀ ਸਥਿਤੀ ਵਿਚ ਇਹ ਫਰਕ ਸੀ ਕਿ ਜੇਕਰ ਯੂ.ਐਸ.ਐਸ.ਆਰ. ਪਹਿਲਾਂ ਵਾਲਾ ਹੀ ਪਹਿਲਵਾਨ ਹੁੰਦਾ ਤਾਂ ਅੰਤਰਰਾਸ਼ਟਰੀ ਅਖਾੜੇ ਵਿਚ ਅਮਰੀਕਨ ਧੜੇ ਨੂੰ ਥਾਪੀ ਮਾਰਨ ਦੀ ਜੁਰਅਤ ਨਾ ਪੈਂਦੀ । ਪ੍ਰੰਤੂ ਯੂ.ਐਸ.ਐਸ.ਆਰ ਦੇ ਟੁੱਟਣ ਨਾਲ ਅਮਰੀਕਾ ਆਪਣੇ ਆਪ ਨੂੰ ਸੰਸਾਰ ਦਾ ਚੌਧਰੀ ਬਣਿਆ ਮਹਿਸੂਸ ਕਰਨ ਲੱਗ ਪਿਆ ਸੀ । ਇਸ ਲਈ ਉਹ ਸੰਸਾਰ ਦੀ ਸਰਵ-ਉਚ ਸ਼ਕਤੀ ਬਣਨ ਦੇ ਸੁਪਨੇ ਲੈਣ ਲੱਗਾ । ਉਹ ਸਮਾਜਵਾਦੀ ਦੇਸ਼ਾਂ ਨੂੰ ਨੀਵਾਂ ਦਿਖਾਉਣਾ ਚਾਹੁੰਦਾ ਸੀ । ਇਸਲਾਮੀ ਦੇਸ਼ਾਂ ਵਿਚ ਇਰਾਕ ਇੱਕੋ ਇੱਕ ਅਜਿਹਾ ਦੇਸ਼ ਸੀ ਜਿੱਥੋਂ ਦੇ ਲੋਕ ਪੱਛਮੀ ਦੇਸ਼ਾਂ ਵਾਂਗ ਖੁਲ੍ਹੇ ਵਿਚਾਰਾਂ ਦੇ ਸਨ । ਇਰਾਕੀ ਔਰਤਾਂ ਅਰਬੀ ਔਰਤਾਂ ਵਾਂਗ ਪਰਦਾ ਨਹੀਂ ਸੀ ਕਰਦੀਆਂ । ਉਹ ਮਰਦਾਂ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੀਆਂ ਸਨ । ਇਸ ਤਰ੍ਹਾਂ ਪੂਰਬ ਵਿਚ ਇਕ ਛੋਟੇ ਜਿਹੇ ਦੇਸ਼ ਨੂੰ ਤਰੱਕੀ ਦੇ ਰਾਹ ਤੁਰਦਿਆਂ ਦੇਖ ਕੇ ਅਮਰੀਕਾ ਕਿਸੇ ਤਰ੍ਹਾਂ ਵੀ ਆਪਣੇ ਲਈ ਚੰਗਾ ਨਹੀਂ ਸੀ ਸਮਝਦਾ । ਇਸ ਲਈ ਇਰਾਕ ਨੂੰ ਉਹ ਦੱਸਣਾ ਚਾਹੁੰਦਾ ਸੀ ਕਿ ਸੰਸਾਰ ਵਿਚ ਇੱਕੋ ਇੱਕ ਸਰਵਉਚ ਸ਼ਕਤੀ ਹੈ ਤਾਂ ਉਹ ਹੈ ਅਮਰੀਕਾ । ਗੱਲ ਕੀ ਸਮਾਜਵਾਦੀ ਕੈਂਪਾ ਦੇ ਨਿਕਲੇ ਤਾਜਾ ਦਿਵਾਲੀਏ ਕਾਰਨ ਉਹ ਆਪਣੇ ਆਪ ਨੂੰ ਇਕ ਨੰਬਰ ਦੀ ਤਾਕਤ ਸਮਝਣ ਲੱਗ ਪਿਆ । ਇਕ ਛੋਟੇ ਜਿਹੇ ਮੁਲਕ (ਇਰਾਕ) ਦੁਆਰਾ ਅਮਰੀਕਾ ਵਰਗੀ ਮਹਾਂ ਸ਼ਕਤੀ ਨੂੰ ਚੈਲੰਜ ਕਰਨਾ ਉਸ ਦੀ ਸੰਸਾਰ ਚੌਧਰ ਲਈ ਇਕ ਚਣੌਤੀ ਹੋ ਨਿਬੜਿਆ । ਭਾਵੇਂ ਅਮਰੀਕੀ ਸੈਨਿਕ ਜੰਗ ਵਿਚ ਆਉਣ ਲਈ ਤਿਆਰ ਨਹੀਂ ਸਨ ਪ੍ਰੰਤੂ ਅਮਰੀਕੀ ਪ੍ਰਸ਼ਾਸਨ ਨੇ ਆਪਣੀ ਤਾਕਤ ਦਾ ਪ੍ਰਗਟਾਵਾ ਕਰਨ ਲਈ ਆਪਣੇ ਸੈਨਿਕਾਂ ਨੂੰ ਜੰਗ ਲਈ ਖਾੜੀ ਵਿਚ ਭੇਜ ਦਿੱਤਾ ਕਿਉਂਕਿ ਉਸ ਨੇ ਖਾੜੀ ਸੰਕਟ ਨੂੰ ਕਿਸੇ ਵੀ ਤਰੀਕੇ ਨਾਲ ਹੱਲ ਕਰਨ ਦੀ ਪੱਕੀ ਧਾਰੀ ਹੋਈ ਸੀ ਭਾਵੇਂ ਇਸ ਦੇ ਹੱਲ ਲਈ ਲੱਖਾਂ ਲੋਕਾਂ ਦੀ ਬਲੀ ਕਿਉਂ ਨਾ ਦਿੱਤੀ ਜਾਂਦੀ । ਜੇਕਰ ਉਹ ਅਜਿਹਾ ਨਾ ਕਰਦਾ ਤਾਂ ਉਹ ਸੰਸਾਰ ਅੱਗੇ ਆਪਣੀ ਤਾਕਤ ਦਾ ਪ੍ਰਗਟਾਵਾ ਨਹੀਂ ਸੀ ਕਰ ਸਕਦਾ । ਇਸ ਲਈ ਉਸ ਨੇ ਸ਼ਾਂਤੀ ਦੇ ਸਾਰੇ ਪ੍ਰਸਤਾਵਾਂ ਨੂੰ ਰੱਦ ਕਰ ਕੇ ਜੰਗ ਨੂੰ ਪਹਿਲ ਦਿੱਤੀ ।

ਤੁਰਕੀ ਦਾ ਇਰਾਕ ਨਾਲ ਤੇਲ ਨਾਲ ਭਰਪੂਰ ਇਲਾਕਿਆਂ ਕਿਰਕੁੱਕ ਅਤੇ ਮੋਸੂਲ ਬਾਰੇ ਝਗੜਾ ਚਲ ਰਿਹਾ ਸੀ । ਇਸ ਲਈ ਪੱਛਮੀ ਦੇਸ਼ਾਂ ਦਾ ਸਾਥ ਦੇ ਕੇ ਉਹ ਆਪਣਾ ਸਵਾਰਥ ਪੂਰਾ ਕਰਨਾ ਚਾਹੁੰਦਾ ਸੀ । ਪਰ ਇਹ ਸਵਾਰਥ ਜੰਗ ਤੋਂ ਬਿਨ੍ਹਾਂ ਕਿਵੇਂ ਪੂਰਾ ਹੋ

ਸਕਦਾ ਸੀ । ਸਾਉਦੀ ਅਰਬ ਵੀ ਆਪਣੇ ਗੁਆਂਢ ਵਿਚ ਇਰਾਕ ਦੀ ਦਿਨ ਬ- ਦਿਨ ਵਧ ਰਹੀ ਤਾਕਤ ਤੋਂ ਭੈ -ਭੀਤ ਸੀ । ਉਸ ਨੂੰ ਡਰ ਸੀ ਕਿ ਇਰਾਕ ਕੁਵੈਤ ਤੋਂ ਮਗਰੋਂ ਉਸ ਨੂੰ ਹੜੱਪ ਕਰ ਲਏਗਾ । ਇਸ ਲਈ ਉਸ ਨੇ ਡਰ ਕੇ ਅਮਰੀਕਾ ਨੂੰ ਬੇਨਤੀਆਂ ਕੀਤੀਆਂ ਕਿ ਉਹ ਖਾੜੀ ਵਿਚ ਆਪਣੀ ਫੌਜ ਭੇਜੇ । ਅਮਰੀਕਾ ਜਿਹੜਾ ਪਹਿਲਾਂ ਹੀ ਇਰਾਕ ਨੂੰ ਸਬਕ ਸਿਖਾਉਣ 'ਤੇ ਤੁਲਿਆ ਹੋਇਆ ਸੀ ਨੇ ਸਾਉਦੀ ਅਰਬ ਦੀ ਬੇਨਤੀ ਮੰਨ ਕੇ ਖਾੜੀ ਵਿਚ ਫੌਜਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ । ਇਸ ਤਰ੍ਹਾਂ ਖਾੜੀ ਸੰਕਟ ਹੋਰ ਵੀ ਭਿਆਨਕ ਰੂਪ ਧਾਰਨ ਕਰ ਗਿਆ । ਸ਼ਾਂਤੀ ਦੀਆਂ ਅਵਾਜ਼ਾਂ ਬੰਦ ਹੋ ਗਈਆਂ ਅਤੇ ਚਾਰੇ ਪਾਸੇ ਤੋਂ ਖੂਨੀ ਅਵਾਜ਼ਾਂ ਆਉਣ ਲੱਗੀਆਂ ।

ਕੁਵੈਤ, ਇਰਾਕ ਨਾਲ ਲੱਗਦਾ ਇਕ ਨਿੱਕਾ ਜਿਹਾ ਮੁਲਕ ਹੈ । ਇਸ ਦੇਸ਼ ਵਿਚ ਸਾਫ ਹੋਏ ਤੇਲ ਨਾਲ ਅਮਰੀਕਾ ਦਾ ਸਵਾਰਥ ਜੁੜਿਆ ਹੋਇਆ ਸੀ । ਇਰਾਕ ਨੇ ਜਿਉਂ ਹੀ ਕੁਵੈਤ 'ਤੇ ਕਬਜ਼ਾ ਕੀਤਾ, ਅਮਰੀਕਾ ਸਮੇਤ ਕਈ ਯੂਰਪੀ ਦੇਸ਼ ਲਾਲ ਪੀਲੇ ਹੋਣ ਲੱਗੇ। ਉਨ੍ਹਾਂ ਨੂੰ ਕੁਵੈਤ ਦੀ ਅਜ਼ਾਦੀ ਜਾਂ ਗੁਲਾਮੀ ਨਾਲ ਕੋਈ ਸਾਰੋਕਾਰ ਨਹੀਂ ਸੀ ਉਨ੍ਹਾਂ ਨੂੰ ਤਾਂ ਕੁਵੈਤ ਨਾਲ ਜੁੜੇ ਹੋਏ ਆਪਣੇ ਆਰਥਿਕ ਸਵਾਰਥਾਂ ਨਾਲ ਮਤਲਵ ਸੀ । ਇਸ ਲਈ ਉਨ੍ਹਾਂ ਨੇ ਆਪਣੇ ਸਵਾਰਥ ਨੂੰ ਮੁੱਖ ਰੱਖ ਕੇ ਕੁਵੈਤ ਨੂੰ ਅਜ਼ਾਦ ਕਰਵਾਉਣ ਦੇ ਬਹਾਨੇ ਖਾੜੀ ਵਿਚ ਫੌਜਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ । ਇਸ ਤੋਂ ਉਲਟ ਇਰਾਕ ਨੇ ਜੇ ਕਰ ਲਿਬਨਾਨ, ਸੀਰੀਆ ਜਾਂ ਜਾਰਡਨ 'ਤੇ ਹਮਲਾ ਕੀਤਾ ਹੁੰਦਾ ਤਾਂ ਅਮਰੀਕਾ ਨੇ ਚੁੱਪ ਹੀ ਨਹੀਂ ਰਹਿਣਾ ਸੀ ਸਗੋਂ ਇਰਾਕ ਦੀ ਹਮਾਇਤ ਵੀ ਕਰਨੀ ਸੀ । ਹੁਣ ਕਿਉਂਕਿ ਕੁਵੈਤ ਵਿਚ ਉਸ ਦਾ ਨਿੱਜੀ ਹਿੱਤ ਪ੍ਰਭਾਵਿਤ ਹੋ ਰਿਹਾ ਸੀ, ਉਸ ਦੀ ਨਵ-ਬਸਤੀਵਾਦੀ ਨੂੰ ਸੱਟ ਵੱਜਦੀ ਸੀ । ਇਸ ਲਈ ਅਮਰੀਕਾ ਦੀ ਕੁਰਲਾਹਟ ਅਤੇ ਬੁਖਲਾਹਟ ਹੋਣੀ ਲਾਜ਼ਮੀ ਸੀ ਕਿਉਂਕਿ ਸੰਸਾਰ ਵਿਚ ਹਮੇਸ਼ਾ ਇਹ ਰੁਝਾਨ ਰਿਹਾ ਹੈ ਕਿ ਦੁਨੀਆ ਦੇ ਛੋਟੇ ਅਤੇ ਆਵਿਕਸਤ ਮੁਲਕ ਉਨ੍ਹਾਂ ਦੇ ਰਹਿਮੋ-ਕਰਮ ਤੇ ਰਹਿਣ ਅਤੇ ਉਨ੍ਹਾਂ ਦੇਸ਼ਾਂ ਵਿਚ ਉਹ ਸਰਕਾਰਾਂ ਹੀ ਰਹਿਣ ਜਿਹੜੀਆਂ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਕੰਮ ਕਰਨ । ਆਪਣੀ ਹੱਥ-ਠੋਕੂ ਅਤੇ ਕਠਪੁਤਲੀ ਸਰਕਾਰ ਬਣਾਉਣ ਦੀ ਲਾਲਸਾ ਵੱਡੀਆਂ ਤਾਕਤਾਂ ਨੂੰ ਸਦਾ ਜਾਇਜ਼ ਅਤੇ ਨਜ਼ਾਇਜ਼ ਹੱਥਕੰਡੇ ਅਪਣਾਉਣ ਲਈ ਪ੍ਰੇਰਦੀ ਰਹੀ ਹੈ । ਕੁਵੈਤ ਦਾ ਸ਼ੇਖ ਅਮਰੀਕਾ ਅਤੇ ਬਰਤਾਨੀਆ ਦੇ ਇਸ਼ਾਰੇ 'ਤੇ ਕੰਮ ਕਰਦਾ ਸੀ । ਇਹ ਹੀ ਕਾਰਨ ਸੀ ਅਮਰੀਕਾ, ਇੰਗਲੈਂਡ ਅਤੇ ਫਰਾਂਸ ਵਰਗੇ ਅਮੀਰ ਦੇਸ਼ਾਂ ਨੇ ਕੁਵੈਤ ਵਿਚ ਆਪਣੇ ਮੰਨ ਪਸੰਦ ਦੀ ਸਰਕਾਰ ਬਣਾਉਣ ਲਈ ਖਾੜੀ ਸੰਕਟ ਨੂੰ ਭਾਂਬੜ ਬਣਾ ਕੇ ਦੁਨੀਆਂ ਸਾਹਮਣੇ ਪੇਸ਼ ਕੀਤਾ । ਬਰਤਾਨੀਆ ਦੀ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਇਰਾਕ ਉਪਰ ਹਮਲਾ ਕਰਨ ਲਈ ਲੰਮੇ ਸਮੇਂ ਤੋਂ ਤੱਤਪਰ ਸਨ । ਅੰਤ ਉਨ੍ਹਾਂ ਦੇ ਜਾਨਸੀਨ, ਪ੍ਰਧਾਨ ਮੰਤਰੀ ਜੋਹਨ ਮੇਜਰ ਵੀ ਉਨ੍ਹਾਂ ਦੇ ਪੂਰਨਿਆਂ 'ਤੇ ਚੱਲੇ । ਅਮਰੀਕਾ ਤਾਂ ਭਾਵੇਂ ਫਿਰ ਵੀ ਅੰਤ ਤੱਕ ਗੱਲਾਂ-ਬਾਤਾਂ ਰਾਂਹੀ ਮਸਲਾ ਸੁਲਝਾਉਣ ਦੀ ਗੱਲ ਕਰਦਾ ਰਿਹਾ ਪਰ ਬਰਤਾਨੀਆ ਨੇ ਤਾਂ ਮੁੱਢੋਂ ਹੀ ਇਸ ਸਭਾਵਨਾ ਨੂੰ ਨਕਾਰਾ ਕਰ ਦਿੱਤਾ ਸੀ । ਬਰਤਾਨੀਆ ਦੇ ਲੀਡਰ ਵੀ ਬੜੇ ਜ਼ੋਰ-ਸ਼ੋਰ ਨਾਲ ਡੌਂਡੀ ਪਿੱਟ ਰਹੇ ਸਨ ਕਿ ਇਰਾਕ ਨੂੰ ਕੁਵੈਤ ਤੋਂ ਆਪਣਾ ਨਜਾਇਜ਼ ਕਬਜ਼ਾ ਛੱਡ ਦੇਣਾ ਚਾਹੀਦਾ ਹੈ । ਹਾਊਸ ਆਫ ਕਾਮਨਜ਼ ਵਿਚ ਜ਼ੋਰਾਂ-ਸ਼ੋਰਾਂ ਨਾਲ ਕੁਵੈਤ

ਉਪਰ ਇਰਾਕੀ ਕਬਜ਼ੇ ਦੀ ਨਿਖੇਧੀ ਕੀਤੀ ਗਈ । ਇਸ ਤਰ੍ਹਾਂ ਮਾਰਗ੍ਰੇਟ ਥੈਚਰ ਅਤੇ ਉਸ ਦੇ ਜਾਨਸ਼ੀਨ ਪਿਛਲੇ ਕਾਫੀ ਅਰਸੇ ਤੋਂ ਇਸ ਚੰਗਿਆੜੀ ਨੂੰ ਭੜਕਾ ਰਹੇ ਸਨ ਜਿਸ ਦੀਆਂ ਲਾਟਾਂ ਨੇ ਪੂਰੇ ਇਰਾਕ ਅਤੇ ਕੁਵੈਤ ਨੂੰ ਆਪਣੀ ਲਪੇਟ ਵਿਚ ਲੈ ਲਿਆ ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਦੀ ਥਲ ਸੈਨਾ ਕਦਾਚਿੱਤ ਵੀ ਇਰਾਕੀ ਥਲ ਸੈਨਾ ਦਾ ਮੁਕਾਬਲਾ ਨਹੀਂ ਕਰ ਸਕਦੀ ਸੀ । ਇਰਾਕ ਦੀ ਰਿਪਬਲੀਕਨ ਗਾਰਡਜ਼ ਦੁਨੀਆਂ ਦੀ ਖ਼ੂੰਖਾਰ ਮੰਨੀ ਜਾਣ ਵਾਲੀ ਫੌਜ ਸੀ । ਇਸ ਦੀ ਬਹਾਦਰੀ ਨੂੰ ਅਮਰੀਕਾ ਚੰਗੀ ਤਰ੍ਹਾਂ ਜਾਣਦਾ ਸੀ । ਅਮਰੀਕੀ ਲੋਕਾਂ ਨੇ ਜਦੋਂ ਅਮਰੀਕੀ ਰਾਸ਼ਟਰਪਤੀ ਨੂੰ ਇਹ ਕਿਹਾ ਕਿ ਉਹ ਤੇਲ ਬਦਲੇ ਆਪਣੇ ਦੇਸ਼ ਦੇ ਜਵਾਨਾਂ ਦਾ ਖ਼ੂਨ ਨਾ ਵਹਾਏ, ਅਮਰੀਕੀ ਜੰਗੀ ਮਸ਼ੀਨਰੀ ਨੇ ਲੱਕੜੀ ਦੇ ਬਣੇ ਉਨ੍ਹਾਂ (ਖੱਫਣਾਂ) ਬਕਸਿਆਂ ਦੇ ਆਰਡਰ ਦੇਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਪਾ ਕੇ ਅਮਰੀਕੀ ਫੌਜੀਆਂ ਦੀ ਲਾਸ਼ਾਂ ਵਾਪਸ ਅਮਰੀਕਾ ਲਿਜਾਈਆਂ ਜਾਣੀਆਂ ਸਨ । ਇਸ ਲਈ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਰਨ ਵਾਲੇ ਫੌਜੀਆਂ ਦੀ ਗਿਣਤੀ ਦੀਆਂ ਕਿਆਸਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ । ਜੰਗ ਬਾਰੇ ਇਕ ਅਮਰੀਕੀ ਵਿਸ਼ਲੇਸ਼ਕ ਐਡਵਰਡ ਲੁੱਟਵਾਕ ਨੇ ਅਮਰੀਕੀ ਰਾਸ਼ਟਰਪਤੀ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਜੇਕਰ ਹਾਲਾਤ ਇਤਿਹਾਦੀ ਫੌਜਾਂ ਦੇ ਹੱਕ ਵਿਚ ਬਹੁਤ ਜਿਆਦਾ ਵੀ ਰਹਿਣ ਅਤੇ ਜੇ ਇਰਾਕ ਦਾ 95 ਫੀਸਦੀ ਤੋਪਖਾਨਾਂ ਤਬਾਹ ਵੀ ਹੋ ਜਾਵੇ ਤਾਂ ਵੀ ਅਮਰੀਕਾ ਦੇ ਕਈ ਹਜ਼ਾਰ ਸੈਨਿਕ ਮਾਰੇ ਜਾਣਗੇ । ਇਸੇ ਤਰ੍ਹਾਂ ਇਕ ਬਰਤਾਨਵੀ ਅਧਿਕਾਰੀ ਨੇ ਭਵਿੱਖਬਾਣੀ ਕਰਦੇ ਹੋਏ ਕਿਹਾ ਸੀ ਕਿ ਜਦੋਂ ਮੈਦਾਨੀ ਜੰਗ ਸ਼ੁਰੂ ਹੋਵੇਗੀ, ਪਹਿਲੇ ਹੀ ਦਿਨ ਦੌਰਾਨ ਇਤਿਹਾਦੀ ਫੌਜਾਂ ਦੇ 2000 ਸੈਨਿਕ ਮਾਰੇ ਜਾਣਗੇ ਅਤੇ 25000 ਤੋਂ ਵੱਧ ਜ਼ਖਮੀ ਹੋ ਜਾਣਗੇ । ਇਸ ਸਭ ਕੁਝ ਨੂੰ ਦੇਖ ਕੇ ਅਮਰੀਕਾ ਖਾੜੀ ਦੇ ਸਹਿਲ ਵਿਚ ਉਤੱਰਿਆ ਸੀ । ਉਹ 'ਖਾੜੀ ਜੰਗ ਦੇ ਜੇਤੂ' ਹੋਣ ਦਾ ਖਿਤਾਬ ਹਾਸਲ ਕਰਨਾ ਚਾਹੁੰਦਾ ਸੀ ਪ੍ਰੰਤੂ ਉਹ ਇਕੱਲਾ ਕਦੇ ਵੀ ਇਹ ਸੇਹਰਾ ਹਾਸਲ ਨਹੀਂ ਸੀ ਕਰ ਸਕਦਾ । ਇਹ ਤਾਂ ਉਸ ਦੇ ਜੋਟੀਦਾਰ ਸਨ ਜਿਨ੍ਹਾਂ ਨੇ ਇਸ ਸੇਹਰੇ ਨੂੰ ਜਿੱਤ ਕੇ ਅਮਰੀਕਾ ਦੇ ਗਲ ਵਿਚ ਪਾ ਦਿੱਤਾ । ਸਾਉਦੀ ਅਰਬ ਨੇ ਭਿਆਨਕ ਖ਼ੂਨ ਖਰਾਬੇ ਨੂੰ ਮੁੱਖ ਰੱਖਦਿਆਂ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਉਦੀ ਫੌਜੀਆਂ ਦੀਆਂ ਲਾਸ਼ਾਂ ਦੱਬਣ ਲਈ 50000 ਕਬਰਾਂ ਪੁੱਟ ਕੇ ਤਿਆਰ ਰੱਖੀਆਂ ਹੋਈਆਂ ਸਨ । ਕਿਉਂਕਿ ਸਾਉਦੀ ਸਰਕਾਰ ਨੂੰ ਇਰਾਕੀ ਫੌਜੀਆਂ ਦੀ ਬੀਰਤਾ ਉਤੇ ਕੋਈ ਸ਼ੱਕ ਨਹੀਂ ਸੀ । ਇੰਗਲੈਂਡ ਅਤੇ ਫਰਾਂਸ ਨੇ ਜਦੋਂ ਇਹ ਦੇਖਿਆ ਕਿ ਇਰਾਕੀ ਧੜਾਧੜ ਉਨ੍ਹਾਂ ਦੇ ਹਵਾਈ ਜਹਾਜ਼ ਸੁੱਟੀ ਜਾ ਰਹੇ ਹਨ, ਉਨ੍ਹਾਂ ਨੇ ਉਚੇਰੀ ਉਡਾਣ ਤੋਂ ਬੰਬਾਰੀ ਕਰਨ ਵਾਲੇ ਹਵਾਈ ਜਹਾਜ਼ਾਂ ਨੂੰ ਜੰਗ ਵਿੱਚ ਧਕੇਲ ਦਿੱਤਾ । ਸਾਉਦੀ ਅਰਬ ਨੇ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦੀਆਂ ਫੌਜਾਂ ਨੂੰ ਆਪਣੇ ਦੇਸ਼ ਵਿੱਚ ਜਿੱਥੇ ਫੌਜੀ ਛਾਉਣੀ ਬਣਾਉਣ ਦੀ ਆਗਿਆ ਦਿੱਤੀ ਉਥੇ ਉਸ ਨੇ ਉਨ੍ਹਾਂ ਦੇ ਹਵਾਈ ਜਹਾਜ਼ਾਂ, ਬਖ਼ਤਰਬੰਦ ਗੱਡੀਆਂ, ਟੈਂਕਾਂ ਅਤੇ ਹੋਰ ਵਹੀਕਲਾਂ ਲਈ ਤੇਲ ਵੀ ਮੁਹੱਈਆ ਕੀਤਾ । ਜੇਕਰ ਸਾਉਦੀ ਸਰਕਾਰ ਅਜਿਹਾ ਨਾ ਕਰਦੀ ਤਾਂ ਅਮਰੀਕਾ ਕਦੇ ਵੀ ਜੰਗ ਵਿਚ ਕੁਦੱਣ ਦਾ ਹੀਆ ਨਾ ਕਰਦਾ ਅਤੇ ਇਸ ਸੂਰਤ ਵਿਚ ਉਸ ਨੂੰ ਵੱਡੇ-ਵੱਡੇ ਸਮੁੰਦਰੀ ਬੇੜੇ ਖਾੜੀ ਵਿਚ ਭੇਜਣੇ ਪੈਂਦੇ । ਉਸ ਦਾ ਇਸ ਜੰਗ ਉਤੇ ਇੰਨ੍ਹਾ ਖਰਚਾ ਆ

ਰਿਹਾ ਸੀ ਕਿ ਉਸ ਨੂੰ ਜਪਾਨ ਨੂੰ ਬੇਨਤੀ ਕਰਨੀ ਪਈ ਕਿ ਉਹ ਜੰਗ ਦੇ ਆਰਥਿਕ ਬੋਝ ਨੂੰ ਵੰਡਾਵੇ । ਬੇਨਤੀ ਪ੍ਰਵਾਨ ਕਰ ਕੇ ਜਪਾਨ ਨੇ ਇਸ ਕਤਲੇਆਮ ਲਈ ਅਮਰੀਕਾ ਨੂੰ ਖੁੱਲ੍ਹ ਕੇ ਦਾਨ ਦਿੱਤਾ । ਜਿਸ ਵਿਚ 20 % ਦਾਨ ਇਕੱਲੇ ਜਪਾਨ ਦਾ ਸੀ । ਜਰਮਨੀ ਵੀ ਦਾਨੀਆਂ ਦੀ ਸੂਚੀ ਵਿੱਚੋਂ ਪਿੱਛੇ ਨਾ ਰਿਹਾ । ਉਸ ਨੇ ਜੰਗੀ ਸਹਾਇਤਾ ਲਈ 22 ਅਰਬ ਡਾਲਰ ਦਾਨ ਵੱਜੋਂ ਦਿੱਤੇ । ਇਸਰਾਈਲ ਨੂੰ ਪੈਟਰੀਅਟ ਮਿਜ਼ਾਈਲਾਂ ਤੋਂ ਇਲਾਵਾ 1650 ਲੱਖ ਡਾਲਰ ਦੀ ਐਮਰਜੈਂਸੀ ਸਹਾਇਤਾ ਵੀ ਦਿੱਤੀ । ਰੇਗਸਤਾਨੀ ਕਤਲੇਆਮ ਲਈ ਬਰਤਾਨਵੀ ਯਤਨਾਂ ਨੂੰ ਮੁੱਖ ਰੱਖਦੇ ਹੋਏ ਉਸ ਨੇ ਬਰਤਾਨੀਆ ਨੂੰ 87.5 ਕਰੋੜ ਡੱਚ ਮਾਰਕ ਦੀ ਸਹਾਇਤਾ ਦਿੱਤੀ । ਕੁਵੈਤ ਨੇ ਉਸ ਨੂੰ 70 ਕਰੋੜ ਪੌਂਡ ਦੀ ਮਦਦ ਦਿੱਤੀ ।

ਇਸ ਤਰ੍ਹਾਂ ਅਮਰੀਕਾ ਨੇ ਇਰਾਕੀ ਤਾਕਤ ਨੂੰ ਪਹਿਲਾਂ ਹੀ ਚੰਗੀ ਤਰ੍ਹਾਂ ਸਮਝ ਲਿਆ ਸੀ । ਇਸ ਕਾਰਨ ਹੀ ਉਸ ਨੂੰ ਇਰਾਕ ਦੇ ਵਿਰੁੱਧ ਇੰਨੇ ਦੇਸ਼ ਇੱਕਠੇ ਕਰਨੇ ਪਏ। ਇਹ ਵੀ ਸੀ ਕਿ ਉਹ ਵੀਅਤਨਾਮ ਨਾਲ ਹੋਈ ਜੰਗ ਦੇ ਸਮੇਂ ਤੋਂ ਹੀ ਸ਼ਰਮਸਾਰ ਸੀ । ਇਸ ਲਈ ਉਹ ਅਮਰੀਕੀ ਫੌਜ ਉਤੇ ਲੱਗੇ ਕਲੰਕ ਨੂੰ ਧੋਣਾ ਚਾਹੁੰਦਾ ਸੀ । ਪ੍ਰੰਤੂ ਇਹ ਕੰਮ ਉਹ ਆਪਣੇ ਜੋਟੀਦਾਰਾਂ ਤੋਂ ਵਗੈਰ ਨਹੀਂ ਸੀ ਕਰ ਸਕਦਾ । ਇਹ ਸਾਰਾ ਕੁਝ ਦੇਖ ਕੇ ਹੀ ਉਹ ਖਾੜੀ ਦੇ ਖੇਤਰ ਵਿਚ ਉਤਰਿਆ ਸੀ । ਇਸ ਲਈ ਉਸ ਨੇ ਅਤੇ ਉਸ ਦੇ ਜੋਟੀਦਾਰਾਂ ਨੇ ਜੰਗ ਉਤੇ ਅੰਧਾਧੁੰਦ ਪੈਸਾ ਖਰਚ ਕੀਤਾ । ਇਸ ਜੰਗ ਵਿਚ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਦਾ ਫੂਕਿਆ ਜਾਣ ਵਾਲ਼ਾ ਅਸਲਾ 1500 ਅਰਬ ਡਾਲਰ ਤੋਂ ਵੀ ਅਧਿਕ ਮੁੱਲ ਦਾ ਸੀ। ਇੰਨੀ ਰਕਮ ਨਾਲ ਤੀਜੀ ਦੁਨੀਆ ਦੇ ਦੇਸ਼ਾਂ ਦਾ ਕਰਜ਼ਾ ਚੁਕਾਇਆ ਜਾ ਸਕਦਾ ਸੀ । ਫਰਾਂਸ ਨੇ 20 ਅਰਬ ਡਾਲਰ ਦਾ ਸਾਜੋ-ਸਮਾਨ ਜੰਗ ਵਿਚ ਝੋਕਿਆ ਹੋਇਆ ਸੀ । ਫਰਾਂਸੀਸੀ ਜੈਗੁਅਰ ਜਹਾਜ਼ਾਂ ਵੱਲੋਂ ਇਰਾਕੀ ਸ਼ਹਿਰਾਂ ਉਤੇ ਕੀਤੀ ਗਈ ਹਰ ਹਵਾਈ ਉਡਾਣ ਉਪਰ 2.5 ਕਰੋੜ ਫਰਾਂਕ ਖਰਚ ਆਉਦਾ ਸੀ । ਕਨੈਡਾ ਹਰ ਮਹੀਨੇ ਖਾੜੀ ਦੀ ਜੰਗ 'ਤੇ 774 ਲੱਖ ਡਾਲਰ ਖਰਚ ਕਰ ਰਿਹਾ ਸੀ । ਜਦ ਕਿ ਉਸ ਨੇ 31 ਮਾਰਚ 1991 ਤੱਕ ਕੈਨੇਡੀਆਈ ਫੌਜਾਂ ਦੀ ਸਮੁਲੀਅਤ ਲਈ 5555 ਲੱਖ ਅਮਰੀਕੀ ਡਾਲਰ ਦੀ ਰਕਮ ਰਾਖਵੀਂ ਰੱਖੀ ਹੋਈ ਸੀ । ਸਾਉਦੀ ਅਰਬ ਜਿਥੇ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਦੇ ਜਹਾਜ਼ਾ ਨੂੰ ਤੇਲ ਮੁਹੱਈਆ ਕਰ ਰਿਹਾ ਸੀ, ਉਥੇ ਉਸ ਨੇ ਕੁਵੈਤ ਨਾਲ ਮਿਲ ਕੇ 10.5 ਅਰਬ ਡਾਲਰ 'ਕਤਲੇਆਮ-ਏ-ਰੇਗਿਸਤਾਨ' ਲਈ ਦਾਨ ਵੱਜੋਂ ਦਿੱਤੇ ਜਦ ਕਿ ਉਸ (ਸਾਉਦੀ ਅਰਬ) ਨੇ ਲੋੜ ਪੈਣ ਤੇ 48 ਅਰਬ ਡਾਲਰ ਦੀ ਰਾਸ਼ੀ ਰਾਖਵੀਂ ਰੱਖੀ ਹੋਈ ਸੀ । ਕੁਲ ਮਿਲਾ ਕੇ ਅਰਬ ਦੇਸ਼ਾਂ ਨੇ ਮਨੁੱਖਤਾ ਦੇ ਕਤਲੇਆਮ ਉਤੇ 62000 ਕਰੋੜ ਡਾਲਰ ਖਰਚ ਕੀਤੇ ।

ਇਰਾਕ ਆਰਥਿਕ ਪੱਖੋਂ ਇਨ੍ਹਾਂ ਦੇਸ਼ਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ । ਇਸ ਲਈ ਉਹ ਰੇਗਿਸਤਾਨ ਵਿਚ ਆਏ ਕਤਲੇਆਮ ਦੇ ਤੁਫਾਨ ਨੂੰ ਰੋਕਣ ਲਈ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸਫਲ ਨਾ ਹੋ ਸਕਿਆ । ਇਹ ਵੀ ਸੀ ਕਿ ਉਹ ਜੰਗ ਵਿਚ ਇਕ ਪਾਸੇ ਇਕੱਲਾ ਸੀ । ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਏਨੇ ਦੇਸ਼ਾਂ ਨੇ ਇਕੱਠੇ ਹੋ ਕੇ ਕਿਸੇ ਇਕ ਦੇਸ਼ ਦਾ ਘੋਗਾ ਚਿੱਤ ਕੀਤਾ ਹੋਵੇ । ਭਾਵੇਂ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਦੀ ਅੰਦਰੂਨੀ ਹਮਦਰਦੀ ਇਰਾਕ ਨਾਲ ਸੀ ਪ੍ਰੰਤੂ ਕਿਸੇ ਵੀ ਦੇਸ਼ ਨੇ

ਬਾਹਰੀ ਤੌਰ 'ਤੇ ਉਸ ਦੀ ਸਹਾਇਤਾ ਨਾ ਕੀਤੀ । ਜੰਗ ਦੇ ਪੂਰੇ ਸਮੇਂ ਵਿਚ ਅਖੀਰ ਤੱਕ ਉਹ ਇਕੱਲਾ ਹੀ ਅਮਰੀਕਾ ਸਮੇਤ 29 ਦੇਸ਼ਾਂ ਦਾ ਮੁਕਾਬਲਾ ਕਰਦਾ ਰਿਹਾ । ਇਸ ਦੇ ਮੁਕਾਬਲੇ ਮਿੱਤਰ ਦੇਸ਼ਾਂ ਕੋਲ ਸ਼ਕਤੀਸ਼ਾਲੀ ਹਵਾਈ ਸੈਨਾ ਦੇ ਨਾਲ ਨਾਲ ਸਮੁੰਦਰੀ ਸ਼ਕਤੀ ਵੀ ਸੀ । ਇਰਾਕੀ ਹਵਾਈ ਸੈਨਾ ਜਿਥੇ ਗਿਣਤੀ ਵਿਚ ਬਹੁਤ ਘੱਟ ਸੀ ਉਥੇ ਬਹੁਤ ਕਮਜ਼ੋਰ ਵੀ ਸੀ । ਉਹ ਇੰਗਲੈਡ ਅਤੇ ਫਰਾਂਸ ਦੇ ਉਚਾਈ ਤੋਂ ਮਾਰ ਕਰਨ ਵਾਲੇ ਹਵਾਈ ਜਹਾਜ਼ਾਂ ਦਾ ਮੁਕਾਬਲਾ ਨਾ ਕਰ ਸਕੀ । ਅਮਰੀਕਾ ਦੇ ਸਭ ਤੋਂ ਸ਼ਕਤੀਸ਼ਾਲੀ ਅਤੇ ਘਾਤਕ ਹਵਾਈ ਜਹਾਜ਼ ਬੀ-52 ਨੇ ਲਗਾਤਾਰ ਉਡਾਣਾਂ ਭਰ ਭਰ ਕੇ ਇਰਾਕ ਦਾ ਲੱਕ ਤੋੜ ਦਿੱਤਾ। ਸਮੁੰਦਰ ਦੂਰ ਹੋਣ ਕਾਰਨ ਇਰਾਕ ਕੋਲ ਸਮੁੰਦਰੀ ਸੈਨਾ ਨਹੀਂ ਸੀ । ਦੂਜੇ ਪਾਸੇ ਇੰਗਲੈਂਡ ਅਮਰੀਕਾ ਅਤੇ ਫਰਾਂਸ ਦੀ ਸਮੁੰਦਰੀ ਸ਼ਕਤੀ ਸੰਸਾਰ ਭਰ ਵਿਚ ਪ੍ਰਸਿੱਧ ਸੀ । ਇਕੱਲੇ ਅਮਰੀਕਾ ਨੇ ਇਰਾਕ ਦੀ ਘੇਰਾਬੰਦੀ ਕਰਨ ਲਈ 80 ਸਮੁੰਦਰੀ ਬੇੜੇ ਖਾੜੀ ਵਿਚ ਤਾਇਨਾਤ ਕੀਤੇ ਹੋਏ ਸਨ ਅਤੇ ਉਸ ਦੇ ਜੋਟੀਦਾਰਾਂ ਨੇ 95 ਸਮੁੰਦਰੀ ਬੇੜੇ ਜੰਗ ਵਿਚ ਝੋਕੇ ਹੋਏ ਸਨ ਇਸ ਤਰ੍ਹਾਂ ਉਨ੍ਹਾਂ ਨੇ ਇਰਾਕ ਨੂੰ ਚਾਰੇ ਪਾਸੇ ਤੋਂ ਘੇਰਾ ਪਾਇਆ ਹੋਇਆ ਸੀ । ਇਨ੍ਹਾਂ ਬੇੜਿਆਂ ਤੋਂ ਜੰਗੀ ਜਹਾਜ਼ਾਂ ਨੇ ਉਡਾਣਾ ਭਰ ਕੇ ਇਰਾਕ 'ਤੇ ਲਗਾਤਾਰ ਬੰਬਾਰੀ ਕੀਤੀ । ਜੰਗੀ ਜਹਾਜ਼ ਬੰਬਾਰੀ ਕਰ ਕੇ ਮੁੜ ਆਪਣੇ ਬੇੜਿਆ 'ਤੇ ਪਰਤ ਆਉਂਦੇ ਸਨ ।

ਅਮਰੀਕੀ ਫੌਜਾਂ ਵੀਅਤਨਾਮ ਦੀ ਜੰਗ ਵਿੱਚੋਂ ਸਬਕ ਸਿੱਖ ਕੇ ਦ੍ਰਿੜ ਇਰਾਦੇ ਨਾਲ ਜੰਗ ਵਿਚ ਉਤੱਰੀਆਂ ਸਨ । ਇਰਾਕ ਦੇ ਕੁਵੈਤ 'ਤੇ ਕਬਜ਼ਾ ਕਰਨ ਤੋਂ ਮਗਰੋਂ ਅਮਰੀਕਾ ਨੇ ਆਪਣੇ ਸਾਥੀ ਦੇਸ਼ਾਂ ਨਾਲ ਫਾਰਸ ਦੀ ਖਾੜੀ ਵਿਚ ਜੰਗੀ ਸਾਜੋ ਸਮਾਨ ਝੋਕਣਾ ਸ਼ੁਰੂ ਕਰ ਦਿੱਤਾ ਸੀ । ਉਹ ਹਰ ਸੂਰਤ ਇਰਾਕ ਨੂੰ ਬੇਇਜ਼ਤ ਅਤੇ ਨੀਵਾਂ ਦੇਖਣਾ ਚਾਹੁੰਦਾ ਸੀ । ਇਕ ਅਮਰੀਕੀ ਮਾਹਿਰ ਨੇ ਖਾੜੀ ਵਿਚ ਉਤੱਰੇ ਅਮਰੀਕੀ ਸੈਨਿਕਾਂ ਦੀ ਜੰਗ ਲਈ ਕਾਹਲ ਨੂੰ ਇਉਂ ਬਿਆਨ ਕੀਤਾ ਹੈ "ਅਮਰੀਕੀ ਸੈਨਿਕ ਵਿਹਲੇ ਬੈਠੇ ਤੰਗ ਆ ਰਹੇ ਹਨ । ਉਨ੍ਹਾਂ ਦੇ ਜੁੱਸੇ ਜੰਗ ਲਈ ਭਖ ਰਹੇ ਹਨ । ਉਨ੍ਹਾਂ ਦੀਆਂ ਉਂਗਲਾਂ ਰਫਲਾਂ ਦੇ ਘੋੜੇ ਦੱਬਣ ਲਈ ਵਿਆਕੁਲ ਹਨ ਉਹ ਹਮਲਾਵਰ ਸੱਦਾਮ ਹੁਸੈਨ ਨੂੰ ਕੁਚਲ ਦੇਣ ਲਈ ਤਿਆਰ ਹਨ । ਉਹਨਾਂ ਨੂੰ ਪਤਾ ਹੈ ਕਿ ਜੰਗ ਦੇ ਅਰਥ ਮੌਤ ਵਿਚ ਜਾਂ ਲੂਲੇ ਲੰਗੜੇ ਹੋਣ ਵਿਚ ਨਿਕਲ ਸਕਦੇ ਹਨ । ਪਰ ਹੁਣ ਉਹ ਉਡੀਕ ਨਹੀਂ ਸਕਦੇ, ਅਮਰੀਕੀ ਸੁਭਾਅ ਉਡੀਕਦੇ ਰਹਿਣ ਦਾ ਨਹੀਂ । ਸਵਾ ਚਾਰ ਲੱਖ ਫੌਜੀਆਂ ਵਿੱਚੋਂ ਇਕ ਹਫਤੇ ਦੀ ਲੜਾਈ ਵਿੱਚ ਦੋ ਢਾਈ ਸੋ ਮਾਰੇ ਜਾਣ ਦਾ ਖਦਸ਼ਾ ਹੈ । ਪਰ ਇੰਨੀ ਕੁ ਕੁਰਬਾਨੀ ਤਾਂ ਦੇਣੀ ਹੀ ਬਣਦੀ ਹੈ .....।" ਇਸ ਤੋਂ ਸਪਸ਼ਟ ਹੈ ਕਿ ਅਮਰੀਕੀ ਫੌਜਾਂ ਦ੍ਰਿੜ ਇਰਾਦੇ ਨਾਲ ਕਤਲੇਆਮ ਕਰਨ ਲਈ ਮੈਦਾਨ-ਏ-ਜੰਗ ਵਿਚ ਉਤੱਰੀਆਂ ਸਨ । ਉਹ ਹਰ ਹਾਲ ਵਿਚ ਆਪਣੇ ਨਵੀਨਤਮ ਹਥਿਆਰਾਂ ਨਾਲ ਇਰਾਕੀ ਅਰਥਚਾਰੇ ਨੂੰ ਤਬਾਹ ਕਰਨ ਉਤੇ ਤੁਲੀਆਂ ਹੋਈਆਂ ਸਨ । ਇਸ ਲਈ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੇ ਅਤਿ ਆਧੁਨਿਕ ਜੰਗੀ ਸਾਜੋ ਸਮਾਨ ਖਾੜੀ ਖੇਤਰ ਵਿਚ ਝੋਕ ਰੱਖਿਆ ਸੀ । ਅਮਰੀਕਾ ਇਸ ਕਤਲੇਆਮ ਦੀ ਅਗਵਾਈ ਕਰ ਰਿਹਾ ਸੀ । ਇਸ ਲਈ ਇਸ ਨੇ ਆਪਣੇ ਸਾਥੀ ਦੇਸ਼ਾਂ ਵਿਚੋਂ ਸਭ ਤੋਂ ਜਿਆਦਾ (4,50000) ਫੌਜ ਖਾੜੀ ਵਿਚ ਤਾਇਨਾਤ ਕਰ ਰੱਖੀ ਸੀ । ਇਸ ਤੋਂ

ਇਲਾਵਾ 800 ਅਤਿ ਆਧੁਨਿਕ ਜੰਗੀ ਜਹਾਜ਼ ਹਥਿਆਰਾਂ ਨਾਲ ਲੈਸ ਕਰ ਕੇ ਜੰਗ ਵਿਚ ਭੇਜੇ ਹੋਏ ਸਨ । ਇਨ੍ਹਾਂ ਜਹਾਜ਼ਾਂ ਤੋਂ ਇਲਾਵਾ ਦੋ ਅਜਿਹੇ ਜਹਾਜ਼ ਵੀ ਖਾੜੀ ਜੰਗ ਵਿਚ ਭੇਜੇ ਹੋਏ ਸਨ ਜਿਹੜੇ ਰਾਤ ਦੇ ਹਨੇਰੇ ਵਿਚ ਵੀ ਧਰਤੀ ਦੇ ਨੀਚੇ ਦੀਆਂ ਤਸਵੀਰਾਂ ਲੈ ਕੇ ਇਹ ਦੱਸਦੇ ਸਨ ਕਿ ਧਰਤੀ ਦੇ ਉਪਰ ਜਾਂ ਨੀਚੇ ਕੀ ਹੈ । ਇਹ ਜਹਾਜ਼ ਸੰਸਾਰ ਦੇ ਇਤਿਹਾਸ ਵਿਚ ਪਹਿਲੀ ਵਾਰ ਤਜ਼ਰਬੇ ਦੇ ਤੌਰ 'ਤੇ ਵਰਤੇ ਗਏ । ਇਹਨਾਂ ਜਹਾਜ਼ਾਂ ਸਦਕਾ ਹੀ ਇਰਾਕ ਦੇ ਬਹੁਤ ਸਾਰੇ ਬੰਕਰ ਅਤੇ ਸ਼ਾਨਦਾਰ ਇਮਾਰਤਾਂ ਢੇਰ ਹੋ ਗਈਆਂ । ਇਥੇ ਹੀ ਅਮਰੀਕਾ ਨੇ ਦੁਨੀਆਂ ਦੇ ਸਭ ਤੋਂ ਵੱਡੇ ਘਾਤਕ ਲੜਾਕੂ ਹਵਾਈ ਜਹਾਜ਼ ਬੀ-52 ਦੀ ਪਹਿਲੀ ਵਾਰ ਤਜ਼ਰਬੇ ਦੇ ਤੌਰ ਤੇ ਖੁੱਲ੍ਹ ਕੇ ਵਰਤੋਂ ਕੀਤੀ । ਇਸ ਤੋਂ ਇਲਾਵਾ ਏ-ਵੀ-8 ਹੈਰੀਅਰ ਜਹਾਜ਼ਾਂ ਨੇ ਇਰਾਕੀ ਟੈਂਕਾਂ 'ਤੇ ਲਗਾਤਾਰ ਹਮਲੇ ਕੀਤੇ । ਉਸ ਨੇ 2000 ਟੈਂਕ, ਅਤੇ 55 ਸਮੁੰਦਰੀ ਜਹਾਜ਼ ਇਸ ਜੰਗ ਵਿਚ ਕਾਰਵਾਈ ਕਰਨ ਲਈ ਤਾਇਨਾਤ ਕੀਤੇ ਹੋਏ ਸਨ । ਤੁਰਕੀ ਦੇ ਬਾਰਡਰ 'ਤੇ ਇਕ ਲੱਖ ਸੈਨਿਕ, 50 ਟੈਂਕ, 50 ਅਤਿ ਅਧੁਨਿਕ ਲੜਾਕੂ ਹਵਾਈ ਜਹਾਜ਼ ਅਤੇ ਸੀਰੀਆ ਦੇ ਬਾਰਡਰ 'ਤੇ 50000 ਸੈਨਿਕ ਲਗਾਏ ਗਏ ਸਨ । ਇਸ ਤੋਂ ਇਲਾਵਾ ਇਰਾਕ ਦੀਆਂ ਸਕੱਡ ਮਿਜ਼ਾਈਲਾਂ ਨੂੰ ਨਸ਼ਟ ਕਰਨ ਲਈ ਪੈਟਰੀਆਟ ਮਿਜ਼ਾਈਲਾਂ ਦੀ ਵਰਤੋਂ ਕੀਤੀ ਗਈ । ਇਸਰਾਈਲ 'ਤੇ ਹੋ ਰਹੇ ਸਕੱਡ ਮਿਜ਼ਾਈਲਾਂ ਦੇ ਹਮਲਿਆ ਨੂੰ ਰੋਕਣ ਲਈ ਪੈਟਰੀਆਟ ਮਿਜ਼ਾਈਲਾਂ ਦੀ ਛੱਤਰੀ ਤਾਣ ਰੱਖੀ ਸੀ । ਅਮਰੀਕੀ ਜੰਗੀ ਬੇੜਾ ਵਿਸਕੌਨਸਿਨ ਇਰਾਕ ਵੱਲ ਟੋਮਹਾਕ ਕਰੂਜ਼ ਮਿਜ਼ਾਈਲਾਂ ਦਾਗ ਰਿਹਾ ਸੀ । ਅਤੀ ਘਾਤਕ ਅਤੇ ਆਧੁਨਿਕ ਹਥਿਆਰ 'ਫਿਊਲ ਏਅਰ ਮਿਜ਼ਾਈਲਾਂ ਵੀ ਜੰਗ ਵਿਚ ਵਰਤੀਆਂ ਗਈਆਂ । ਹਵਾਈ ਜਹਾਜ਼ਾਂ ਵਿਚੋਂ ਛੱਡਣ ਸਾਰ ਇਨ੍ਹਾਂ ਤੋਂ ਅੱਗ ਲੱਗਣ ਵਾਲੀ ਧੁੰਦ ਦੇ ਬੱਦਲ ਨਿਕਲਦੇ ਸਨ । ਅਮਰੀਕਾ ਵੱਲੋਂ 'ਨਾਪਾਮ ਬੰਬ' ਵੀ ਖੁਲ੍ਹ ਕੇ ਵਰਤੇ ਗਏ , ਜਿਨ੍ਹਾਂ ਨਾਲ ਸੁੱਟੇ ਜਾਣ ਵਾਲੀ ਥਾਂ 'ਤੇ ਅੱਗ ਦਾ ਭਾਂਬੜ ਬਲ ਉਠਦਾ ਸੀ । 'ਫਿਊਲ-ਏਅਰ ਬੰਬ' ਜਿਹੜੇ ਕੁਲੀਸ਼ਨ ਫੌਜਾਂ ਨੂੰ ਦਿੱਤੇ ਹੋਏ ਸਨ, ਬਹੁਤ ਹੀ ਖਤਰਨਾਕ ਗੈਰ ਪ੍ਰਮਾਣੂ ਹਥਿਆਰ ਸਨ । ਇਨ੍ਹਾਂ ਬੰਬਾਂ ਨਾਲ ਪ੍ਰਭਾਵਿਤ ਫੌਜੀਆਂ ਦੇ ਫੇਫੜੇ ਅਤੇ ਹੋਰ ਅੰਦਰਲੇ ਅੰਗ ਅੱਧ ਪਚੱਧੇ ਬਾਹਰ ਖਿੱਚੇ ਜਾਂਦੇ ਸਨ ।

ਬਰਤਾਨੀਆ ਨੇ ਖਾੜੀ ਜੰਗ ਵਿਚ ਇਰਾਕ ਦੇ ਵਿਰੁੱਧ 40 ਹਜ਼ਾਰ ਸੈਨਿਕਾਂ ਤੋਂ ਇਲਾਵਾਂ 50 ਅਤਿ ਆਧੁਨਿਕ ਲੜਾਕੂ ਹਵਾਈ ਜਹਾਜ਼, 163 ਟੈਂਕ ਅਤੇ 50 ਸਮੁੰਦਰੀ ਜਹਾਜ਼ ਤਾਇਨਾਤ ਕੀਤੇ ਹੋਏ ਸਨ ਜਿਹੜੇ ਰਿਮੋਟ ਕੰਟਰੋਲ ਕਰੂਜ਼ ਮਿਜ਼ਾਈਲਾਂ ਰਾਹੀਂ ਇਰਾਕ 'ਤੇ ਭਿਆਨਕ ਤਬਾਹੀ ਮਚਾ ਰਹੇ ਸਨ, ਜਿਨ੍ਹਾਂ ਵਿਚ ਚਾਰ ਲੜਾਕੂ, ਚਾਰ ਫਰੀਗੇਟ, ਪੰਜ ਬਾਰੂਦੀ ਸੁਰੰਗਾਂ ਸਾਫ ਕਰਨ ਵਾਲੇ ਬੇੜੇ ਅਤੇ ਦਸ ਸਮਰਥਕ ਸਮੁੰਦਰੀ ਵਾਹਨ ਸਨ । ਜ਼ਮੀਨੀ ਜੰਗ ਵਿਚ ਅਮਰੀਕੀ ਬਖ਼ਤਰਬੰਦ ਡਵੀਜ਼ਨਾਂ ਅਤੇ ਬਰਤਾਨਵੀ ਫੌਜਾਂ ਨੇ ਮਲਟੀਪਲ-ਲਾਂਚ-ਰਾਕਟ-ਸਿਸਟਮ (ਐਮ.ਐਲ.ਆਰ.ਐਸ) ਦੀ ਇਤਿਹਾਸ ਵਿਚ ਪਹਿਲੀ ਵਾਰ ਖੁੱਲ੍ਹ ਕੇ ਵਰਤੋਂ ਕੀਤੀ । ਫਰਾਂਸ ਦੇ 10000 ਫੌਜੀ 36 ਲੜਾਕੂ ਹਵਾਈ ਜਹਾਜ਼, 40 ਟੈਂਕ ਅਤੇ 14 ਸਮੁੰਦਰੀ ਜਹਾਜ਼ ਕਤਲੇਆਮ ਵਿਚ ਅਮਰੀਕਾ ਦਾ ਸਾਥ ਦੇ ਰਹੇ ਸਨ । ਖਾੜੀ ਸਹਿਯੋਗ ਪ੍ਰੀਸ਼ਦ (ਗਲਫ ਕੌਂਸਲ) ਜਿਸ ਵਿਚ ਸਾਉਦੀ ਅਰਬ, ਓਮਾਨ, ਕਤਰ ਯੂ.ਏ.ਈ. ਅਤੇ ਬਹਿਰੀਨ ਦੇਸ਼ ਸ਼ਾਮਲ ਸਨ, ਨੇ ਖਾੜੀ ਜੰਗ

ਵਿਚ ਮੁਸਲਿਮ ਖ਼ੂਨ ਵਹਾਉਣ ਲਈ ਇਕ ਲੱਖ ਸੱਠ ਹਜ਼ਾਰ ਸੈਨਿਕ, 330 ਲੜਾਕੂ ਹਵਾਈ ਜਹਾਜ਼, 800 ਟੈਂਕ ਅਤੇ 36 ਸਮੁੰਦਰੀ ਜਹਾਜ਼ ਝੋਕੇ ਹੋਏ ਸਨ । ਇਨ੍ਹਾਂ ਦੇਸ਼ਾਂ ਵਿਚੋਂ ਸਭ ਤੋਂ ਜਿਆਦਾ ਫੌਜ ਸਾਊਦੀ ਅਰਬ ਦੀ ਸੀ । ਉਸ ਨੇ ਆਪ ਇਸ ਜੰਗ ਲਈ ਅਮਰੀਕਾ ਨੂੰ ਸੱਦਾ ਦਿੱਤਾ ਸੀ । ਇਸ ਲਈ ਜੰਗੀ ਮਸ਼ੀਨਰੀ ਲਈ ਇੱਕਲਾ ਸਾਉਦੀ ਅਰਬ ਹੀ ਤੇਲ ਮਹਈਆ ਕਰ ਰਿਹਾ ਸੀ । ਜੰਗ ਸਮੇਂ ਤੇਲ ਦੀ ਖਪਤ ਇੰਨ੍ਹੀ ਵਧ ਗਈ ਕਿ ਕਿਸੇ ਵੇਲੇ ਤੇਲ ਦਰਾਮਦ ਕਰਨ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਇਹ ਦੇਸ਼ ਤੇਲ ਦਾ ਬਰਾਮਦਕਾਰ ਬਣ ਗਿਆ ।

ਮੋਰਾਕੋ ਨੇ 1700 ਸੈਨਿਕ, ਬੰਗਲਾ ਦੇਸ਼ ਨੇ 2000, ਪਾਕਿਸਤਾਨ ਨੇ 7000 ਅਤੇ ਮਿਸਰ ਨੇ 35000 ਸੈਨਿਕਾਂ ਤੋਂ ਇਲਾਵਾ 400 ਟੈਂਕ ਅਮਰੀਕੀ ਸਹਾਇਤਾ ਲਈ 1991 ਦੀ ਖਾੜੀ ਜੰਗ ਵਿਚ ਭੇਜੇ । ਸੀਰੀਆ ਨੇ 19000 ਸੈਨਿਕ, 270 ਟੈਂਕ ਅਤੇ ਚੈਕੋਸਲੋਵਾਕੀਆ ਨੇ (ਸਾਂਝਾ ਚੈਕ ਅਤੇ ਸਲੋਵਾਕੀਆ) 200 ਸੈਨਿਕ ਜੰਗ ਵਿਚ ਭਾਗ ਲੈਣ ਲਈ ਭੇਜੇ । ਅਰਜਨਟੀਨਾ ਨੇ ਸਭ ਤੋਂ ਘੱਟ 100 ਸੈਨਿਕ ਅਤੇ ਦੋ ਸਮੁੰਦਰੀ ਜਹਾਜ਼ ਖਾੜੀ ਜੰਗ ਵਿਚ ਭੇਜੇ ਹੋਏ ਸਨ । ਹਾਂਡੂਰਾਸ, ਨਾਈਜੀਰੀਆ ਅਤੇ ਸੈਨੀਗਾਲ ਨੇ ਕਰਮਵਾਰ 150,480 ਅਤੇ 500 ਸੈਨਿਕ, ਇਟਲੀ ਨੇ 8 ਲੜਾਕੂ ਹਵਾਈ ਜਹਾਜ਼ ਅਤੇ ਕੈਨੇਡਾ ਨੇ 2000 ਸੈਨਿਕਾਂ ਤੋਂ ਇਲਾਵਾ 18 ਲੜਾਕੂ ਹਵਾਈ ਜਹਾਜ਼ ਵੀ ਜੰਗ ਵਿਚ ਭੇਜੇ ਹੋਏ ਸਨ । ਨਾਟੋ ਗੁੱਟ ਦੇ ਦੇਸ਼ਾਂ ਨੇ ਕੁੱਲ ਮਿਲਾ ਕੇ 52 ਸਮੁੰਦਰੀ ਜਹਾਜ਼ ਜੰਗ ਵਿਚ ਭੇਜੇ। ਇਸ ਤੋਂ ਇਲਾਵਾ ਤੁਰਕੀ ਨੇ ਆਪਣੀ 100000 (ਇਕ ਲੱਖ) ਥਲ ਸੈਨਾ ਇਰਾਕ ਦੇ ਬਾਰਡਰ ਦੇ ਨਾਲ ਨਾਲ ਲੜਨ ਲਈ ਰਾਖਵੀਂ ਰੱਖੀ ਹੋਈ ਸੀ । ਅਸਟ੍ਰੇਲੀਆ ਅਤੇ ਯੂ.ਐਸ.ਐਸ.ਆਰ. ਨੇ ਕਰਮਵਾਰ 5 ਅਤੇ 2 ਸਮੁੰਦਰੀ ਜਹਾਜ਼ ਇਰਾਕ ਦੇ ਵਿਰੁੱਧ ਖਾੜੀ ਜੰਗ ਵਿਚ ਭੇਜ ਰੱਖੇ ਸਨ ।

ਇਰਾਕ ਜਿਸ ਨੂੰ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਫੌਜੀ ਸ਼ਕਤੀ ਹੋਣ ਦਾ ਮਾਣ ਹਾਸਲ ਸੀ, ਦਸ ਲੱਖ ਸਿਖਸ਼ਤ ਸੈਨਾਂ ਨਾਲ ਜਿਸ ਵਿਚ ਦੁਨੀਆਂ ਦੀ ਸਭ ਤੋਂ ਘਾਤਕ ਮੰਨੀ ਜਾਣ ਵਾਲੀ ਖੂੰਖਾਰ ਫੋਰਸ 'ਰਿਪਬਲੀਕਨ ਗਾਰਡਜ਼' ਵੀ ਸ਼ਾਮਲ ਸੀ, ਅਮਰੀਕਾ ਸਮੇਤ 29 ਦੇਸ਼ਾਂ ਦਾ ਇਕੱਲਾ ਹੀ ਮੁਕਾਬਲਾ ਕਰ ਰਿਹਾ ਸੀ । ਉਸ ਦੀ ਭਿਅੰਕਰ ਜੰਗੀ ਮਸ਼ੀਨਰੀ ਵਿਚ 5500 ਟੈਂਕ 3500 ਅਰਟੀਲਰੀ, 200 ਲਾਂਚਰ, 500 ਤੋਂ 800 ਤੱਕ ਐਸ-ਟੂ-ਐਸ. ਮਿਜ਼ਾਈਲ, 800 ਲੜਾਕੂ ਹਵਾਈ ਜਹਾਜ਼, ਇਕ ਫਰੀਗੇਟ ਮਿਜ਼ਾਈਲ, 8 ਅਟੈਕ ਕਰਾਫਟ, 6 ਤਾਰਪੀਡੋ ਕਿਸ਼ਤੀਆਂ ਸ਼ਾਮਲ ਸਨ । ਦਸ ਲੱਖ ਦੀ ਸੈਨਾ ਵਿਚੋਂ ਇਰਾਕ ਨੇ ਕੁਵੈਤ ਵਿਚ 4 ਲੱਖ 30 ਹਜ਼ਾਰ ਸੈਨਿਕ, 4 ਹਜ਼ਾਰ ਟੈਂਕ ਅਤੇ 500 ਲੜਾਕੂ ਹਵਾਈ ਜਹਾਜ਼ ਤਾਇਨਾਤ ਕੀਤੇ ਹੋਏ ਸਨ ਅਤੇ ਕੁਵੈਤ ਦੇ ਨੇੜੇ ਹੀ ਦੱਖਣੀ ਇਰਾਕ ਵਿਚ 2 ਲੱਖ ਤੀਹ ਹਜ਼ਾਰ ਸੈਨਾ ਤਾਇਨਾਤ ਕੀਤੀ ਹੋਈ ਸੀ । ਭਾਵੇਂ ਇਰਾਕ ਕੋਲ ਫੌਜੀ ਸ਼ਕਤੀ ਦੇ ਨਾਲ ਨਾਲ ਜੰਗੀ ਸਾਜੋ-ਸਮਾਨ ਵੀ ਕਾਫੀ ਸੀ ਪ੍ਰੰਤੂ ਫਿਰ ਵੀ ਉਸ ਲਈ ਅਮਰੀਕਾ, ਇੰਗਲੈਂਡ, ਫਰਾਂਸ ਅਤੇ ਕੈਨੇਡਾ ਵਰਗੇ ਵਿਕਸਤ ਦੇਸ਼ਾਂ ਦਾ ਮੁਕਾਬਲਾ ਕਰਨਾ ਨਾ ਮੁਮਕਿਨ ਸੀ । ਇਰਾਕ ਦਾ ਜੰਗੀ ਸਾਜੋ-ਸਮਾਨ ਇੰਨ੍ਹਾ ਦੇਸਾਂ ਲਈ ਕਾਫੀ ਨਹੀਂ ਸੀ। ਅਮਰੀਕਾ ਅਤੇ ਉਸ ਦੇ ਸਾਥੀਆਂ ਨੇ ਜੰਗ ਵਿਚ ਤਕਨੀਕ ਪੱਖੋਂ ਬੜੇ ਹੀ ਅਤਿ ਆਧੁਨਿਕ

ਵਿਕਸਤ ਹਥਿਆਰਾਂ ਦੀ ਵਰਤੋਂ ਕੀਤੀ । ਪਨਾਮਾ ਉਤੇ ਹਮਲਾ ਕਰਨ ਸਮੇਂ ਅਮਰੀਕਾ ਦੀ ਫੌਜ ਨੂੰ ਜੋ ਸ਼ਰਮਿੰਦਗੀ ਉਠਾਉਣੀ ਪਈ, ਉਨ੍ਹਾਂ ਕਮੀਆਂ ਨੂੰ ਮੁੱਖ ਰੱਖ ਕੇ ਅਮਰੀਕਾ ਖਾੜੀ ਦੇ ਮੈਦਾਨ ਵਿਚ ਉਤੱਰਿਆ ਸੀ । ਇਤਨਾ ਗੋਲਾ ਬਾਰੂਦ ਇਰਾਕ 'ਤੇ ਸੁੱਟਿਆ ਗਿਆ ਜਿੰਨਾਂ ਪਹਿਲੀ ਅਤੇ ਦੂਜੀ ਮਹਾਂ ਜੰਗ ਸਮੇਂ ਸਾਰੀ ਧਰਤੀ ਉਤੇ ਨਹੀਂ ਸੁੱਟਿਆ ਗਿਆ ਸੀ । ਇਕ ਇਕ ਦਿਨ ਵਿਚ ਤਿੰਨ ਤਿੰਨ ਹਜ਼ਾਰ ਦੇ ਕਰੀਬ ਹਵਾਈ ਹਮਲੇ ਕੀਤੇ ਗਏ । ਇਸ ਦੇ ਰਾਡਾਰ ਦੁਸ਼ਮਣ ਦੀਆਂ ਮਿਜ਼ਾਈਲਾਂ ਨੂੰ ਅੱਧ ਅਸਮਾਨੇ ਲੱਭ ਕੇ ਆਪਣੇ ਆਪ ਉਨ੍ਹਾਂ ਦਾ ਪਿੱਛਾ ਕਰ ਕੇ ਤੇ ਉਨ੍ਹਾਂ ਨੂੰ ਖਤਮ ਕਰ ਕੇ ਹੀ ਸਾਹ ਲੈਂਦੇ । ਇਰਾਕ ਦੇ ਚੱਲ ਅਤੇ ਅਚੱਲ ਮਿਜ਼ਾਈਲ ਲਾਂਚਰਾਂ ਨੂੰ ਤਬਾਹ ਕਰਨ ਵਿਚ ਅਸਫਲ ਰਹਿਣ ਤੋਂ ਬਾਅਦ ਅਮਰੀਕਾ ਨੇ ਜੰਗ ਵਿਚ ਦੋ ਅਜਿਹੇ ਜਹਾਜ਼ ਭੇਜ ਦਿੱਤੇ ਜਿਹੜੇ ਧਰਤੀ ਉਤੇ ਜਾਂ ਧਰਤੀ ਦੇ ਅੰਦਰ ਤਹਿਖਾਨੇ ਵਿਚ ਹਰਕਤ ਕਰਨ ਵਾਲੀਆਂ ਚੀਜ਼ਾਂ ਨੂੰ ਵੇਖ ਸਕਦੇ ਸਨ ਅਤੇ ਨਿਸ਼ਾਨਾ ਬਣਾ ਸਕਦੇ ਸਨ । ਫਿਰ ਵੀ ਇਰਾਕ ਇਕੱਲਾ ਹੀ ਮੈਦਾਨ ਵਿਚ ਡੱਟਿਆ ਰਿਹਾ। ਅਮਰੀਕਾ ਨੇ ਇਸ ਤੋਂ ਤੰਗ ਆ ਕੇ ਯੂ.ਐਨ.ਓ. ਦੁਆਰਾ ਪਾਸ ਕੀਤੇ ਮਤਿਆਂ ਦੀਆਂ ਧੱਜੀਆ ਉਡ੍ਹਾ ਦਿੱਤੀਆਂ । ਇਨ੍ਹਾਂ ਦੀ ਉਲੰਘਣਾ ਕਰ ਕੇ ਇਰਾਕ ਦੀ ਸਿਵਲੀਅਨ ਵਸੋਂ 'ਤੇ ਮਣਾਂ ਮੂੰਹੀ ਬਾਰੂਦ ਸੁੱਟਿਆ । ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਦਿੱਤੇ । ਪਵਿੱਤਰ ਸ਼ਹਿਰ ਕਰਬਲਾ ਨੂੰ ਵੀ ਨਾ ਬਖਸਿਆ ਗਿਆ । ਬਗਦਾਦ ਅਤੇ ਬਸਰਾ ਅੱਗ ਦੀ ਭੇਂਟ ਚੜਾ ਦਿੱਤੇ । ਇਹ ਦੋ ਸ਼ਹਿਰ ਅਜਿਹੇ ਸਨ ਜਿਥੇ ਹਰ ਪਰਿਵਾਰ ਵਿਚ ਵੈਣ ਪਾਏ ਗਏ। ਅੰਤ ਮਜ਼ਬੂਰ ਹੋ ਕੇ ਇਰਾਕ ਨੂੰ ਅਮਰੀਕਾ ਦੀਆਂ ਯੁੱਧ ਵਿਰਾਮ ਦੀਆਂ ਸ਼ਰਤਾਂ ਨੂੰ ਪ੍ਰਵਾਨਗੀ ਦੇਣੀ ਪਈ ।

ਅਮਰੀਕਾ ਨੇ ਮਿੱਤਰ ਦੇਸ਼ਾਂ ਨਾਲ ਮਿਲ ਕੇ ਲਗਾਤਾਰ 7 ਮਹੀਨੇ ਤੱਕ ਇਰਾਕ ਦੀ ਘੇਰਾਬੰਦੀ ਜਾਰੀ ਰੱਖੀ । ਇਰਾਕ ਤੋਂ ਨਾ ਕੋਈ ਚੀਜ਼ ਬਾਹਰ ਜਾਣ ਦਿੱਤੀ ਜਾਂਦੀ ਅਤੇ ਨਾ ਹੀ ਕੋਈ ਚੀਜ਼ ਇਰਾਕ ਵਿਚ ਜਾਣ ਦਿੱਤੀ ਜਾਂਦੀ ਸੀ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਇਰਾਕੀ ਵਸੋਂ ਤਰਾਹ-ਤਰਾਹ ਕਰਨ ਲੱਗ ਪਈ । ਜੰਗ ਵਿਚ ਲੱਖਾਂ ਲੋਕ ਭੁੱਖੇ ਅਤੇ ਬਿਮਾਰੀ ਕਾਰਨ ਮਰਨ ਲੱਗੇ । ਇਸ ਲਈ ਇਰਾਕ ਅਮਰੀਕਾ ਵੱਲੋਂ ਕੀਤੀ ਗਈ ਕਿਲੇਬੰਦੀ ਨੂੰ ਤੋੜਨ ਵਿਚ ਅਸਫਲ ਰਿਹਾ । ਕਿਉਂਕਿ ਜੰਗ ਵਿਚ ਥਲ ਸੈਨਾਂ ਦੀ ਬਹੁਤ ਘੱਟ ਵਰਤੋਂ ਕੀਤੀ ਗਈ । ਇਰਾਕੀ ਸੈਨਾ ਨੇ ਇਰਾਨ-ਇਰਾਕ ਦੀ 8 ਸਾਲਾ ਜੰਗ ਵਿਚ ਚੰਗਾ ਨਾਮਨਾ ਖੱਟਿਆ ਸੀ ਅਤੇ ਉਹ ਪੂਰੀ ਤਰ੍ਹਾਂ ਨਾਲ ਟ੍ਰੇਂਡ ਹੋ ਚੁੱਕੀ ਸੀ । ਇਰਾਕ ਦੀ ਰਿਪਬਲੀਕਨ ਗਾਰਡੀਅਨ ਸੈਨਾ ਸੰਸਾਰ ਭਰ ਵਿਚ ਪ੍ਰਸਿੱਧ ਸੀ । ਇਸ ਲਈ ਇਰਾਕ ਦੀ ਥਲ ਸੈਨਾ ਦੀ ਸ਼ਕਤੀ ਤੋਂ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਭੈ-ਭੀਤ ਸਨ । ਇਸ ਦੇ ਡਰ ਵੱਜੋਂ ਹੀ ਉਨ੍ਹਾਂ ਨੇ ਇਰਾਕ ਉਤੇ ਹਵਾਈ ਹਮਲੇ ਲਗਾਤਾਰ ਜਾਰੀ ਰੱਖੇ ਤਾਂ ਕਿ ਉਸ ਦੀ ਥਲ ਸੈਨਾ ਦਾ ਜ਼ਮੀਨੀ ਜੰਗ ਤੋਂ ਪਹਿਲਾਂ ਹੀ ਲੱਕ ਤੋੜ ਦਿੱਤਾ ਜਾਵੇ । ਇਰਾਕੀ ਫੌਜਾਂ ਜਦੋਂ ਸਾਉਦੀ ਅਰਬ ਦੀ ਧਰਤੀ 'ਤੇ 20 ਕਿ.ਮੀ. ਅੰਦਰ ਤੱਕ ਘੁਸ ਗਈਆਂ ਸਨ ਅਮਰੀਕਾ ਨੇ ਉਸ ਉਤੇ ਹਵਾਈ ਹਮਲੇ ਸ਼ੁਰੂ ਕਰ ਦਿੱਤੇ । ਜਦ ਕਿ ਇਰਾਕੀ ਥਲ ਸੈਨਾ ਨੂੰ ਹਵਾਈ ਸੈਨਾ ਦੀ ਸਹਾਇਤਾ ਨਹੀਂ ਮਿਲ ਰਹੀ ਸੀ । ਸਿੱਟੇ ਵੱਜੋਂ ਇਰਾਕੀ ਥੱਲ ਸੈਨਾ ਦੋਹਰੀ ਮਾਰ ਹੇਠ ਆ ਗਈ ਅਤੇ ਇਸ ਦੀ ਪੂਰੀ ਤਰ੍ਹਾਂ ਨਾਲ ਵਰਤੋਂ ਨਾ ਹੋ ਸਕੀ । ਸੋ

ਘੰਟੇ ਚੱਲੀ ਜ਼ਮੀਨੀ ਜੰਗ ਵਿਚ ਵੀ ਇਰਾਕੀ ਹਵਾਈ ਸੈਨਾ ਥਲ ਸੈਨਾ ਦੀ ਬਹੁਤੀ ਮਦਦ ਨਾ ਕਰ ਸਕੀ ਕਿਉਂਕਿ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਦੀ ਹਵਾਈ ਸੈਨਾ ਇਰਾਕੀ ਹਵਾਈ ਸੈਨਾ ਨਾਲੋਂ ਕਾਫੀ ਸ਼ਕਤੀਸ਼ਾਲੀ ਸੀ ।

ਇਰਾਕੀ ਹਾਰ ਦਾ ਇਕ ਵੱਡਾ ਕਾਰਨ ਇਸਲਾਮੀ ਜਗਤ ਦੀ ਆਪਸੀ ਈਰਖਾ ਅਤੇ ਇਸਰਾਈਲ ਦਾ ਜੰਗ ਤੋਂ ਨਿਰਪੱਖ ਰਹਿਣਾ ਵੀ ਸੀ । ਏਸ਼ੀਆ ਮਾਈਨਰ ਵਿਚ ਇਰਾਕ ਇਕ ਅਜਿਹਾ ਦੇਸ਼ ਸੀ ਜਿਹੜਾ ਇਸਲਾਮ ਦਾ ਪੈਰੋਕਾਰ ਹੁੰਦਾ ਹੋਇਆ ਵੀ ਖੁਲ੍ਹੇ ਵਿਚਾਰਾਂ ਦਾ ਹਾਮੀ ਸੀ । ਜਿਥੇ ਹੋਰ ਮੁਸਲਮਾਨ ਦੇਸ਼ਾਂ ਵਿਚ ਤਾਨਾਸ਼ਾਹੀ ਰਾਜ ਸੀ ਉਥੇ ਇਰਾਕ ਵਿਚ ਸਮਾਜਵਾਦ ਪ੍ਰਫੁੱਲਤ ਹੋ ਰਿਹਾ ਸੀ । ਇਰਾਕੀ ਲੋਕਾਂ ਨੇ ਆਪਣੀ ਮਿਹਨਤ ਸਦਕਾ ਇਰਾਕ ਨੂੰ ਪੱਛਮੀ ਏਸ਼ੀਆ ਵਿਚ ਉਨੱਤੀ ਦੇ ਸਿਖਰ 'ਤੇ ਪਹੁੰਚਾ ਦਿੱਤਾ ਸੀ । ਸੱਦਾਮ ਹੁਸੈਨ ਅਰਬ ਜਗਤ ਨੂੰ ਇਕ ਮੰਚ ਤੇ ਇੱਕਠਾ ਦੇਖਣਾ ਚਾਹੁੰਦਾ ਸੀ । ਜਿਸ ਨੂੰ ਹੋਰ ਮੁਸਲਮ ਦੇਸ਼ ਚੰਗਾ ਨਹੀਂ ਸਮਝਦੇ ਸਨ । ਇਰਾਕ ਦੀ ਸ਼ਕਤੀਸ਼ਾਲੀ ਸੈਨਾ ਤੋਂ ਗੁਆਂਢੀ ਦੇਸ਼ ਭੈ-ਭੀਤ ਸਨ । ਉਹ ਸੰਸਾਰ ਦੀਆਂ ਨਜ਼ਰਾਂ ਵਿਚ ਸੱਦਾਮ ਹੁਸੈਨ ਨੂੰ ਨੀਵਾਂ ਦੇਖਣਾ ਚਾਹੁੰਦੇ ਸਨ । ਈਰਖਾਵਾਦ ਦੀ ਇਸ ਨੀਤੀ ਕਾਰਨ ਹੀ ਸਾਊਦੀ ਅਰਬ ਦੇ ਬਾਦਸ਼ਾਹ ਸ਼ੇਖ਼ ਫਾਹਦ ਇਬਨ ਅਬਦੁੱਲਾ ਅਜ਼ੀਜ਼ ਨੇ ਅਮਰੀਕਾ ਨੂੰ ਜੰਗ ਵਿਚ ਦਖ਼ਲ ਦੇਣ ਦਾ ਖੁੱਲ੍ਹਾ ਸੱਦਾ ਦਿੱਤਾ ਸੀ । ਅਰਬ ਜਗਤ ਦਾ ਇਕ ਮੁੱਠ ਨਾ ਹੋਣਾ ਹੀ ਉਸ ਦਾ ਸਭ ਤੋਂ ਵੱਡਾ ਦੁਖਾਂਤ ਸੀ । ਜੇ ਅਜਿਹੀ ਇਕਮੁੱਠਤਾ ਹੁੰਦੀ ਤਾਂ ਮਹਾਂਸ਼ਕਤੀਆਂ ਨੂੰ ਇਸ ਖਿੱਤੇ ਵਿਚ ਘੁਸਪੈਠ ਕਰਨ ਦਾ ਮੌਕਾ ਹੀ ਨਾ ਮਿਲਦਾ । ਆਸ ਤਾਂ ਇਹ ਸੀ ਕਿ ਤੇਲ ਉਤਪਾਦਨ ਕਰਨ ਵਾਲੇ ਇਹ ਮੁਲਕ ਉਪੇਕ ਸੰਗਠਨ ਦੇ ਝੰਡੇ ਹੇਠ ਇਕ ਹੋ ਨਵੇਂ ਨਵੇਂ ਰੂਪਾਂ ਵਿਚ ਉਭੱਰ ਰਹੇ ਪੱਛਮੀ ਸਾਮਰਾਜ ਦਾ ਡਟ ਕੇ ਮੁਕਾਬਲਾ ਕਰਦੇ । ਅਜਿਹਾ ਲੱਗਦਾ ਸੀ ਕਿ ਏਸ਼ੀਆ ਮਹਾਂਦੀਪ ਵਿਚ ਯੂਰਪੀ ਆਰਥਿਕ ਭਾਈਚਾਰੇ (ਈ.ਈ.ਸੀ) ਵਾਂਗ ਉਪੇਕ ਨਾਂ ਦਾ ਆਰਥਿਕ ਭਾਈਚਾਰਕ ਗੁੱਟ ਉਭੱਰ ਕੇ ਸਾਹਮਣੇ ਆਵੇਗਾ । ਪਰ ਇਹ ਸਭ ਆਸ ਹੀ ਬਣ ਕੇ ਰਹਿ ਗਈ ਸੀ । ਰਾਜਤੰਤਰ ਪ੍ਰਣਾਲੀ ਵਾਲੇ ਅਰਬ ਮੁਲਕ ਅਮਰੀਕਾ ਦੇ ਪਿੱਠੂ ਬਣ ਗਏ ਸਨ । ਅਰਬੀ ਕੌਮ ਦੇ ਹਿੱਤਾਂ ਨੂੰ ਭੁੱਲ ਇਨ੍ਹਾਂ ਅਮਰੀਕਾ ਦੇ ਅਖੌਤੀ 'ਅਹਿਮ ਹਿੱਤਾਂ' ਦਾ ਹੀ ਪੱਖ ਲਿਆ । ਇਸ ਲਈ ਬਹੁਤ ਸਾਰੇ ਅਰਬ ਦੇਸ਼ਾਂ ਨੇ ਅਮਰੀਕਾ ਅਤੇ ਇਤਿਹਾਦੀ ਫੌਜਾਂ ਦੀ ਹਰ ਪੱਖੋਂ ਸਹਾਇਤਾ ਕੀਤੀ । ਸਾਉਦੀ ਅਰਬ, ਤੁਰਕੀ ਅਤੇ ਸੀਰੀਆ ਵਿਚ ਇਤਿਹਾਦੀ ਫੌਜਾਂ ਨੇ ਉਤਾਰਾ ਕੀਤਾ ਹੋਇਆ ਸੀ। ਜਿਥੋਂ ਉਹ ਇਰਾਕ 'ਤੇ ਹਵਾਈ ਹਮਲੇ ਕਰ ਰਹੇ ਸਨ ।

ਇਸਰਾਈਲ ਅਰਬ ਦੇਸ਼ਾਂ ਦਾ ਕੱਟੜ ਦੁਸ਼ਮਣ ਸੀ । ਜੇਕਰ ਇਸਰਾਈਲ ਇਸ ਲੜਾਈ ਵਿਚ ਇਰਾਕ ਵਿਰੁੱਧ ਮੈਦਾਨ ਵਿਚ ਆ ਜਾਂਦਾ ਤਾਂ ਲੜਾਈ ਦਾ ਪਾਸਾ ਹੀ ਪਲਟ ਜਾਣਾ ਸੀ । ਕਿਸੇ ਨੂੰ ਪਤਾ ਵੀ ਨਹੀਂ ਸੀ ਕਿ ਸੱਦਾਮ ਹੁਸੈਨ ਸਭ ਤੋਂ ਪਹਿਲਾਂ ਇਸਰਾਈਲ 'ਤੇ ਹਮਲਾ ਕਰੇਗਾ । ਇਸਰਾਈਲ ਉਤੇ 18 ਜਨਵਰੀ 1991 ਨੂੰ ਸਕੱਡ ਮਿਜ਼ਾਈਲਾਂ ਨਾਲ ਹਮਲਾ ਕਰ ਕੇ ਉਸ ਨੇ ਸੰਸਾਰ ਨੂੰ ਹੈਰਾਨ ਕਰ ਦਿੱਤਾ । ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੇ ਹੱਥਾਂ ਦੇ ਤੋਤੇ ਉਡ੍ਹ ਗਏ । ਸੀਰੀਆ, ਮਿਸਰ,ਸਾਉਦੀ ਅਰਬ ਅਤੇ ਤੁਰਕੀ ਵਰਗੇ ਮੁਸਲਿਮ ਦੇਸ਼ ਦੁਚਿੱਤੀ ਵਿਚ ਪੈ ਗਏ ਪ੍ਰੰਤੂ ਸੱਦਾਮ ਹੁਸੈਨ ਦੀ

ਕੂਟਨੀਤੀ ਸਫਲ ਨਾ ਹੋਈ । ਇਸਰਾਈਲ ਨੂੰ ਜੰਗ ਵਿਚ ਖਿੱਚ ਕੇ ਉਹ ਜੰਗ ਨੂੰ ਨਵਾਂ ਮੋੜ ਦੇਣਾ ਚਾਹੁੰਦਾ ਸੀ । ਉਸ ਦਾ ਖਿਆਲ ਸੀ ਕਿ ਇਸਰਾਈਲ ਉਸ ਉਤੇ ਜਵਾਬੀ ਹਮਲਾ ਕਰੇਗਾ ਜਿਸ ਕਾਰਨ ਅਰਬ ਦੇਸ਼ਾਂ ਵਿਚ ਫੁੱਟ ਪੈ ਜਾਵੇਗੀ ਅਤੇ ਅਮਰੀਕਾ ਦਾ ਸਾਥ ਛੱਡ ਦੇਣਗੇ ਪ੍ਰੰਤੂ ਅਮਰੀਕਾ ਨੇ ਇਸਰਾਈਲ ਉਤੇ ਹੋ ਰਹੇ ਸਕੱਡ ਹਮਲਿਆਂ ਨੂੰ ਰੋਕਣ ਲਈ ਉਸ ਉਤੇ ਪੈਟਰੀਆਟ ਮਿਜ਼ਾਈਲਾਂ ਦੀ ਛੱਤਰੀ ਤਾਣ ਰੱਖੀ ਸੀ । ਦੂਜਾ ਅਮਰੀਕਾ, ਰੂਸ ਅਤੇ ਹੋਰ ਦੇਸ਼ਾਂ ਨੇ ਇਸਰਾਈਲ ਨੂੰ ਨਿਰਪੱਖ ਰਹਿਣ ਲਈ ਮਜ਼ਬੂਰ ਕਰ ਦਿੱਤਾ ਸੀ । ਜੇਕਰ ਅਜਿਹਾ ਨਾ ਹੁੰਦਾ ਤਾਂ ਇਸਰਾਈਲ ਇਰਾਕ ਦੇ ਮਿਜ਼ਾਈਲੀ ਹਮਲਿਆਂ ਤੋਂ ਤੰਗ ਆ ਕੇ ਇਰਾਕ ਉਤੇ ਜਵਾਬੀ ਹਮਲਾ ਕਰ ਦਿੰਦਾ ਅਤੇ ਉਸ ਦਾ ਦੁਸ਼ਮਣ ਅਰਬ ਜਗਤ ਉਲਟ ਇਸਰਾਈਲ ਉਤੇ ਭੁੱਖੇ ਬਾਜ ਦੀ ਤਰ੍ਹਾਂ ਟੁੱਟ ਕੇ ਪੈ ਜਾਂਦਾ । ਇਸ ਨਾਲ ਜਿਥੇ ਅਮਰੀਕਾ ਨੂੰ ਧੱਕਾ ਲੱਗਣਾ ਸੀ ਉਥੇ ਇਸਰਾਈਲ ਦਾ ਖਾਤਮਾ ਵੀ ਸੰਭਵ ਸੀ ਪ੍ਰੰਤੂ ਇਸਰਾਈਲ ਨੇ ਸ਼ਾਂਤੀ ਤੋਂ ਕੰਮ ਲੈਂਦੇ ਹੋਏ ਆਪਣੇ ਆਪ ਨੂੰ ਜੰਗ ਤੋਂ ਨਿਰਪੱਖ ਰੱਖਿਆ । ਈਰਾਨ ਅਤੇ ਜਾਰਡਨ ਇਸ ਜੰਗ ਵਿਚ ਨਿਰਪੱਖ ਦੇਸ਼ ਸਨ ਪ੍ਰੰਤੂ ਉਹਨਾਂ ਨੇ ਇਹ ਕਹਿ ਰੱਖਿਆ ਸੀ ਕਿ ਜੇ ਕਰ ਇਸਰਾਈਲ ਇਰਾਕ ਵਿਰੁੱਧ ਜੰਗ ਵਿਚ ਸਿੱਧੇ ਤੌਰ ਤੇ ਸ਼ਾਮਲ ਹੋਇਆ ਤਾਂ ਅਸੀ ਨਿਰਪੱਖ ਨਹੀਂ ਰਹਾਂਗੇ । ਇਰਾਕੀ ਸਦਰ ਸੱਦਾਮ ਹੁਸੈਨ ਦੀ ਕੂਟਨੀਤੀ ਇਥੇ ਬੁਰੀ ਤਰ੍ਹਾਂ ਫੇਲ੍ਹ ਹੋ ਗਈ । ਉਹ ਕਿਸੇ ਤਰ੍ਹਾਂ ਵੀ ਇਸਰਾਈਲ ਨੂੰ ਯੁੱਧ ਵਿਚ ਨਾ ਘਸੀਟ ਸਕਿਆ । ਇਹ ਵੀ ਸੀ ਅਮਰੀਕਾ ਆਰਥਿਕ ਤੌਰ 'ਤੇ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਸੀ । ਠੰਡੀ ਜੰਗ ਦੇ ਖਾਤਮੇ ਤੋਂ ਮਗਰੋਂ ਤਾਂ ਸੰਸਾਰ ਵਿਚ ਇਕ ਹੀ ਸ਼ਕਤੀ ਅਮਰੀਕਾ ਰਹਿ ਗਈ ਸੀ । ਸੁਰੱਖਿਆ ਪ੍ਰੀਸ਼ਦ ਨੂੰ ਆਪਣੇ ਹਿੱਤਾਂ ਲਈ ਵਰਤਣ ਤੋਂ ਉਸ ਨੂੰ ਕੋਈ ਮੁਲਕ ਰੋਕਣ ਦੀ ਜੁਰਅਤ ਨਹੀਂ ਸੀ ਕਰਦਾ ਅਜਿਹੇ ਵਾਤਾਵਰਣ ਵਿਚ ਦੂਸਰੀਆਂ ਸ਼ਕਤੀਆਂ ਤੇ ਤੀਜੀ ਦੁਨੀਆਂ ਦੇ ਮੈਂਬਰ ਮੁਲਕ ਲੜਾਈ ਅਤੇ ਸ਼ਾਤੀ ਸਬੰਧੀ ਫੈਸਲਿਆਂ ਵਿਚ ਸਿਵਾਏ ਅਮਰੀਕਾ ਦੀ ਹਾਂ ਵਿਚ ਹਾਂ ਮਿਲਾਉਣ ਦੇ ਕੁਝ ਵੀ ਨਹੀਂ ਸੀ ਕਰਦੇ । ਵੀਟੋ ਪਾਵਰ ਭਾਵੇ ਪੰਜ ਦੇਸ਼ਾਂ ਕੋਲ ਸੀ ਪ੍ਰੰਤੂ ਅਮਰੀਕਾ ਕਿਸੇ ਵੀ ਦੇਸ਼ ਨੂੰ ਮਜ਼ਬੂਰ ਕਰ ਕੇ ਆਪਣੇ ਪੱਖ ਦਾ ਮੱਤਾ ਪਾਸ ਕਰਵਾ ਲੈਂਦਾ ਸੀ । ਪਹਿਲੀ ਖਾੜੀ ਜੰਗ ਵੇਲੇ ਭਾਵੇ ਚੀਨ ਅਤੇ ਸੋਵੀਅਤ ਸੰਘ ਨੇ ਮਤਾ ਵੀਟੋ ਕਰ ਦਿੱਤਾ ਸੀ ਪ੍ਰੰਤੂ ਅਮਰੀਕਾ ਨੇ ਇਹੋ ਮਤਾ ਜਨਰਲ ਅਸੈਂਬਲੀ ਤੋਂ ਪਾਸ ਕਰਵਾ ਦਿੱਤਾ ਸੀ ਅਤੇ ਲੜਾਈ ਵਿਚ ਦੂਜੇ ਦੇਸ਼ਾਂ ਦੀ ਸਹਾਇਤਾ ਪ੍ਰਾਪਤ ਕਰ ਲਈ । ਇਸ ਤਰ੍ਹਾਂ ਉਸ ਨੇ ਆਪਣੇ ਮਿੱਤਰ ਦੇਸ਼ਾਂ ਦੀ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਸ਼ਕਤੀਸ਼ਾਲੀ ਹਵਾਈ ਅਤੇ ਸਮੁੰਦਰੀ ਤਾਕਤ ਨਾਲ ਅਰਬ ਜਗਤ ਦੀ ਆਪਸੀ ਈਰਖਾ ਦਾ ਲਾਭ ਉਠਾਉਂਦੇ ਹੋਏ ਇਰਾਕ ਨੂੰ ਇਕੱਲਾ ਦੇਖ ਕੇ ਉਸ ਦਾ ਘੋਗਾ ਚਿੱਤ ਕਰ ਦਿੱਤਾ ।

ਕਾਂਡ-4

ਮੈਸੋਪੋਟਾਮੀਆ ਦਾ ਸੋਗ -1

ਜੰਗਾਂ ਹਮੇਸ਼ਾ ਵਿਨਾਸ਼ ਦਾ ਚਿੰਨ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਤਬਾਹੀ ਬਰਬਾਦੀ ਕਰਨੀ ਹੁੰਦੀ ਹੈ ਅਤੇ ਮਾਨਵਤਾ ਦਾ ਘਾਣ । ਇਸ ਜੰਗ ਨੇ ਇਰਾਕ ਦੇ ਘਰ-ਘਰ ਸੋਗ ਦੀ ਛਪ ਵਿਛਾ ਦਿੱਤੀ । ਕੋਈ ਵਿਰਲਾ ਘਰ ਹੀ ਸੋਗ ਕਰਨ ਤੋਂ ਬਚਿਆ ਹੋਵੇਗਾ । ਦੁਨੀਆਂ ਵਿਚ ਸਮੇਂ-ਸਮੇਂ ਸਿਰ ਉਭਰੇ ਦੁਖਾਂਤਾਂ ਨੂੰ ਹੱਲ ਕਰਨ ਲਈ ਹੋਂਦ ਵਿਚ ਆਏ ਧੜੇਬੰਦੀ ਤੋਂ ਨਿਰਲੇਪ ਦੇਸ਼ਾਂ ਦੀ ਜੱਥੇਬੰਦੀ, ਸੰਯੁਕਤ ਰਾਸ਼ਟਰ ਸੰਘ, ਵਾਰਸਾ ਪੈਕਟ, ਨਾਟੋ ਗੁੱਟ, ਖਾੜੀ ਦੇਸ਼ਾਂ ਦੀ ਕੌਂਸਲ ਆਦਿ ਸੰਸਥਾਵਾਂ ਨੇ ਇਰਾਕ ਦੀ ਇੱਟ ਨਾਲ ਇੱਟ ਵੱਜਦੀ ਦੇਖੀ, ਵੱਡੀਆਂ-2 ਇਮਾਰਤਾਂ ਢਹਿ- ਢੇਰੀ ਹੁੰਦੀਆਂ ਦੇਖੀਆਂ, ਸ਼ਹਿਰਾਂ ਦੇ ਸ਼ਹਿਰ ਤਬਾਹ ਹੁੰਦੇ ਦੇਖੇ, ਪਵਿਤਰ ਸ਼ਹਿਰ ਕਰਬਲਾ ਨੂੰ ਢਹਿੰਦਿਆਂ ਦੇਖਿਆ ਅਤੇ ਮਨੁੱਖਤਾ ਦੇ ਖੂਨ ਨਾਲ ਰੇਗਿਸਤਾਨ ਨੂੰ ਲਾਲ ਹੁੰਦਾ ਦੇਖਿਆ । ਇੰਨਾਂ ਕੁਝ ਦੇਖਦਿਆਂ ਵੀ ਇਨ੍ਹਾਂ ਸੰਸਥਾਵਾਂ ਨੇ ਚੁੱਪ ਸਾਧੀ ਹੋਈ ਸੀ ਅਤੇ ਕਿਸੇ ਵਿਚ ਵੀ ਅਮਰੀਕਾ ਨੂੰ ਮਨੁੱਖਤਾ ਦਾ ਘਾਣ ਕਰਨ ਤੋਂ ਵਰਜਣ ਦੀ ਹਿੰਮਤ ਨਹੀਂ ਸੀ । ਅੰਤ ਇਰਾਕ ਨੂੰ ਤਬਾਹ ਕਰ ਕੇ ਆਪਣੀ ਕਿਸਮਤ 'ਤੇ ਛੱਡ ਦਿੱਤਾ ਗਿਆ ।

2 ਅਗਸਤ 1990 ਨੂੰ ਕੁਵੈਤ ਉਤੇ ਇਰਾਕੀ ਹਮਲੇ ਨਾਲ ਸ਼ੁਰੂ ਹੋਏ ਇਸ ਸੰਕਟ ਦੇ ਨਤੀਜੇ ਵੱਜੋਂ ਇਰਾਕ ਤੋਂ ਇਲਾਵਾ ਕੁਵੈਤ ਨੂੰ ਵੀ ਭਿਆਨਕ ਤਬਾਹੀ ਦਾ ਸਾਹਮਣਾ ਕਰਨਾ ਪਿਆ । ਇਸ ਜੰਗ ਦਾ ਮੁੱਖ ਮੈਦਾਨ ਇਰਾਕ ਦੀ ਧਰਤੀ ਸੀ । ਸਾਉਦੀ ਅਰਬ ਦਾ ਕੁਝ ਭਾਗ ਅਤੇ ਕੁਵੈਤ ਵੀ ਇਸ ਜੰਗ ਦੇ ਖੇਤਰ ਸਨ । ਕਤਲੇਆਮ ਇੰਨਾ ਵਿਆਪਕ ਪੱਧਰ 'ਤੇ ਹੋ ਰਿਹਾ ਸੀ ਕਿ ਇਰਾਕ ਦੇ ਸਾਰੇ ਸ਼ਹਿਰ, ਫੈਕਟਰੀਆਂ, ਸਕੂਲ, ਹਸਪਤਾਲ ਅਤੇ ਬਾਗ਼-ਬਗੀਚੇ ਸਭ ਕੁਝ ਇਸ ਦੀ ਮਾਰ ਹੇਠ ਆਇਆ ਹੋਇਆ ਸੀ । ਇਸ ਖੂਨੀ ਕਾਂਢ ਵਿਚੋਂ ਭਾਵੇਂ ਕੁਵੈਤ ਦੀ ਅਜ਼ਾਦੀ ਨੂੰ ਬਾਹਰ ਕੱਢ ਲਿਆ ਗਿਆ ਪ੍ਰੰਤੂ ਇਸ ਦੇ ਜ਼ਰੀਏ ਇਤਿਹਾਦੀ ਫੌਜਾਂ ਨੇ ਇਰਾਕੀ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ । ਇਰਾਕ ਉਤੇ ਜ਼ਮੀਨੀ ਹਮਲਾ ਬੋਲਣ ਤੋਂ ਪਹਿਲਾਂ-ਪਹਿਲਾਂ ਇਤਿਹਾਦੀ ਫੌਜਾਂ ਨੇ ਇਰਾਕ ਦੀ ਧਰਤੀ 'ਤੇ ਚਾਰ ਲੱਖ ਟਨ ਬਾਰੂਦ ਸੁੱਟਿਆ ਜਿਸ ਨਾਲ ਇਰਾਕ ਦੇ ਹਰ ਘਰ ਵਿਚ ਸੋਗ ਦੀ ਲਹਿਰ ਦੌੜ ਗਈ । ਅਮਰੀਕਾ ਨੇ ਪਹਿਲੀ ਖਾੜੀ ਜੰਗ ਸਮੇਂ ਸਿਰਫ 43 ਦਿਨ ਵਿਚ ਪ੍ਰਤੀ ਵਿਅਕਤੀ ਤਿੰਨ ਕੁਇੰਟਲ ਬਾਰੂਦ ਇਰਾਕੀ ਬੱਚਿਆਂ , ਬੁੱਢਿਆਂ , ਔਰਤਾਂ ਅਤੇ ਨੌਜਵਾਨਾਂ 'ਤੇ ਸੁਟਿਆ ਜਿਸ ਨੂੰ ਮੈਸੋਪੋਟਾਮੀਆ ਦੀ ਧਰਤੀ ਅਤੇ ਦੇਸ਼ ਭਗਤੀ ਨੇ ਸਦਾ-ਸਦਾ ਲਈ ਆਪਣੇ ਅੰਦਰ ਜਜ਼ਬ ਕਰ ਲਿਆ । ਬੀ -52 ਜਹਾਜ਼ਾਂ ਤੋਂ ਹਰ ਰੋਜ਼ 5 ਸੌ

ਟਨ ਦੇ ਬੰਬ ਮੈਸੋਪੋਟਾਮੀਆ ਦੀ ਧਰਤੀ 'ਤੇ ਸੁੱਟੇ ਜਾਂਦੇ ਸਨ । ਹਰ ਰੋਜ਼ ਇਰਾਕੀ ਵੱਲੋਂ ਉਤੇ 3 ਹਜ਼ਾਰ ਬੰਬ ਸੁੱਟੇ ਜਾਂਦੇ ਸਨ । ਨੀਦਰਲੈਂਡ ਵਿਚ ਐਂਗਲੋ-ਅਮਰੀਕਨ ਫੌਜਾਂ ਨੇ ਸੈਨਾ ਦੀਆਂ ਤਿੰਨ ਡਵੀਜ਼ਨਾਂ ਦੁਆਰਾ 17-9-1944 ਨੂੰ ਜਿਹੜਾ ਹਮਲਾ ਕੀਤਾ ਸੀ ਉਹ ਖਾੜੀ ਜੰਗ ਦੇ ਸਮੇਂ ਤੱਕ ਦਾ ਸਭ ਤੋਂ ਵੱਡਾ ਹਮਲਾ ਸੀ । ਇਸ ਵਿਚ 2800 ਹਵਾਈ ਜਹਾਜ਼ਾਂ ਦੀ ਵਰਤੋਂ ਕੀਤੀ ਗਈ ਪ੍ਰੰਤੂ ਇਥੇ ਅਮਰੀਕਾ ਨੇ ਇਸ ਇਤਿਹਾਸਕ ਹਮਲੇ ਨੂੰ ਮਾਤ ਪਾ ਦਿੱਤਾ । ਇਰਾਕ ਦੀ ਧਰਤੀ 'ਤੇ ਹਰ ਰੋਜ਼ 3-3 ਹਜ਼ਾਰ ਹਵਾਈ ਜਹਾਜ਼ ਹਮਲਾ ਕਰਦੇ ਸਨ ਜਿਹੜੇ ਕਿ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਸਨ. । ਇਨ੍ਹਾਂ ਦੇ ਪ੍ਰਛਾਵਿਆਂ ਨਾਲ ਸੂਰਜ ਦੀਆਂ ਕਿਰਨਾਂ ਰੁਕ ਜਾਂਦੀਆਂ ਸਨ ।

1991 ਦੀ ਇਸ ਜੰਗ ਵਿਚ ਸਾਢੇ ਚਾਰ ਲੱਖ ਤੋਂ ਵੱਧ ਇਰਾਕੀ ਸੈਨਿਕ ਮਾਰੇ ਗਏ ਸਨ । ਤਿੰਨ ਲੱਖ ਤੋਂ ਵੱਧ ਇਰਾਕੀ ਸਿਵਲੀਅਨ ਤੇਲ ਦੀ ਭੇਂਟ ਚੜ੍ਹਾ ਦਿੱਤੇ ਗਏ । ਅਣਗਿਣਤ ਮਸਜ਼ਿਦਾਂ ਅਤੇ ਗਿਰਜੇ ਢਹਿ-ਢੇਰੀ ਹੋ ਗਏ । ਵੱਡੀਆਂ-ਵੱਡੀਆਂ ਇਮਾਰਤਾਂ ਅਤੇ ਹਸਪਤਾਲ ਬੇਹ ਕਰ ਦਿੱਤੇ ਗਏ। ਇਰਾਕ ਦੀ ਅਰਬਾਂ ਡਾਲਰਾਂ ਦੀ ਜਾਇਦਾਦ ਨਸ਼ਟ ਹੋ ਗਈ । ਜਨ-ਜੀਵਨ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਗਿਆ । ਦੋ ਲੱਖ ਤੋਂ ਵੱਧ ਇਰਾਕੀ ਫੌਜੀਆਂ ਨੂੰ ਜੰਗੀ ਕੈਦੀ ਬਣਾਇਆ ਗਿਆ । ਡੇਢ ਲੱਖ ਇਰਾਕੀਆਂ ਨੇ ਇਰਾਨ, ਤੁਰਕੀ ਅਤੇ ਜਾਰਡਨ ਵਿਚ ਸ਼ਰਨ ਲੈ ਲਈ ਇਨ੍ਹਾਂ ਦੇਸ਼ਾਂ ਵਿਚ ਵੱਖ-ਵੱਖ ਥਾਵਾਂ 'ਤੇ ਇਕ ਲੱਖ ਤੋਂ ਵੱਧ ਸ਼ਰਨਾਥੀਆਂ ਨੂੰ ਰੱਖਣ ਲਈ ਕੈਂਪ ਲਗਾਏ ਗਏ । ਇਹਨਾਂ ਸ਼ਰਨਾਰਥੀਆਂ ਦੀ ਹਾਲਤ ਬਹੁਤ ਤਰਸ ਯੋਗ ਸੀ । ਖਾਣ ਪੀਣ ਲਈ ਰੋਟੀ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ । ਬਹੁਤ ਸਾਰੇ ਬੱਚੇ ਅਤੇ ਬੁੱਢੇ ਰੋਟੀ ਪਾਣੀ ਨੂੰ ਵਿਲਕਦੇ ਮੌਤ ਦੀ ਗੋਦ ਵਿਚ ਜਾ ਸੁੱਤੇ । ਤਿੰਨ ਲੱਖ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ । ਇਨ੍ਹਾਂ ਵਿਚ ਇਕ ਲੱਖ ਲੋਕ ਅਜਿਹੇ ਸਨ ਜਿਹੜੇ ਦਿਨ ਰਾਤ ਮੌਤ ਦੀਆਂ ਘੜੀਆਂ ਗਿਣ ਰਹੇ ਸਨ । ਜਿਹੜੇ ਜਖਮਾਂ ਦੀ ਤਾਬ ਨਾ ਸਹਾਰਦੇ ਹੋਏ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਅੱਲਾ ਨੂੰ ਪਿਆਰੇ ਹੋ ਰਹੇ ਸਨ । ਇਨ੍ਹਾਂ ਬਦਕਿਸਮਤ ਲਾਸ਼ਾਂ ਨੂੰ ਕੋਈ ਦਫਨਾਉਣ ਵਾਲਾ ਨਹੀਂ ਸੀ । ਸਭ ਨੂੰ ਆਪੋ ਆਪਣੀ ਪਈ ਹੋਈ ਸੀ। ਸਿੱਟੇ ਵੱਜੋਂ ਹਵਾ ਵਿਚ ਗੰਦਗੀ ਫੈਲ ਗਈ । ਲੋਕ ਅਨੇਕਾਂ ਬਿਮਾਰੀਆਂ ਦੇ ਸ਼ਿਕਾਰ ਹੋ ਗਏ । ਆਰਥਿਕ ਨਾਕਾਬੰਦੀ ਕਾਰਨ ਨਾ ਭੋਜਨ ਜਾ ਰਿਹਾ ਸੀ ਤੇ ਨਾ ਹੀ ਦਵਾਈਆਂ। ਜਿਸ ਕਾਰਨ ਲੋਕ ਭੁੱਖ ਮਰੀ ਅਤੇ ਬਿਮਾਰੀਆਂ ਕਾਰਨ ਮਰਨ ਲੱਗੇ। ਸੀਵਰੇਜ ਅਤੇ ਪਾਣੀ ਸਪਲਾਈ ਬਿਲਕੁਲ ਨਸ਼ਟ ਹੋ ਚੁੱਕੀ ਸੀ । ਜਿਸ ਕਾਰਨ ਲੋਕ ਦੇਸ਼ ਛੱਡਣ ਲਈ ਮਜ਼ਬੂਰ ਹੋ ਗਏ। ਵਧਦੀਆਂ ਕੀਮਤਾਂ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਦਿੱਤਾ। ਮਜ਼ਬੂਰ ਹੋ ਕੇ ਇਰਾਕ ਨੂੰ ਇਕ ਅਪਾਨਜਨਕ ਸੰਧੀ 'ਤੇ ਹਸਤਾਖਰ ਕਰਨੇ ਪਏ। ਜਿਸ ਵਿਚ ਉਸ ਨੂੰ ਕੁਵੈਤ ਨੂੰ ਇਰਾਕ ਦਾ ਹਿੱਸਾ ਬਣਾਉਣ ਬਾਰੇ ਐਲਾਨ ਨੂੰ ਰੱਦ ਕਰਨਾ, ਜੰਗ ਦਾ ਨੁਕਸਾਨ ਪੂਰਾ ਕਰਨ ਦੀ ਜਿੰਮੇਂਵਾਰੀ ਨੂੰ ਮੰਨਣਾ, ਵਿਦੇਸ਼ੀ ਨਾਗਰਿਕ ਰਿਹਾ ਕਰਨਾ, ਕਮਾਡਰਾਂ ਦੀ ਮੀਟਿੰਗ, ਜੰਗੀ ਕੈਦੀਆਂ ਦੀ ਰਿਹਾਈ, ਬਾਰੂਦੀ ਸੁੰਰਗਾਂ ਵਾਲੀਆਂ ਥਾਵਾਂ ਦਾ ਪਤਾ ਦੱਸਣਾ ਆਦਿ ਸ਼ਰਤਾਂ 'ਤੇ ਹਸਤਾਖਰ ਕਰਨੇ ਪਏ । ਯੂ.ਐਨ.ਓ. ਵੱਲੋਂ ਲਾਈਆਂ ਪਾਬੰਦੀਆਂ ਕਾਰਨ ਉਸ ਨੂੰ 1992 ਤੱਕ ਤੇਲ ਸੈਕਟਰ ਵਿਚ 9.89 ਅਰਬ ਡਾਲਰ ਦਾ ਨੁਕਸਾਨ ਹੋਇਆ । ਇਸ ਤੋਂ ਇਲਾਵਾਂ ਉਸ ਦੇ ਕੁਵੈਤ ਵਿਚ 4200 ਟੈਂਕਾਂ ਵਿਚੋਂ

3700 ਟੈਂਕ, 3110 ਤੋਪਾਂ, 2870 ਬਖਤਰਬੰਦ ਗੱਡੀਆਂ ਵਿਚੋਂ 2310 ਬਖਤਰਬੰਦ ਗੱਡੀਆਂ, 2140 ਮਿਜ਼ਾਈਲ ਲਾਂਚਰ, 1000 ਤੋਂ ਵੱਧ ਫੌਜੀ ਬੰਕਰ ਅਤੇ ਅਸਲਾ ਭੰਡਾਰ ਨਸ਼ਟ ਹੋ ਗਏ । 55 % ਫੌਜੀ ਸ਼ਕਤੀ ਕੁਵੈਤ ਵਿਚ ਨਸ਼ਟ ਹੋ ਗਈ । ਇਰਾਕ ਹੁਣ ਇੰਨਾ ਕਮਜ਼ੋਰ ਹੋ ਚੁੱਕਾ ਸੀ ਕਿ ਆਉਣ ਵਾਲੇ ਕਈ ਦਹਾਕਿਆਂ ਤੱਕ ਵੀ ਪਹਿਲੀ ਸਥਿਤੀ ਹਾਸਲ ਨਹੀਂ ਕਰ ਸਕਦਾ ਸੀ । ਬਹੁਤ ਸਾਰੇ ਵਪਾਰੀਆਂ ਨੂੰ ਜਾਰਡਨ ਭੇਜਿਆ ਜਿੱਥੋਂ ਉਹਨਾਂ ਨੇ ਹਰ ਰੋਜ਼ ਵਰਤੋਂ ਆਉਣ ਵਾਲੀਆਂ ਬਹੁਤ ਸਾਰੀਆਂ ਵਸਤਾਂ ਜਿਨ੍ਹਾਂ ਵਿਚ ਬੈਟਰੀਆਂ, ਸਾਬਣ, ਸਿਗਰਟਾਂ, ਡਿਟਰਜੈਂਟਸ ਅਤੇ ਟੂੱਥ ਪੇਸਟ ਆਦਿ ਇਰਾਕ ਭੇਜੇ । ਯੂ.ਐਨ.ਓ. ਦੁਆਰਾ ਲਾਈਆਂ ਬੰਦਸ਼ਾਂ ਵਿਚ ਢਿੱਲ ਮਿਲਣ ਤੋਂ ਮਗਰੋਂ ਸਪੇਅਰ ਪਾਰਟਸ ਦਾ ਸਮਾਨ ਅਤੇ ਫੈਕਟਰੀਆਂ ਵਿਚ ਵਰਤਣ ਲਈ ਕੱਚਾ ਮਾਲ ਇਰਾਕ ਭੇਜਿਆ ਪ੍ਰੰਤੂ ਇਸ ਨਾਲ ਇਰਾਕ ਦੇ 2 ਕਰੋੜ ਲੋਕਾਂ ਦੀਆਂ ਜਰੂਰਤਾਂ ਪੂਰੀਆਂ ਨਾ ਹੋਈਆਂ ।

ਕੁਵੈਤ ਨੂੰ ਖਾਲੀ ਕਰਵਾਉਣ ਦੇ ਨਾਂ 'ਤੇ ਹਵਾ ਵਿਚੋਂ ਅਮਰੀਕਾ ਦੇ ਘਾਤਕ ਲੜਾਕੂ ਜਹਾਜ਼ ਬੀ 52, ਐਫ. ਏ. 16, ਅਮਰੀਕੀ ਵਾਯੂ ਸੇਨਾਂ ਦੇ ਸਭ ਤੋਂ ਵੱਧ ਆਧੁਨਿਕ ਜਹਾਜ਼ ਐਫ-25, ਫਰਾਂਸ ਦੇ ਮਿਰਾਜ਼ ਅਤੇ ਜੈਗੂਅਰ ਬਰਤਾਨੀਆ ਅਤੇ ਇਟਲੀ ਦੇ ਲੜਾਕੂ ਬੰਬਾਰਾਂ ਨੇ ਇਰਾਕ ਦੀ ਖੇਤੀ ਯੋਗ 3% ਭੂਮੀ ਵੀ ਬਾਂਝ ਬਣਾ ਦਿੱਤੀ । ਮੈਸੋਪੋਟਾਮੀਆਂ ਦੀ ਪੁਰਾਣੀ ਸਭਿਅਤਾ ਤਬਾਹ ਕਰ ਦਿੱਤੀ । ਹਜ਼ਾਰਾਂ ਸਾਲ ਪੁਰਾਣੀਆਂ ਯਾਦਗਾਰਾਂ ਨਸ਼ਟ ਕਰ ਦਿੱਤੀਆਂ । ਦਜ਼ਲਾ ਅਤੇ ਫਰਾਤ ਆਦਿ ਦਰਿਆਵਾਂ ਦੇ ਪੁਲ ਬੰਬਾਂ ਨਾਲ ਉਡਾ ਦਿੱਤੇ । ਏਸ਼ੀਆਈ ਦੇਸ਼ਾਂ ਦੇ ਰੋਜੀ ਰੋਟੀ ਕਮਾਉਣ ਗਏ ਲੱਖਾਂ ਕਾਮੇ ਬੇਕਾਰ ਹੋ ਕੇ ਜਾਨ ਬਚਾਉਣ ਲਈ ਅਮਾਨ ਵੱਲ ਦੌੜ ਗਏ । ਇਨ੍ਹਾਂ ਵਿੱਚੋਂ ਜਿਹੜੇ ਕਾਮੇ ਜਿਊਂਦੇ ਆਪਣੇ ਦੇਸ਼ ਵਾਪਸ ਮੁੜ ਆਉਣ ਵਿਚ ਸਫਲ ਹੋ ਗਏ । ਉਹ ਭੁੱਖੇ ਮਰਨ ਲੱਗੇ । ਜਿਹੜੇ ਇਰਾਕ ਵਿਚ ਫਸੇ ਹੋਏ ਰਹਿ ਗਏ ਉਹ ਖਾਨਾ ਜੰਗੀ ਦੀ ਲਪੇਟ ਵਿਚ ਆ ਗਏ । ਕੁਰਦਾਂ ਨੇ ਅਮਰੀਕਾ ਦੇ ਇਸ਼ਾਰੇ 'ਤੇ ਅਜ਼ਾਦ ਦੇਸ਼ ਕੁਰਦਿਸਤਾਨ ਦੀ ਮੰਗ ਫਿਰ ਸ਼ੁਰੂ ਕਰ ਦਿੱਤੀ। ਦੱਖਣੀ ਇਰਾਕ ਵਿਚ ਇਰਾਕੀ ਸੈਨਾ ਅਤੇ ਈਰਾਨ ਤੋਂ ਆਉਣ ਵਾਲੇ ਸ਼ਰਨਾਰਥੀਆਂ ਵਿਚਕਾਰ ਘਮਸਾਨ ਦੀ ਲੜਾਈ ਛਿੜ ਗਈ । ਖਾੜੀ ਜੰਗ ਤੋਂ ਮਗਰੋਂ 15 ਦਿਨ ਚੱਲੀ ਖਾਨਾ ਜੰਗੀ ਵਿਚ ਈਰਾਨ ਤੋਂ ਆਏ ਘੁਸਪੈਠੀਆਂ ਨੇ 2000 ਸਿਵਲੀਅਨਾਂ ਨੂੰ ਮਾਰ ਦਿੱਤਾ। ਰਾਜਧਾਨੀ ਅਤੇ ਸ਼ਹਿਰਾਂ ਤੋਂ ਦੂਰ ਰਹਿਣ ਵਾਲੇ ਲੋਕਾਂ ਨੂੰ ਕੋਈ ਸਹੂਲਤ ਪ੍ਰਾਪਤ ਨਹੀਂ ਸੀ ਹੋ ਰਹੀ । ਪਿੰਡਾਂ ਦੇ ਕਲੀਨਿਕ ਬਿਲਕੁਲ ਬੰਦ ਹੋ ਗਏ । ਵਧਦੀਆਂ ਕੀਮਤਾ ਨੇ ਲੋਕਾਂ ਦੇ ਦੁੱਖਾਂ ਨੂੰ ਹੋਰ ਵਧਾ ਦਿੱਤਾ । ਇੰਨਾ ਕੁਝ ਹੋਣ ਦੇ ਬਾਵਜੂਦ ਲੋਕ ਸਰਕਾਰ ਦੇ ਵਿਰੁੱਧ ਨਾ ਹੋਏ । ਉਹਨਾਂ ਵਿਚ ਪੱਛਮੀ ਸ਼ਕਤੀਆਂ ਪ੍ਰਤੀ ਈਰਖਾ ਵਧਦੀ ਜਾ ਰਹੀ ਸੀ । ਅਜੇ ਵੀ ਉਹ ਕੁਵੈਤ ਨੂੰ ਇਰਾਕ ਦਾ ਹਿੱਸਾ ਸਮਝਦੇ ਸਨ । ਰਾਜਧਾਨੀ ਵਿਚ ਘੁੰਮਦੇ ਹੋਏ ਪੱਛਮੀ ਯਾਤਰੀਆਂ ਨੂੰ ਉਹ ਘਿਰਨਾ ਦੀ ਨਜ਼ਰ ਨਾਲ ਦੇਖਦੇ ਸਨ ।

ਇਸ ਜੰਗ ਨੇ ਇਰਾਕ ਦੇ ਵਕਾਰ ਨੂੰ ਮਿੱਟੀ ਵਿਚ ਮਿਲਾ ਦਿੱਤਾ । ਜਿਥੇ ਉਸ ਨੂੰ ਅੰਤਾ ਦਾ ਫੌਜੀ, ਸਮਾਜਿਕ ਅਤੇ ਆਰਥਿਕ ਨੁਕਸਾਨ ਹੋਇਆ ਉਥੇ ਕੁਵੈਤ ਦਾ ਵੀ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ । ਇਰਾਕ ਨੇ 2 ਅਗਸਤ ਨੂੰ ਅਚਾਨਕ ਹਮਲਾ ਕਰ ਕੇ ਕੁਵੈਤ 'ਤੇ 6 ਘੰਟੇ ਵਿਚ ਕਬਜ਼ਾ ਕਰ ਲਿਆ ਸੀ । ਅਮਰੀਕਾ ਅਤੇ ਉਸ ਦੇ ਜੋਟੀਦਾਰਾਂ

ਨੇ ਇਸ ਗੁਨਾਹ ਦੇ ਬਦਲੇ ਉਸ ਨੂੰ ਕਰਾਰੀ ਹਾਰ ਦਿੱਤੀ । ਕੁਵੈਤ ਨੇ 27 ਫਰਵਰੀ ਨੂੰ ਕੁਵੈਤ ਸ਼ਹਿਰ 'ਤੇ ਕੁਵੈਤੀ ਝੰਡਾ ਲਹਿਰਾ ਦਿੱਤਾ । ਇਸ ਤਰ੍ਹਾਂ ਇਕ ਭਿਆਨਕ ਖ਼ੂਨੀ ਜੰਗ ਤੋਂ ਮਗਰੋਂ ਕੁਵੈਤ ਨੂੰ ਇਰਾਕ ਦੇ ਪੰਜੇ ਵਿਚੋਂ ਬਾਹਰ ਕੱਢ ਦਿੱਤਾ । ਸੱਤ ਮਹੀਨੇ ਬਨਵਾਸ ਭੋਗਣ ਤੋਂ ਮਗਰੋਂ ਕੁਵੈਤੀ ਯੁਵਰਾਜ ਤੇ ਪ੍ਰਧਾਨ ਮੰਤਰੀ ਸਾਦ ਅਲ ਅਬਦੁਲਾ ਅਲ-ਸਬਾਹ ਕੁਵੈਤ ਪਰਤ ਆਏ । ਦੋ ਅਗਸਤ 1990 ਤੋਂ ਸ਼ੁਰੂ ਹੋਏ ਇਸ ਸੰਕਟ ਦੌਰਾਨ 8 ਹਜ਼ਾਰ ਕੁਵੈਤੀ ਇਰਾਕੀ ਫੌਜਾਂ ਹੱਥੋਂ ਮਾਰੇ ਗਏ । 10 ਹਜ਼ਾਰ ਕੁਵੈਤੀ ਨਾਗਰਿਕਾਂ ਨੂੰ ਬੰਦੀ ਬਣਾ ਕੇ ਇਰਾਕ ਲਿਜਾਇਆ ਗਿਆ । ਕੁਵੈਤ ਵਿੱਚੋਂ ਬਹੁਤ ਸਾਰਾ ਸੋਨਾ, ਚਾਂਦੀ ਅਤੇ ਹੋਰ ਬਹੁਮੁੱਲਾ ਸਮਾਨ ਇਰਾਕੀ ਫੌਜਾਂ ਬਗਦਾਦ ਲੈ ਗਈਆਂ । ਇਹ ਸਮਾਨ ਕੁਵੈਤ ਦੀ ਅਜ਼ਾਦੀ ਤੋਂ ਮਗਰੋਂ ਇਰਾਕ ਨੇ 6 ਟਰੱਕਾਂ ਵਿਚ ਵਾਪਸ ਕੁਵੈਤ ਭੇਜਿਆ । ਇਰਾਕੀ ਕਬਜ਼ੇ ਦੌਰਾਨ ਕੁਵੈਤ ਦੇ 33 ਹਜ਼ਾਰ ਸ਼ਹਿਰੀ ਲਾ ਪਤਾ ਹੋ ਗਏ । ਉਸ ਦੇ 1200 ਤੇਲ ਖੂਹਾਂ ਵਿਚੋਂ 517 ਨੂੰ ਅੱਗ ਲੱਗ ਗਈ । ਇਤਿਹਾਦੀ ਫੌਜਾਂ ਦਾ ਰੋਜ਼ ਦਾ ਇਕ ਬਿਲੀਅਨ ਡਾਲਰ ਜੰਗੀ ਖਰਚਾ ਹੁੰਦਾ ਸੀ । ਇਹ ਸਾਰੇ ਖਰਚੇ ਸਾਉਦੀ ਅਰਬ ਅਤੇ ਕੁਵੈਤ ਅਦਾ ਕਰ ਰਹੇ ਸਨ । ਕੁਵੈਤ ਨੇ 15 ਬਿਲੀਅਨ ਡਾਲਰ ਜੰਗੀ ਖਰਚੇ ਵੱਜੋਂ ਪੇਸ਼ਗੀ ਅਦਾ ਕੀਤੇ । ਭਾਵੇਂ ਉਸ ਨੂੰ ਕੁਝ ਹੀ ਅਰਸੇ ਵਿਚ ਅਜ਼ਾਦੀ ਮਿਲ ਗਈ ਸੀ ਪ੍ਰੰਤੂ ਉਸ ਨੂੰ ਆਰਥਿਕ ਪੱਖੋਂ ਵੱਡਾ ਨੁਕਸਾਨ ਝੱਲਣਾ ਪਿਆ । ਸਿਰਫ ਕੁਵੈਤ ਸ਼ਹਿਰ ਵਿਚ ਹੀ ਉਸ ਦੇ 1500 ਸਿਵਲੀਅਨ ਮਾਰੇ ਗਏ । ਜਿਨ੍ਹਾਂ ਵਿਚ 120 ਨਵ ਜੰਮੇ ਬੱਚੇ ਵੀ ਸਨ । 13 ਬੱਚੇ ਇਕ ਤੋਂ 13 ਸਾਲ ਦੀ ਉਮਰ ਦੇ ਸਨ । ਕੁਵੈਤ ਸ਼ਹਿਰ ਵਿਚੋਂ ਫੜੇ 57 ਲੂਲੇ-ਲੰਗੜੇ ਵਿਅਕਤੀਆਂ ਨੂੰ ਵੀ ਬਖਸਿਆ ਨਾ ਗਿਆ । ਉਨ੍ਹਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਇਸ ਤੋਂ ਵੀ ਵੱਧ ਕੇ ਫੜੇ ਗਏ ਕੁਵੈਤੀਆਂ ਨੂੰ ਨਾ-ਵਰਨਣ ਯੋਗ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ । ਬਹੁਤ ਸਾਰਿਆਂ ਦੇ ਅੰਗ ਕੱਟ ਦਿੱਤੇ ਗਏ ।

ਕੁਵੈਤ ਭਾਵੇ ਅਜ਼ਾਦ ਹੋ ਚੁੱਕਾ ਸੀ ਪ੍ਰੰਤੂ ਉਨ੍ਹਾਂ ਦੇ ਮਨਾਂ ਉਤੇ ਇਰਾਕੀਆਂ ਦੇ ਜ਼ੁਲਮਾਂ ਕਾਰਨ ਡਰ ਬੈਠ ਗਿਆ । ਇਰਾਕ ਕਿਉਂਕਿ ਜੰਗ ਖਤਮ ਹੋਣ ਤੋਂ ਮਗਰੋਂ ਵੀ ਉਸ ਨੂੰ ਆਪਣਾ ਹਿੱਸਾ ਦੱਸ ਰਿਹਾ ਸੀ । ਇਸ ਲਈ ਉਨ੍ਹਾਂ ਨੇ ਇਰਾਕੀ ਫੌਜਾਂ ਦੇ ਡਰ ਤੋਂ ਅਮਰੀਕਾ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਕੁਝ ਫੌਜ ਕੁਵੈਤ ਵਿਚ ਹੀ ਰੱਖੇ । ਅਮਰੀਕਾ ਜਿਸ ਨੇ ਸੰਸਾਰ ਚੌਧਰ ਨੂੰ ਪ੍ਰਾਪਤ ਕਰਨ ਲਈ ਇਹ ਜੰਗ ਛੇੜੀ ਸੀ ਉਹ ਵੀ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ । ਇਸ ਜੰਗ ਉਤੇ ਉਸ ਦਾ ਇਤਨਾ ਖਰਚਾ ਹੋਇਆ ਕਿ ਆਰਥਿਕ ਪੱਖੋਂ ਉਸ ਦੇ ਪੈਰ ਹਿੱਲ ਗਏ । ਇਸ ਕਤਲੇਆਮ 'ਤੇ ਉਸ ਨੇ 61 ਅਰਬ 10 ਕਰੋੜ ਡਾਲਰ ਖਰਚ ਕੀਤੇ ਜਦ ਕਿ ਅਮਰੀਕੀ ਕਾਂਗਰਸ ਨੇ ਕੇਵਲ 15 ਅਰਬ ਡਾਲਰ ਖਰਚ ਕਰਨ ਦੀ ਆਗਿਆ ਦਿੱਤੀ ਸੀ । 1991 ਦੇ ਸਾਲ ਵਿਚ ਉਸ ਨੂੰ 282.2 ਬਿਲੀਅਨ ਡਾਲਰ ਦੇ ਘਾਟੇ ਵਾਲਾ ਬਜਟ ਪਾਸ ਕਰਨਾ ਪਿਆ ਜਿਹੜਾਆਪਣੇ ਆਪ ਵਿਚ ਇਕ ਰਿਕਾਰਡ ਸੀ । ਇਸ ਕਾਰਨ ਉਸ ਨੇ ਆਪਣੇ ਮਿੱਤਰ ਦੇਸ਼ਾਂ ਤੋਂ 782 ਮਿਲੀਅਨ ਡਾਲਰ ਇਕੱਠੇ ਕੀਤੇ ਤਾਂ ਕਿ ਰੇਗਸਤਾਨੀ ਕਤਲੇਆਮ ਨੂੰ ਆਖਰੀ ਰੂਪ ਦਿੱਤ ਜਾ ਸਕੇ । 782 ਮਿਲੀਅਨ ਡਾਲਰ ਇੱਕਠੇ ਕਰ ਕੇ ਵੀ ਮਈ 1991 ਤੱਕ 45.8 ਬਿਲੀਅਨ ਡਾਲਰ ਦਾ ਘਾਟਾ ਸੀ । ਇਸ ਲਈ ਮਿੱਤਰ ਦੇਸ਼ਾਂ ਨੇ ਉਸ ਦੇ ਘਾਟੇ ਵਾਲੇ

ਬਜਟ ਨੂੰ ਦੇਖਦੇ ਹੋਏ ਰੇਗਿਸਤਾਨੀ ਕਤਲੇਆਮ 'ਤੇ ਹੋਣ ਵਾਲੇ ਖਰਚੇ ਨੂੰ ਪੂਰਾ ਕਰਨ ਲਈ $38.9 ਬਿਲੀਅਨ ਡਾਲਰ ਦਾ ਹੋਰ ਯੋਗਦਾਨ ਪਾਇਆ । ਇਸ ਵਿਚੋਂ ਬਹੁਤਾ ਖਰਚਾ ਫੌਜੀ ਸਾਜੋ-ਸਮਾਨ 'ਤੇ ਕੀਤਾ ਗਿਆ । ਇਸ ਵਿਚੋਂ ਅਮਰੀਕਨ ਫੌਜਾਂ ਜਿਹੜੀਆਂ ਕਤਲੇਆਮ ਵਿਚ ਭਾਗ ਲੈ ਰਹੀਆਂ ਸਨ, ਉਨ੍ਹਾਂ ਲਈ $ 300 ਮਿਲੀਅਨ ਡਾਲਰ ਦਾ ਭੋਜਨ ਅਤੇ ਹੋਰ ਖਾਣ ਪੀਣ ਦੀਆਂ ਵਸਤਾਂ ਖਰੀਦੀਆਂ ਗਈਆਂ । ਅਮਰੀਕੀਪ੍ਰਸ਼ਾਸਨ ਰੇਗਸਤਾਨੀ ਕਤਲੇਆਮ ਨੂੰ "Operation Desert Storm" ਦੇ ਨਾਂ ਨਾਲ ਸੰਬੋਧਨ ਕਰਦਾ ਸੀ । ਇਸ ਤਰ੍ਹਾਂ ਭੋਜਨ ਵੰਡਣ ਦੇ ਕੰਮ ਦਾ ਠੀਕ ਤਰੀਕੇ ਨਾਲ ਪ੍ਰਬੰਧ ਚਲਾਉਣ ਲਈ ਸਾਰੇ ਦੇਸ਼ ਵਿਚ ਭੋਜਨ ਵੰਡਣ ਦੇ 180 ਬੈਂਕ ਖੋਲ੍ਹੇ ਗਏ । ਜਿਥੇ ਮੱਛੀ, ਮੀਟ ਅਤੇ ਹੋਰ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਸਟੋਰ ਕਰ ਕੇ ਰੱਖਿਆ ਗਿਆ ਸੀ । ਮਾਲੀ ਨੁਕਸਾਨ ਦੇ ਨਾਲ ਨਾਲ ਉਸ ਨੂੰ ਜਾਨੀ ਨੁਕਸਾਨ ਵੀ ਝੱਲਣਾ ਪਿਆ । ਇਸ ਨੇ ਪਹਿਲਾਂ ਹੀ 50000 ਲਕੜੀ ਦੇ ਬਕਸੇ ਬਣਵਾ ਲਏ ਸਨ ਤਾਂ ਕਿ ਇਰਾਕੀ ਰੇਗਿਸਤਾਨ ਵਿਚ ਮਾਰੇ ਗਏ ਅਮਰੀਕੀ ਫੌਜੀਆਂ ਦੀਆਂ ਲਾਸ਼ਾਂ ਇਨ੍ਹਾਂ ਬਕਸਿਆਂ ਵਿਚ ਪਾ ਕੇ ਅਮਰੀਕਾ ਵਾਪਸ ਲਿਆਈਆਂ ਜਾ ਸਕਣ । ਇਸ ਦੇ 200 ਤੋਂ ਵੱਧ ਪਾਇਲਟ ਜਾਂ ਤਾਂ ਮਾਰੇ ਗਏ ਜਾਂ ਲਾਪਤਾ ਹੋ ਗਏ । ਇਨ੍ਹਾਂ ਪਾਇਲਟਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ । ਪਹਿਲੇ ਦਿਨ ਦੀ ਜ਼ਮੀਨੀ ਜੰਗ ਵਿਚ ਹੀ ਇਸ ਦੇ 400 ਫੌਜੀ ਮਾਰੇ ਗਏ । ਇਨ੍ਹਾਂ ਫੌਜੀਆਂ ਦੀਆਂ ਲਾਸ਼ਾਂ ਜਦੋਂ ਅਮਰੀਕਾ ਪਹੁੰਚਣੀਆਂ ਸ਼ੁਰੂ ਹੋਈਆਂ ਉਥੇ ਹਾਹਾਕਾਰ ਮਚ ਗਈ । ਅਮਰੀਕੀ ਲੋਕ ਕਦੇ ਵੀ ਇਹ ਨਹੀਂ ਸੀ ਚਾਹੁੰਦੇ ਕਿ ਤੇਲ ਬਦਲੇ ਮਨੁੱਖੀ ਜਾਨਾਂ ਗੁਆਈਆਂ ਜਾਣ । ਇਸ ਲਈ ਉਹ ਸ਼ੁਰੂ ਤੋਂ ਹੀ ਜੰਗ ਦੇ ਵਿਰੁੱਧ ਸਨ । ਜੰਗ ਸ਼ੁਰੂ ਹੋਣ ਤੋਂ ਦੂਜੇ ਦਿਨ ਹੀ ਜੰਗ ਦਾ ਵਿਰੋਧ ਕਰਨ ਲਈ ਇਕ ਅਮਰੀਕੀ ਗੋਰੇ ਨੇ ਐਮਹਰਸ਼ਟ ਸ਼ਹਿਰ ਵਿਖੇ ਲੋਕਾਂ ਦੇ ਭਰੇ ਇਕੱਠ ਵਿਚ ਆਪਣੇ ਆਪ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਲਈ । ਮਰਨ ਤੋਂ ਪਹਿਲਾਂ ਉਸ ਨੇ ਇਕ ਤਖਤੀ ਚੁੱਕੀ ਹੋਈ ਸੀ ਜਿਸ ਤੇ "ਅਮਨ" ਸ਼ਬਦ ਲਿਖਿਆ ਹੋਇਆ ਸੀ

ਜ਼ਮੀਨੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਮਰੀਕਾ ਨੇ ਸਾਰੇ ਹਸਪਤਾਲਾਂ ਨੂੰ ਸੁਚੇਤ ਕਰ ਦਿੱਤਾ ਸੀ ਕਿ ਉਹ ਜ਼ਖਮੀ ਸੈਨਿਕਾਂ ਨੂੰ ਦਾਖਲ ਕਰਨ ਅਤੇ ਉਨ੍ਹਾਂ ਦੇ ਇਲਾਜ ਲਈ ਖ਼ਬਰਦਾਰ ਰਹਿਣ । ਹਸਪਤਾਲਾਂ ਵਿਚ ਜਖਮੀ ਸੈਨਿਕਾਂ ਲਈ 25000 ਵੱਖਰੇ ਬਿਸਤਰੇ ਲਗਾ ਦਿੱਤੇ ਗਏ ਤਾਂ ਕਿ ਜਖਮੀ ਸੈਨਿਕਾਂ ਦਾ ਔਹਰ-ਪੌਹਰ ਚੰਗੀ ਤਰ੍ਹਾਂ ਕੀਤੀ ਜਾ ਸਕੇ । ਜਾਨੀ ਅਤੇ ਮਾਲੀ ਨੁਕਸਾਨ ਨੂੰ ਦੇਖ ਕੇ ਜਨਤਾ ਭੜਕ ਉਠੀ । ਕਤਲੇਆਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ । ਜਾਰਜ ਬੁਸ਼ ਨੂੰ ਅਮਰੀਕੀ ਫੌਜੀ ਤੇਲ ਬਦਲੇ ਨਾ ਝੋਕਣ ਲਈ ਕਿਹਾ ਜਾਣ ਲੱਗਾ । ਇਰਾਕ ਉਪਰ ਅਮਰੀਕੀ ਹਮਲੇ ਦੇ ਤੁਰੰਤ ਪਿੱਛੋਂ ਜਨਤਾ ਨੇ ਵਾਈਟ ਹਾਊਸ ਸਮੇਤ ਕਈ ਸਰਕਾਰੀ ਇਮਾਰਤਾਂ 'ਤੇ ਕਬਜ਼ਾ ਕਰ ਲਿਆ ਅਤੇ ਯੂ.ਐਨ.ਓ. ਦੀਆਂ ਇਮਾਰਤਾਂ ਨੂੰ ਅੱਗ ਲਾ ਦਿੱਤੀ । ਜਾਰਜ ਬੁਸ਼ ਦੇ ਪੁਤਲੇ ਸਾੜੇ ਗਏ । ਆਰਥਿਕ ਮੰਦਵਾੜੇ ਨੇ ਆਪਣੇ ਪੈਰ ਪਸਾਰ ਲਏ । ਬੇਕਾਰੀ ਵਿਚ ਵਾਧਾ ਹੋਣ ਲੱਗਾ । ਲੋਕਾਂ ਨੂੰ ਨੌਕਰੀਆਂ ਵਿਚੋਂ ਬਾਹਰ ਕੱਢਿਆ ਜਾਣ ਲੱਗਾ । ਬਜਟ ਘਾਟੇ ਨੂੰ ਪੂਰਾ ਕਰਨ ਲਈ ਲੋਕਾਂ 'ਤੇ ਨਵੇਂ ਟੈਕਸ ਲਗਾਏ ਗਏ । ਅਮਰੀਕੀ ਪ੍ਰਧਾਨ ਜਾਰਜ ਬੁਸ਼ ਦੀ

ਥਾਂ-ਥਾਂ 'ਤੇ ਅਲੋਚਨਾ ਹੋਣ ਲੱਗੀ । ਉਸ ਨੂੰ ਖਾੜੀ ਵਿਚ ਕੀਤੇ ਕਤਲੇਆਮ ਲਈ ਜਿੰਮੇਂਵਾਰ ਠਹਿਰਾਇਆ ਜਾਣ ਲੱਗਾ । ਹੈਨਰੀ ਗੋਜ਼ਾਲੇਜ਼ ਅਤੇ ਸਰਫਰਾਜ ਅਹਿਮਦ ਨੇ ਉਸ ਨੂੰ ਜੰਗ ਲਈ ਜਿੰਮੇਂਵਾਰ ਦੱਸਿਆ । ਹੈਨਰੀ ਗੋਜ਼ਾਲੇਜ਼ ਨੇ ਤਾਂ ਉਸ ਨੂੰ "ਮਹਾਂ ਦੋਸ਼ੀ" ਕਰਾਰ ਦੇਣ ਦਾ ਮਤਾ ਵੀ ਪੇਸ਼ ਕੀਤਾ ।

ਆਰਥਿਕ ਮੰਦਵਾੜੇ ਅਤੇ ਬੇਕਾਰੀ ਵਿਚ ਹੋਏ ਲਗਾਤਾਰ ਵਾਧੇ ਨੇ ਅਮਰੀਕਾ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਜਾਰਜ਼ ਬੁਸ਼ ਦੀ ਮਕਬੂਲੀਅਤ ਮਿੱਟੀ ਵਿਚ ਮਿਲਾ ਦਿੱਤੀ । ਇਸ ਜੰਗ ਦਾ ਸਿੱਧਾ ਸਿੱਟਾ ਇਹ ਨਿਕਲਿਆ ਕਿ ਇਸ ਜੰਗ ਦੇ ਜੇੜੂ ਦਾ ਸੇਹਰਾ ਹਾਸਲ ਕਰਨ ਵਾਲੇ ਅਮਰੀਕੀ ਪ੍ਰਧਾਨ ਜਾਰਜ਼ ਬੁਸ਼ ਬਹੁਤ ਹੀ ਘੱਟ ਸਮਾਂ 'ਜੰਗ ਦੇ ਜੇੜੂ' ਦਾ ਅਨੰਦ ਮਾਣ ਸਕੇ । ਇਕ ਸਾਲ ਦੇ ਅਰਸੇ ਤੋਂ ਵੀ ਅੰਦਰ ਹੀ ਉਹਨਾਂ ਨੂੰ ਅਮਰੀਕਾ ਦੀ ਪ੍ਰਧਾਨਗੀ ਤੋਂ ਹੱਥ ਧੋਣੇ ਪਏ ਜਦੋਂ ਉਨ੍ਹਾਂ ਨੂੰ ਰਾਸ਼ਟਰਪਤੀ ਦੀ ਚੋਣ ਵਿਚ ਆਪਣੇ ਵਿਰੋਧੀ ਬਿਲ ਕਲਿੰਟਨ ਤੋਂ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ ।

ਜਿੰਨਾ ਪੈਸਾ 1991 ਵਿਚ 42 ਦਿਨਾਂ ਵਿਚ ਇਰਾਕੀ ਕਤਲੇਆਮ 'ਤੇ ਖਰਚ ਕੀਤਾ ਗਿਆ । ਇਸ ਨਾਲ ਪੂਰੀ ਤੀਸਰੀ ਦੁਨੀਆਂ ਦੇ ਦੇਸ਼ਾਂ ਦਾ ਚੇਹਰਾ ਸਵਾਰਿਆ ਜਾ ਸਕਦਾ ਸੀ । ਜੰਗ ਵਿਚ ਫੂਕਿਆ ਜਾਣ ਵਾਲਾ ਅਸਲਾ 5368 ਅਰਬ ਡਾਲਰ ਤੋਂ ਵੀ ਵਧ ਸੀ । ਇੰਨੀ ਰਕਮ ਨਾਲ ਤੀਜੀ ਦੁਨੀਆਂ ਦੇ ਸਾਰੇ ਦੇਸ਼ਾਂ ਦਾ ਕਰਜ਼ਾ ਚੁਕਾਇਆ ਜਾ ਸਕਦਾ ਸੀ । ਲਾ ਕੋਟੀਡੀਨ ਡੀ ਪੈਰਿਸ ਦੇ ਅਨੁਸਾਰ ਅਮਰੀਕਾ ਦੀ ਅਗਵਾਈ ਹੇਠਲੀਆਂ ਸਾਂਝੀਆਂ ਫੌਜਾਂ ਦੁਆਰਾ ਲੜੀ ਗਈ ਜੰਗ ਇਤਿਹਾਸ ਦੀ ਸਭ ਤੋਂ ਮਹਿੰਗੀ ਜੰਗ ਸੀ । ਇੱਕਲੇ ਫਰਾਂਸ ਨੇ ਹੀ 20 ਅਰਬ ਡਾਲਰ ਤੋਂ ਵੀ ਵਧ ਮੁੱਲ ਦਾ ਸਮਾਨ ਕਤਲੇਆਮ ਕਰਨ ਲਈ ਖਾੜੀ ਵਿਚ ਝੋਕਿਆ ਹੋਇਆ ਸੀ । ਜਦ ਕਿ ਉਸ ਦੇ ਜੈਗੁਅਰ ਜਹਾਜ਼ਾਂ ਵੱਲੋਂ ਇਰਾਕੀ ਸ਼ਹਿਰੀਆਂ ਨੂੰ ਕਤਲ ਕਰਨ ਲਈ ਹਰ ਹਵਾਈ ਉਡਾਨ ਉਪਰ 2.5 ਕਰੋੜ ਫਰਾਂਕ ਖਰਚ ਆਉਂਦਾ ਸੀ । ਜਾਨੀ ਨੁਕਸਾਨ ਭਾਵੇਂ ਇਸ ਦਾ ਘੱਟ ਹੋਇਆ ਪ੍ਰੰਤੂ ਆਰਥਿਕ ਹਾਲਤ 'ਤੇ ਬਹੁਤ ਬੁਰਾ ਪ੍ਰਭਾਵ ਪਿਆ । ਵਸਤੂਆਂ ਦੀਆਂ ਕੀਮਤਾਂ ਚੜ੍ਹ ਗਈਆਂ । ਲੋਕ ਜੰਗ ਦਾ ਵਿਰੋਧ ਕਰਨ ਲਈ ਪੈਰਿਸ ਦੀਆਂ ਗਲੀਆਂ ਵਿਚ ਮੁਜ਼ਾਹਰੇ ਕਰਨ ਲਗੇ ਇਰਾਕੀ ਸਿਵਲੀਅਨ ਵਸੋ 'ਤੇ ਬੰਬਾਰੀ ਕਾਰਨ ਅਮਰੀਕਾ ਅਤੇ ਫਰਾਂਸ ਵਿਚਕਾਰ ਮੱਤ-ਭੇਦ ਪੈਦਾ ਹੋ ਗਏ । ਦਸੰਬਰ 1992 ਵਿਚ ਵੀ ਫਰਾਂਸ ਨੇ ਇਰਾਕੀ ਸਿਵਲੀਅਨ ਵੱਸੋਂ 'ਤੇ ਕੀਤੀ ਬੰਬਾਰੀ ਦਾ ਵਿਰੋਧ ਕੀਤਾ ।

ਅਰਬ ਦੇਸ਼ਾਂ ਦਾ ਕੁੱਲ ਮਿਲਾ ਕੇ ਇਸਲਾਮੀਅਤ ਦਾ ਘਾਣ ਕਰਨ 'ਤੇ 62 ਹਜ਼ਾਰ ਕਰੋੜ ਡਾਲਰ ਦਾ ਖਰਚ ਹੋਇਆ । ਜਦ ਕਿ ਇਨ੍ਹਾਂ ਦੇਸ਼ਾਂ ਦਾ 48500 ਕਰੋੜ ਡਾਲਰ ਦਾ ਨੁਕਸਾਨ ਇਰਾਕ ਅਤੇ ਕੁਵੈਤ ਵਿਚ ਹੋਏ ਵਿਨਾਸ਼ ਅਤੇ ਇਰਾਕ ਨੂੰ ਕੁਵੈਤ ਵਿਚੋਂ ਹਟਾਉਣ ਲਈ ਪੱਛਮੀ ਸ਼ਕਤੀਆਂ ਅਮਰੀਕਾ, ਬਰਤਾਨੀਆਂ ਅਤੇ ਫਰਾਂਸ ਨੂੰ ਦੇਣ ਕਾਰਨ ਹੋਇਆ । ਸਾਉਦੀ ਅਰਬ ਦਾ ਆਪਣੇ ਭਰਾਵਾਂ ਦਾ ਖੂਨ ਬਹਾਉਣ ਲਈ ਇਤਨਾ ਖਰਚਾ ਹੋਇਆ ਕਿ ਆਰਥਿਕ ਬੋਝ ਅਤੇ ਬਜਟ ਘਾਟੇ ਨੂੰ ਪੂਰਾ ਕਰਨ ਲਈ ਉਸ ਨੂੰ ਤਿੰਨ ਅਰਬ ਡਾਲਰ ਦਾ ਕਰਜ਼ਾ ਲੈਣਾ ਪਿਆ । ਸਾਰੀ ਜੰਗੀ ਮਸ਼ੀਨਰੀ ਲਈ ਉਹ ਹੀ ਸਭ ਤੋਂ ਜਿਆਦਾ ਤੇਲ ਮੁਹੱਈਆ ਕਰ ਰਿਹਾ ਸੀ । ਕਦੇ ਦੁਨੀਆਂ ਦਾ ਤੇਲ ਦਾ ਸਭ ਤੋਂ ਵੱਡਾ ਬਰਾਮਦਕਾਰ

ਮੁਲਕ ਪੈਟਰੋਲੀਅਮ ਪਦਾਰਥਾਂ ਦਾ ਦਰਮਾਦਕਾਰ ਬਣ ਕੇ ਰਹਿ ਗਿਆ । ਇਰਾਕ ਦੀਆਂ ਸਕੱਡ ਮਿਜ਼ਾਈਲਾਂ ਨੇ ਤੱਲਅਵੀਵ ਅਤੇ ਦਹਰਾਨ ਤੋਂ ਇਲਾਵਾਂ ਰਿਆਧ ਨੂੰ ਵੀ ਬੰਬਾਰੀ ਦਾ ਨਿਸ਼ਾਨਾ ਬਣਾਇਆ ਹੋਇਆ ਸੀ । ਰਿਆਧ ਵਿਚ ਇਨ੍ਹਾਂ ਮਿਜ਼ਾਈਲਾਂ ਨੇ ਬਹੁਤ ਸਾਰੀਆਂ ਇਮਾਰਤਾਂ ਤਬਾਹ ਕਰ ਦਿੱਤੀਆਂ ਅਤੇ 1800 ਤੋਂ ਵੱਧ ਲੋਕਾਂ ਨੂੰ ਜ਼ਖਮੀ ਕਰ ਦਿੱਤਾ ਅਤੇ 400 ਤੋਂ ਵੱਧ ਲੋਕ ਸਿੱਧੇ ਤੌਰ 'ਤੇ ਇਹਨਾਂ ਦਾ ਨਿਸ਼ਾਨਾ ਬਣੇ । ਅਲ-ਖ਼ਾਫਜੀ 'ਤੇ ਇਰਾਕੀ ਫੌਜਾਂ ਵੱਲੋਂ ਕੀਤੇ ਗਏ ਜ਼ਮੀਨੀ ਹਮਲੇ ਵਿਚ ਜਿੱਥੇ ਇਤਿਹਾਦੀ ਫੌਜਾਂ ਦੇ ਸੈਂਕੜੇ ਫੌਜੀ ਮਾਰੇ ਗਏ ਉਥੇ ਸਾਉਦੀ ਅਰਬ ਦੇ ਵੀ ਸੈਂਕੜੇ ਫੌਜੀ ਮਾਰੇ ਗਏ । ਨਾਜ਼ਦ ਅਤੇ ਹੇਜਾਜ਼ ਸ਼ਹਿਰਾਂ ਵਿਚ ਵੀ ਭਿਆਨਕ ਤਬਾਹੀ ਹੋਈ ।

ਜੰਗ ਵਿਚ ਮਿਸਰ ਦੇ 1000 ਤੋਂ ਵੱਧ ਸੈਨਿਕ ਮਾਰੇ ਗਏ ਜਿਨ੍ਹਾਂ ਦੀਆਂ ਲਾਸ਼ਾਂ ਮਿਸਰ ਦੇਸ਼ ਵਿਚ ਪਹੁੰਚਾ ਦਿੱਤੀਆਂ ਗਈਆਂ । ਭਾਵੇਂ ਇਸ ਨੇ ਆਪਣੀਆਂ ਫੌਜਾਂ ਅਮਰੀਕਾ ਦੇ ਪੱਖ ਵਿਚ ਭੇਜੀਆਂ ਹੋਈਆਂ ਸਨ ਪ੍ਰੰਤੂ ਇਹ ਇਰਾਕ ਦੇ ਕਿਸੇ ਵੀ ਹਿੱਸੇ ਉਤੇ ਕਿਸੇ ਹੋਰ ਦੇਸ਼ ਦੇ ਕਬਜ਼ੇ ਦੇ ਵਿਰੁੱਧ ਸੀ । ਇਸ ਦਾ ਕਹਿਣਾ ਸੀ ਕਿ ਅਸੀਂ ਇਰਾਕ ਦੀ ਏਕਤਾ ਦੇ ਹਾਮੀ ਹਾਂ ਅਤੇ ਇਸ ਦੀ ਕਿਸੇ ਵੀ ਤਰ੍ਹਾਂ ਦੀ ਵੰਡ ਦੇ ਵਿਰੋਧੀ ਹਾਂ । ਇਸ ਲਈ ਇਸ ਦੇ ਅਮਰੀਕਾ ਨਾਲ ਮੱਤ-ਭੇਦ ਪੈਦਾ ਹੋ ਗਏ । ਸਪੇਨ ਅਤੇ ਇਟਲੀ ਨੇ ਵੀ ਇਰਾਕ ਵੰਡ ਦਾ ਵਿਰੋਧ ਕੀਤਾ । ਇਸ ਲਈ ਅਮਰੀਕਾ ਨਾਲ ਇਨ੍ਹਾਂ ਦੇਸ਼ਾਂ ਦੇ ਵੀ ਮਤਭੇਦ ਉਭਰਨ ਲੱਗੇ ।

ਸੰਸਾਰ ਦੇ ਹਰ ਦੇਸ਼ 'ਤੇ ਇਸ ਕਤਲੇਆਮ ਦਾ ਪ੍ਰਭਾਵ ਪਿਆ । ਬਹੁਤ ਸਾਰੇ ਦੇਸ਼ ਤਾਂ ਆਰਥਿਕ ਪੱਖੋਂ ਬੁਰੀ ਤਰ੍ਹਾਂ ਨਪੀੜੇ ਗਏ । ਕੁਵੈਤ ਭਾਵੇਂ ਦੁਨੀਆਂ ਦੇ ਅਮੀਰ ਦੇਸ਼ਾਂ ਵਿਚ ਗਿਣਿਆ ਜਾਂਦਾ ਸੀ ਪਰ ਉਸ ਦੀ ਆਰਥਿਕ ਹਾਲਤ ਵੀ ਡਾਵਾਂ ਡੋਲ ਹੋ ਗਈ। ਇਰਾਕ ਨੇ ਉਸ ਦੇ ਸੈਂਟਰਲ ਬੈਂਕ ਵਿਚੋਂ ਜਿਹੜਾ 700 ਮੀਲੀਅਨ ਡਾਲਰ ਦੇ ਮੁੱਲ ਦਾ ਸੋਨਾ ਚੋਰੀ ਕਰ ਕੇ ਆਪਣੇ ਸੈਂਟਰਲ ਬੈਂਕ ਵਿਚ ਰੱਖ ਦਿੱਤਾ ਸੀ ਜੰਗ ਤੋਂ ਮਗਰੋਂ ਭਾਵੇਂ ਉਹ ਕੁਵੈਤ ਨੂੰ ਵਾਪਸ ਕਰ ਦਿੱਤਾ ਗਿਆ ਪ੍ਰੰਤੂ ਫਿਰ ਵੀ ਉਸ ਦੀ ਆਰਥਿਕ ਹਾਲਤ ਵਿਚ ਕੋਈ ਸੁਧਾਰ ਨਾ ਹੋ ਸਕਿਆ । ਇਸ ਲਈ ਮਜ਼ਬੂਰ ਹੋ ਕੇ ਉਸ ਨੂੰ ਬੈਂਕ ਕਰਮਚਾਰੀਆਂ ਦੀ ਛਾਂਟੀ ਕਰਨੀ ਪਈ ਅਤੇ ਬੈਂਕਾਂ ਦੀ ਗਿਣਤੀ ਘੱਟ ਕਰਨੀ ਪਈ । ਜੰਗ ਤੋਂ ਪਹਿਲਾਂ ਉਸ ਦੇ ਬੈਂਕਾਂ ਵਿਚ ਜਿਨ੍ਹਾਂ ਦੀ ਗਿਣਤੀ 181 ਸੀ ਅਤੇ 7200 ਕਾਮੇ ਕੰਮ ਕਰਦੇ ਸਨ, ਜੰਗ ਤੋਂ ਮਗਰੋਂ ਇਨ੍ਹਾਂ ਕਾਮਿਆਂ ਨੂੰ ਤਨਖਾਹ ਦੇਣੀ ਮੁਸ਼ਕਿਲ ਹੋ ਗਈ। ਇਸ ਲਈ ਬੈਂਕਾਂ ਦੀ ਗਿਣਤੀ ਘਟਾ ਕੇ 76 ਤੱਕ ਕਰਨੀ ਪਈ । ਇਸ ਤਰ੍ਹਾਂ ਹੋਰ ਖੇਤਰਾਂ 'ਤੇ ਵੀ ਉਸ ਨੂੰ ਕੰਟਰੋਲ ਕਰਨਾ ਪਿਆ ।

ਇਸਰਾਈਲ ਵਿਚ ਇਰਾਕ ਦਾ ਮੁੱਖ ਨਿਸ਼ਾਨਾ ਤਲਅਵੀਵ ਸੀ । ਉਸ ਦੇ ਦੋ ਮੁੱਖ ਸ਼ਹਿਰਾਂ ਤਲਅਵੀਵ ਅਤੇ ਯੋਰੋਸ਼ਲਮ ਨੇ ਪੂਰੀ ਤਰ੍ਹਾਂ ਨਾਲ ਇਕ ਦੂਜੇ ਨਾਲ ਰੂਪ ਵਟਾ ਲਏ ਸਨ । ਖਾੜੀ ਸੰਕਟ ਤੋਂ ਪਹਿਲਾਂ ਯੋਰੋਸ਼ਲਮ ਵਿਚ ਗੋਲੀ ਚੱਲਦੀ ਰਹਿੰਦੀ ਸੀ ਅਤੇ ਤਲਅਵੀਵ ਸ਼ਾਤ ਹੁੰਦਾ ਸੀ ਪ੍ਰੰਤੂ ਖਾੜੀ ਜੰਗ ਦੌਰਾਨ ਇਰਾਕ ਦੇ ਸਕੱਡ ਮਿਜ਼ਾਈਲਾਂ ਦੇ ਹਮਲਿਆਂ ਕਾਰਨ ਤਲਅਵੀਵ ਵਿਚ ਹਫਰਾ-ਤਫਰੀ ਮਚ ਗਈ ਜਦ ਕਿ ਯੋਰੋਸ਼ਲਮ ਸ਼ਾਤ ਰਿਹਾ । ਇਸ ਜੰਗ ਦੌਰਾਨ ਲਗਭਗ 3000 ਇਸਰਾਈਲੀ ਇਰਾਕੀ ਸਕੱਡ

ਮਿਜ਼ਾਈਲਾਂ ਦੇ ਹਮਲਿਆਂ ਕਾਰਨ ਜ਼ਖਮੀ ਹੋ ਗਏ, 400 ਵਿਅਕਤੀ ਇੰਨ੍ਹਾਂ ਹਮਲਿਆਂ ਵਿਚ ਮਾਰੇ ਗਏ ਅਤੇ 1500 ਵਿਅਕਤੀ ਸਕੱਡ ਹਮਲਿਆਂ ਕਾਰਨ ਦੂਸ਼ਤ ਹੋਈ ਹਵਾ ਨਾਲ ਬਿਮਾਰ ਹੋ ਗਏ । ਇਸਰਾਈਲੀਆਂ ਉਤੇ ਇੰਨ੍ਹਾਂ ਹਮਲਿਆਂ ਦਾ ਇਤਨਾ ਡਰ ਬੈਠ ਗਿਆ ਸੀ ਕਿ ਉਹ ਆਪਣੀ ਮਾਤ ਭੂਮੀ ਨੂੰ ਛੱਡ ਕੇ ਬਾਹਰਲੇ ਦੇਸ਼ਾਂ ਵੱਲ ਤੁਰ ਪਏ । ਇਹਨਾਂ ਹਮਲਿਆਂ ਵਿਚ ਇਸ ਦੀਆਂ ਬਹੁਤ ਸਾਰੀਆਂ ਇਮਾਰਤਾਂ ਬੇਹ ਹੋ ਗਈਆਂ । ਸਾਰੀ ਜੰਗ ਦੌਰਾਨ ਇਸਰਾਈਲੀਆਂ ਨੇ ਗੈਸ ਮਖੋਟੇ ਪਾਈ ਰੱਖੇ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਰਾਕ ਉਨ੍ਹਾਂ ਉਤੇ ਰਸਾਇਣਕ ਹਥਿਆਰਾਂ ਨਾਲ ਹਮਲਾ ਕਰੇਗਾ । ਸਾਰੀ ਜੰਗ ਦੌਰਾਨ ਉਨ੍ਹਾਂ ਦੀ ਬੁਰੀ ਦੁਰਦਸ਼ਾ ਰਹੀ । ਨਾ ਉਹ ਜੰਗ ਵਿਚ ਸ਼ਾਮਲ ਹੋ ਸਕਦੇ ਸਨ ਨਾ ਹੀ ਨਿਰਪੱਖ ਰਹਿ ਸਕਦੇ ਸਨ । ਇਸ ਤਰ੍ਹਾਂ ਉਨ੍ਹਾਂ ਨੂੰ ਚੁੱਪ ਕਰ ਕੇ ਹੀ ਆਪਣੀ ਮਾਤ ਭੂਮੀ 'ਤੇ ਬੈਠਿਆਂ ਹੀ ਸਕੱਡ ਮਿਜ਼ਾਈਲਾਂ ਦੀ ਮਾਰ ਝੱਲਣੀ ਪਈ ਅਤੇ ਸਾਰੀ ਸਥਿਤੀ ਭੈਅ ਵਿਚ ਲੰਘਾਈ ।

ਯੂ.ਐਸ.ਐਸ.ਆਰ. ਦੀ ਹਾਲਤ ਪੂਰੀ ਤਰ੍ਹਾਂ ਨਾਲ ਡਾਵਾਡੋਲ ਸੀ । ਅੰਦਰੂਨੀ ਸਥਿਤੀ ਦੇ ਕਾਰਨ ਉਸ ਦੀ ਹਾਲਤ ਸੱਪ ਦੇ ਮੂੰਹ ਵਿਚ ਕੋਹੜਕ੍ਰਿਲੀ ਵਰਗੀ ਸੀ । ਦੁਨੀਆਂ ਦੀਆਂ ਨਜ਼ਰਾਂ ਵਿਚ ਉਹ ਪੂਰੀ ਤਰ੍ਹਾਂ ਗਿਰ ਚੁੱਕਾ ਸੀ । ਮਿਖਾਈਲ ਗੋਰਬਾਚੇਵ ਦੀ ਇਸ ਜੰਗ ਵਿਚ ਨਿਭਾਈ ਗਈ ਭੂਮਿਕਾ ਸਦਕਾ ਉਸ ਦੀ ਮਕਬੂਲੀਅਤ ਬਿਲਕੁਲ ਖਤਮ ਹੋ ਗਈ ਸੀ । ਜੇ ਕਰ ਉਹ ਯੂ.ਐਨ.ਓ. ਦੇ ਮਤਾ ਨੰ 678 ਨੂੰ ਵੀਟੋ ਕਰ ਦੇਂਦਾ ਤਾਂ ਜਿਥੇ ਭਿਆਨਕ ਖੂਨੀ ਘੁਲੂਕਾਰਾ ਟਲ ਜਾਂਦਾ ਉਥੇ ਸੰਸਾਰ ਦੀਆਂ ਨਜ਼ਰਾਂ ਵਿਚ ਯੂ.ਐਸ.ਐਸ. ਆਰ ਦੀ ਮਹੱਤਤਾ ਅਮਰੀਕਾ ਨਾਲੋਂ ਵਧ ਜਾਂਦੀ ਪ੍ਰੰਤੂ ਉਸ ਨੇ ਅਜਿਹਾ ਨਾ ਕਰ ਕੇ ਸੰਸਾਰ 'ਚੋਂ ਆਪਣੀ ਭੂਮਿਕਾ ਖਤਮ ਕਰ ਲਈ ਅਤੇ ਸੰਸਾਰ ਚੌਧਰ ਦੀਆਂ ਚਾਬੀਆਂ ਵਿਚਾਰਾ ਬਣ ਕੇ ਅਮਰੀਕਾ ਦੇ ਬਿਨ੍ਹਾਂ ਕਹਿਣ 'ਤੇ ਹੀ ਉਸ ਦੇ ਸਪੁਰਦ ਕਰ ਦਿੱਤੀਆਂ । ਜਿਸ ਦਾ ਇਕ ਦਮ ਸਿੱਟਾ ਇਹ ਨਿਕਲਿਆ ਕਿ ਰੂਸੀ ਲੀਡਰ ਮਿਖਾਈਲ ਗੋਰਬਾਚੇਵ ਨੂੰ ਰੂਸੀ ਲੀਡਰਸ਼ਿਪ ਤੋਂ ਹੱਥ ਧੋਣੇ ਪਏ । ਰੂਸ ਵਿਚ ਖਾਨਾ ਜੰਗੀ ਛਿੜ ਪਈ । ਉਹ ਕਿਉਂਕਿ ਜੰਗ ਵਿਚ ਨਿਰਪੱਖ ਨਹੀਂ ਸੀ । ਇਸ ਲਈ ਅਮਰੀਕੀ ਸਰਦਾਰੀ ਕਬੂਲਣ ਅਤੇ ਉਸ ਨੂੰ ਸਮਰਥਨ ਦੇਣ ਕਾਰਨ ਉਸ ਨੂੰ 11ਅਰਬ ਰੂਬਲ ਦਾ ਨੁਕਸਾਨ ਵੀ ਹੋਇਆ ।

ਜੰਗਾਂ ਦੇ ਇਤਿਹਾਸ ਵਿਚ ਕਦੇ ਵੀ ਪਰਵਾਸੀਆਂ ਦੀ ਇੰਨੀ ਬੁਰੀ ਹਾਲਤ ਨਹੀਂ ਹੋਈ ਸੀ ਜਿੰਨੀ ਉਨ੍ਹਾਂ ਦੀ ਇਸ ਸੰਕਟ ਵੇਲੇ ਦੁਰਦਸ਼ਾ ਹੋਈ । ਦੁਨੀਆਂ ਦੀ ਦੂਜੀ ਮਹਾਂ ਜੰਗ (1939-45) ਦੌਰਾਨ ਜਿੰਨਾ ਬਾਰੂਦ ਕੁਲ ਵਰਤਿਆ ਗਿਆ ਸੀ ਉਸ ਤੋਂ ਢਾਈ ਗੁਣਾ ਬਾਰੂਦ ਇਰਾਕ ਦੀ ਧਰਤੀ 'ਤੇ ਖਾੜੀ ਦੀ ਪਹਿਲੀ ਜੰਗ ਸਮੇਂ ਦਾਗਿਆ ਗਿਆ । ਅਤਿ ਵਿਗਿਆਨਕ ਸੁਪਰ ਕਪਿੰਊਟਰਾਂ ਦੀ, ਲੜਾਈਆਂ ਦੇ ਇਤਿਹਾਸ ਵਿਚ, ਪਹਿਲੀ ਵਾਰ ਵਰਤੋਂ ਕਰ ਕੇ, ਗੋਲਿਆਂ ਦੇ ਨਿਸ਼ਾਨਿਆਂ ਦੀ ਸੇਧ ਟੇਢੀ ਨਹੀਂ ਸੀ ਹੁੰਦੀ । ਸਰਵੋਤਮ ਮਨੁੱਖੀ ਜੀਵਨ ਦਾ ਘਾਣ ਹੋਇਆ । ਇਸ ਹਾਲਤ ਵਿਚ ਕੁਵੈਤ ਅਤੇ ਇਰਾਕ ਵਿਚ ਘਿਰੇ ਵਿਦੇਸ਼ੀ ਨਾਗਰਿਕਾਂ ਦੀ ਦੁਰਦਸ਼ਾ ਦੇਖੀ ਨਹੀਂ ਸੀ ਜਾਂਦੀ । ਕੁਵੈਤ ਉਤੇ ਇਰਾਕੀ ਹਮਲੇ ਨਾਲ ਕੁਵੈਤ ਅਤੇ ਇ੍ਰਾਕ ਵਿਚ ਰੋਜ਼ੀ ਰੋਟੀ ਕਮਾਉਣ ਗਏ ਵੱਖ-ਵੱਖ ਦੇਸ਼ਾਂ ਦੇ ਲਗਭਗ 30 ਲੱਖ ਨਾਗਰਿਕਾਂ ਵਿਚ ਭਗਦੜ ਮਚ ਗਈ । 2 ਅਗਸਤ ਤੋਂ ਮਗਰੋਂ

ਜਦੋਂ ਪ੍ਰਵਾਸੀਆਂ ਨੂੰ ਲੜਾਈ ਦੇ ਚਿੰਨ ਨਜ਼ਰ ਆਉਣ ਲੱਗੇ, ਇਨ੍ਹਾਂ ਨੇ ਕੁਵੈਤ ਅਤੇ ਇਰਾਕ ਵਿਚੋਂ ਨਿਕਲਣਾ ਸ਼ੁਰੂ ਕਰ ਦਿੱਤਾ ਕਿਉਂਕਿ ਕੁਵੈਤ ਦਾ ਅਮੀਰ ਸੇਖ ਅਲੀ ਜਾਬੇਰ ਸਾਉਦੀ ਅਰਬ ਦੌੜ ਗਿਆ ਸੀ । ਇਸ ਲਈ ਉਨ੍ਹਾਂ ਪ੍ਰਵਾਸੀਆਂ ਨੇ ਵੀ ਉਥੋਂ ਖਿਸਕਣਾ ਹੀ ਚੰਗਾ ਸਮਝਿਆ । 29 ਅਗਸਤ 1990 ਤੱਕ ਕੁਵੈਤ ਅਤੇ ਇਰਾਕ ਵਿੱਚੋਂ 250000 ਪ੍ਰਵਾਸੀ ਜਾਰਡਨ ਪਹੁੰਚ ਗਏ ਸਨ ਅਤੇ 53000 ਅਮਾਨ ਪਹੁੰਚ ਗਏ । ਭਾਰਤ ਸਰਕਾਰ 5 ਫਰਵਰੀ 1991 ਤੱਕ ਕੁਵੈਤ ਅਤੇ ਇਰਾਕ ਵਿੱਚੋਂ ਕੋਈ 100000 ਭਾਰਤੀਆਂ ਨੂੰ ਵਾਪਸ ਦੇਸ਼ ਲੈ ਆਈ ਸੀ । ਇਸ ਤੋਂ ਇਲਾਵਾ ਏਸ਼ੀਆ ਅਤੇ ਸ਼ਾਂਤ ਮਹਾਂ ਸਾਗਰ ਦੇ ਕਈ ਦੇਸ਼ (ਮਿਸਰ, ਫਲਸਤੀਨ, ਇਰਾਨ ਅਤੇ ਮਰਾਕੋ) ਦੇ ਲੱਖਾਂ ਨਾਗਰਿਕਾਂ ਵਿਚ ਵੀ ਇਥੋਂ ਭੱਜ ਨਿਕਲਣ ਲਈ ਭਗਦੜ ਮਚ ਗਈ । ਅਮਰੀਕਾ ਦੇ ਕੁਵੈਤ ਵਿਚ 2500 ਅਤੇ ਇਰਾਕ ਵਿਚ 500 ਨਾਗਰਿਕ ਘਿਰੇ ਹੋਏ ਸਨ । ਇਸੇ ਤਰ੍ਹਾਂ ਕਨੈਡਾ ਦੇ 522 ਕੁਵੈਤ ਵਿਚ 200 ਇਰਾਕ ਵਿਚ,ਬਰਾਜ਼ੀਲੀਅਨ 450 ਇਰਾਕ ਵਿਚ, ਬਰਤਾਨਵੀ 4000 ਕੁਵੈਤ ਵਿਚ ਅਤੇ 500 ਇਰਾਕ ਵਿਚ, ਫਰਾਂਸੀਸੀ 270 ਕੁਵੈਤ ਵਿਚ ਅਤੇ 290 ਇਰਾਕ ਵਿਚ,ਆਇਰਲੈਂਡ ਦੇ 50 ਕੁਵੈਤ ਵਿਚ ਅਤੇ 300 ਇਰਾਕ ਵਿਚ, ਪੱਛਮੀ ਜਰਮਨੀ ਵਾਲੇ 290 ਕੁਵੈਤ ਵਿਚ ਅਤੇ 450 ਇਰਾਕ ਵਿਚ, ਬੈਲਜ਼ੀਅਮ ਵਾਸੀ 21 ਕੁਵੈਤ ਵਿਚ ਅਤੇ 38 ਇਰਾਕ ਵਿਚ, ਇਟੇਲੀਅਨ 135 ਕੁਵੈਤ ਵਿਚ ਅਤੇ 350 ਇਰਾਕ ਵਿਚ, ਯੂਨਾਨੀ 47 ਕੁਵੈਤ ਵਿਚ ਅਤੇ 200 ਇਰਾਕ ਵਿਚ, ਨੀਦਰਲੈਂਡ ਦੇ 83 ਕੁਵੈਤ ਵਿਚ, 147 ਇਰਾਕ ਵਿਚ, ਸਪੇਨ ਦੇ 155 ਕੁਵੈਤ ਵਿਚ, ਅਤੇ 30 ਇਰਾਕ ਵਿਚ ਤੁਰਕਸਿਤਾਨੀ 2500 ਕੁਵੈਤ ਵਿਚ ਅਤੇ 4000 ਇਰਾਕ ਵਿਚ, ਪੋਲੈਂਡ ਵਾਸੀ 1000 ਕੁਵੈਤ ਵਿਚ ਅਤੇ 3000 ਇਰਾਕ ਵਿਚ, ਚੈਕੋਸਲੋਵਾਕੀਆ ਦੇ 120 ਕੁਵੈਤ ਵਿਚ ਅਤੇ 350 ਇਰਾਕ ਵਿਚ, ਨਾਰਵੇ ਦੇ 18 ਕੁਵੈਤ ਵਿਚ ਅਤੇ 28 ਇਰਾਕ ਵਿਚ, ਡੈਨਮਾਰਕ ਦੇ ਕੁਵੈਤ ਵਿਚ 83 ਅਤੇ ਇਰਾਕ ਵਿਚ 28, ਭਾਰਤੀ 175000 ਕੁਵੈਤ ਵਿਚ ਅਤੇ 100000 ਇਰਾਕ ਵਿਚ, ਜਪਾਨੀ 280 ਕੁਵੈਤ ਵਿਚ ਅਤੇ 230 ਇਰਾਕ ਵਿਚ, ਪਾਕਿਸਤਾਨੀ 90000 ਕੁਵੈਤ ਵਿਚ ਅਤੇ 10000 ਇਰਾਕ ਵਿਚ, ਥਾਈਲੈਂਡ ਦੇ 7000 ਕੁਵੈਤ ਵਿਚ, ਫਿਲਪਾਈਨ ਦੇ 90000 ਕੁਵੈਤ ਵਿਚ ਅਤੇ 4000 ਇਰਾਕ ਵਿਚ, ਸ਼੍ਰੀ ਲੰਕਾ ਦੇ ਕੁਵੈਤ ਵਿਚ 100000, ਹਾਂਗਕਾਗ ਦੇ ਦੋਹਾਂ ਦੇਸ਼ਾਂ ਵਿਚ ਸੋਲਾਂ ,ਤਾਈਵਾਨ ਦੇ ਕੁਵੈਤ ਵਿਚ 152 ਅਤੇ ਮਿਸਰ ਦੇਸ਼ ਦੇ ਕੁਵੈਤ ਵਿਚ 150000 ਅਤੇ ਇਰਾਕ ਵਿਚ 1600000 (ਸੋਲਾਂ ਲੱਖ) ਨਾਗਰਿਕ ਦੋਹਾਂ ਦੇਸ਼ਾਂ ਵਿਚ ਦਹਿਸ਼ਤ ਨਾਲ ਸਹਿਮੇ ਹੋਏ ਜਾਨਾ ਬਚਾਉਣ ਲਈ ਤਰਲੋ ਮੱਛੀ ਹੋ ਰਹੇ ਸਨ । ਇਨ੍ਹਾਂ ਦੇਸ਼ਾਂ ਤੋਂ ਇਲਾਵਾ ਸਵੀਡਨ, ਫਿਨਲੈਡ, ਸਵਿਟਜ਼ਰਲੈਂਡ ਅਸਟਰੀਆ, ਅਰਜਨਟੀਨਾ, ਪੁਰਤਗਾਲ, ਰੂਸ, ਚੀਨ, ਯੂਗੋਸਲਾਵੀਆ, ਇੰਡੋਨੇਸ਼ੀਆ, ਹੰਗਰੀ, ਦੱਖਣੀ ਕੋਰੀਆ ਅਤੇ ਮਲੇਸ਼ੀਆ ਦੇ ਕਰਮਵਾਰ ਦੋਹਾਂ ਦੇਸ਼ਾਂ ਵਿਚ 160, 46, 153, 140, 31, 100, 9880, 9800, 10300, 700, 220, 1317 ਅਤੇ 380 ਵਿਦੇਸ਼ੀ ਨਾਗਰਿਕ ਵੀ ਘਿਰੇ ਹੋਏ ਸਨ ਇਨ੍ਹਾਂ ਨਾਗਰਿਕਾਂ ਨੂੰ ਆਪਣੇ ਦੇਸ਼ ਪਰਤ ਜਾਣ ਦੀ ਆਗਿਆ ਦੇ ਦਿੱਤੀ ਗਈ । ਸਾਉਦੀ ਅਰਬ ਵਿਚੋਂ ਵੀ ਲਗਭਗ 3000 ਭਾਰਤੀ ਆਪਣੇ ਦੇਸ਼ ਪਰਤ ਗਏ ਸਨ ।

ਜਿਹੜੇ ਵਿਦੇਸ਼ੀ ਨਾਗਰਿਕ ਦੋਹਾਂ ਦੇਸ਼ਾਂ ਵਿਚ ਫਸੇ ਰਹਿ ਗਏ ਉਨ੍ਹਾਂ ਦੀ ਹਾਲਤ ਦੇਖੀ ਨਹੀਂ ਸੀ ਜਾਂਦੀ । ਇਸ ਤੋਂ ਵੀ ਜਿਆਦਾ ਤਰਸਯੋਗ ਹਾਲਤ ਉਨ੍ਹਾਂ ਕਾਮਿਆ ਦੀ ਸੀ ਜਿਹੜੇ ਕਿਸੇ ਵੀ ਢੰਗ ਨਾਲ ਆਪਣੇ ਆਪਣੇ ਦੇਸ਼ ਵਾਪਸ ਪਰਤ ਗਏ ਸਨ । ਭਾਵੇਂ ਹੀ ਉਨ੍ਹਾਂ ਦੀ ਜਾਨ ਬਚ ਗਈ ਪਰ ਉਨਾਂ ਨੂੰ ਅਤਿ ਗਰੀਬੀ ਦੀ ਹਾਲਤ ਵਿਚ ਆਪਣੇ ਦੇਸ਼ ਮੁੜਨਾ ਪਿਆ ਅਤੇ ਵਾਪਸ ਪਰਤ ਕੇ ਉਹਨਾਂ ਦੀ ਰੋਜੀ ਰੋਟੀ ਦਾ ਕੋਈ ਸਾਧਨ ਨਾ ਰਿਹਾ। ਇਹ ਕਾਮੇ ਬੇਕਾਰੀ ਦੀ ਹਾਲਤ ਵਿਚ ਭੁੱਖੇ ਮਰਨ ਲੱਗੇ । ਫਿਰ ਉਨ੍ਹਾਂ ਤੋਂ ਉਨ੍ਹਾਂ ਦੇ ਦੇਸ ਨੂੰ ਜਿਹੜੀ ਆਮਦਨ ਹੁੰਦੀ ਸੀ ਉਹ ਰੁਕ ਗਈ ਅਤੇ ਇਨ੍ਹਾਂ ਨੂੰ ਵਾਪਸ ਆਪਣੇ ਆਪਣੇ ਦੇਸ਼ ਪਰਤਣ ਲਈ ਲੱਖਾਂ ਡਾਲਰ ਖਰਚ ਆਏ । ਇਸ ਕਾਰਨ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਇਨ੍ਹਾਂ ਕਾਮਿਆਂ ਨੂੰ ਆਪਣੇ ਉਤੇ ਇਕ ਤਰ੍ਹਾਂ ਨਾਲ ਬੋਝ ਸਮਝਣ ਲੱਗੀਆਂ । ਭਾਰਤ ਸਰਕਾਰ ਨੂੰ ਜਿਥੇ ਇਨ੍ਹਾਂ ਭਾਰਤੀ ਕਾਮਿਆਂ ਨੂੰ ਵਾਪਸ ਆਪਣੇ ਦੇਸ਼ ਵਿਚ ਲਿਆ ਕੇ ਰੋਟੀ ਦੇਣੀ ਪਈ ਉਥੇ ਭਾਰਤ ਸਰਕਾਰ ਨੂੰ ਇਨ੍ਹਾਂ ਸ਼ਰਨਾਰਥੀਆਂ ਨੂੰ ਇਨ੍ਹਾਂ ਦੇਸ਼ਾਂ ਵਿਚੋਂ ਕਢਣ ਲਈ 360 ਕਰੋੜ ਰੁਪਏ ਖਰਚ ਕਰਨੇ ਪਏ ।

ਇਨ੍ਹਾਂ ਸ਼ਰਨਾਰਥੀਆਂ ਦੀ ਹਾਲਤ ਇਤਨੀ ਤਰਸਯੋਗ ਸੀ ਕਿ ਇਨ੍ਹਾਂ ਦੀਆਂ ਦੁੱਖ ਭਰੀਆਂ ਕਹਾਣੀਆਂ ਸੁਣ ਕੇ ਲੂੰ ਕੰਡੇ ਖੜੇ ਹੁੰਦੇ ਸਨ । ਇਨ੍ਹਾਂ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਜਾਣ ਲਈ ਕਈ ਕਈ ਦਿਨ ਭੁੱਖੇ ਮਰਨਾ ਪਿਆ । ਫਿਰ ਇਕ ਤੋਂ ਦੂਜੀ ਥਾਂ ਜਾਣ ਲਈ ਟੈਕਸੀਆਂ ਵਾਲਿਆਂ ਨੂੰ ਮੂੰਹ ਮੰਗੇ ਪੈਸੇ ਦੇਣੇ ਪਏ । ਟੋਇਆਂ ਅਤੇ ਗੰਦੇ ਛੱਪੜਾਂ ਵਿੱਚੋਂ ਪਾਣੀ ਪੀਣਾ ਪਿਆ । ਜਾਰਡਨ ਦੇ ਕੈਂਪਾਂ ਵਿਚ ਇਨ੍ਹਾਂ ਦੀ ਜੋ ਦੁਰਦਸ਼ਾ ਹੋਈ ਉਹ ਦੇਖੀ ਨਹੀਂ ਸੀ ਜਾਂਦੀ । ਮਾਵਾਂ ਹਫੜਾ-ਤਫੜੀ ਵਿਚ ਆਪਣੇ ਪੁੱਤਰਾਂ ਨੂੰ ਨਹੀਂ ਸੀ ਸੰਭਾਲਦੀਆਂ। ਛੋਟੇ ਛੋਟੇ ਬੱਚੇ ਰੋਟੀ ਲਈ ਤੜਫ ਰਹੇ ਸਨ । ਕੋਈ ਉਨ੍ਹਾਂ ਨੂੰ ਚੁੱਪ ਕਰਵਾਉਣ ਵਾਲਾ ਨਹੀਂ ਸੀ । ਸਭ ਨੂੰ ਆਪੋ ਆਪਣੀ ਪਈ ਹੋਈ ਸੀ ।

ਸਮੁੰਦਰੀ ਜੀਵ ਜੰਤੂ ਵੀ ਇਸ ਜੰਗ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ । ਇੱਥੋਂ ਤਕ ਕਿ ਸਮੁੰਦਰੀ ਬਨਸਪਤੀ ਉਤੇ ਵੀ ਇਹ ਜੰਗ ਆਪਣੀ ਛਾਪ ਛੱਡ ਗਈ । ਜੇ ਕਰ ਇਸ ਜੰਗ ਨੂੰ "ਤੇਲ ਦੀ ਜੰਗ" (ਵਾਰ ਆਫ਼ ਆਇਲ) ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਤੇਲ ਨੂੰ ਆਧੁਨਿਕ ਹਥਿਆਰ ਵੱਜੋਂ ਇਸ ਜੰਗ ਵਿਚ ਵਰਤਿਆ ਗਿਆ । ਛੇ ਮਿਲੀਅਨ ਬੈਰਲ ਤੋਂ ਵੱਧ ਤੇਲ ਸਮੁੰਦਰ ਵਿਚ ਡੁੱਲ੍ਹਿਆ । ਇਤਨਾ ਤੇਲ ਇਤਿਹਾਸ ਵਿਚ ਕਦੇ ਵੀ ਧਰਤੀ ਜਾਂ ਸਮੁੰਦਰ ਵਿਚ ਨਹੀਂ ਸੀ ਡੁੱਲ੍ਹਿਆ । ਇਹ ਤੇਲ 1989 ਵਿਚ ਅਲਾਸਕਾ ਵਿਚ ਇਕ ਤੇਲ ਟੈਂਕਰ ਦੇ ਡੁੱਬ ਜਾਣ ਨਾਲ ਡੁੱਲ੍ਹੇ ਤੇਲ ਤੋਂ 10 ਗੁਣਾ ਤੋਂ ਵੀ ਵੱਧ ਸੀ । ਇਸ ਡੁੱਲ੍ਹੇ ਤੇਲ ਦਾ ਅਸਰ ਸੈਂਕੜੇ ਕਿਲੋਮੀਟਰ ਤੱਕ ਪਿਆ। ਸਾਉਦੀ ਸਾਗਰ ਦੇ ਅੰਦਰ ਅਤੇ ਤੱਟੀ ਭਾਗਾਂ 'ਤੇ ਜਿੱਥੋਂ ਤੱਕ ਵੀ ਇਸ ਤੇਲ ਦੀ ਤਹਿ ਜੰਮੀ ਇਸ ਨੇ ਸਮੁੰਦਰੀ ਵਾਤਾਵਰਨ ਨੂੰ ਦੂਸ਼ਤ ਕਰ ਦਿੱਤਾ । ਸਿੱਟੇ ਵੱਜੋਂ ਇਸ ਦੇ ਅਸਰ ਕਾਰਨ ਦਮ ਘੁੱਟਿਆ ਜਾਣ ਲੱਗਾ । ਡੂੰਘੇ ਪਾਣੀ ਵਿਚ ਡੁੱਲ੍ਹੇ ਤੇਲ ਕਾਰਨ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਬੜਾ ਮੁਸ਼ਕਲ ਸੀ । ਇੰਟਰਟਾਈਲਡ ਜ਼ੋਨ (Intertidal Zone) ਜਿੱਥੇ ਸਭ ਤੋਂ ਵੱਧ ਤੇਲ ਆਇਆ ਉਥੇ ਬਹੁਤ ਸਾਰੇ ਭਾਗਾਂ ਵਿਚ ਸਮੁੰਦਰੀ ਜੀਵਨ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ । ਕੁਵੈਤ ਦੀ ਬੰਦਰਗਾਹ ਦੇ ਨੇੜੇ ਡੁੱਲ੍ਹੇ ਹੋਏ ਤੇਲ ਨੇ ਭਾਰੀ

ਨੁਕਸਾਨ ਕੀਤਾ । ਇਸ ਦੇ ਨੇੜਲੇ ਤੇਲ ਖੂਹਾਂ ਨੂੰ ਅੱਗ ਲੱਗੀ ਹੋਈ ਸੀ । ਜਿਸ ਕਾਰਨ ਦੋਹਰਾ ਨੁਕਸਾਨ ਹੋਇਆ । ਇਸ ਤੋਂ ਦੱਖਣ ਵੱਲ ਜਿੱਥੇ ਜਨਵਰੀ 1991 ਵਿਚ ਤੇਲ ਡੁੱਲ੍ਹ ਕੇ ਚਲਾ ਗਿਆ ਸੀ ਉਹ ਸਥਾਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ । (Shuaiba) ਬੰਦਰਗਾਹ ਦੇ ਨੇੜੇ ਪਾਏ ਜਾਣ ਵਾਲੇ ਸਾਰੇ ਕੁਰਾਲ ਮਾਰੇ ਗਏ । ਹੁਣ ਉਥੇ ਉਹਨਾਂ ਦੇ ਚਿੰਨ੍ਹ ਹੀ ਬਾਕੀ ਰਹਿ ਗਏ ਸਨ ਤੇ ਉਹ (Coral) ਵੀ ਬੁਰੀ ਤਰ੍ਹਾਂ ਨਾਲ ਬਲੀਚ ਹੋ ਗਏ । Dr. Mark Eakin, a biological oceanographer from National Oceanic and Atmospheric Administration (NOAA) ਦੇ ਅਨੁਸਾਰ ਕੁਰਾਲ ਦੀ ਤਬਦੀਲੀ ਪੱਕੇ ਤੌਰ ਤੇ ਹੋ ਗਈ ਸੀ । ਉਸ ਵਿਚ ਕੁਝ ਸੁਧਾਰ ਤਾਂ ਹੋ ਸਕਦਾ ਸੀ ਪ੍ਰੰਤੂ ਪੱਕੇ ਤੌਰ ਤੇ ਤਬਦੀਲੀ (ਸੁਧਾਰ) ਨਹੀਂ ਸੀ ਹੋ ਸਕਦਾ । ਟਰਟਲ (Turtles) ਲਈ ਇਕ ਵੱਡਾ ਖਤਰਾ ਖੜਾ ਹੋ ਗਿਆ । ਉਨ੍ਹਾਂ ਲਈ ਇਹ ਸਮੱਸਿਆ ਖੜੀ ਹੋ ਗਈ ਕਿ ਉਹ ਆਪਣੇ ਅੰਡਿਆਂ ਨੂੰ ਬਾਹਰ ਜਾ ਕੇ ਦੱਬ ਨਹੀਂ ਸੀ ਸਕਦੇ । ਕੁਰਾਲ (Coral) ਦੇ ਕੁਝ ਅੰਗ ਸੁੱਜ ਗਏ । ਇਮਪਰਰ ਫੀਮੇਲ (Female Emperor) ਮੱਛੀਆਂ ਦੇ ਪੇਟ ਫੁੱਲ ਗਏ । Mount Mitchell ਦੇ ਅਧੀਨ ਜਿਹੜੀ ਸਾਇੰਸਦਾਨਾਂ ਦੀ ਟੀਮ ਖਾੜੀ ਖੇਤਰ ਵਿਚ ਡੁੱਲ੍ਹੇ ਹੋਏ ਤੇਲ ਦਾ ਸਮੁੰਦਰੀ ਜੀਵਾਂ ਉਤੇ ਪਿਆ ਪ੍ਰਭਾਵ ਦੇਖਣ ਗਈ । ਉਸ ਟੀਮ ਨੇ ਸਮੁੰਦਰੀ ਜੀਵਾਂ 'ਤੇ ਕਈ ਕਿਸਮ ਦੇ ਤਜਰਬੇ ਵੀ ਕੀਤੇ । ਉਨ੍ਹਾਂ ਨੇ ਸਮੁੰਦਰੀ ਜੀਵਾਂ ਉਤੇ ਤੇਲ ਦਾ ਅਸਰ ਦੇਖਣ ਲਈ ਜਾਲ ਲਾ ਕੇ ਕੁਝ ਮੱਛੀਆਂ ਫੜੀਆਂ । Cuttle fish ਮੱਛੀ ਉਤੇ ਤੇਲ ਦਾ ਇਤਨਾ ਜਿਆਦਾ ਅਸਰ ਪਿਆ ਕਿ ਇਸ ਦਾ ਸਰੀਰ ਪੂਰੀ ਤਰ੍ਹਾਂ ਨਾਲ (Transparent) ਪਾਰਦਰਸ਼ੀ ਬਣ ਗਿਆ । ਇੱਥੋਂ ਤੱਕ ਕਿ ਇਸ ਦੇ ਪੇਟ ਵਿਚ ਆਂਡੇ ਵੀ ਦੇਖੇ ਗਏ । ਅੰਡਿਆਂ ਵਿਚ ਬਣੇ ਹੋਏ ਭਰੂਣ ਵੀ ਦਿਖਾਈ ਦੇ ਰਹੇ ਸਨ। ਇਮਪਰ (Emperor Fish) ਮੱਛੀ ਨੂੰ ਜਦੋਂ ਕੱਟ ਕੇ ਦੇਖਿਆ ਗਿਆ ਤਾਂ ਉਸ ਦੇ ਸਰੀਰ ਦੇ ਅੰਦਰ ਤੇਲ ਦੇ ਧੱਬੇ ਜੰਮੇ ਹੋਏ ਦੇਖੇ ਗਏ ।

18 ਦੇਸ਼ਾਂ ਦੇ ਲਗਭਗ 150 ਵਿਗਿਆਨੀਆਂ ਨੇ ਜੀਵਾਂ 'ਤੇ ਵੱਖ-ਵੱਖ ਤਜਰਬੇ ਕੀਤੇ । ਇਨ੍ਹਾਂ ਵਿਗਿਆਨਕਾਂ ਦੀ ਟੀਮ ਨੇ ਖਾੜੀ ਵਿਚ Karan, Jana, Al Arabiya ਆਦਿ ਟਾਪੂਆਂ ਵਿਚ ਸਭ ਤੋਂ ਵਧ ਤਜ਼ਰਬੇ ਕੀਤੇ । ਇਹ Gulf ਜਿਹੜੀ ਹੁਣ ਤੱਕ ਹਨੇਰੇ ਵਿਚ ਪਈ ਸੀ, ਜੰਗ ਸਮੇਂ ਇਸ ਉਤੇ ਨਵੇਂ-ਨਵੇਂ ਤਜ਼ਰਬੇ ਹੋਣੇ ਸ਼ੁਰੂ ਹੋ ਗਏ । ਇਨ੍ਹਾਂ ਟਾਪੂਆਂ ਵਿਚ ਸਮੁੰਦਰੀ ਜੀਵਾਂ ਨੂੰ ਮਾਰਨ 'ਤੇ ਪਾਬੰਦੀ ਲੱਗੀ ਹੋਈ ਸੀ । ਇਨ੍ਹਾਂ ਵਿਗਿਆਨੀਆਂ ਨੂੰ ਸਮੁੰਦਰੀ ਖੋਜ ਦਾ ਇਕ ਵੱਡਾ ਲਾਭ ਇਹ ਹੋਇਆ ਕਿ ਇਨ੍ਹਾਂ ਨੇ ਖਾੜੀ ਦੇ ਪਾਣੀ ਵਿਚ ਪਹਿਲੀ ਵਾਰ Cardinal fish ਦੇਖੀ । ਇਸ ਤੋਂ ਪਹਿਲਾਂ ਇਹ ਮੱਛੀ ਇਸ ਪਾਣੀ ਵਿਚ ਕਦੇ ਨਹੀਂ ਸੀ ਦੇਖੀ ਗਈ । Cardinal fish ਦੀਆਂ ਨਰ ਅਤੇ ਮਾਦਾ ਦੋਨੋਂ ਕਿਸਮ ਦੀਆਂ ਮੱਛੀਆਂ ਇਕੱਠੀਆਂ ਦੇਖੀਆਂ ਗਈਆਂ । ਇਨ੍ਹਾਂ ਮੱਛੀਆਂ ਨੂੰ Dr. Youssef Fadlallah, an expert in Gulf Coral habitats at the University of California at Santa Cruz and Dr. Jack Randall a leading,authority on fishes of the Indo Pacific Basin who is director of the Bishop Museum in Honolulu ਨੇ ਖਾੜੀ ਦੇ ਤੱਟ ਵਿਚ ਦੇਖਿਆ । ਵਿਗਿਆਨੀਆਂ ਦੀ ਇਸ

ਟੀਮ ਨੇ ਕੁਰਾਲ Coral ਦੀ ਇਕ 75 ਫੁੱਟ ਚੌੜੀ ਕਲੋਨੀ ਵੀ ਲੱਭੀ । ਬਹੁਤ ਸਾਰੇ ਮੂੰਗਿਆਂ ਉਤੇ ਕਾਈ ਜੰਮ ਗਈ ਸੀ ਅਤੇ ਬਹੁਤ ਸਾਰੇ ਕੁਰਾਲ ਬੇਜਾਨ ਹੋ ਪਾਣੀ ਵਿਚ ਰੁੜ ਗਏ । ਕੁਝ ਵੱਡੇ ਵੱਡੇ ਜਾਨਵਰਾਂ ਉਤੇ ਤੇਲ ਦਾ ਇਤਨਾਂ ਅਸਰ ਹੋਇਆ ਕਿ ਉਹ ਆਪਣੀ ਥਾਂ ਤੋਂ ਹਿੱਲ ਨਹੀਂ ਸੀ ਸਕਦੇ । ਇਸ ਲਈ ਉਹਨਾਂ ਦੇ ਪ੍ਰੋਟੀਨ ਦੇ ਟੁਕੜਿਆਂ ਨੂੰ ਵੱਡੀਆਂ-ਵੱਡੀਆਂ ਮੱਛੀਆਂ ਨੇ ਖਾਣਾ ਸ਼ੁਰੂ ਕਰ ਦਿੱਤਾ। ਵਿਗਿਆਨਕਾਂ ਦੀ ਟੋਲੀ ਇਸ ਗੱਲੋਂ ਬਹੁਤ ਖੁਸ਼ ਸੀ ਕਿ ਉਹਨਾਂ ਨੂੰ ਸਮੁੰਦਰ ਅਤੇ ਸਮੁੰਦਰੀ ਜੀਵਾਂ 'ਤੇ ਨਵੇਂ-ਨਵੇਂ ਤਜ਼ਰਬੇ ਕਰਨ ਦਾ ਮੌਕਾ ਮਿਲਿਆ । ਮੱਛੀਆਂ ਨੂੰ ਫੜ ਕੇ ਉਹ ਨਵੇਂ ਨਵੇਂ ਤਜ਼ਰਬੇ ਕਰਦੇ। ਉਹ ਇਹ ਦੇਖਦੇ ਕਿ ਕੀ ਇਸ ਦੇ Bile ਉਤੇ ਤੇਲ ਦਾ ਕੋਈ ਅਸਰ ਹੈ ਜਾਂ ਨਹੀਂ । ਇਸਪਰਰ ਮੱਛੀਆਂ ਤੋਂ ਉਹਨਾਂ ਨੇ ਇਹ ਤਜ਼ਰਬਾ ਲਗਾਇਆ ਕਿ ਸਮੁੰਦਰ ਦੇ ਉਤੱਰੀ ਪਾਸੇ ਵੱਲ ਮੱਛੀਆਂ ਉਤੇ ਤੇਲ ਦਾ ਅਸਰ ਜ਼ਿਆਦਾ ਸੀ ।

ਮੱਛੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਮੁੰਦਰੀ ਜੀਵ ਜੰਤੂ ਡੁੱਲ੍ਹੇ ਹੋਏ ਤੇਲ ਨਾਲ ਪ੍ਰਭਾਵਿਤ ਹੋਏ । ਬਹੁਤ ਸਾਰੇ ਜੀਵ ਜੰਤੂ ਤੇਲ ਦੇ ਅਸਰ ਨਾਲ ਮਰ ਗਏ । ਇਹੋ ਜਿਹੇ ਅਨੇਕਾਂ ਜੀਵ ਜੰਤੂ ਸਮੁੰਦਰ 'ਤੇ ਤੈਰਦੇ ਹੋਏ ਦੇਖੇ ਗਏ । ਇਹਨਾਂ ਮਰੇ ਹੋਏ ਜੀਵ ਜੰਤੂਆਂ ਕਾਰਨ ਸਮੁੰਦਰੀ ਵਾਤਾਵਰਨ ਹੋਰ ਵੀ ਦੂਸ਼ਤ ਹੋ ਗਿਆ । ਉਡਣ ਵਾਲੇ ਪੰਛੀਆਂ ਦਾ ਵੀ ਗੰਦੀ ਹਵਾ ਕਾਰਨ ਦਮ ਘੁੱਟਣ ਲੱਗ ਪਿਆ । ਬਹੁਤ ਸਾਰੇ ਪੰਛੀ ਤਟ ਨੂੰ ਛੱਡ ਕੇ ਕਿਸੇ ਦੂਜੀ ਥਾਂ 'ਤੇ ਚਲੇ ਗਏ । ਜਿਹੜੇ ਪੰਛੀ ਰੇਗਿਸਤਾਨ ਵੱਲ ਗਏ ਉਨ੍ਹਾਂ ਨੂੰ ਢੁੱਕਵਾਂ ਵਾਤਾਵਰਨ ਨਾ ਮਿਲਿਆ । ਇਸ ਲਈ ਉਹ ਵੀ ਤੜਫ-ਤੜਫ ਕੇ ਮਰ ਗਏ ।

ਇਸ ਡੁੱਲ੍ਹੇ ਤੇਲ ਦਾ ਅਸਰ ਕੁਲੀਸ਼ਨ ਫੌਜਾਂ ਉਤੇ ਵੀ ਪਿਆ । ਜਿਥੇ ਉਹ ਬੇ-ਰੋਕ ਇਰਾਕ ਉਤੇ ਹਵਾਈ ਹਮਲੇ ਕਰਨ ਲੱਗੇ ਹੋਏ ਸਨ, ਤੇਲ ਦੇ ਸਮੁੰਦਰ ਵਿਚ ਵਹਿਣ ਕਾਰਨ ਉਨ੍ਹਾਂ ਦਾ ਧਿਆਨ ਤੇਲ ਦੇ ਅਸਰ ਨੂੰ ਖਤਮ ਕਰਨ ਵੱਲ ਵੀ ਖਿੱਚਿਆ ਗਿਆ । ਇਸ ਨਾਲ ਕੁਲੀਸ਼ਨ ਫੌਜਾਂ ਵਿਚ ਇਕ ਦਮ ਹਫੜਾ-ਤਫੜੀ ਮਚ ਗਈ । ਖਾੜੀ ਦੇ ਨਾਲ ਲੱਗਦੇ ਸਾਰੇ ਦੇਸ਼ ਚਿੰਤਾ ਵਿਚ ਡੁੱਬ ਗਏ । ਇਸ ਦਾ ਸਭ ਤੋਂ ਜਿਆਦਾ ਅਸਰ ਖਾੜੀ ਤੱਟ ਦੇ ਨਾਲ ਲੱਗਦੇ ਸਾਊਦੀ ਅਰਬ ਦੇ ਅਲ-ਖਾਫਜੀ ਤੋਂ ਅਲ-ਜੁਬੇਲ ਤੱਕ ਸੀ । ਇਹ ਖੇਤਰ ਤੇਲ ਦੇ ਅਸਰ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਿਆ । ਇੱਥੋਂ ਦੀ ਸਾਰੀ ਬਨਸਪਤੀ ਡੁੱਲ੍ਹੇ ਹੋਏ ਤੇਲ ਦੇ ਅਸਰ ਕਾਰਨ ਤਬਾਹ ਹੋ ਗਈ ਅਤੇ ਸਭ ਤੋਂ ਵੱਧ ਸਮੁੰਦਰੀ ਜੀਵ ਜੰਤੂ ਵੀ ਇਸ ਸਥਾਨ 'ਤੇ ਹੀ ਮਰੇ । ਕਿਉਂਕਿ ਤੇਲ ਦੀ ਤਹਿ ਦਾ ਰੁੱਖ ਸਾਊਦੀ ਅਰਬ ਵੱਲ ਸੀ, ਇਸ ਲਈ ਸਾਊਦੀ ਅਰਬ ਦੇ ਤੱਟ 'ਤੇ ਸਫਾਨੀਆ ਵਿਖੇ ਸਥਿਤ ਪਾਣੀ ਸਾਫ ਕਰਨ ਵਾਲੇ ਇਕ ਕਾਰਖਾਨੇ ਨੂੰ ਬੰਦ ਕਰਨਾ ਪਿਆ ਤਾਂ ਕਿ ਤੇਲ ਇਸ ਦੇ ਵਾਲਵਾਂ ਅੰਦਰ ਦਾਖਲ ਨਾ ਹੋ ਜਾਵੇ । ਇਹ ਪਲਾਟ ਸਾਊਦੀ ਅਰਬ ਸਥਿਤ ਸਭ ਤੋਂ ਵੱਡੀ ਤੇਲ ਕੰਪਨੀ ਅਮਰਾਕੋ ਵੱਲੋਂ ਚਲਾਇਆ ਜਾਂਦਾ ਸੀ । ਜਿਥੇ ਇਸ ਨਾਲ ਕੰਪਨੀ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ ਉਥੇ ਪਾਣੀ ਦੀ ਸਪਲਾਈ ਰੁਕਣ ਕਾਰਨ ਲੋਕਾਂ ਵਿਚ ਹਫੜਾ-ਤਫੜੀ ਮਚ ਗਈ । ਅਲ ਜਾਵਰ ਤੋਂ ਦੱਖਣ ਵਿਚ ਦਾਅਵਤ ਅਲ ਮੁਸਲਮੀਬਾ ਵੀ ਤੇਲ ਨਾਲ ਬਹੁਤ ਪ੍ਰਭਾਵਿਤ ਹੋਏ । ਇਸ ਤੋਂ ਮਗਰੋਂ ਤੇਲ ਦੀ ਤਹਿ ਨੇ ਖਾਲੀਜ਼ ਅਲ ਦਾਫੀ ਨੂੰ ਲਪੇਟ ਵਿਚ ਲੈਣਾ ਸ਼ੁਰੂ ਕਰ ਦਿੱਤਾ । ਸਮੁੰਦਰੀ ਪਾਣੀ ਜ਼ਹਿਰੀਲਾ ਹੋਣ ਕਾਰਨ ਇਸ

ਵਿਚਲੇ ਜੀਵ ਜੰਤੂ ਅਤੇ ਇਨ੍ਹਾਂ ਨੂੰ ਖਾ ਕੇ ਗੁਜ਼ਾਰਾ ਕਰਨ ਵਾਲੇ ਸਮੁੰਦਰੀ ਕੰਢਿਆ 'ਤੇ ਰਹਿਣ ਵਾਲੇ ਪੰਛੀ ਇਸ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਏ ।

ਕੁਵੈਤ ਦੇ ਤੇਲ ਖੂਹਾਂ ਨੂੰ ਲੱਗੀ ਅੱਗ ਕਾਰਨ ਜਿਥੇ ਕੁਵੈਤ ਨੂੰ ਅਰਬਾਂ ਡਾਲਰਾਂ ਦਾ ਨੁਕਸਾਨ ਹੋਇਆ । ਉਥੇ ਤੇਲ ਦੇ ਖੂਹਾਂ ਨੂੰ ਲੱਗੀ ਅੱਗ ਦੇ ਧੂੰਏਂ ਕਾਰਨ ਵਾਤਾਵਰਨ 'ਤੇ ਬਹੁਤ ਬੁਰਾ ਅਸਰ ਵੀ ਪਿਆ । ਅਕਾਸ਼ ਵਿਚ ਇਤਨਾ ਧੂੰਆਂ ਫੈਲ ਗਿਆ ਕਿ ਸੂਰਜ ਦੀਆਂ ਕਿਰਨਾਂ ਧਰਤੀ ਤੱਕ ਨਹੀਂ ਸੀ ਪਹੁੰਚ ਸਕਦੀਆਂ । ਕੁਵੈਤ ਦੇ 517 ਤੇਲ ਖੂਹਾਂ ਨੂੰ ਇਸ ਜੰਗ ਦੌਰਾਨ ਅੱਗ ਲੱਗ ਗਈ ਸੀ । ਕੁਰਦਿਸਤਾਨ ਦੀ ਰਾਜਧਾਨੀ 'ਤੇ ਇਕ ਹਫਤੇ ਤੋਂ ਵੀ ਵੱਧ ਸਮੇਂ ਤੱਕ ਕਾਲਾ ਧੂੰਆਂ ਛਾਇਆ ਰਿਹਾ । ਇਸੇ ਪ੍ਰਾਂਤ ਦਾ ਮੈਰੀਵਾਨ ਸ਼ਹਿਰ ਵੀ ਇਰਾਕ ਤੋਂ ਆਉਣ ਵਾਲੇ ਕਾਲੇ ਧੂੰਏਂ ਦੀ ਲਪੇਟ ਵਿਚ ਆਇਆ ਹੋਇਆ ਸੀ । ਇਰਾਨ ਦੇ ਸਰਹੱਦੀ ਖੇਤਰਾਂ ਵਿਚ ਕਾਲੇ ਧੂੰਏਂ ਕਾਰਨ ਕਾਲੀ ਵਰਖਾ ਹੋਈ ਜਿਵੇਂ ਧਰਤੀ 'ਤੇ ਕਾਲਾ ਰੰਗ ਕੀਤਾ ਹੋਵੇ । ਟਨਾਂ ਦੇ ਹਿਸਾਬ ਫੂਕੇ ਬਾਰੂਦ ਨੇ ਖਾੜੀ ਖੇਤਰ ਦੀ ਹਵਾ ਨੂੰ ਦੂਸ਼ਿਤ ਕਰ ਦਿੱਤਾ । ਜਲ ਰਹੇ ਪੈਟਰੋਲ ਦੇ ਧੂੰਏਂ ਦੁਆਰਾ ਪੈਦਾ ਹੋਈਆਂ ਗੈਸਾਂ ਨੇ ਹਵਾ ਵਿਚ ਜ਼ਹਿਰੀਲਾ ਮਾਦਾ ਘੋਲ ਦਿੱਤਾ ਜਿਸ ਕਾਰਨ ਪਸ਼ੂ, ਪੰਛੀ ਅਤੇ ਮਨੁੱਖੀ ਜੀਵਨ 'ਤੇ ਬੁਰਾ ਅਸਰ ਪਿਆ ।

ਖਾੜੀ ਜੰਗ ਦੇ ਨਾਂ ਤੇ ਬਹੁਤ ਸਾਰੇ ਦੇਸ਼ਾਂ ਵਿਚ ਵੱਡੀਆ ਕੰਪਨੀਆਂ ਨੇ ਲੁੱਟ ਮਚਾ ਦਿੱਤੀ ਅਤੇ ਖੂਬ ਧਨ ਲੁੱਟਿਆ । ਇੰਗਲੈਂਡ ਵਿਚ ਜੰਗ ਦੇ ਨਾਂ 'ਤੇ ਯੂਰਪੀ ਆਰਥਿਕ ਭਾਈਚਾਰੇ ਤੋਂ ਚੰਦਾ ਇਕੱਠਾ ਕਰ ਕੇ ਅਰਬਾਂ ਡਾਲਰ ਇਕੱਠੇ ਕੀਤੇ ਗਏ । ਇਕ ਕੰਪਨੀ ਨੂੰ 5 ਲੱਖ ਬੁਲਾਂਦਰੇ ਨਿਰੋਧਾਂ ਦਾ ਆਰਡਰ ਦਿੱਤਾ ਗਿਆ ਜਿਹੜੇ ਰਫਲਾਂ ਦੀਆਂ ਨਾਲੀਆਂ ਉਤੇ ਚੜਾਏ ਜਾਣੇ ਸਨ ਤਾਂ ਕਿ ਰਫਲਾਂ ਦੀਆਂ ਨਾਲੀਆਂ ਵਿਚ ਰੇਤ ਪੈ ਕੇ ਇਨ੍ਹਾਂ ਨੂੰ ਕੋਈ ਨੁਕਸਾਨ ਨਾ ਪੁੱਜੇ । ਇਸ ਨਾਲ ਕੰਪਨੀ ਨੇ ਲੱਖਾਂ ਡਾਲਰ ਧਨ ਕਮਾਇਆ । ਭਾਰਤ ਵਿਚ ਆਟਾ ਅਤੇ ਦਾਲਾਂ ਦੀਆਂ ਕੀਮਤਾਂ ਅਕਾਸ਼ ਨੂੰ ਛੂਹਣ ਲੱਗੀਆਂ । ਤੇਲ ਕੰਪਨੀਆਂ ਨੇ ਤੇਲ ਦੀ ਮੂੰਹ ਮੰਗੀ ਕੀਮਤ ਵਸੂਲ ਕੀਤੀ । ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਪਰਜਾ ਵਿਚਕਾਰ ਅਸੰਤੁਲਨ ਦੀ ਭਾਵਨਾ ਪੈਦਾ ਹੋ ਗਈ । ਅਮਰੀਕਾ,ਯੂ.ਐਸ.ਐਸ.ਆਰ., ਇੰਗਲੈਂਡ, ਫਰਾਂਸ ਅਤੇ ਕੈਨੇਡਾ ਵਰਗੀਆਂ ਵੱਡੀਆਂ ਤਾਕਤਾਂ ਇਸ ਸੰਕਟ ਤੋਂ ਇੰਨੀਆਂ ਪ੍ਰਭਾਵਿਤ ਹੋਈਆਂ ਕਿ ਕਈ ਵਾਰ ਇੰਜ ਪ੍ਰਤੀਤ ਹੁੰਦਾ ਸੀ ਕਿ ਉਹ ਬੁਖਲਾਹਟ ਵਿਚ ਆ ਕੇ ਜੰਗ ਪ੍ਰਤੀ ਕੋਈ ਸਪਸ਼ਟ ਨਿਰਨਾ ਲੈਣ ਦੇ ਸਮਰਥ ਨਹੀਂ ਸਨ । ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਮਰੀਕਾ ਵਿਚ ਜੰਗ ਵਿਰੋਧੀ ਮੁਜ਼ਹਾਰੇ ਹੋਣ ਲੱਗੇ । ਲੋਕਾਂ ਦਾ ਕਹਿਣਾ ਸੀ 'ਤੇਲ ਬਦਲੇ ਖੂਨ ਨਹੀਂ' । ਉਘੇ ਕਾਲੇ ਰਾਜਸੀ ਅਤੇ ਧਾਰਮਿਕ ਨੇਤਾਵਾਂ ਨੇ ਪ੍ਰਧਾਨ ਬੁਸ਼ ਦੀ ਸਖਤ ਅਲੋਚਨਾ ਕੀਤੀ । 50 ਕਾਲੇ ਨੇਤਾਵਾਂ ਜਿਨ੍ਹਾਂ ਵਿਚ ਸ਼ਹਿਰੀ ਹੱਕਾਂ ਦੇ ਆਗੂ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਵਿਧਵਾ ਕੋਰੇਟਾ ਸਕਾਟ ਕਿੰਗ ਸ਼ਾਮਲ ਸੀ ਨੇ ਨਿਉਯਾਰਕ ਵਿਚ ਪ੍ਰਧਾਨ ਬੁਸ਼ ਨੂੰ ਇਕ ਪੱਤਰ ਲਿਖ ਕੇ ਖਾੜੀ ਜੰਗ ਦੀ ਅਲੋਚਨਾ ਕੀਤੀ। ਸੀਰੀਆ, ਮਿਸਰ, ਯੂ.ਏ.ਈ ਵਰਗੇ ਮੁਲਕ ਸਹਿਮੇ ਹੋਏ ਸੱਜੇ ਖੱਬੇ ਝਾਕ ਰਹੇ ਸਨ । ਇਰਾਨ ਵਰਗਾ ਦੇਸ਼ ਵੀ ਜੋ ਇਰਾਕ ਦਾ ਸਭ ਤੋਂ ਵੱਡਾ ਦੁਸ਼ਮਣ ਸੀ, ਇਰਾਕ ਦੇ ਸੱਦੇ 'ਤੇ ਉਸ ਵੱਲ ਦੋਸਤੀ ਦੀਆਂ ਬਾਹਾਂ ਉਲਾਰ ਰਿਹਾ ਸੀ । ਨਾਟੋ ਸੰਧੀ ਦਾ ਮੁਲਕ ਤੁਰਕੀ ਜਿਸ

ਦੀ ਸਰਹੱਦ ਇਰਾਕ ਨਾਲ ਲੱਗਦੀ ਹੈ ਅਤੇ ਜਿਸ ਦੀ ਧਰਤੀ 'ਤੇ ਅਮਰੀਕਾ ਦੇ ਸੈਨਿਕ ਅੱਡੇ ਹਨ, ਕੁੜਿੱਕੀ ਵਿਚ ਫਸਿਆ ਬੈਠਾ ਸੀ। ਉਸ ਦਾ ਹਾਲ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲਾ ਸੀ। ਭਾਰਤ ਤੇ ਪਾਕਿਸਤਾਨ ਭਾਵੇਂ ਅੰਦਰੋਂ ਇਰਾਕ ਨਾਲ ਹਮਦਰਦੀ ਰੱਖਦੇ ਸਨ ਪਰ ਉਤੋਂ ਉਹ ਵੀ ਰੋਲਾ ਪਾ ਰਹੇ ਸਨ ਕਿ ਇਰਾਕ ਨੂੰ ਕੁਵੈਤ ਵਿੱਚੋਂ ਫੌਜਾਂ ਵਾਪਸ ਬੁਲਾ ਲੈਣੀਆਂ ਚਾਹੀਦੀਆਂ ਹਨ। ਭਾਵੇਂ ਪਾਕਿਸਤਾਨੀ ਫੌਜ ਅਤੇ ਲੋਕ ਅਮਰੀਕੀ ਸਹਾਇਤਾ ਲਈ ਖਾੜੀ ਵਿਚ ਨਹੀਂ ਸੀ ਜਾਣਾ ਚਾਹੁੰਦੇ ਪ੍ਰੰਤੂ ਪਾਕਿ ਸਰਕਾਰ ਨੂੰ ਅਮਰੀਕੀ ਦਬਾਅ ਅੱਗੇ ਝੁਕ ਕੇ ਆਪਣੀ ਫੌਜ ਰੇਗਿਸਤਾਨੀ ਕਤਲੇਆਮ ਦੀ ਗਤੀ ਨੂੰ ਹੋਰ ਤੇਜ਼ ਕਰਨ ਲਈ ਖਾੜੀ ਵਿਚ ਭੇਜਣੀ ਪਈ। ਭਾਰਤ ਸਰਕਾਰ ਨੇ ਆਪਣੇ ਆਪ ਨੂੰ ਕਤਲੇਆਮ ਤੋਂ ਨਿਰਪੱਖ ਰੱਖਦੇ ਹੋਏ ਵੀ ਅਮਰੀਕੀ ਜਹਾਜ਼ਾਂ ਲਈ ਤੇਲ ਦੇ ਦਿੱਤਾ ਪ੍ਰੰਤੂ ਜਨਤਾ ਦੇ ਦਬਾਅ ਅੱਗੇ ਝੁੱਕ ਕੇ ਉਸ ਨੂੰ ਆਪਣਾ ਫੈਸਲਾ ਨਿਰਪੱਖ ਰੂਪ ਵਿਚ ਵਾਪਸ ਲੈਣਾ ਪਿਆ ਅਤੇ ਅਮਰੀਕੀ ਜਹਾਜ਼ਾਂ ਨੂੰ ਤੇਲ ਦੀ ਸਪਲਾਈ ਬੰਦ ਕਰਨੀ ਪਈ। ਸੰਸਾਰ ਦੇ ਲਗਭਗ ਸਾਰੇ ਦੇਸ਼ਾਂ ਦੀ ਪਰਜਾ ਦੇ ਵਿਚਾਰ ਸਰਕਾਰਾਂ ਤੋਂ ਉਲਟ ਹੋ ਗਏ। ਇੱਥੋਂ ਤੱਕ ਕਿ ਅਮਰੀਕਾ , ਇੰਗਲੈਂਡ, ਫਰਾਂਸ, ਸਾਊਦੀ ਅਰਬ ਅਤੇ ਪਾਕਿਸਤਾਨੀ ਜਿਹੜੇ ਇਸ ਘੁੱਲੂਕਾਰੇ ਦੇ ਮੁੱਖ ਦੇਸ਼ ਸਨ, ਇਨ੍ਹਾਂ ਦੇਸ਼ਾਂ ਦੀ ਪਰਜਾ ਦੇ ਵਿਚਾਰ ਵੀ ਸਰਕਾਰ ਨਾਲ ਮੇਲ ਨਹੀਂ ਸੀ ਖਾਂਦੇ। ਸੰਸਾਰ ਵਿਚ ਕਿਸੇ ਵੀ ਮਸਲੇ ਉਤੇ ਮੁਲਕਾਂ ਦੀਆਂ ਸਰਕਾਰਾਂ ਅਤੇ ਪਰਜਾ ਦੇ ਵਿਚਕਾਰ ਇਤਨਾ ਅਸੰਤੁਲਨ ਪਹਿਲਾਂ ਕਦੇ ਨਹੀਂ ਹੋਇਆ ਜਿੰਨ੍ਹਾਂ ਰੇਗਿਸਤਾਨੀ ਕਤਲੇਆਮ ਸਮੇਂ ਵੇਖਣ ਵਿਚ ਆਇਆ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਇਕੱਠੇ ਹੋ ਕੇ ਇਰਾਕੀ ਸਦਰ ਸੱਦਾਮ ਹੁਸੈਨ ਦੇ ਹੱਕ ਵਿਚ ਮੁਜ਼ਹਾਰੇ ਕਰਨ ਲੱਗ ਪਏ। ਜਿਸ ਕਾਰਨ ਦੰਗਿਆਂ ਵਿਚ ਅਨੇਕਾਂ ਜਾਨਾਂ ਗਈਆਂ, ਹਜ਼ਾਰਾਂ ਲੋਕ ਜ਼ਖਮੀ ਹੋ ਗਏ, ਕਰੋੜਾਂ ਡਾਲਰਾਂ ਦੀ ਜ਼ਾਇਦਾਦ ਨਸ਼ਟ ਹੋ ਗਈ। ਜਿੰਨੀ ਦੇਰ ਤੱਕ ਕਤਲੇਆਮ ਹੁੰਦਾ ਰਿਹਾ, ਫਿਰਕੂ ਦੰਗੇ ਵੀ ਨਾਲ ਨਾਲ ਰੰਗ ਦਿਖਾਉਂਦੇ ਰਹੇ। ਜੰਗ ਸ਼ੁਰੂ ਹੋਣ ਨਾਲ ਸਮੁੱਚਾ ਅਰਬੀ ਜਗਤ ਅਤੇ ਇਸਲਾਮੀ ਭਾਈਚਾਰਾ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਸੇ ਤਰ੍ਹਾਂ ਵਿਦੇਸ਼ਾਂ ਵਿਚ ਵਸਦੇ ਮੁਸਲਮਾਨਾਂ ਨੂੰ ਇਸ ਸੰਕਟ ਦੌਰਾਨ ਦੋ ਧਾਰੀ ਤਲਵਾਰ ਉਤੇ ਚਲਣਾ ਪਿਆ। ਖਾਸ ਕਰਕੇ ਬਰਤਾਨੀਆ ਅਤੇ ਅਮਰੀਕਾ ਜਹੇ ਪੱਛਮੀ ਦੇਸ਼ਾਂ ਵਿਚ ਉਨ੍ਹਾਂ ਦੀ ਵਫਾਦਾਰੀ ਕਸਵੱਟੀ 'ਤੇ ਪਰਖੀ ਗਈ ਕਿ ਕੀ ਉਨ੍ਹਾਂ ਨੇ ਮੁਸਲਮਾਨ ਹੋਣ ਦੇ ਨਾਤੇ ਇਰਾਕੀ ਪ੍ਰਧਾਨ ਦਾ ਸਾਥ ਦੇਣਾ ਹੈ ਜਾਂ ਉਨ੍ਹਾਂ ਨੇ ਗੈਰ ਇਸਲਾਮੀ ਉਨ੍ਹਾਂ ਸਰਕਾਰਾਂ ਦੀ 'ਹਾਂ' ਵਿਚ 'ਹਾਂ' ਮਿਲਾਉਣੀ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਸਦਾ ਲਈ ਆਪਣਾ ਪੱਕਾ ਨਿਵਾਸ ਅਸਥਾਨ ਜਾਂ ਦੇਸ਼ ਬਣਾ ਲਿਆ ਹੈ। ਖਾੜੀ ਜੰਗ ਦਾ ਬਿਗਲ ਵੱਜਦਿਆਂ ਹੀ ਇਸਲਾਮੀ ਇਰਾਕ ਉਤੇ ਅਮਰੀਕਾ ਦੇ ਨਾਲ ਬਰਤਾਨੀਆਂ ਦੀਆਂ ਗੈਰ- ਇਸਲਾਮੀ ਫੌਜਾਂ ਦੀ ਬੰਬਾਰੀ ਕਾਰਨ ਬਰਤਾਨਵੀ ਮੁਸਲਮਾਨਾਂ ਦੇ ਧਾਰਮਿਕ ਜਜ਼ਬਾਤ ਭੜਕ ਉਠੇ। ਬਰੈਡਫੋਰਡ ਕੌਂਸਲ ਆਫ ਮੌਸਕਸ ਦੇ ਪ੍ਰਧਾਨ ਸ਼ੇਰ ਆਜ਼ਮ ਵੱਲੋਂ 21 ਜਨਵਰੀ 1991 ਨੂੰ ਇਕ ਮੀਟਿੰਗ ਆਯੋਜਤ ਕੀਤੀ ਗਈ। ਇਸ ਮੀਟਿੰਗ ਵਿਚ ਮੀਆਂ ਸ਼ੇਰ ਆਜ਼ਮ ਨੇ ਬਰਤਾਨਵੀ ਸਰਕਾਰ ਨੂੰ ਲੰਮੇ ਹੱਥੀਂ ਲੈਂਦੇ ਹੋਏ ਕਿਹਾ ਕਿ ਸਰਕਾਰ ਨੇ ਇਰਾਕ ਵਿਰੁੱਧ ਜੰਗ ਦਾ ਐਲਾਨ ਕਰਨ ਸਮੇਂ ਬਰਤਾਨੀਆ ਦੇ ਸੈਂਕੜੇ ਮਸੀਤਾਂ ਵਾਲੇ

ਲੱਖਾਂ ਮੁਸਲਮਾਨਾਂ ਦੀ ਕੋਈ ਰਾਏ ਨਹੀਂ ਲਈ ਅਤੇ ਬਰਤਾਨਵੀ ਮੁਸਲਮਾਨਾਂ ਨੂੰ ਬੇਇੱਜ਼ਤ ਕੀਤਾ ਗਿਆ ਹੈ । ਸ਼ੇਰ ਆਜ਼ਮ ਦੇ ਧੜੇ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਬਰਤਾਨਵੀ ਮੁਸਲਮਾਨ ਇਰਾਕ ਵਿਰੋਧੀ ਬਰਤਾਨਵੀ ਹਮਲੇ ਦੀ ਨਿੰਦਾ ਕਰਦੇ ਹਨ ਅਤੇ ਖਾੜੀ ਵਿਚੋਂ ਗੈਰ ਇਸਲਾਮੀ ਫੌਜਾਂ ਤੁਰੰਤ ਕੱਢੇ ਜਾਣ ਦੀ ਜ਼ੋਰਦਾਰ ਸ਼ਬਦਾ ਵਿਚ ਮੰਗ ਕੀਤੀ ਗਈ । ਇਸ ਦੇ ਨਾਲ ਹੀ ਇਹ ਵੀ ਦਬਕਾ ਮਾਰਿਆ ਕਿ ਬਰਤਾਨਵੀ ਸਰਕਾਰ ਜੇ ਅੱਗੇ ਤੋਂ ਸਾਨੂੰ ਅੱਖੋਂ ਉਹਲੇ ਕਰਦੀ ਹੋਈ ਬਰਤਾਨਵੀਆਂ ਵਿਚ ਸਾਡੀ ਹੋਂਦ ਨਾ ਹੋਣ ਬਰਾਬਰ ਸਮਝੇਗੀ ਤਾਂ ਸਾਡੇ ਕੋਲ ਇਹ ਸੋ ਫੀਸਦੀ ਵਫਾਦਾਰੀ-ਭਾਲਣ ਦਾ ਹੱਕ ਵੀ ਨਹੀਂ ਰੱਖਦੀ । ਇਸਲਾਮੀ ਮੁਖੀ ਸ਼ੇਰ ਆਜ਼ਮ ਦੀ ਇਸ ਗਰਮਾ ਗਰਮ ਵਿਚਾਰਧਾਰਾ ਦਾ ਸਰਬਸੰਮਤੀ ਨਾਲ ਬਰਤਾਨਵੀ ਪਾਰਲੀਮੈਂਟ ਉਤੇ ਉਸ ਵੇਲੇ 78 ਫੀਸਦੀ ਬਰਤਾਨਵੀ ਵੱਸੋਂ ਦਾ ਸਮਰਥਨ ਪ੍ਰਾਪਤ ਕਰ ਚੁੱਕੀ ਜਾਹਨ ਮੇਜਰ ਵਜ਼ਾਰਤ ਨੇ ਹੀ ਗੰਭੀਰਤਾ ਨਾਲ ਨੋਟਿਸ ਨਹੀਂ ਲਿਆ, ਸਗੋਂ ਬਰਤਾਨੀਆ ਵਸਦੇ ਇਰਾਕ ਵਿਰੋਧੀ, ਸਾਉਦੀ ਅਰਬ ਪੱਖੀ ਅਤੇ ਹੋਰ ਨਰਮ-ਦਲੀਏ ਇਸਲਾਮੀ ਭਾਈਚਾਰੇ ਦੇ ਨਾਲ ਨਾਲ ਰਵਾਇਤੀ ਏਸ਼ੀਅਨ ਵਿਰੋਧੀ ਗੋਰੇ ਲੋਕਾਂ ਨੇ ਵੀ ਆਪਣੇ ਮੂੰਹ ਜ਼ੁਬਾਨੀ ਅਤੇ ਜਿਸਮਾਨੀ ਜੌਹਰ ਵਿਖਾਏ । ਹਿੰਸਕ ਵਾਰਦਾਤਾਂ ਵੀ ਹੋਈਆਂ ।

ਬਰਤਾਨੀਆ ਦੀਆਂ 800 ਮਸਜਿਦਾਂ ਵਿੱਚੋਂ ਵਧੇਰੇ ਮੁਸਲਮਾਨਾਂ ਦੀ ਪ੍ਰਭਾਵਸ਼ਾਲੀ ਵਸੋਂ ਵਾਲੇ ਇਲਾਕਿਆਂ ਬਮਿ੍ਰੰਘਮ, ਵਾਲਸਾਲ, ਲੰਡਨ, ਮਾਨਚੈਸਟਰ, ਬਰੈਡਫੋਰਡ, ਗਲਾਸਗੋ, ਸਲੋਹ, ਸ਼ੈਫੀਲਡ ਆਦਿ ਸ਼ਹਿਰਾਂ ਵਿਚ ਹਨ । ਪਾਕਿਸਤਾਨ 'ਚ ਇਸਲਾਮਾਬਾਦ ਵਿਖੇ ਸਥਿਤ 'ਫੈਜ਼ਿਲਾ ਮਸੀਤ' ਵਾਂਗ ਸਾਉਦੀ ਅਰਬ ਦੇ ਸ਼ਾਹੀ ਖਾਨਦਾਨ ਵੱਲੋਂ ਬਰਤਾਨੀਆ ਵਿਚ ਵੀ ਇਕ ਸ਼ਾਨਦਾਰ ਮਸਜਿਦ ਬਣਾਈ ਗਈ ਹੈ ਅਤੇ ਅਨੇਕਾਂ ਹੋਰ ਮਸਜਿਦਾਂ ਦੀ ਉਸਾਰੀ ਅਤੇ ਦੇਖਭਾਲ ਲਈ ਸਮੇਂ ਸਮੇਂ ਇਹ ਸਰਕਾਰ ਲੱਖਾਂ ਪੌਂਡ ਖਰਚਦੀ ਰਹਿੰਦੀ ਹੈ । ਇਸੇ ਤਰ੍ਹਾਂ ਇਰਾਕੀ ਪ੍ਰਧਾਨ ਸੱਦਾਮ ਹੁਸੈਨ ਵੱਲੋਂ ਵੀ ਬ੍ਰਮਿੰਘਮ ਵਿਖੇ ਇਕ ਮਸਜਿਦ ਬਣਵਾਈ ਗਈ ਸੀ ਜਿਸ ਦੇ ਦਰਵਾਜ਼ੇ 'ਤੇ ਇਰਾਕੀ ਪ੍ਰਧਾਨ ਸੱਦਾਮ ਹੁਸੈਨ ਦਾ ਨਾਂ ਲਿਖਿਆ ਹੋਇਆ ਸੀ । ਇਸ ਮਸਜਿਦ ਉਤੇ ਲਗਭਗ 20 ਲੱਖ ਪੌਂਡ ਖਰਚ ਆਏ । ਆਪਸੀ ਧਾਰਮਿਕ ਵੈਰ ਵਿਰੋਧ ਦੇ ਨਾਲ ਨਾਲ ਇਸਲਾਮੀ ਭਾਈਚਾਰਾ ਅਨੇਕਾਂ ਹੋਰ ਗੈਰ ਧਾਰਮਿਕ ਕਟਿਹਰਿਆਂ ਅਤੇ ਖੂੰਜਿਆਂ ਵਿਚ ਖੜਾ ਕੀਤਾ ਗਿਆ । ਜਿਸ ਦੇ ਫਲਸਰੂਪ ਮਸੀਤਾਂ ਨੂੰ ਅੱਗ ਲੱਗਣ ਅਤੇ ਮੁਸਲਮਾਨ ਜਾਂ ਮੁਸਲਮਾਨ ਸਮਝੇ ਜਾਂਦੇ ਏਸ਼ੀਆਈਆਂ ਨੂੰ ਕੁੱਟਣ-ਮਾਰਨ ਦੀਆਂ ਘਟਨਾਵਾਂ ਵੀ ਵਾਪਰੀਆਂ ।

ਸਭ ਤੋਂ ਪਹਿਲਾਂ ਲੰਡਨ ਦੇ ਦੱਖਣੀ ਇਲਾਕੇ 'ਵੋਕਿੰਗ' ਵਿਖੇ 102 ਸਾਲਾ ਪੁਰਾਣੀ ਮਸਜਿਦ ਦੇ ਦਰਵਜ਼ੇ 'ਤੇ ਪੈਟਰੋਲ ਛਿੜਕ ਕੇ ਇਸਲਾਮੀਅਤ ਨੂੰ ਅੱਗ ਦੀ ਭੇਂਟ ਚੜਾ ਦਿੱਤਾ । ਪੁਲਿਸ ਕੋਲ ਖੜੀ ਇਸ ਰੰਗ ਤਮਾਸ਼ੇ ਨੂੰ ਦੇਖ ਕੇ ਆਪਣਾ ਮਨ ਬਹਿਲਾਉਂਦੀ ਰਹੀ । 25 ਜਨਵਰੀ ਨੂੰ ਨਾਰਵਿਚ ਵਿਖੇ ਖਾੜੀ ਵਿਚ ਇਸਲਾਮੀਅਤ ਦੇ ਹੋ ਰਹੇ ਘਾਣ ਬਾਰੇ ਮੁਸਲਮਾਨਾਂ ਵੱਲੋਂ ਮਸੀਤ ਦੇ ਬਾਹਰ ਇਕੱਠ ਕੀਤਾ ਗਿਆ । ਰਾਤ ਨੂੰ ਇਸ ਮਸੀਤ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਗਈ ਤੇ ਮੁਸਲਮਾਨ ਭਰਾਵਾਂ ਦੇ ਅੱਖਾਂ 'ਚੋਂ ਨਿਕਲ ਰਹੇ ਹੰਝੂਆਂ ਨਾਲ ਮਸੀਤ ਦੀਆਂ ਟੁੱਟੀਆਂ ਹੋਈਆਂ ਇੱਟਾਂ ਤਰੋ-ਤਰ ਹੋ ਗਈਆਂ ।

ਸਮੁੰਦਰ ਕੰਢੇ ਸਾਊਥੈਂਡ ਵਿਖੇ ਮੁਸਲਮਾਨਾਂ ਦੀ ਇਕ ਹੋਰ ਮਸਜਿਦ ਦੇ ਸ਼ੀਸੇ ਰਾਤ ਦੇ ਹਨੇਰੇ ਵਿਚ ਚਕਨਾਚੂਰ ਕਰ ਦਿੱਤੇ । ਸਥਾਨਿਕ ਮੁਸਲਮਾਨ ਵਾਰੋ-ਵਾਰੀ ਮਸਜਿਦਾਂ ਦੀ ਰੱਖਿਆਂ ਲਈ ਲਗਾਤਾਰ ਜਾਗਦੇ ਹੋਏ 'ਅੱਲਾ' ਦੇ ਨਾਂ 'ਤੇ ਪਹਿਰੇ ਦੇਣ ਲੱਗ ਪਏ । ਯਾਰਕਸ਼ਾਇਰ ਵਿਚ ਬੇਟਲੀ ਵਿਖੇ ਇਕ ਹੋਰ ਮਸਜਿਦ ਨੂੰ ਅੱਗ ਲਾ ਕੇ ਮਜ਼ਹਬ ਦੀ ਭੇਂਟ ਚੜਾ ਦਿੱਤਾ ਜਿਸ ਨਾਲ ਹਜ਼ਾਰਾਂ ਪੌਂਡ ਦਾ ਨੁਕਸਾਨ ਹੋਇਆ । ਵਾਲਸਾਲ, ਬ੍ਰਮਿੰਘਮ, ਲੰਡਨ ਅਤੇ ਹੋਰ ਥਾਵਾਂ 'ਤੇ ਪੁਲਿਸ ਅਤੇ ਸਥਾਨਿਕ ਮੁਸਲਮਾਨਾਂ ਵੱਲੋਂ ਮਸੀਤਾਂ ਦੀ ਕਰੜੀ ਨਿਗਰਾਨੀ ਦੇ ਪ੍ਰਬੰਧ ਕੀਤੇ ਗਏ । ਹਾਲਾਤ ਇੰਨੇ ਭੇੜੇ ਹੋ ਗਏ ਕਿ ਬਰਤਾਨਵੀ ਗ੍ਰਹਿ ਮੰਤਰੀ ਕੀਨਥ ਬੇਕਰ ਨੂੰ ਮਜ਼ਬੂਰ ਹੋ ਕੇ ਮੁਸਲਮਾਨਾਂ ਪੱਖੀ ਬਿਆਨ ਦੇਣੇ ਪਏ ਤਾਂ ਕਿ ਨਸਲੀ ਤਣਾਅ ਨੂੰ ਘੱਟ ਕੀਤਾ ਜਾ ਸਕੇ । ਉਸ ਨੇ ਮੁਸਲਮਾਨਾਂ ਨੂੰ ਸ਼ਾਤ ਕਰਨ ਲਈ ਕਿਹਾ "ਬਰਤਾਨਵੀ ਮੁਸਲਮਾਨਾਂ ਦਾ ਆਰਥਿਕ ਪੱਖੋਂ ਬੜਾ ਰੋਲ ਹੈ । ਬਰਤਾਨਵੀ ਨਾਗਰਿਕ ਹੁੰਦੇ ਹੋਏ ਇਨ੍ਹਾਂ ਦੇ ਹਰ ਵਰਗ ਦੀ ਸੁਰੱਖਿਆ ਕੀਤੀ ਜਾਵੇਗੀ ਭਾਵੇਂ ਇਨ੍ਹਾਂ ਦੇ ਸੱਦਾਮ ਪੱਖੀ ਜਾਂ ਸੱਦਾਮ ਵਿਰੋਧੀ, ਕੋਈ ਵੀ ਧਾਰਮਿਕ ਪੱਖੋਂ ਵਿਚਾਰ ਕਿਉਂ ਨਾ ਹੋਣ ਅਤੇ ਹੋਰ ਬਰਤਾਨਵੀ ਨਾਗਰਿਕਾਂ ਵਾਂਗ ਇਨ੍ਹਾਂ ਨੂੰ ਆਪਣੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਪੂਰਾ ਹੱਕ ਹੈ ।" ਇਸ ਤਰ੍ਹਾਂ ਦੇ ਰਾਜਨੀਤਕ ਬਿਆਨ ਦੇਣ 'ਤੇ ਵੀ ਬਰਤਾਨਵੀ ਸਰਕਾਰ ਮੁਸਲਮਾਨਾਂ ਨੂੰ ਸ਼ਾਂਤ ਨਾ ਕਰ ਸਕੀ ।

ਬਰਤਾਨਵੀਆ ਵਾਂਗ ਅਸਟ੍ਰੇਲੀਆ ਅਤੇ ਅਮਰੀਕਾ ਵਿਚ ਵੀ ਮੁਸਲਮਾਨਾਂ ਵਿਰੁੱਧ ਹਿੰਸਕ ਵਾਰਦਾਤਾਂ ਹੋਈਆ । ਅਮਰੀਕਾ ਵਿਚ ਕੈਲੀਫੋਰਨੀਆਂ ਪ੍ਰਾਂਤ ਦੇ ਸਿੱਖਾਂ ਨੂੰ ਇਰਾਕੀ ਮੁਸਲਮਾਨ ਸਮਝ ਕੇ ਉਨ੍ਹਾਂ ਨਾਲ ਭੈੜਾ ਸਲੂਕ ਕੀਤਾ ਗਿਆ । ਇਸੇ ਤਰ੍ਹਾਂ ਅਨੇਕਾਂ ਪਾਕਿਸਤਾਨੀ, ਇਰਾਨੀ, ਅਤੇ ਸੋਮਾਲੀ ਮੁਸਲਮਾਨ ਗੈਰ- ਇਰਾਕੀ ਹੁੰਦੇ ਹੋਏ ਵੀ ਪੱਛਮੀ ਪ੍ਰਾਪੇਗੰਡੇ ਦਾ ਸ਼ਿਕਾਰ ਹੋਏ । ਇੰਗਲੈਂਡ ਵਿਚ ਸਕਾਟਲੈਂਡ ਦੇ ਵਿਦਿਅਕ ਅਦਾਰਿਆਂ ਵਿਚ ਖਾੜੀ ਦੀ ਜੰਗ ਕਾਰਨ ਮੁਸਲਮਾਨ ਵਿਦਿਆਰਥੀਆਂ ਵਿਰੁੱਧ ਨਸਲੀ ਈਰਖਾ ਦੀ ਅੱਗ ਭੜਕ ਪਈ । ਕਦੇ ਸਕੂਲਾਂ ਅਤੇ ਕਦੇ ਕਾਲਜਾਂ ਵਿਚ ਹੰਗਾਮੇ ਹੋਣ ਲੱਗੇ। ਇੰਗਲੈਂਡ ਦੇ ਵਿਦਿਅਕ ਵਿਭਾਗ ਨੂੰ ਸਾਰੇ ਵਿਦਿਅਕ ਅਦਾਰਿਆਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਨੀਆਂ ਪਈਆਂ ਕਿ ਉਹ ਨਸਲੀ ਜਾਂ ਮਜ਼ਬੀ ਬੁਨਿਆਦ 'ਤੇ ਖਾੜੀ ਦੀ ਜੰਗ ਨੂੰ ਵਿਸ਼ਾ ਨਾ ਬਨਾਉਣ ਅਤੇ ਨਾ ਹੀ ਟੈਲੀਵੀਜ਼ਨ, ਰੇਡੀਓ ਅਤੇ ਅਖਬਾਰਾਂ ਦੇ ਪ੍ਰਤੀਨਿਧਾਂ ਨੂੰ ਟੀਚਰਾਂ ਜਾਂ ਵਿਦਿਆਰਥੀਆਂ ਤੋਂ ਇਸ ਸਬੰਧੀ ਇੰਟਰਵਿਊ ਕਰਨ ਦੀ ਆਗਿਆ ਦੇਣ । ਵਾਲਥਮ, ਸਟੋਵ, ਈਸਟ ਹੈਮ, ਟਾਵਰ ਹੈਮਲਿਟ ਅਤੇ ਲੰਡਨ ਆਦਿ ਇਲਾਕਿਆਂ ਵਿਚ ਜਿੱਥੇ ਏਸ਼ੀਅਨ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਸੀ, ਵਿਦਿਆਰਥੀਆਂ ਵਿਚਕਾਰ ਝਗੜੇ ਸ਼ੁਰੂ ਹੋ ਗਏ । ਇਨ੍ਹਾਂ ਮੁਸਲਿਮ ਵਿਦਿਆਰਥੀਆਂ ਵਿੱਚੋਂ ਬਹੁ- ਗਿਣਤੀ ਰਾਸ਼ਟਰਪਤੀ ਸੱਦਾਮ ਹੁਸੈਨ ਦੇ ਹਾਮੀ ਸਨ । ਬਰਮਿੰਘਮ, ਬਰੈਡਫੋਰਡ ਅਤੇ ਕਈ ਦੂਜੇ ਸ਼ਹਿਰਾਂ ਦੇ ਅਜਿਹੇ ਸਕੂਲਾਂ ਵਿਚ ਜਿੱਥੇ ਮੁਸਲਮਾਨ ਵਿਦਿਆਰਥੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ, ਸਥਿਤੀ ਖਿਚਾਅ ਵਾਲੀ ਬਣ ਗਈ। ਇਸ ਤਰ੍ਹਾਂ ਅਮਰੀਕਾ ਅਤੇ ਯੂਰਪੀਨ ਦੇਸ਼ਾਂ ਵਿਚ ਰਹਿੰਦੇ ਲੱਖਾਂ ਮੁਸਲਮਾਨ ਆਪਣੇ ਵਿਰੁੱਧ ਨਸਲੀ ਹਮਲਿਆਂ ਦਾ ਖਤਰਾ ਮਹਿਸੂਸ ਕਰਨ ਲੱਗ ਪਏ । ਮਿਊਨਿਖ (ਜਰਮਨੀ)

ਵਿਚ ਨਸਲੀ ਈਰਖਾ ਨੂੰ ਦੇਖਦੇ ਹੋਏ ਚਾਰਖਾਨੇ ਦੇ ਕੱਪੜੇ ਦਾ ਹੈਡੱਸਕਾਰਫ ਪਹਿਨਣ ਦੀ ਮਨਾਹੀ ਕਰ ਦਿੱਤੀ । ਫਰਾਂਸ ਵਿਚ ਬਹੁਤ ਸਾਰੇ ਮੁਸਲਮਾਨ ਵਪਾਰੀਆਂ ਨੂੰ ਆਪਣੀਆਂ ਦੁਕਾਨਾਂ ਬੰਦ ਕਰਨੀਆਂ ਪਈਆਂ । ਸਪੇਨ ਦੀਆਂ ਜੇਲਾਂ ਵਿਚ ਅਰਬ ਕੈਦੀਆਂ ਨੂੰ ਯਹੂਦੀਆਂ, ਅਮਰੀਕੀਆਂ ਅਤੇ ਬਰਤਾਨਵੀ ਕੈਦੀਆਂ ਨਾਲੋਂ ਅਲੱਗ ਕਰ ਦਿੱਤਾ ਗਿਆ । ਨਾਰਵੇ ਵਿਖੇ ਸੈਂਟਰਲ ਬੈਂਕ ਵਿਚ ਕੰਮ ਕਰਨ ਵਾਲੇ ਮੁਸਲਮਾਨਾਂ ਨੂੰ ਕੁਝ ਸਮੇਂ ਲਈ ਕੰਮ ਬੰਦ ਕਰਨ ਦਾ ਹੁਕਮ ਦਿੱਤਾ ਗਿਆ । ਯਹੂਦੀਆਂ ਨੂੰ ਵੀ ਇਹ ਖਤਰਾ ਖੜਾ ਹੋ ਗਿਆ ਕਿ ਉਨ੍ਹਾਂ ਨੂੰ ਦਹਿਸ਼ਤਗਰਦੀ ਦਾ ਨਿਸ਼ਾਨਾ ਬਣਾਇਆ ਜਾਵੇਗਾ । ਜਦ ਕਿ ਹੋਰ ਲੱਖਾਂ ਮੁਸਲਮਾਨਾਂ ਨੂੰ ਇਹ ਡਰ ਹੋ ਗਿਆ ਕਿ ਉਨ੍ਹਾਂ ਨੂੰ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਦਾ ਹਾਮੀ ਸਮਝ ਕੇ ਉਨ੍ਹਾਂ 'ਤੇ ਅਤਿਆਚਾਰ ਕੀਤਾ ਜਾਵੇਗਾ । ਮੁਸਲਮਾਨਾਂ ਦੀ ਵੱਡੀ ਗਿਣਤੀ ਅਮਰੀਕਾ, ਇੰਗਲੈਂਡ ਅਤੇ ਇਤਿਹਾਦੀਆਂ ਦੇ ਹਮਲੇ ਨੂੰ ਇਸਲਾਮ ਉਪਰ ਹਮਲਾ ਸਮਝਣ ਲੱਗੀ ।

ਇਸ ਕਤਲੇਆਮ ਦਾ ਸਭ ਤੋਂ ਮਾੜਾ ਅਤੇ ਸੰਸਾਰ ਲਈ ਮੰਦਭਾਗਾ ਅਸਰ ਇਹ ਪਿਆ ਕਿ ਛੋਟੇ ਛੋਟੇ ਦੇਸ਼ਾਂ ਨੇ ਵੀ ਆਪਣੀ ਹਵਾਈ ਸ਼ਕਤੀ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ। ਇਸ ਜੰਗ ਦੇ ਖਾਤਮੇ ਤੋਂ ਮਗਰੋਂ ਪੂਰੀ ਦੁਨੀਆਂ ਵਿਚ ਛੋਟੇ, ਹਲਕੇ ਅਤੇ ਬਹੁਉਪਯੋਗੀ ਜਹਾਜ਼ਾਂ ਦੀ ਮੰਗ ਵੱਧ ਗਈ । ਕਿਉਂਕਿ ਹੁਣ ਇਹ ਮਿਸਾਲ ਉਭੱਰ ਕੇ ਸਾਹਮਣੇ ਆ ਗਈ ਸੀ ਕਿ ਕਿਸੇ ਵੀ ਦੂਜੇ ਦੇਸ਼ ਨੂੰ ਜ਼ਮੀਨੀ ਜੰਗ ਨਾਲੋਂ ਹਵਾਈ ਸੈਨਾਂ ਨਾਲ ਹਰਾਉਣਾ ਸੌਖਾ ਹੈ । ਕਿਉਂਕਿ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀ ਹਵਾਈ ਸ਼ਕਤੀ ਜੇ ਕਰ ਇਰਾਕ ਨਾਲੋਂ ਕਮਜ਼ੋਰ ਹੁੰਦੀ ਤਾਂ ਇਸ ਜੰਗ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ । ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਨੇ ਇੰਨੀ ਤੀਬਰ ਗਤੀ ਨਾਲ ਹਵਾਈ ਹਮਲੇ ਕੀਤੇ ਕਿ ਇਰਾਕ ਦੀ ਥਲ ਸੈਨਾ ਦਾ ਜ਼ਮੀਨੀ ਲੜਾਈ ਤੋਂ ਪਹਿਲਾਂ ਹੀ ਲੱਕ ਤੋੜ ਦਿੱਤਾ । ਜਿਸ ਦਾ ਸਿੱਟਾ ਇਰਾਕ ਦੀ ਹਾਰ ਵਿਚ ਬਦਲ ਗਿਆ । ਇਸ ਨੂੰ ਦੇਖਦੇ ਹੋਏ ਸੰਸਾਰ ਦੇ ਸਾਰੇ ਦੇਸ਼ਾਂ ਨੇ ਹਵਾਈ ਸ਼ਕਤੀ ਨੂੰ ਨਵੀਂ ਸੇਧ ਦੇਣੀ ਸ਼ੁਰੂ ਕਰ ਦਿੱਤੀ । ਉਹ ਇਹ ਸਮਝਣ ਲੱਗੇ ਕਿ ਹਵਾਈ ਸ਼ਕਤੀ ਤੋਂ ਬਿਨਾਂ ਕਿਸੇ ਵੀ ਦੂਜੇ ਦੇਸ਼ ਨੂੰ ਹਰਾਉਣਾ ਮੁਸ਼ਕਿਲ ਹੈ । ਇਸ ਦੇ ਨਾਲ ਹੀ ਬਹੁਤ ਸਾਰੇ ਦੇਸ਼ਾਂ ਵਿਚ ਹਥਿਆਰ ਖ੍ਰੀਦਣ ਦੀ ਦੌੜ ਸ਼ੁਰੂ ਹੋ ਗਈ । ਅਮਰੀਕਾ, ਇੰਗਲੈਂਡ ਅਤੇ ਫਰਾਂਸ ਨੇ ਖਾੜੀ ਖਿੱਤੇ ਵਿਚ ਨਵੀਂ ਕਿਸਮ ਦੇ ਹਥਿਆਰ ਵੇਚ ਕੇ ਅਰਬਾਂ ਡਾਲਰ ਧਨ ਕਮਾਇਆ । ਸਾਊਦੀ ਅਰਬ, ਉਮਾਨ, ਕਤਰ ਅਤੇ ਸਯੁੰਕਤ ਅਰਬ ਅਮੀਰਾਤ ਨੇ 1991 ਦੇ ਰੇਗਿਸਤਾਨੀ ਕਤਲੇਆਮ ਤੋਂ ਮਗਰੋਂ 45 ਅਰਬ ਡਾਲਰ ਦੇ ਅਧੁਨਿਕ ਹਥਿਆਰ ਅਤੇ ਹੋਰ ਜੰਗੀ ਸਾਜੋ-ਸਮਾਨ ਖਰੀਦਿਆ । ਪੱਛਮੀ ਦੇਸ਼ਾਂ ਨੇ ਇਸ ਰੁਝਾਨ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਾ ਕੀਤੀ ਸਗੋਂ ਧਨ ਕਮਾਉਣ ਦੀ ਲਾਲਸਾ ਕਾਰਨ ਉਨ੍ਹਾਂ ਨੇ ਹਥਿਆਰਾਂ ਦੀ ਵਿਕਰੀ ਨੂੰ ਹੋਰ ਵੀ ਉਤਸ਼ਾਹਿਤ ਕੀਤਾ ।

ਇਸ ਕਤਲੇਆਮ ਨਾਲ ਅਮਰੀਕੀ ਪ੍ਰਧਾਨ ਜਾਰਜ ਬੁਸ਼ ਦੀ ਲੋਕਪ੍ਰੀਅਤਾ ਅਤੇ ਮਕਬੂਲੀਅਤ ਵਿਚ ਕਮੀ ਆ ਗਈ ਭਾਵੇਂ ਉਹ ਇਰਾਕ ਵਿਚ ਹੋਏ ਅੰਧਾਧੁੰਦ ਕਤਲੇਆਮ ਦਾ ਆਪਣੇ ਆਪ ਨੂੰ ਜੇਤੂ ਸਮਝਣ ਲੱਗ ਪਿਆ ਸੀ ਪਰ ਜਿੱਤ ਕੇ ਵੀ ਉਹ ਜਸ਼ਨ ਮਨਾਉਣ ਜੋਗਾ ਨਹੀਂ ਸੀ। ਉਹ ਇਸ ਗੱਲੋਂ ਸ਼ਰਮਸਾਰ ਸੀ ਕਿ ਉਹ ਇਰਾਕੀ ਸਦਰ ਨੂੰ

ਕਤਲ ਨਹੀਂ ਸੀ ਕਰ ਸਕਿਆ ਤੇ ਨਾ ਹੀ ਉਸ ਦਾ ਤਖਤ ਪਲਟ ਸਕਿਆ ਸੀ । ਇਰਾਕੀ ਪ੍ਰਧਾਨ ਸੱਦਾਮ ਹੁਸੈਨ ਦੀ ਲੋਕਪ੍ਰੀਅਤਾ ਵਿਚ ਵਾਧਾ ਹੋਣ ਲੱਗਾ । ਭਾਵੇਂ ਸੱਦਾਮ ਹੁਸੈਨ ਦਾ ਕੁਵੈਤ 'ਤੇ ਕਬਜ਼ਾ ਕੌਂਚਨਾ ਠੀਕ ਨਹੀਂ ਸੀ ਤਾਂ ਵੀ ਹਮਦਰਦੀ ਦੀਆਂ ਲਹਿਰਾਂ ਦਾ ਵੇਗ ਉਸ ਵੱਲ ਵੱਧਣਾ ਸ਼ੁਰੂ ਹੋ ਗਿਆ । ਬਹੁਤ ਸਾਰੇ ਦੇਸ਼ਾਂ ਵਿਚ ਉਸ ਦੇ ਹੱਕ ਵਿਚ ਜਲੂਸ ਕੱਢੇ ਜਾਣ ਲੱਗੇ । ਲਿਬਨਾਨ ਅਤੇ ਪਾਕਿਸਤਾਨ ਵਿਚ ਹਜ਼ਾਰਾਂ ਯੁਵਕ ਇਰਾਕ ਦੇ ਪੱਖ ਵਿਚ ਲੜਨ ਲਈ ਤਿਆਰ ਹੋ ਗਏ । ਬੰਗਲਾ ਦੇਸ਼ ਦੇ ਇਕ ਸ਼ਹਿਰ ਰੰਗਪੁਰ ਵਿਚ 10 ਬੱਚਿਆਂ ਦੇ ਨਾਂ ਸੱਦਾਮ ਹੁਸੈਨ ਦੇ ਨਾਂ 'ਤੇ ਰੱਖੇ ਗਏ । ਇਸ ਜੰਗ ਵਿਚ ਸੱਦਾਮ ਹੁਸੈਨ ਪੂਰੇ ਅਰਬ ਜਗਤ ਦਾ ਹੀਰੋ ਬਣ ਗਿਆ । ਇਸ ਲਈ ਉਸ ਨੂੰ 'ਸੁਲਾਹ-ਉਲ-ਦੀਨ ਅਯੂਬੀ' ਕਿਹਾ ਜਾਣ ਲੱਗਾ । ਜਿਹੜੇ ਲੋਕ ਕਦੇ ਉਸ 'ਤੇ ਟਿੱਪਣੀਆਂ ਕਰਦੇ ਸਨ, ਉਹ ਉਸ ਦੀਆਂ ਤਸਵੀਰਾਂ ਘਰਾਂ ਵਿਚ ਲਾ ਕੇ ਮਾਣ ਮਹਿਸੂਸ ਕਰਨ ਲੱਗੇ । ਉਨ੍ਹਾਂ ਦਾ ਨਾਂ ਸੰਸਾਰ ਦੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਗੂੰਜਾਂ ਪਾਉਣ ਲੱਗਿਆ । ਲੋਕ ਉਸ ਦੀ ਬਹਾਦਰੀ ਅਤੇ ਦਲੇਰੀ ਦੇ ਸੋਹਲੇ ਗਾਉਣ ਲੱਗ ਪਏ ।

ਪਾਕਿਸਤਾਨ ਨੇ ਭਾਵੇਂ ਆਪਣੀ 10000 ਸੈਨਾਂ ਮਿੱਤਰ ਦੇਸ਼ਾਂ ਦੇ ਹੱਕ ਵਿਚ ਅਤੇ ਸੱਦਾਮ ਹੁਸੈਨ ਦੇ ਵਿਰੁੱਧ ਰੇਗਿਸਤਾਨੀ ਕਤਲੇਆਮ ਵਿਚ ਭੇਜੀ ਸੀ ਪ੍ਰੰਤੂ ਪਾਕਿਸਤਾਨੀ ਜਨਤਾ ਇਸ ਦੇ ਵਿਰੁੱਧ ਅਵਾਜ਼ ਉਠਾਉਣ ਲੱਗੀ । ਪਾਕਿਸਤਾਨੀ ਔਰਤਾਂ ਕੁਰਾਨ ਸ਼ਰੀਫ ਦਾ ਪਾਠ ਕਰ ਕੇ ਅੱਲਾ ਤੋਂ ਦੁਆ ਮੰਗ ਰਹੀਆਂ ਸਨ ਕਿ ਇਰਾਕ ਤਬਾਹੀ ਤੋਂ ਬਚਿਆ ਰਹੇ ਅਤੇ ਜੰਗ ਵਿੱਚੋਂ ਅਮਰੀਕਾ ਦੇ ਪੈਰ ਉਖੜ ਜਾਣ । ਚੌਂਕ ਬੇਰੀ ਵਾਲਾ ਦੇ ਅਸਥਾਨ 'ਤੇ ਕੱਢੇ ਗਏ ਜਲੂਸ ਵਿਚ ਬੁਲਾਰਿਆਂ ਨੇ ਸੱਦਾਮ ਹੁਸੈਨ ਨੂੰ 'ਅੱਜ ਦਾ ਸਲਾਹੁਦੀਨ ਅਯੂਬੀ ਦੱਸਿਆ । ਨਵ- ਵਿਆਹੇ ਜੋੜੇ ਨੋਟਾਂ ਦੇ ਹਾਰਾਂ ਜਾਂ ਕਾਇਦੇ ਆਜ਼ਮ ਜਿਨਾਹ ਦੀ ਤਸਵੀਰ ਦੀ ਥਾਂ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਦੀ ਤਸਵੀਰ ਨੂੰ ਗਲ ਵਿਚ ਪਾ ਕੇ ਮਾਣ ਮਹਿਸੂਸ ਕਰਨ ਲੱਗੇ । ਲੋਕ ਸਰਕਾਰ ਦੇ ਪੂਰੀ ਤਰ੍ਹਾਂ ਨਾਲ ਵਿਰੁੱਧ ਹੋ ਗਏ । ਆਰਥਿਕ ਤੌਰ 'ਤੇ ਤਾਂ ਬਹੁਤ ਸਾਰੇ ਦੇਸ਼ ਇਸ ਸੰਕਟ ਤੋਂ ਪ੍ਰਭਾਵਿਤ ਹੋਏ ਹੀ ਸਨ ਪ੍ਰੰਤੂ ਮੁਸਲਿਮ ਦੇਸ਼ਾਂ ਸੀਰੀਆ, ਜਾਰਡਨ, ਮੋਰਾਕੋ, ਲਿਬੀਆ ਖਾਸ ਕਰ ਕੇ ਪਾਕਿਸਤਾਨ ਨੂੰ ਇਸ ਨੇ ਧਾਰਮਿਕ ਪੱਖੋਂ ਵੀ ਝੰਜੋੜ ਕੇ ਰੱਖ ਦਿੱਤਾ । ਜਿੱਥੇ ਲੋਕਾਂ ਅਤੇ ਸਰਕਾਰ ਵਿਚਕਾਰ ਪਾਕਿਸਤਾਨ ਵਿੱਚ ਅਸੰਤੁਲਨ ਦੀ ਭਾਵਨਾ ਪੈਦਾ ਹੋ ਗਈ ਉਥੇ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਿਚਕਾਰ ਲੜਾਈ ਗੰਭੀਰ ਰੂਪ ਧਾਰਨ ਕਰ ਗਈ । ਪਾਕਿਸਤਾਨੀ ਫੌਜ ਸਾਉਦੀ ਅਰਬ ਵਿਚ ਭੇਜਣ ਦੇ ਮਾਮਲੇ 'ਤੇ ਦੇਸ਼ ਵਿਚ ਖਾਨਾਜੰਗੀ ਵਰਗੀ ਹਾਲਤ ਪੈਦਾ ਹੋ ਗਈ । ਦੇਸ਼ ਦੀਆਂ ਚਾਰ ਵੱਡੀਆਂ ਧਾਰਮਿਕ ਪਾਰਟੀਆਂ ਨੇ ਜਿਹੜੀਆਂ ਕਿ ਇਸਲਾਮੀ ਜਮਹੂਰੀ ਇਤਿਹਾਦ ਦੀਆਂ ਕੱਟੜ ਸਮਰਥਕ ਸਨ, ਪਾਕਿਸਤਾਨੀ ਫੌਜਾਂ ਨੂੰ ਇਸਲਾਮੀਅਤ ਦਾ ਕਤਲੇਆਮ ਕਰਨ ਲਈ ਖਾੜੀ ਵਿਚ ਜਾਣ ਕਾਰਨ ਦੇਸ਼ ਵਿਚ ਵੱਡੀ ਪੱਧਰ 'ਤੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵਾਜ਼ ਸ਼ਰੀਫ ਦੀ ਕੁਰਸੀ ਡੋਲਣ ਲੱਗ ਪਈ । ਲੋਕਾਂ ਨੇ ਰੈਲੀਆਂ ਕਰ ਕੇ ਇਸ ਜੰਗ ਨੂੰ ਮੁਸਲਮਾਨਾਂ ਲਈ ਧਰਮ ਯੁੱਧ (ਜਹਾਦ) ਦਾ ਨਾਂ ਦਿੱਤਾ । ਮਜ਼ਬੂਰ ਹੋ ਕੇ ਨਵਾਜ਼ ਸ਼ਰੀਫ ਨੇ ਇਸਲਾਮ ਦੇ ਨਾਂ ਉਤੇ 'ਸ਼ਾਂਤੀ ਮਿਸ਼ਨ' ਲਈ ਉਨ੍ਹਾਂ ਇਸਲਾਮੀ ਦੇਸ਼ਾਂ ਦਾ ਦੌਰਾ ਕੀਤਾ ਜਿਹੜੇ ਇਰਾਕ ਦੇ

ਵਿਰੁੱਧ ਸਨ ਪਾਕਿ ਜਨਤਾ ਨੂੰ ਸ਼ਾਂਤ ਕਰਨ ਲਈ ਨਵਾਜ਼ ਸ਼ਰੀਫ ਨੇ ਕਿਹਾ ਕਿ ਉਸ ਨੇ ਪਾਕਿ ਫੌਜਾਂ ਸਾਉਦੀ ਅਰਬ ਦੀ ਰੱਖਿਆ ਲਈ ਭੇਜੀਆਂ ਹਨ । ਉਹ ਅਮਰੀਕਾ ਦੀ ਅਗਵਾਈ ਹੇਠ ਇਤਿਹਾਦੀ ਫੌਜਾਂ ਦੇ ਹਮਲੇ ਵਿਚ ਹਿੱਸਾ ਨਹੀਂ ਲੈਣਗੀਆਂ । ਲੋਕ ਫਿਰ ਵੀ ਸ਼ਾਂਤ ਨਾ ਹੋਏ । ਇਤਨੇ ਮੁਜ਼ਹਾਰੇ ਅਤੇ ਰੈਲੀਆਂ ਹੋਣ ਲੱਗੀਆਂ ਕਿ ਪਾਕਿਸਤਾਨ ਦੇ ਇਤਹਾਸ ਵਿਚ ਪਹਿਲਾਂ ਇਤਨੇ ਮੁਜ਼ਹਾਰੇ ਕਦੇ ਨਹੀਂ ਸੀ ਹੋਏ । ਇਸ ਦੇ ਪ੍ਰਤੀਕਰਮ ਵੱਜੋਂ ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਵਿੱਚੋਂ ਚਲੇ ਜਾਣ ਲਈ ਆਦੇਸ਼ ਦੇ ਦਿੱਤਾ । ਪਾਕਿਸਤਾਨ ਦੀਆਂ ਕੁਝ ਕੱਟੜਪੰਥੀ ਪਾਰਟੀਆਂ ਨੂੰ ਸਾਉਦੀ ਅਰਬ ਨੇ ਭਾਵੇਂ ਵਿਸ਼ੇਸ਼ ਆਰਥਿਕ ਸਹਾਇਤਾ ਦਿੱਤੀ ਸੀ ਪ੍ਰੰਤੂ ਇਹ ਪਾਰਟੀਆਂ ਵੀ ਨਵਾਜ਼ ਸ਼ਰੀਫ ਅਤੇ ਸਾਉਦੀ ਅਰਬ ਦੇ ਵਿਰੁੱਧ ਹੋ ਗਈਆਂ । ਜਨਤਾ ਵਿਚ ਇਹ ਵਿਚਾਰ ਜ਼ੋਰ ਫੜ ਗਿਆ ਕਿ ਇਰਾਕ ਦੇ ਪ੍ਰਧਾਨ ਸੱਦਾਮ ਹੁਸੈਨ ਹੀ ਇਕ ਅਜਿਹੇ ਮੁਸਲਮ ਨੇਤਾ ਹਨ ਜਿਹੜੇ ਅਮਰੀਕਾ ਦੇ ਸਾਹਮਣੇ ਡਟਕੇ ਖੜੇ ਹੋਏ ਹਨ ਅਤੇ ਪਾਕਿਸਤਾਨ ਜਿਹੜਾ ਆਪਣੇ ਆਪ ਨੂੰ ਇਸਲਾਮੀ ਦੇਸ਼ ਦਾ ਝੰਡਾ ਬਰਦਾਰ ਸਮਝਦਾ ਹੈ, ਉਸ ਨੂੰ ਡਟਕੇ ਇਰਾਕ ਦੀ ਸਹਾਇਤਾ ਕਰਨੀ ਚਾਹੀਦੀ ਹੈ ।


ਖਾਕਸਾਰਾਂ ਦੇ ਹਮੀਦ ਧੜੇ ਨੇ ਇਰਾਕ ਲਈ ਲੜਨ ਵਾਲੇ ਯੁਵਕ ਭਰਤੀ ਕਰਨੇ ਸ਼ੁਰੂ ਕਰ ਦਿੱਤੇ । ਲਾਹੌਰ ਦੀਆਂ ਕਈ ਮਸਜਿਦਾਂ ਵਿਚ ਇਰਾਕ ਦੀ ਜਿੱਤ ਲਈ ਇਸਰਾਈਲ ਤੋਂ ਯੂਰੋਸ਼ਲਮ ਨੂੰ ਅਜ਼ਾਦ ਕਰਵਾਉਣ ਲਈ ਅੱਲਾ ਅੱਗੇ ਦੁਆ ਕੀਤੀ ਗਈ । ਬੁਲਾਰਿਆਂ ਨੇ ਕਿਹਾ ਕਿ ਸੱਦਾਮ ਇਸਲਾਮ ਦਾ ਮਹਾਨ ਮੁਜ਼ਾਹਿਦ ਹੈ ਅਤੇ ਉਹ ਇਸਲਾਮ ਲਈ ਅਮਰੀਕਾ ਨਾਲ ਟੱਕਰ ਲੈ ਰਿਹਾ ਹੈ । ਇਸ ਗੱਲ ਦੀ ਮੰਗ ਕੀਤੀ ਗਈ ਕਿ ਸਾਉਦੀ ਅਰਬ ਤੋਂ ਪਾਕਿਸਤਾਨ ਆਪਣੀ ਫੌਜ ਵਾਪਸ ਬੁਲਾਏ ਅਤੇ ਅਮਰੀਕਾ ਨਾਲ ਆਪਣੇ ਡਿਪਲੋਮੈਟਿਕ ਸਬੰਧ ਨਾ ਰੱਖੇ । ਅਮਰੀਕਾ ਨੂੰ ਡਾਕੂ ਦੱਸਿਆ ਗਿਆ । ਅਜ਼ਾਦ ਕਸ਼ਮੀਰ ਦੇ ਪ੍ਰਧਾਨ ਮੰਤਰੀ ਰਾਜਾ ਮੁਮਤਾਜ ਰਾਠੌਰ ਵੀ ਪਿੱਛੇ ਨਾ ਰਹੇ । ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇਸਲਾਮੀ ਤਾਕਤਾਂ ਨੂੰ ਤਬਾਹ ਕਰਨ ਅਤੇ ਖਾੜੀ ਵਿਚ ਆਪਣੀ ਸਰਦਾਰੀ ਕਾਇਮ ਕਰਨ ਲਈ ਇਕ ਅਤੀਅੰਤ ਖਤਰਨਾਕ ਸ਼ਾਜਿਸ ਅਧੀਨ ਵਾਰ ਕੀਤਾ ਹੈ । ਇਰਾਕ 'ਤੇ ਅਮਰੀਕਾ ਦਾ ਹਮਲਾ ਯੂ.ਐਨ.ਓ. ਦੇ ਪ੍ਰਸਤਾਵ ਦੀ ਉਲੰਘਣਾ ਹੈ । ਇਹ ਗੁੰਡਾਗਰਦੀ ਹੈ। ਰਾਠੌਰ ਦਾ ਕਹਿਣਾ ਸੀ ਕਿ ਅਮਰੀਕਾ ਨੇ ਕੁਵੈਤ ਦਾ ਬਹਾਨਾ ਬਣਾ ਕੇ ਬਗਦਾਦ 'ਤੇ ਬੰਬ ਵਰ੍ਹਾਉਣੇ ਸ਼ੁਰੂ ਕਰ ਦਿੱਤੇ । ਕੱਲ੍ਹ ਨੂੰ ਕੋਈ ਨਵਾਂ ਬਹਾਨਾ ਬਣਾ ਕੇ ਉਹ ਪਾਕਿਸਤਾਨ 'ਤੇ ਵੀ ਹਮਲਾ ਕਰ ਸਕਦਾ ਹੈ ।

ਸਰਹੱਦੀ ਸੂਬੇ ਵਿਚ ਅਮਰੀਕਾ ਵਿਰੁੱਧ ਸਾਰੀਆਂ ਰਾਜਸੀ ਪਾਰਟੀਆਂ ਮੁਜ਼ਾਹਰੇ ਕਰ ਰਹੀਆਂ ਸਨ । ਸਰਕਾਰ ਨੂੰ ਸਾਰੇ ਸਕੂਲ ਅਤੇ ਕਾਲਜ ਬੰਦ ਕਰਨੇ ਪਏ । ਪੇਸ਼ਾਵਰ ਯੂਨੀਵਰਸਟੀ ਨੂੰ ਵੀ ਬੰਦ ਕਰ ਦਿੱਤਾ ਗਿਆ । ਸਾਰੇ ਹੋਸਟਲ ਪੁਲੀਸ ਦੀ ਸਹਾਇਤਾ ਨਾਲ ਖਾਲੀ ਕਰਵਾ ਲਏ ਗਏ । ਇਹ ਕਦਮ ਇਸ ਲਈ ਚੁੱਕਿਆ ਗਿਆ ਕਿ ਵਿਦਿਆਰਥੀ ਅਮਰੀਕਨ ਸੰਸਥਾਵਾਂ ਅਤੇ ਸਰਕਾਰੀ ਇਮਾਰਤਾਂ 'ਤੇ ਹਮਲੇ ਨਾ ਕਰ ਸਕਣ । ਕਰਾਚੀ ਵਿਚ ਰੈਡੱ ਅਲਰਟ ਕਰ ਦਿੱਤਾ ਗਿਆ । ਬੰਦਰਗਾਹਾਂ, ਹਵਾਈ ਅੱਡੇ ਅਤੇ ਫੌਜੀ ਠਿਕਾਣਿਆਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ, ਇੱਥੇ ਤੱਕ ਕਿ ਹਵਾਈ ਹਮਲਿਆਂ ਤੋਂ

ਬਚਣ ਲਈ ਵੀ ਪ੍ਰਬੰਧ ਕੀਤੇ ਗਏ । ਸਾਈਰਨ ਵਜਾ ਕੇ ਬਚਾਅ ਦੀਆਂ ਤਿਆਰੀਆਂ ਦੇ ਪ੍ਰਬੰਧ ਦੇ ਟੈਸਟ ਕੀਤੇ । ਲੋਕਾਂ ਦਾ ਧਿਆਨ ਦੂਜੇ ਪਾਸੇ ਮੋੜਨ ਲਈ ਸਰਕਾਰ ਨੇ ਇਹ ਪ੍ਰਪੇਗੰਡਾ ਕਰ ਕੇ ਕਿ ਭਾਰਤ, ਇਸਰਾਈਲ ਅਤੇ ਅਫਗਾਨਿਸਤਾਨ ਨੇ ਆਪਣੇ ਹਜ਼ਾਰਾਂ ਏਜੰਟ ਪਾਕਿਸਤਾਨ ਵਿਚ ਗੜਬੜ ਪੈਦਾ ਕਰਨ ਲਈ ਭੇਜ ਦਿੱਤੇ ਹਨ ਅਤੇ ਭਾਰਤ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ, ਪੰਜਾਬ ਵਿਚ ਪੁਲੀਸ ਨੇ ਰਾਤ ਦੇ ਹਨੇਰੇ ਵਿਚ ਲਾਹੌਰ ਅਤੇ ਕੁਝ ਹੋਰ ਸ਼ਹਿਰਾਂ ਵਿਚ ਸਮਗਲਰਾਂ ਦੇ ਮਕਾਨਾਂ 'ਤੇ ਛਾਪੇ ਮਾਰ ਕੇ ਬਹੁਤ ਸਾਰੇ ਹਥਿਆਰ ਅਤੇ ਰਾਕਟ ਬਰਾਮਦ ਕਰ ਲਏ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ । ਕਈ ਸ਼ਹਿਰਾਂ ਵਿਚ ਬੰਬ ਧਮਾਕੇ ਵੀ ਹੋਏ । ਮੂਨ ਲਾਈਟ ਸਿਨੇਮਾ ਵਿਚ ਜ਼ਬਰਦਸਤ ਬੰਬ ਫਟਿਆ ਜਿਸ ਦਾ ਵਜ਼ਨ 200 ਪੌਂਡ ਦੇ ਲਗਪਗ ਸੀ । ਬਹੁਤ ਸਾਰੇ ਦਰਸ਼ਕ ਜ਼ਖਮੀ ਹੋ ਗਏ । ਸਿਨੇਮਾ ਦੀ ਛੱਤ ਉਡ ਗਈ । ਅਜ਼ਾਦ ਕਸ਼ਮੀਰ ਵਿਚ ਵੀ ਕਈ ਥਾਵਾਂ 'ਤੇ ਬੰਬ ਧਮਾਕੇ ਹੋਏ । ਰਾਵਲਪਿੰਡੀ ਵਿਚ ਜਮਾਇਤੇ ਇਸਲਾਮੀ ਦੇ ਇਕ ਅਦਾਰੇ 'ਤੇ ਇਕ ਬੰਬ ਸੁੱਟਿਆ ਗਿਆ ਜਿਸ ਨਾਲ ਇਮਾਰਤ ਨੂੰ ਅੱਗ ਲੱਗ ਗਈ । ਲਾਇਬਰੇਰੀ ਵਿਚ ਲੱਖਾਂ ਬਹੁਮੁੱਲੀਆਂ ਪੁਸਤਕਾਂ ਸੜ ਗਈਆਂ । ਪੇਸ਼ਾਵਰ ਨੇੜੇ ਅਫਗਾਨ ਸ਼ਰਨਾਰਥੀਆਂ ਦੇ ਇਕ ਕੈਂਪ ਵਿਚ ਬੰਬ ਧਮਾਕੇ ਹੋਏ । ਮਰਦਾਨ ਵਿਚ ਪੁਲੀਸ ਨੇ ਛਾਪੇ ਮਾਰ ਕੇ ਇਕ ਸੌ ਡਾਇਨਾਮਾਈਟ ਬੰਬ ਅਤੇ ਇਕ ਕੁਇੰਟਲ ਧਮਾਕਾਖੇਜ਼ ਸਮੱਗਰੀ ਬਰਾਮਦ ਕੀਤੀ । ਜਿਹੜੀ ਅਫ਼ਗਾਨਿਸਤਾਨ ਤੋਂ ਲਿਆਂਦੀ ਗਈ ਸੀ । ਕੋਹਾਟ ਵਿਚ ਬੰਬ ਧਮਾਕੇ ਹੋਣ ਪਿੱਛੋਂ ਪੁਲੀਸ ਨੇ ਛਾਪੇ ਮਾਰ ਕੇ 1500 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ । ਉਨ੍ਹਾਂ ਦੇ ਕਬਜ਼ੇ ਵਿੱਚੋਂ 50 ਬੰਬ, 500 ਪਿਸਤੋਲ ਅਤੇ ਰਿਵਾਲਵਰ ਤੇ 300 ਕਲਾਸ਼ਨੀਕੋਵ ਰਾਈਫਲਾਂ ਬਰਾਮਦ ਕੀਤੀਆਂ । ਇਰਾਕੀ ਸਮਰਥਕਾਂ ਨੇ ਮੁਜ਼ਫਰਾਬਾਦ ਦੀ ਏਅਰਪੋਰਟ ਦੀ ਇਮਾਰਤ ਸਾੜ ਕੇ ਸਵਾਹ ਕਰ ਦਿੱਤੀ । ਅੱਗ ਲੱਗਣ ਵੇਲੇ ਫਲਾਈਟ ਬੰਦ ਹੋਣ ਕਾਰਨ ਇਮਾਰਤ ਵਿਚ ਭਾਵੇਂ ਸਟਾਫ ਦਾ ਕੋਈ ਮੈਂਬਰ ਮੌਜੂਦ ਨਹੀਂ ਸੀ ਤਾਂ ਵੀ ਏਅਰਪੋਰਟ ਦੇ ਮੈਨੇਜਰ ਦਾ ਕਮਰਾ, ਬੋਰਡਿੰਗ ਕਾਉਂਟਰ ਅਤੇ ਯਾਤਰੀਆਂ ਦਾ ਲਾਉਜ਼ ਤੱਕ ਸੜ ਕੇ ਸਵਾਹ ਹੋ ਗਿਆ ।

ਏਅਰ ਮਾਰਸ਼ਲ ਅਸਗਰ ਖਾਨ ਨੇ ਪਾਕਿ ਸੈਨਾ ਖ਼ਾੜੀ ਵਿਚ ਭੇਜਣ ਦਾ ਡਟ ਕੇ ਵਿਰੋਧ ਕੀਤਾ । ਉਸ ਨੇ ਨਵਾਜ਼ ਸ਼ਰੀਫ ਦੀ ਕਰੜੀ ਅਲੋਚਨਾ ਕੀਤੀ । ਉਕਾੜਾ ਵਿਚ ਉਸ ਨੇ ਕਿਹਾ ਕਿ ਅਮਰੀਕਾ ਮੱਕੇ ਵਿਚ 'ਖਾਨਾ-ਏ-ਕਾਅਬਾ' ਤੇ ਹਜ਼ਰਤ ਮੁੰਹਮਦ ਦੇ ਰੋਜ਼ੇ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ । ਅਮਰੀਕਾ ਨੇ 10 ਦਿਨਾਂ ਵਿਚ ਇਰਾਕ 'ਤੇ ਏਨੇ ਬੰਬ ਸੁੱਟੇ ਕਿ ਸਮੁੱਚੇ ਦੂਜੇ ਸੰਸਾਰ ਯੁੱਧ ਵਿਚ ਵੀ ਏਨੇ ਬੰਬ ਨਹੀਂ ਡੇਗੇ ਗਏ ਸਨ । ਇਰਾਕ ਪਿੱਛੋਂ ਇਰਾਨ ਅਤੇ ਪਾਕਿਸਤਾਨ ਦੀ ਵਾਰੀ ਆਵੇਗੀ । ਅਮਰੀਕਾ ਨੇ ਜਾਲਮ ਹਲਾਕੂ ਖਾਨ ਨੂੰ ਵੀ ਸ਼ਰਮਾ ਦਿੱਤਾ ਹੈ । ਗੁਜਰਾਂਵਾਲਾ ਵਿਚ ਅਸਗਰ ਖਾਨ ਨੇ ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੁਵੈਤ ਦੇ ਹਾਕਮਾਂ ਨੇ ਇਸਰਾਈਲ ਨਾਲ ਗਠਜੋੜ ਕੀਤਾ ਹੋਇਆ ਸੀ । ਇਸ ਲਈ ਇਰਾਕ ਨੇ ਕੁਵੈਤ 'ਤੇ ਕਬਜ਼ਾ ਕਰ ਕੇ ਠੀਕ ਹੀ ਕੀਤਾ ਸੀ । ਪਾਕਿਸਤਾਨੀ ਜਨਤਾ ਸਾਉਦੀ ਅਰਬ ਅਤੇ ਅਮਰੀਕਾ ਦੇ ਵਿਰੁੱਧ ਹੈ । ਨਵਾਜ਼ ਸ਼ਰੀਫ ਦੀ ਕੜੀ ਅਲੋਚਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਮਾਲਕਾਂ ਨੂੰ ਖੁਸ਼ ਕਰਨ ਲਈ

ਇਰਾਕ ਵਿਚ ਤਬਾਹੀ ਦੀ ਹਮਾਇਤ ਕੀਤੀ ਹੈ । ਬੀ.ਬੀ.ਸੀ. ਤੇ ਪੀਪਲਜ਼ ਪਾਰਟੀ ਦੇ ਨੇਤਾ ਸਲਮਾਨ ਤਾਸੀਰ ਅਤੇ ਇਸਰਾਈਲ ਦੇ ਪ੍ਰਤੀਨਿਧੀ ਡਾਕਟਰ ਮਾਈਕਲ ਰੋਥ ਵਿਚਕਾਰ ਰੇਗਿਸਤਾਨੀ ਕਤਲੇਆਮ 'ਤੇ ਬਹਿਸ ਦੌਰਾਨ ਉਸ ਵੇਲੇ ਝਗੜਾ ਹੋ ਗਿਆ ਜਦੋਂ ਸਲਮਾਨ ਨੇ ਕਿਹਾ ਕਿ ਅਮਰੀਕਾ ਯੁੱਧ ਹਾਰ ਚੁੱਕਾ ਹੈ । ਖਾਲੀ ਇਮਾਰਤਾਂ ਨੂੰ ਤਾਬਹ ਕਰ ਦੇਣ ਨਾਲ ਜਿੱਤ ਪ੍ਰਾਪਤ ਨਹੀਂ ਹੁੰਦੀ । ਇਸ 'ਤੇ ਇਸਰਾਈਲੀ ਬੁਲਾਰਾ ਚਲਦੀ ਬਹਿਸ ਵਿੱਚੋਂ ਉਠ ਕੇ ਬਾਹਰ ਚਲਾ ਗਿਆ । ਜਮੀਅਤ ਉਲਮਾਏ ਦੇ ਸਕੱਤਰ ਕੇ.ਐਮ. ਅਜਹਰ ਨੇ ਮੰਗ ਕੀਤੀ ਕਿ ਅਮਰੀਕਾ ਦੇ ਰਾਜਦੂਤ ਨੂੰ ਖਤਰਨਾਕ ਕਰਾਰ ਦੇ ਕੇ ਪਾਕਿਸਤਾਨ ਤੋਂ ਕੱਢ ਦਿੱਤਾ ਜਾਵੇ । ਕੌਮੀ ਮਹਾਜ਼ੇ-ਅਜ਼ਾਦੀ ਦੇ ਪੱਖੀ ਮਹਿਰਾਜ ਮੁਹੰਮਦ ਖਾਨ ਨੇ ਪਾਕਿ ਸਰਕਾਰ ਨੂੰ ਲੰਬੇ ਹੱਥੀ ਲੈਂਦੇ ਹੋਏ ਦੋਸ਼ ਲਾਇਆ ਕਿ ਪਾਕਿਸਤਾਨ ਦੇ ਸੰਵਿਧਾਨ ਅਨੁਸਾਰ ਪਾਰਲੀਮੈਂਟ ਤੋਂ ਮਨਜ਼ੂਰੀ ਲਏ ਬਿਨ੍ਹਾਂ ਕਿਸੇ ਦੂਜੇ ਦੇਸ਼ ਨੂੰ ਫੌਜ ਨਹੀਂ ਭੇਜੀ ਜਾ ਸਕਦੀ । ਇਸ ਲਈ ਸਰਕਾਰ ਨੇ ਸੰਵਿਧਾਨ ਦੀ ਘੋਰ ਉਲੰਘਣਾ ਕਤਿੀ ਹੈ । ਸਰਕਾਰ ਦਾ ਫਰਜ਼ ਸੀ ਕਿ ਅਮਰੀਕੀ ਰਾਜਦੂਤ ਨੂੰ ਸੱਦ ਕੇ ਇਰਾਕ ਵਿਚ ਹੋਣ ਵਾਲੇ ਖੂਨ ਖਰਾਬੇ 'ਤੇ ਪਰੋਟੈਸਟ ਕਰਦੀ ਅਤੇ ਇਸਲਾਮੀਅਤ ਦੇ ਹੋ ਰਹੇ ਘਾਣ ਨੂੰ ਮੱਦੇ ਨਜ਼ਰ ਰੱਖਦਿਆਂ ਆਪਣੇ ਦੇਸ਼ ਵਿਚ ਤਿੰਨ ਦਿਨਾਂ ਲਈ ਸ਼ੋਕ ਮਨਾਉਂਦੀ । ਉਧਰ ਨਵਾਜ਼ ਸ਼ਰੀਫ ਅਤੇ ਜਨਰਲ ਬੇਗ ਵਿਚਕਾਰ ਤਣਾਉ ਵਾਲੀ ਸਥਿਤੀ ਪੈਦਾ ਹੋ ਗਈ । ਭਾਵੇ ਪ੍ਰਧਾਨ ਮੰਤਰੀ ਅਤੇ ਜਨਰਲ ਬੇਗ ਵਿਚਕਾਰ 'ਸੀਜ਼ ਫਾਇਰ' (ਯੁੱਧ ਬੰਦੀ) ਦਾ ਪ੍ਰਚਾਰ ਕੀਤਾ ਜਾ ਰਿਹਾ ਸੀ । ਪ੍ਰੰਤੂ ਇਸ ਪ੍ਰਚਾਰ 'ਤੇ ਆਮ ਲੋਕ ਵਿਸ਼ਵਾਸ ਨਹੀਂ ਰੱਖਦੇ ਸਨ । ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਖਾੜੀ ਜੰਗ ਸਬੰਧੀ ਸਰਕਾਰੀ ਨੀਤੀਆਂ 'ਤੇ ਇਕ ਦੂਜੇ ਤੋਂ ਵੱਖਰੀ ਬਿਆਨਬਾਜੀ ਹੋ ਰਹੀ ਸੀ । ਇਸ ਲਈ ਸਾਰੇ ਪਾਕਿਸਤਾਨ ਵਿਚ ਅਫਵਾਹਾਂ ਦਾ ਜ਼ੋਰ ਸੀ। ਭਾਵੇਂ ਸਰਕਾਰ ਨੇ ਹੜਤਾਲਾਂ ਅਤੇ ਰੈਲੀਆਂ 'ਤੇ ਸਖਤ ਪਾਬੰਧੀ ਲਾਈ ਹੋਈ ਸੀ ਪ੍ਰੰਤੂ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਵੀ ਹੜਤਾਲਾਂ ਮੁਜ਼ਾਹਰੇ ਅਤੇ ਰੈਲੀਆਂ ਜਾਰੀ ਰਹੀਆਂ । ਅਸਲ ਵਿਚ ਇਹ ਸਾਰਾ ਕੁਝ ਕਿਉਂ ਹੋਇਆ ? ਇਸ ਦੀ ਜੜ੍ਹ ਇਹ ਸੀ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਵਿਦੇਸ਼ੀ ਮੰਤਰੀ ਸਾਹਿਬਜ਼ਾਦਾ ਯਾਕੂਬ ਖਾਨ ਹੱਜ ਬਹਾਨੇ ਸਾਉਦੀ ਅਰਬ ਜਾਂਦੇ ਰਹਿੰਦੇ ਸਨ । ਉਸ ਦੇਸ਼ ਵਿਚ ਪਾਕਿਸਤਾਨੀ ਫੌਜ ਭੇਜਣ ਦਾ ਫੈਸਲਾ ਇਨ੍ਹਾਂ ਖੁਫੀਆ ਮੁਲਕਾਤਾਂ ਵਿਚ ਹੀ ਫੌਜ ਤੋਂ ਬਿਨਾਂ ਪੁੱਛੇ ਕੀਤਾ ਗਿਆ ਸੀ । ਸਾਉਦੀ ਅਰਬ ਨੇ ਇਸ ਦੇ ਬਦਲੇ ਪਾਕਿਸਤਾਨ ਨੂੰ ਵੱਡੇ ਪੈਮਾਨੇ 'ਤੇ ਆਰਥਿਕ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ ਸੀ । ਪਾਕਿ ਪ੍ਰਧਾਨ ਮੰਤਰੀ ਨੇ ਸਾਉਦੀ ਅਰਬ ਦੇ ਹਾਕਮ ਅਤੇ ਅਮਰੀਕਾ ਦੇ ਰਾਸ਼ਟਰਪਤੀ ਜਾਰਜ਼ ਬੁਸ਼ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਹਾਲਤ ਵਿਚ ਆਪਣੇ ਆਪ ਨੂੰ ਅਮਰੀਕਾ ਦੇ ਕੈਂਪਾਂ ਤੋਂ ਵੱਖਰਾ ਨਹੀਂ ਕਰੇਗੀ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਰਕਾਰ ਨੇ ਫੌਜ ਅਤੇ ਜਨਤਾ ਵਿੱਚੋਂ ਆਪਣਾ ਵਿਸ਼ਵਾਸ ਖਤਮ ਕਰ ਲਿਆ । ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਸ਼ਾਂਤ ਕਰਨ ਲਈ ਕਈ ਇਸਲਾਮੀ ਦੇਸ਼ਾਂ ਦਾ 'ਸ਼ਾਂਤੀ ਮਿਸ਼ਨ' ਦੇ ਨਾਂ ਤੇ ਦੌਰਾ ਕੀਤਾ । ਇਸ ਤੇ ਜਨਤਾ ਹੋਰ ਵੀ ਭੜਕ ਉਠੀ, ਜਨਤਾ ਸਮਝਦੀ ਸੀ ਕਿ ਇਹ 'ਸ਼ਾਂਤੀ ਮਿਸਨ' ਅਸਲ ਵਿਚ ਅਮਰੀਕਾ ਦਾ ਮਿਸ਼ਨ ਸੀ । ਇਸ ਬਹਾਨੇ ਪ੍ਰਧਾਨ ਮੰਤਰੀ ਜਨਤਾ ਦੀਆਂ ਅੱਖਾਂ ਵਿਚ



ਧੂੜ ਨਹੀਂ ਪਾ ਸਕਿਆ । ਜਮੀਅਤ ਉਲਮਾਏ ਪਾਕਿਸਤਾਨ ਦੇ ਪ੍ਰਧਾਨ ਮੌਲਾਨਾ ਸ਼ਾਹ ਅਹਿਮਦ ਨੂਰਾਨੀ ਨੇ ਨਵਾਜ ਸ਼ਰੀਫ ਦੇ ਸ਼ਾਂਤੀ ਮਿਸ਼ਨ ਨੂੰ ਇਕ ਵੱਡਾ ਫਰਾੜ ਦੱਸਿਆ । ਰਾਸ਼ਟਰਪਤੀ ਸੱਦਾਮ ਹੁਸੈਨ ਵੀ ਇਸ ਪਿੱਛੇ ਚੱਲ ਰਹੇ ਹੱਥ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ । ਇਸ ਲਈ ਉਸ ਨੇ ਨਵਾਜ਼ ਸ਼ਰੀਫ ਦੇ ਸ਼ਾਂਤੀ ਮਿਸ਼ਨ ਵੇਲੇ ਉਨ੍ਹਾਂ ਨੂੰ ਮਿਲਣ ਤੋਂ ਇੰਨਕਾਰ ਕਰ ਦਿੱਤਾ ।

ਇਸ ਖੂਨੀ ਘੁਲੂਕਾਰੇ ਤੋਂ ਮਗਰੋਂ ਪਾਕਿਸਤਾਨ ਨੇ ਕੁਵੈਤ ਅਤੇ ਸਾਉਦੀ ਅਰਬ ਨਾਲ ਮਿਲ ਕੇ ਅਮਰੀਕਾ ਤੋਂ ਮੰਗ ਕੀਤੀ ਕਿ ਉਹ ਇਰਾਕ ਦੀ ਧਰਤੀ ਨੂੰ ਤਿੰਨ ਛੋਟੇ ਛੋਟੇ ਅਜ਼ਾਦ ਦੇਸ਼ਾਂ ਵਿਚ ਵੰਡ ਦੇਵੇ । ਸਰਕਾਰ ਦੀ ਇਸ ਤਰ੍ਹਾਂ ਦੀ ਦੋਗਲੀ ਨੀਤੀ ਕਾਰਨ ਪਾਕਿਸਤਾਨੀ ਜਨਤਾ ਦੇ ਜਜ਼ਬਾਤ ਭੜਕ ਉਠੇ । ਸਾਰੇ ਦੇਸ਼ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਹੋ ਗਿਆ ਜਿਵੇਂ ਸਰਕਾਰ ਨਾ ਦੀ ਕੋਈ ਚੀਜ਼ ਹੀ ਨਾ ਹੋਵੇ । ਪਾਕਿਸਤਾਨੀ ਮੰਤਰੀ ਮੰਡਲ ਵੀ ਇਸ ਦੇ ਪ੍ਰਭਾਵ ਹੇਠਾਂ ਬੁਰੀ ਤਰ੍ਹਾਂ ਲਿਤਾੜਿਆ ਗਿਆ । ਚਾਰ ਮੰਤਰੀਆਂ ਨੇ ਸੱਦਾਮ ਹੁਸੈਨ ਦੇ ਹੱਕ ਵਿਚ ਅਮਰੀਕਾ ਵਿਰੋਧੀ ਸਮਾਗਮਾਂ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ । ਇਸ ਲਈ ਪ੍ਰਧਾਨ ਮੰਤਰੀ ਨੇ ਜਲਸੇ, ਜਲੂਸਾਂ ਅਤੇ ਵਿਖਾਵਿਆਂ ਉਤੇ ਪਾਬੰਦੀ ਲਗਾ ਦਿੱਤੀ । ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਵੀ ਅਮਰੀਕਾ ਵਿਰੋਧੀ ਸਮਾਗਮ ਹੁੰਦੇ ਰਹੇ । ਸੀਨੀਅਰ ਮੰਤਰੀ ਮੌਲਾਨਾ ਅਬਦੁਲ ਸਤਾਰ ਨਿਆਜੀ ਨੇ ਖੁੱਲ੍ਹ ਕੇ ਇਰਾਕ ਦਾ ਸਮਰਥਨ ਕੀਤਾ । ਇਕ ਹੋਰ ਮੰਤਰੀ ਨੇ ਕਿਹਾ, ਕਿ ਅਮਰੀਕਾ ਅਤੇ ਉਸ ਦੀਆਂ ਸਮਰਥਕ ਦੇਸ਼ਾਂ ਦੀਆਂ ਫੌਜਾਂ ਮਿਲ ਕੇ ਵੀ ਇਰਾਕ ਨੂੰ ਹਾਰ ਦੇਣ ਵਿਚ ਸਫਲ ਨਹੀਂ ਹੋ ਸਕੀਆਂ । "ਸ਼ਾਂਤੀ ਮਿਸ਼ਨ" ਤੋਂ ਪਰਤ ਕੇ ਨਵਾਜ ਸ਼ਰੀਫ ਨੇ ਮੰਤਰੀ ਮੰਡਲ ਦੀ ਇਕ ਮੀਟਿੰਗ ਕੀਤੀ । ਵਿਦੇਸ਼ ਮੰਤਰੀ ਸਣੇ ਅੱਧੀ ਦਰਜਨ ਮੰਤਰੀਆਂ ਨੇ ਉਸ ਦਾ ਬਾਈਕਾਟ ਕਰ ਦਿੱਤਾ । ਉਨ੍ਹਾਂ ਦਾ ਕਹਿਣਾ ਸੀ ਕਿ ਇਰਾਕ ਲਈ ਮੰਤਰੀ ਪਦ ਤਾਂ ਕੀ, ਸਿਰਧੜ ਦੀ ਬਾਜੀ ਲਾਉਣ ਤੋਂ ਵੀ ਸੰਕੋਚ ਨਹੀਂ ਕਰਨਗੇ । ਪਾਕਿ ਸਰਕਾਰ ਨੇ ਇਰਾਕੀ ਸਫਾਰਤਖਾਨੇ ਦੇ ਪ੍ਰੈਸ ਸਕੱਤਰ ਜਸਮਲ ਸੇਖ ਨੂੰ ਭੜਕਾਊ ਸਰਗਰਮੀਆਂ ਦੇ ਦੋਸ਼ ਅਧੀਨ ਪਾਕਿਸਤਾਨ ਵਿਚੋਂ ਕੱਢ ਦਿੱਤਾ । ਸੇਖ ਦੇ ਜਾਣ ਤੋਂ ਦੂਜੇ ਦਿਨ ਹੀ ਸਰਕਾਰੀ ਪਾਬੰਦੀਆਂ ਤੋੜ ਕੇ ਹਜ਼ਾਰਾਂ ਮੁਸਲਮਾਨਾਂ ਨੇ ਲਾਹੌਰ ਦੇ ਨੀਲੇ ਗੋਬੰਦ ਤੋਂ ਅਸੈਂਬਲੀ ਹਾਲ ਤੱਕ ਭਾਰੀ ਵਿਖਾਵਾ ਕੀਤਾ । ਜਿਸ ਦੇ ਬਾਰੇ ਵਿਚ ਇਸ਼ਤਿਹਾਰ ਵੀ ਵੰਡੇ ਗਏ । ਇਸ਼ਤਿਹਾਰਾਂ ਵਿਚ "ਐਲਾਨੇ ਜਹਾਦ" ਕਰਨ ਲਈ ਲੋਕਾਂ ਨੂੰ ਕੁਰਾਨ ਸਿਰਾਂ 'ਤੇ ਰੱਖ ਕੇ ਆਉਣ ਦੀ ਹਦਾਇਤ ਕੀਤੀ ਤੇ ਲਿਖਿਆ ਕਿ "ਅਮਰੀਕਾ ਦਾ ਜੰਗ ਇਸਲਾਮ ਨੂੰ ਤਬਾਹ ਕਰਨ ਦੀ ਸਾਜਿਸ਼ ਹੈ, ਇਸ ਵਿਰੁੱਧ ਡੱਟ ਜਾਉ ।" ਇਸ ਤਰ੍ਹਾਂ ਦੀ ਹਲ-ਚਲ ਨੇ ਪਾਕਿਸਤਾਨ ਨੂੰ ਆਰਥਿਕ ਤੌਰ 'ਤੇ ਤਬਾਹੀ ਦੇ ਕੰਢੇ 'ਤੇ ਪਹੁੰਚਾ ਦਿੱਤਾ । ਵਿਦੇਸ਼ੀ ਵਪਾਰ ਇਤਨਾ ਘੱਟ ਗਿਆ ਕਿ ਬਜਟ ਘਾਟਾ 60 ਅਰਬ ਰੁਪਏ ਤੋਂ ਵੀ ਵੱਧ ਗਿਆ । ਸਮੁੱਚੇ ਤੌਰ 'ਤੇ ਉਸ ਦੀ ਖਾੜੀ ਸੰਕਟ ਸਬੰਧੀ ਨੀਤੀ ਬੁਰੀ ਤਰ੍ਹਾਂ ਅਸਫਲ ਹੋ ਗਈ । ਇਕ ਪਾਸੇ ਉਹ ਕੁਵੈਤ ਉਤੇ ਇਰਾਕ ਦੇ ਹਮਲੇ ਦੀ ਅਲੋਚਨਾ ਕਰਦਾ ਰਿਹਾ ਤੇ ਦੂਜੇ ਪਾਸੇ ਫਲਸਤੀਨੀ ਲੋਕਾਂ ਦਾ ਪੱਖ ਪੂਰਨ ਦੇ ਯਤਨ ਕਰਦਾ ਰਿਹਾ । ਇਸ ਦੇ ਨੀਤੀਵਾਨ ਵੀ ਖਾੜੀ ਵਿਚ ਅਮਰੀਕਾ ਦੇ ਡੂੰਘੇ ਮਨਸੂਬਿਆਂ ਨੂੰ ਸਮਝਣ ਵਿਚ ਅਸਫਲ ਰਹੇ । ਇਸ ਤਰ੍ਹਾਂ ਸਾਉਦੀ ਅਰਬ ਦੀ

ਫੌਜੀ ਸਹਾਇਤਾ ਕਰ ਕੇ ਉਹ ਖ਼ਾੜੀ ਸੰਕਟ ਨੂੰ ਹੱਲ ਕਰਨ ਵਿਚ ਆਪਣਾ ਰਾਜਨੀਤਿਕ ਰੋਲ ਅਦਾ ਕਰਨ ਦੇ ਵੀ ਯੋਗ ਨਾ ਰਿਹਾ ।

ਭਾਰਤ ਭਾਵੇਂ ਇਕ ਨਿਰਪੱਖ ਦੇਸ਼ ਸੀ ਪ੍ਰੰਤੂ ਇਹ ਵੀ ਬੁਰੀ ਤਰ੍ਹਾਂ ਖ਼ਾੜੀ ਜੰਗ ਦੇ ਪ੍ਰਭਾਵਾਂ ਦੀ ਲਪੇਟ ਵਿਚ ਆ ਗਿਆ । ਭਾਰਤ ਆਰਥਿਕ ਤੌਰ ਤੇ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ । ਟਾਟਾ ਰਿਸਰਚ ਇੰਸਟੀਚਿਊਟ (Tata Research Institute) ਵੱਲੋਂ ਵਿਦੇਸ਼ ਮੰਤਰਾਲੇ ਦੇ ਕਹਿਣ ਉਤੇ ਇਕ ਰਿਪੋਰਟ ਤਿਆਰ ਕੀਤੀ ਗਈ । ਇਸ ਰਿਪੋਰਟ ਵਿਚ ਖ਼ਾਲੀਜ ਵਿਚ ਵਾਪਰਨ ਵਾਲੀਆਂ ਘਟਨਾਵਾਂ, ਇੰਨ੍ਹਾਂ ਦੇ ਵਿਸ਼ਵ ਤੇਲ ਮੰਡੀ ਉਤੇ ਪ੍ਰਭਾਵ, ਭਾਰਤੀ ਅਰਥਚਾਰੇ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਅਤੇ ਸਰਕਾਰ ਕੋਲ ਉਪਲਬਧ ਫੌਰੀ ਅਤੇ ਮਧਕਾਲੀ ਨੀਤੀ ਅਤੇ ਬਦਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ । ਲਗਾਤਾਰ ਵਧਦੀਆਂ ਤੇਲ ਕੀਮਤਾਂ ਅਤੇ ਬਦਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ । ਲਗਾਤਾਰ ਵਧਦੀਆਂ ਤੇਲ ਕੀਮਤਾਂ ਅਤੇ ਸਪਲਾਈ ਵਿਚ ਅਨਿਸਚਿਤਤਾ ਕਾਰਨ ਅੱਠਵੀਂ ਯੋਜਨਾ ਦੇ ਟੀਚੇ ਹਾਸਲ ਕਰਨ ਵਾਲੀਆਂ ਸੰਭਵਨਾਵਾਂ ਉਤੇ ਗੰਭੀਰ ਅਸਰ ਪਿਆ। ਦੇਸ਼ ਦੀਆਂ ਆਰਥਿਕ ਔਕੜਾਂ, ਵਿਦੇਸ਼ੀ ਸਿੱਕੇ ਦੀ ਕਮੀ ਅਤੇ ਕੀਮਤਾਂ ਵਿਚ ਤੇਜ ਵਾਧੇ ਨਾਲ ਹੋਰ ਵੀ ਇਜ਼ਾਫਾ ਹੋਇਆ । ਨਤੀਜੇ ਵੱਜੋਂ ਭਾਰਤ ਨੇ ਤੇਲ ਅਤੇ ਦੂਜੀਆਂ ਦਰਾਮਦਾਂ ਲਈ ਵਿਦੇਸ਼ੀ ਸਿੱਕੇ ਦੇ ਰਿਜ਼ਰਵ ਦੀ ਵਰਤੋਂ ਕੀਤੀ । ਜਿਸ ਕਾਰਨ ਵਿਦੇਸ਼ੀ ਸਿੱਕੇ ਦੇ ਰਿਜ਼ਰਵ ਬਹੁਤ ਹੀ ਘੱਟ ਸਿਰਫ 4500 ਕਰੋੜ ਰੁਪਏ ਹੀ ਰਹਿ ਗਏ ਜੋ ਕਿ ਸਿਰਫ 24 ਦਿਨਾਂ ਦੀਆਂ ਦਰਮਦਾਂ ਲਈ ਹੀ ਚਲ ਸਕਦੇ ਸਨ । ਬਕਾਏ ਦੇ ਭੁਗਤਾਨ 'ਤੇ ਇਸ ਦਾ ਗੰਭੀਰ ਅਸਰ ਪਿਆ । ਤੇਲ ਦੇ ਅਯਾਤ ਉਤੇ ਖਰਚੀ ਜਾਣ ਵਾਲੀ ਰਕਮ ਵਿਚ ਭਾਰੀ ਵਾਧਾ ਹੋ ਗਿਆ । ਮੱਧ ਪੂਰਬੀ ਦੇਸ਼ਾਂ ਵਿਚੋਂ ਆਪਣੇ ਨਾਗਰਿਕਾਂ ਨੂੰ ਕੱਢਣ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਉਤੇ ਕਾਫੀ ਖਰਚਾ ਹੋਇਆ ਅਤੇ ਇਨ੍ਹਾਂ ਦੇਸ਼ਾਂ ਵਿਚ ਨਿਰਯਾਤ ਹੁੰਦੇ ਮਾਲ ਵਿਚ ਕਮੀ ਆ ਗਈ । ਉਦਯੋਗਿਕ ਦੇਸ਼ਾਂ ਵਿਚ ਨਿਰਯਾਤ ਮਾਲ 'ਤੇ ਕਟੌਤੀ ਕਰਨੀ ਪਈ । ਹੱਤਿਆ ਕਾਂਢ ਦੇ ਸ਼ੁਰੂ ਹੋਣ ਸਮੇਂ ਭਾਰਤ ਕੋਲ 45 ਦਿਨਾਂ ਦਾ ਤੇਲ ਦਾ ਸਟਾਕ ਸੀ। ਤੇਲ ਦੇ ਸਟਾਕ ਦੀ ਕਮਜ਼ੋਰ ਹਾਲਤ ਦੇਖ ਕੇ ਸਰਕਾਰ ਨੂੰ ਬਹੁਤ ਸਾਰੀਆਂ ਗੱਡੀਆਂ ਅਤੇ ਹਵਾਈ ਸੇਵਾਵਾਂ ਰੱਦ ਕਰਨੀਆਂ ਪਈਆਂ । ਜੰਗ ਤੋਂ ਪਹਿਲਾਂ ਤੇਲ ਦੀਆਂ ਕੀਮਤਾਂ 40 ਡਾਲਰ ਪ੍ਰਤੀ ਬੈਰਲ ਸਨ ਜਿਹੜੀਆ ਵਧ ਕੇ ਅਕਾਸ਼ ਨੂੰ ਛੂਹਣ ਲੱਗੀਆਂ । ਸਰਕਾਰ ਨੂੰ ਤੇਲ ਦੇ ਅਯਾਤ ਉਤੇ ਵਾਧੂ ਰਕਮ ਉਤਾਰਨ ਲਈ 4248 ਕਰੋੜ ਰੁਪਏ ਖਰਚ ਕਰਨੇ ਪਏ ਪ੍ਰੰਤੂ ਖਾੜੀ ਦੇਸ਼ਾਂ ਵਿਚ ਵਸਦੇ ਭਾਰਤੀਆਂ ਨੇ ਕੋਈ ਵੀ ਰਕਮ ਭਾਰਤ ਨਾ ਭੇਜੀ ਜਦ ਕਿ ਇਨ੍ਹਾਂ ਨਾਗਰਿਕਾਂ ਨੂੰ ਵਿਦੇਸ਼ਾਂ (ਖ਼ਾੜੀ ਦੇਸ਼ਾਂ) ਵਿਚੋਂ ਭਾਰਤ ਲਿਆਉਣ ਲਈ 360 ਕਰੋੜ ਰੁਪਏ ਤੋਂ ਵੀ ਜਿਆਦਾ ਰਕਮ ਖਰਚ ਕਰਨੀ ਪਈ, ਜਦੋਂ ਕਿ ਇਹ ਨਾਗਰਿਕ ਭਾਰਤ ਵਿਚ ਵਿਦੇਸ਼ਾਂ ਤੋਂ ਆਉਣ ਵਾਲੀ ਰਕਮ ਦਾ 45 ਪ੍ਰਤੀਸ਼ਤ ਭਾਰਤ ਵਿਚ ਭੇਜਦੇ ਸਨ । ਇਸ ਤਰ੍ਹਾਂ ਇਨ੍ਹਾਂ ਨਾਗਰਿਕਾਂ ਕੋਲੋ ਲਘਭਗ 379 ਕਰੋੜ ਰੁਪਏ ਤੋਂ ਹੱਥ ਧੋਣੇ ਪਏ। ਇਸ ਤੋਂ ਇਲਾਵਾ ਇਰਾਕ ਅਤੇ ਕੁਵੈਤ ਨਾਲ ਨਿਰਯਾਤ ਨਾ ਹੋਣ ਕਾਰਨ 500 ਕਰੋੜ ਰੁਪਏ ਦਾ ਵਾਧੂ ਨੁਕਸਾਨ ਉਠਾਉਣਾ ਪਿਆ । ਗੱਲ ਕੀ ਇਸ ਕਤਲੇਆਮ ਨੇ ਭਾਰਤ ਦੇ ਬਕਾਏ ਦੇ ਭੁਗਤਾਨ ਉਤੇ ਡੂੰਘਾ ਅਸਰ ਪਾਇਆ ਅਤੇ ਇਸ ਨੂੰ 5040 ਕਰੋੜ ਰੁਪਏ

ਦਾ ਨੁਕਸਾਨ ਝੱਲਣਾ ਪਿਆ । ਜਿਸ ਕਾਰਨ ਵਿਦੇਸ਼ੀ ਕਰਜ਼ੇ ਦੀ ਰਕਮ ਵੱਧ ਗਈ ਜਦ ਕਿ ਵਿਦੇਸ਼ੀ ਮੁਦਰਾ ਦਾ ਭੰਡਾਰ ਖੁਰ ਗਿਆ । ਸਥਿਤੀ ਨਾਲ ਨਜਿੱਠਣ ਲਈ ਸਰਕਾਰ ਨੂੰ ਨਵੇਂ ਟੈਕਸ ਲਾਉਣੇ ਪਏ । ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 25 % ਵਧਾ ਦਿੱਤੀਆਂ । ਜਿਸ ਨਾਲ ਸਿੱਕੇ ਦੇ ਪਸਾਰ ਦੀ ਮਾਤਰਾ 20 % ਵਧ ਗਈ । ਇਸ ਤਰ੍ਹਾਂ 20 % ਕੀਮਤਾਂ ਵਿਚ ਵਾਧਾ ਲੋਕਾਂ ਦੀ ਬਰਦਾਸ਼ਤ ਸ਼ਕਤੀ ਤੋਂ ਬਾਹਰ ਹੋ ਗਿਆ । ਭਾਰਤੀ ਆਰਥਿਕਤਾ ਨੂੰ ਇਸ ਤੋਂ ਪਹਿਲਾਂ ਕਦੇ ਵੀ ਏਨੀਆਂ ਮੁਸ਼ਕਲਾਂ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ । ਟੈਕਸਾਂ ਦੇ ਵਾਧੇ ਦੇ ਬਾਵਜੂਦ 1990-91 ਦੇ ਬਜਟ ਵਿਚ 11466 ਕਰੋੜ ਰੁਪਏ ਦਾ ਘਾਟਾ ਪਿਆ । ਘਾਟੇ ਨੂੰ ਪੂਰਾ ਕਰਨ ਲਈ ਖਾੜੀ ਸੰਕਟ ਦੇ ਮਗਰੋਂ ਕੁਵੈਤ ਵਿਚੋਂ 800 ਕਰੋੜ ਰੁਪਏ ਦੇ ਮੁੱਲ ਦੀ ਵਿਦੇਸ਼ੀ ਮੁਦਰਾ ਦੇ ਭਾਰਤ ਵਿਚ ਲਿਆਉਣ ਦਾ ਨਿਸ਼ਾਨਾ ਮਿਥਿਆ ਗਿਆ । ਇਸ ਦੇ ਬਦਲੇ ਕੁਵੈਤ ਨੂੰ Agricultural Products, food items and Spice ਭੇਜੇ ਜਾਣੇ ਸਨ The Telecommunication Consultants India Ltd.

(T.C.I.L) ਨੇ ਪਹਿਲਾਂ ਹੀ ਕੁਵੈਤ ਨਾਲ 15 ਮਿਲੀਅਨ ਡਾਲਰ ਦਾ ਠੇਕਾ ਕਰ ਲਿਆ ਸੀ । ਇਕ ਹੋਰ Private Transpor tation Company ਨੇ ਵੀ 15 ਮਿਲੀਅਨ ਡਾਲਰ ਦਾ ਠੇਕਾ ਕਰ ਲਿਆ ਸੀ । ਇਸ ਤਰ੍ਹਾਂ ਖਾੜੀ ਸੰਕਟ ਤੋਂ ਪੈਦਾ ਹੋਏ ਘਾਟੇ ਨੂੰ ਪੂਰਾ ਕਰਨ ਲਈ ਅਣਥਕ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਘਾਟਾ ਫਿਰ ਵੀ ਪੂਰਾ ਨਾ ਹੋਇਆ ।

ਭਾਰਤ ਗੁੱਟ ਨਿਰਲੇਪ ਲਹਿਰ ਦਾ ਮੋਹਰੀ ਮੈਂਬਰ ਰਿਹਾ ਹੈ । ਇਸ ਲਈ ਹੀ ਇਸ ਨੇ ਹੱਤਿਆ ਕਾਂਡ ਤੋਂ ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ । ਕਦੇ ਵੀ ਇਸ ਨੇ ਅਮਰੀਕਾ ਦੇ ਜੰਗੀ ਮਨਸੂਬਿਆਂ ਦੀ ਹਮਾਇਤ ਨਹੀਂ ਕੀਤੀ ਅਤੇ ਨਾ ਹੀ ਸਾਥ ਦਿੱਤਾ । ਇਸ ਲਈ ਭਾਰਤ ਵੱਲੋਂ ਹਮੇਸ਼ਾ ਅਮਰੀਕਾ ਦੀਆਂ ਜੰਗੀ ਕਾਰਵਾਈਆਂ ਦਾ ਹੀ ਨਹੀਂ ਸਗੋਂ ਇਹ ਇਸ ਵੱਲੋਂ ਸਮਾਜਵਾਦੀ ਕੈਂਪਾਂ ਵਿਰੁੱਧ ਛੇੜੀ ਗਈ ਠੰਡੀ ਜੰਗ ਦਾ ਵਿਰੋਧ ਵੀ ਕਰਦਾ ਰਿਹਾ ਹੈ । ਇਤਨਾ ਹੋਣ ਦੇ ਬਾਵਜੂਦ ਵੀ ਇਸ ਨੇ ਕਤਲੇਆਮ ਸਮੇਂ ਅਮਰੀਕੀ ਜਹਾਜ਼ਾਂ ਨੂੰ ਤੇਲ ਮੁਹੱਈਆ ਕਰ ਕੇ ਆਪਣੀ ਨਿਰਪੱਖਤਾ ਦੀ ਨੀਤੀ ਉਤੇ ਪ੍ਰਸ਼ਨ ਚਿੰਨ ਲਗਵਾ ਲਿਆ । ਇਰਾਕੀ ਪ੍ਰਧਾਨ ਸੱਦਾਮ ਹੁਸੈਨ ਨੇ ਖੁਦ ਇਸ ਕਮਜ਼ੋਰ ਨੀਤੀ ਦੀ ਅਲੋਚਨਾ ਕੀਤੀ ।

ਇਸ ਖ਼ੂਨ ਖਰਾਬੇ ਨੇ ਲਗਭਗ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲਿਆ । ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਇਸ ਦਰਦਨਾਕ ਹੱਤਿਆ ਕਾਂਡ ਦੇ ਵਿਰੋਧ ਵਿਚ ਜਲਸੇ ਕੀਤੇ ਗਏ, ਜਲੂਸ ਕੱਢੇ ਗਏ, ਰੈਲੀਆਂ ਅਤੇ ਮੁਜ਼ਹਾਰੇ ਕੀਤੇ ਗਏ । ਇਨ੍ਹਾਂ ਕਾਰਨਾਂ ਕਰ ਕੇ ਹੀ ਬਹੁਤ ਸਾਰੀਆਂ ਥਾਵਾਂ 'ਤੇ ਦੰਗੇ ਫਸਾਦ ਵੀ ਹੋਏ । ਅਰਬਾਂ ਡਾਲਰਾਂ ਦੀ ਜਾਇਦਾਦ ਸਾੜ ਕੇ ਸਵਾਹ ਕਰ ਦਿੱਤੀ ਗਈ । ਭਾਰਤ ਵਿਚ ਵੀ ਕਈ ਥਾਵਾਂ 'ਤੇ ਸੱਦਾਮ ਹੁਸੈਨ ਦੀ ਪ੍ਰੈਸਾਂ ਵਿਚ ਜਲੂਸ ਕੱਢੇ ਗਏ, ਨਾਹਰੇ ਲਗਾਏ ਗਏ । ਇਨ੍ਹਾਂ ਮੁਜ਼ਹਾਰਿਆਂ ਵਿਚ ਸਥਿਤੀ ਕਈ ਵਾਰ ਏਨੀ ਭਿਆਨਕ ਹੋ ਜਾਂਦੀ ਸੀ ਕਿ ਪੁਲੀਸ ਨੂੰ ਗੋਲੀ ਚਲਾਉਣੀ ਪਈ । ਭਾਰਤ ਦੇ ਗਾਜ਼ੀਆਬਾਦ ਸ਼ਹਿਰ ਵਿਚ ਸੱਦਾਮ ਹੁਸੈਨ ਦੇ ਪ੍ਰੰਸ਼ਸਕਾਂ ਵੱਲੋਂ ਕੀਤੇ ਗਏ ਰੋਸ ਮੁਜ਼ਾਹਰੇ ਉਤੇ ਦੂਜੇ ਭਾਈਚਾਰੇ ਦੇ ਲੋਕਾਂ ਨੇ ਅਚਾਨਕ ਹਮਲਾ ਕਰ ਦਿੱਤਾ । 15

ਵਿਅਕਤੀ ਹਿੰਸਾ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਚਲੇ ਗਏ ਅਤੇ 150 ਵਿਅਕਤੀ ਜ਼ਖਮੀ ਹੋ ਗਏ । ਇਹ ਘਟਨਾਂ 26 ਜਨਵਰੀ 1991 ਨੂੰ ਵਾਪਰੀ ਜਦੋਂ ਭਾਰਤ ਵਾਸੀ ਥਾਂ-ਥਾਂ 'ਤੇ ਗਣਤੰਤਰਤਾ ਦਿਵਸ ਮਨਾ ਰਹੇ ਸਨ । ਇਨ੍ਹਾਂ ਹਿੰਸਕ ਵਾਰਦਾਤਾਂ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਵੀ ਹੋਇਆ । ਇਸ ਤੋਂ ਬਿਨ੍ਹਾਂ ਭਾਰਤੀ ਵਪਾਰੀਆਂ ਨੇ ਜਨਤਾ ਦੀ ਪੂਰੀ ਲੁੱਟ ਖਸੁੱਟ ਕੀਤੀ । ਖਾੜੀ ਕਤਲੇਆਮ ਸ਼ੁਰੂ ਹੁੰਦਿਆਂ ਹੀ ਵਪਾਰੀਆਂ ਨੇ ਆਟਾ, ਦਾਲਾਂ ਅਤੇ ਹੋਰ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਨੂੰ ਜਮ੍ਹਾਂ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵੱਜੋਂ ਕੀਮਤਾਂ ਅਕਾਸ਼ ਨੂੰ ਛੂਹਣ ਲੱਗੀਆਂ । ਲੋਕ ਤਰਾਹ-ਤਰਾਹ ਕਰਨ ਲੱਗ ਪਏ। ਗੱਡੀਆਂ ਵਿਚ ਤੇਲ ਪੁਆਉਣ ਲਈ ਦੋ-ਦੋ, ਤਿੰਨ -ਤਿੰਨ ਦਿਨ ਪੈਟਰੋਲ ਪੰਪਾ 'ਤੇ ਖੜ੍ਹਨ 'ਤੇ ਵੀ ਤੇਲ ਬਲੈਕ ਵਿਚ ਮਿਲਦਾ ਸੀ । ਇਸ ਤਰ੍ਹਾਂ ਤੇਲ ਦੇ ਵਪਾਰੀਆਂ ਨੇ ਖੂਬ ਹੱਥ ਰੰਗੇ ।

ਇਤਿਹਾਸ ਦੀ ਇਹ ਪਹਿਲੀ ਜੰਗ ਸੀ ਜਿਹੜੀ ਹਵਾਈ ਸ਼ਕਤੀ ਦੇ ਜ਼ੋਰ ਨਾਲ ਜਿੱਤੀ ਗਈ ਸੀ । ਇਸ ਲਈ ਸਾਰਾ ਸੰਸਾਰ ਹੁਣ ਚੌਕੰਨਾ ਹੋ ਗਿਆ ਸੀ । ਖਾਸ ਕਰ ਕੇ ਭਾਰਤ ਅਤੇ ਪਾਕਿਸਤਾਨ ਨੇ ਆਪਣੀ ਹਵਾਈ ਸ਼ਕਤੀ ਵੱਲ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕਰ ਦਿੱਤਾ । ਦੋਵੇਂ ਦੇਸ਼ ਇਕ ਦੂਜੇ ਤੋਂ ਅੱਗੇ ਵਧ ਕੇ ਹਵਾਈ ਸੈਨਾ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰਨ ਲੱਗੇ ਪਾਕਿਸਤਾਨ ਨੇ ਅਮਰੀਕਾ ਤੋਂ ਅਤਿ ਆਧੁਨਿਕ ਜੰਗੀ ਜਹਾਜ਼ ਜਿਹੜੇ ਕਿ ਬਹੁਤ ਹੀ ਅਤਿਆਧੁਨਿਕ ਹਥਿਆਰਾਂ ਨਾਲ ਲੈਸ ਸਨ, ਖਰੀਦਣੇ ਸ਼ੁਰੂ ਕਰ ਦਿੱਤੇ । ਦੇਖਦੇ ਹੀ ਦੇਖਦੇ ਭਾਰਤ ਨੇ ਵੀ ਹਵਾਈ ਸੈਨਾ ਵਲ ਆਧੁਨਿਕ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ । ਜਿਸ ਕਾਰਨ ਦੋਵੇਂ ਦੇਸ਼ ਟਕਰਾ ਦੀ ਸਥਿਤੀ ਵੱਲ ਵਧਣ ਲੱਗ ਪਏ । ਇਸ ਟਕਰਾ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੇ ਕਾਰਗਿਲ ਖੇਤਰ ਵਿਚ ਦੋਹਾਂ ਦੇਸ਼ਾਂ ਵਿਚਕਾਰ 1992 ਵਿਚ ਇਕ ਸੀਮਿਤ ਜੰਗ ਲੜੀ ਗਈ ਜਿਸ ਵਿਚ ਦੋਹਾਂ ਦੇਸ਼ਾਂ ਦੇ ਹਜ਼ਾਰਾਂ ਸੈਨਿਕ ਮਾਰੇ ਗਏ । ਇਸੇ ਤਰ੍ਹਾਂ ਏਸ਼ੀਆਂ ਦੇ ਹੋਰ ਛੋਟੇ-ਛੋਟੇ ਦੇਸ਼ਾਂ ਨੇ ਹਵਾਈ ਸ਼ਕਤੀ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ । ਇਸ ਤਰ੍ਹਾਂ ਇਸ ਜੰਗ ਨੇ ਸੰਸਾਰ ਦੇ ਸਾਰੇ ਖੇਤਰਾਂ 'ਤੇ ਆਪਣੇ ਪ੍ਰਭਾਵ ਦੀ ਇਕ ਗੂੜੀ ਛਾਪ ਛੱਡ ਦਿੱਤੀ । ਸੰਸਾਰ ਦੇ ਸਾਰੇ ਦੇਸ਼ ਇਸ ਤੋਂ ਪ੍ਰਭਾਵਿਤ ਹੋਏ ।

ਕਾਂਡ -5

ਖੂਨੀ ਹਤਿਆਰਾ

ਕੁਵੈਤ ਏਸ਼ੀਆ ਮਹਾਂਦੀਪ ਵਿਚ ਫਾਰਸ ਦੀ ਖਾੜੀ ਦੇ ਉੱਤਰ ਅਤੇ ਇਰਾਕ ਦੇ ਦੱਖਣ ਵਿਚ ਪੰਜਾਬ ਦੇ ਲੁਧਿਆਣੇ ਜਿਲ੍ਹੇ ਜਿੱਡਾ ਸੰਸਾਰ ਦਾ ਇਕ ਅਮੀਰ ਦੇਸ਼ ਹੈ । ਰੁਮਾਲੀਆ ਨਾਮੀ ਟਿੱਬਾ ਕੁਵੈਤ ਅੰਦਰ ਪੈਂਦਾ ਹੈ ਅਤੇ ਇਰਾਕ ਦੇ ਨਾਲ ਲਗਦਾ ਹੈ । ਇਰਾਕੀਆਂ ਦਾ ਇਲਜ਼ਾਮ ਸੀ ਕਿ ਇੱਥੋਂ ਕੁਵੈਤੀ ਟੇਢੀਆਂ ਪਾਈਪਾਂ ਲਗਾ ਕੇ ਹੇਠੋਂ-ਹੇਠ ਇਰਾਕੀ ਤੇਲ ਖਿੱਚੀ ਤੁਰੇ ਜਾ ਰਹੇ ਸਨ । ਇਸ ਬਹਾਨੇ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੇ 2 ਅਗਸਤ 1990 ਨੂੰ ਕੁਵੈਤ 'ਤੇ ਕਬਜ਼ਾ ਕਰ ਕੇ ਉਸ ਨੂੰ ਆਪਣਾ 19 ਵਾਂ ਪ੍ਰਾਂਤ ਘੋਸ਼ਿਤ ਕਰ ਦਿੱਤਾ । ਭਾਵੇਂ ਇਰਾਕੀ ਸਦਰ ਸੱਦਾਮ ਹੁਸੈਨ ਦੀ ਸਮਾਜਵਾਦੀ ਨੀਤੀ ਕਾਰਨ ਜਿਥੇ ਇਸ ਕਤਲੇਆਮ ਲਈ ਉਸ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਉਥੇ ਜੇ ਕਰ ਇਸ ਦਰਦਨਾਕ ਹੱਤਿਆ ਕਾਂਢ ਨੂੰ ਇਤਿਹਾਸ ਦੀ ਕਸੌਵੱਟੀ 'ਤੇ ਪਰਖਿਆ ਜਾਵੇ ਤਾਂ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ ਕਿ ਇਸ ਹੱਤਿਆ ਕਾਂਢ ਦੇ ਅਸਲੀ ਜ਼ਿੰਮੇਵਾਰ ਅਮਰੀਕਾ ਅਤੇ ਇੰਗਲੈਂਡ ਸਨ । ਦੁਨੀਆਂ ਦੇ ਰਾਜਾਂ ਦੇ ਪ੍ਰਤੀਨਿਧਾਂ ਦੀ ਸੰਸਥਾ ਯੂ.ਐਨ.ਓ ਦੀ ਕਾਰਜਕਾਰਣੀ ਸੁਰੱਖਿਆ ਪ੍ਰੀਸ਼ਦ ਨੇ ਮੁੱਖ ਰੂਪ ਵਿੱਚ ਇਸ ਯੁੱਧ ਲਈ ਇਰਾਕ ਨੂੰ ਜ਼ਿੰਮੇਵਾਰ ਮੰਨਿਆ ਹੈ । ਯੂ.ਐਨ.ਓ. ਦਾ ਕਹਿਣਾ ਸੀ ਕਿ ਇਰਾਕ ਨੇ ਉਨ੍ਹਾਂ ਸਾਰੀਆਂ ਅਪੀਲਾਂ ਨੂੰ ਠੁਕਰਾ ਦਿੱਤਾ ਸੀ ਜਿਹੜੀਆਂ ਯੂ.ਐਨ.ਓ.ਨੇ ਇਰਾਕ ਨੂੰ ਕੁਵੈਤ ਵਿੱਚੋਂ ਨਿਕਲ ਜਾਣ ਲਈ ਕੀਤੀਆਂ ਸਨ । ਪ੍ਰੰਤੂ ਇਰਾਕ ਦਾ ਕਹਿਣਾ ਸੀ ਕਿ ਕੁਵੈਤ ਉਸ ਦੇ ਬਸਰਾ ਰਾਜ ਦਾ ਇਕ ਹਿੱਸਾ ਹੁੰਦਾ ਸੀ ਜਿਹੜਾ ਕਿ ਬਰਤਾਨੀਆ ਨੇ ਉਸ ਤੋਂ ਖੋਹ ਲਿਆ ਸੀ । ਕੁਵੈਤ ਪਿਛਲੇ ਲੰਮੇ ਸਮੇਂ ਤੋਂ ਹੀ ਬਰਤਾਨੀਆ ਦੀ ਛੱਤਰ ਛਾਇਆ ਹੇਠ ਜਿਉਂਦਾ ਆ ਰਿਹਾ ਸੀ, ਪਰ 1961 ਵਿਚ ਕੁਵੈਤ ਦੇ ਸ਼ੇਖ ਨੇ ਬਰਤਾਨੀਆ ਹਕੂਮਤ ਨਾਲ ਇਕ ਸੰਧੀ ਕਰ ਲਈ ਸੀ ਜਿਸ ਰਾਂਹੀ ਕੁਵੈਤ ਇਕ ਸੁਤੰਤਰ ਮੁਲਕ ਬਣ ਗਿਆ । ਇਰਾਕ ਨੇ ਇਸ ਸੰਧੀ ਦੀ ਕੜੀ ਅਲੋਚਨਾ ਕੀਤੀ ਅਤੇ ਕੁਵੈਤ ਨੂੰ ਹਿੱਸਾ ਸਮਝਦੇ ਹੋਏ ਇਸ ਨੂੰ ਇਰਾਕ ਵਿਚ ਸ਼ਾਮਲ ਕਰਨ ਲਈ ਯਤਨ ਅਰੰਭ ਕਰ ਦਿੱਤੇ । ਇਰਾਕ ਦੇ ਇਨ੍ਹਾਂ ਇਰਾਦਿਆਂ ਨੂੰ ਦੇਖਦੇ ਹੋਏ ਬਰਤਾਨਵੀ ਫੌਜਾਂ ਨੇ ਕੁਵੈਤ ਦੀਆਂ ਸਰਹੱਦਾਂ 'ਤੇ ਡੇਰੇ ਲਾ ਲਏ । ਜੁਲਾਈ 1961 ਵਿਚ ਮਾਮਲਾ ਸੁਰੱਖਿਆ ਪ੍ਰੀਸ਼ਦ ਵਿਚ ਚਲਾਂ ਗਿਆ । ਇੰਗਲੈਡ ਨੇ ਇਕ ਮਤਾ ਰੱਖਿਆ ਕਿ ਕੁਵੈਤ ਦੀ ਸੁਤੰਤਰਤਾ ਨੂੰ ਸਭ ਮੁਲਕ ਪ੍ਰਵਾਨ ਕਰਨ । ਪਰ ਸੋਵੀਅਤ ਯੂਨੀਅਨ ਨੇ ਇਹ ਮਤਾ ਵੀਟੋ ਕਰ ਦਿੱਤਾ ।

ਉਸ ਸਮੇਂ ਤਿੱਖੀ 'ਠੰਡੀ ਜੰਗ' ਦੇ ਸਮੇਂ ਸੋਵੀਅਤ ਯੂਨੀਅਨ ਨੇ ਇਰਾਕ ਦਾ ਪੱਖ ਲਿਆ ਅਤੇ ਇੰਗਲੈਂਡ ਦੀ ਅਲੋਚਨਾ ਕੀਤੀ । ਉਸ ਸਮੇਂ ਤੋਂ ਹੀ ਐਂਗਲੋ-ਅਮਰੀਕਨ

ਧੜਾ ਕੁਵੈਤ ਨੂੰ ਆਪਣੀ ਸੁਰੱਖਿਆ ਛਤਰੀ ਹੇਠਾ ਰੱਖਦਾ ਆ ਰਿਹਾ ਸੀ । ਅਮਰੀਕਾ ਦੇ ਤੇਲ ਹਿੱਤ ਵੀ ਉਸ ਨਾਲ ਜੁੜੇ ਹੋਏ ਸਨ । ਇਹ ਹੀ ਕਾਰਨ ਸੀ ਕਿ ਇਰਾਕ ਨੇ ਜਦੋਂ ਇਸ 'ਤੇ ਹਮਲਾ ਕੀਤਾ ਤੇ ਕਬਜ਼ਾ ਕਰ ਲਿਆ ਤਾਂ ਅਮਰੀਕਾ ਅਤੇ ਉਸ ਦੇ ਧੜੇ ਨੇ ਚਿੰਤਤ ਹੋਣਾ ਹੀ ਸੀ । ਅਮਰੀਕਾ ਵਰਗੇ ਮੁਲਕਾਂ ਦੇ ਮਨ ਵਿਚ ਅਚਨਚੇਤ ਹਜ਼ਾਰਾਂ ਮੀਲ ਦੂਰ ਬੈਠਿਆਂ ਕੁਵੈਤ ਪ੍ਰਤੀ ਇਹ ਹਮਦਰਦੀ ਕਿਉਂ ਜਾਗੀ ? ਸੱਚੀ ਗੱਲ ਤਾਂ ਇਹ ਸੀ ਕਿ ਰੌਲਾ ਤਾਂ ਤੇਲ ਗੈਸ ਅਤੇ ਲੰਬੜਦਾਰੀ ਦਾ ਸੀ, ਜਿਸ ਕਾਰਨ ਵਿਕਸਤ ਦੇਸ਼ਾਂ ਦੀ ਮੁੱਖ ਸੁਵਿਧਾ ਲਈ ਖਾੜੀ ਦੇ ਲੋਕਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ । ਇਰਾਕ ਵਿਰੁੱਧ ਜੰਗ ਦਾ ਬਿਗਲ ਬਜਾਉਣ ਵਾਲੇ ਉਹ ਮੁਲਕ ਜੋ ਕੁਵੈਤ ਦੇ ਸ਼ਾਸ਼ਕ ਪਰਿਵਾਰ ਦੀ ਹਮਦਰਦੀ ਦਾ ਦਮ ਭਰਦੇ ਸਨ ਅਤੀਤ ਵਿਚ ਉਨਾਂ ਦਾ ਲੋਕਰਾਜ ਪ੍ਰਤੀ ਕੀ ਵਤੀਰਾ ਰਿਹਾ ਹੈ ? ਇਸ 'ਤੇ ਵੀ ਸੰਖੇਪ ਜਿਹੀ ਝਾਤ ਮਾਰਨ ਦੀ ਲੋੜ ਹੈ । ਇਹ ਉਹ ਇੰਗਲੈਂਡ ਹੈ ਜਿਸ ਨੇ ਆਪਣੀਆਂ ਬਸਤੀਆਂ ਵਿਚ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਪਣਾ ਕੇ ਉਨ੍ਹਾਂ ਦੀ ਖੂਬ ਲੁੱਟ ਮਚਾਈ । ਆਇਰਲੈਂਡ ਦੇ ਲੋਕ ਕੈਥੋਲਿਕ ਸਨ । ਜੇ ਅੱਜ ਆਇਲੈਂਡ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋਇਆ ਤਾਂ ਇਸ ਦਾ ਦੋਸ਼ੀ ਵੀ ਇੰਗਲੈਂਡ ਹੀ ਹੈ । ਮੌਸੂਲ ਦੇ ਤੇਲ ਖੇਤਰ ਦੇ ਸਬੰਧ ਵਿਚ ਤੁਰਕੀ ਅਤੇ ਇਰਾਕ ਵਿਚ 1925 ਈ. ਵਿਚ ਝਗੜਾ ਹੋ ਗਿਆ । ਇਹ ਮਾਮਲਾ ਰਾਸ਼ਟਰ ਸੰਘ ਵਿਚ ਲੈ ਜਾਇਆ ਗਿਆ । ਉਸ ਨੇ ਇਰਾਕ ਦੇ ਪੱਖ ਵਿਚ ਫੈਸਲਾ ਕੀਤਾ । ਤੁਰਕੀ ਨੇ ਇਸ ਦਾ ਵਿਰੋਧ ਕੀਤਾ ਪ੍ਰੰਤੂ ਇੱਥੇ ਇੰਗਲੈਂਡ ਨੇ ਇਰਾਕ ਦਾ ਪੱਖ ਲਿਆ ਕਿਉਂਕਿ ਇਥੇ ਉਸ ਦਾ ਆਪਣਾ ਆਰਥਿਕ ਹਿੱਤ ਜੁੜਿਆ ਹੋਇਆ ਸੀ । ਇਸ ਨੇ ਹਮੇਸ਼ਾ ਕਮਜ਼ੋਰ ਦੇਸ਼ਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਹੜਪ ਕਰਨ ਦੀ ਨੀਤੀ ਅਪਣਾਈ ਹੋਈ ਸੀ । ਅਮਰੀਕਾ ਦੀ ਘਰੇਲੂ ਜੰਗ ਸਮੇਂ 'ਅਲਬਾਮਾ' ਨਾਮੀ ਜੰਗੀ ਜਹਾਜ਼ ਦੇ ਸੁਆਲ 'ਤੇ ਅਮਰੀਕਾ ਨਾਲ ਜੰਗ ਛੇੜਨ ਦੀ ਬਜਾਏ ਉਸ ਨੂੰ 30 ਲੱਖ ਪੌਂਡ ਦਾ ਹਰਜਾਨਾ ਦੇਣਾ ਸਵੀਕਾਰ ਕਰ ਲਿਆ ਕਿਉਂਕਿ ਉਸ ਨੂੰ ਪਤਾ ਸੀ ਕਿ ਅਮਰੀਕਾ ਨਾਲ ਲੋਹਾ ਲੈਣਾ ਉਸ ਨੂੰ ਮਹਿੰਗਾ ਪੈ ਸਕਦਾ ਹੈ । ਇਸ ਤਰ੍ਹਾਂ ਹਮੇਸ਼ਾ ਹੀ ਆਪਣੇ ਆਰਥਿਕ ਹਿੱਤਾਂ ਨੂੰ ਮੁੱਖ ਰੱਖ ਕੇ ਹੀ ਉਸ ਨੇ ਆਪਣੀ ਸਾਮਰਾਜੀ ਨੀਤੀ ਅਪਣਾਈ ਹੋਈ ਸੀ । ਅਮਰੀਕਾ ਨੇ ਚਿੱਲੀ ਵਿਚ ਲੋਕਾਂ ਦੀ ਹਰਮਨ ਪਿਆਰੀ ਸਰਕਾਰ ਨੂੰ ਡੇਗਣ ਲਈ ਉਥੋਂ ਦੇ ਸਮਾਜਵਾਦੀ ਰਾਸ਼ਟਰਪਤੀ ਨੂੰ ਮਰਵਾ ਕੇ ਆਪਣੀ ਕਠੱਪੁਤਲੀ ਸਰਕਾਰ ਕਾਇਮ ਕੀਤੀ ਸੀ । ਵੀਅਤਨਾਮ ਵਿਚ ਆਪਣੀ ਮਰਜੀ ਦੀ ਸਰਕਾਰ ਬਣਾਉਣ ਲਈ ਆਪਣਾ ਪੂਰਾ ਟਿੱਲ ਲਾਇਆ ਇਹ ਤਾਂ ਉਥੋਂ ਦੇ ਲੋਕਾਂ ਦੀ ਬਹਾਦਰੀ ਅਤੇ ਦੇਸ਼ ਭਗਤੀ ਹੀ ਸੀ ਜਿਸ ਕਾਰਨ ਅਮਰੀਕਾ ਨੂੰ ਮੂੰਹ ਦੀ ਖਾਣੀ ਪਈ । ਅਮਰੀਕਾ ਦਾ ਇਕ ਮਹੱਤਵਪੂਰਨ ਰਾਜ ਕੈਲੀਫੋਰਨੀਆ ਅਤੀਤ ਵਿਚ ਮੈਕਸੀਕੋ ਦਾ ਹਿੱਸਾ ਹੁੰਦਾ ਸੀ ਜਿਸ ਨੂੰ ਅਮਰੀਕਾ ਨੇ ਧੱਕੇ ਨਾਲ ਆਪਣੇ ਵਿਚ ਮਿਲਾ ਲਿਆ । ਫਲਸਤੀਨ ਦਾ ਮਸਲਾ 50 ਸਾਲਾਂ ਵਿਚ ਵੀ ਜੇ ਨਹੀਂ ਸੁਲਝ ਸਕਿਆ ਤਾਂ ਇਸ ਲਈ ਵੀ ਅਮਰੀਕਾ ਹੀ ਪੂਰੀ ਤਰ੍ਹਾਂ ਜਿੰਮੇਂਵਾਰ ਹੈ । ਜਦੋਂ ਅਮਰੀਕਾ ਅਤੇ ਇੰਗਲੈਂਡ ਨੇ ਆਪਣੀ ਸ਼ਕਤੀ ਦੇ ਬਲਬੂਤੇ ਅਰਬ ਦੇਸ਼ਾਂ ਦੀ ਧਰਤੀ ਦੇ ਟੁਕੜਿਆਂ ਨੂੰ ਕੱਟ ਕੇ 1949 ਈ: ਵਿਚ ਇਸਰਾਈਲ ਦੇਸ਼ ਬਣਾਇਆ ਸੀ ਤਾਂ ਫਲਸਤੀਨ ਰਾਜ ਦਾ ਖਾਤਮਾ ਕੀ ਸੁਤੰਤਰਤਾ ਵਿਰੋਧੀ ਨਹੀਂ ਸੀ ?

ਫਲਸਤੀਨ ਦਾ ਮਸਲਾ ਤਾਂ ਸੁੱਖਿਆ ਪ੍ਰੀਸ਼ਦ ਦੀ ਮੇਜ਼ 'ਤੇ 50 ਸਾਲ ਤੋਂ ਵੀ ਵਧ ਸਮੇਂ ਤੱਕ ਲਟਕ ਸਕਦਾ ਹੈ, ਪ੍ਰੰਤੂ ਇਰਾਕ - ਕੁਵੈਤ ਦਾ ਮਸਲਾ ਕੁਝ ਮਹੀਨੇ ਵੀ ਸੁਰੱਖਿਆ ਪ੍ਰੀਸ਼ਦ ਦੀ ਮੇਜ਼ 'ਤੇ ਨਹੀਂ ਟਿਕ ਸਕਿਆ । ਇਸ ਦਾ ਹੱਲ ਛੇਤੀ ਚਾਹੀਦਾ ਸੀ ਕਿਉਂਕਿ ਇਸ ਵਿਚ ਅਮਰੀਕਾ ਦਾ ਹਿੱਤ ਸੀ ਜੇਕਰ ਇਰਾਕ ਨੇ ਲਿਬਨਾਨ, ਜਾਰਡਨ ਜਾਂ ਸੀਰੀਆ 'ਤੇ ਹਮਲਾ ਕੀਤਾ ਹੁੰਦਾ ਤਾਂ ਅਮਰੀਕਾ ਨੇ ਚੁੱਪ ਹੀ ਨਹੀਂ ਰਹਿਣਾ ਸੀ ਸਗੋਂ ਇਰਾਕ ਦੀ ਹਮਾਇਤ ਵੀ ਕਰਨੀ ਸੀ । ਕੁਵੈਤ ਵਿਚ ਕਿਉਂਕਿ ਉਸ ਦਾ ਨਿੱਜੀ ਹਿੱਤ ਪ੍ਰਭਾਵਿਤ ਹੋ ਰਿਹਾ ਸੀ । ਉਸ ਦੀ ਨਵ-ਬਸਤੀਵਾਦੀ ਲੁੱਟ ਨੂੰ ਸੱਟ ਵੱਜਦੀ ਸੀ, ਇਸ ਲਈ ਉਸ ਦੀ ਕੁਰਲਾਹਟ ਅਤੇ ਬੁਖਲਾਹਟ ਹੋਣੀ ਲਾਜ਼ਮੀ ਹੀ ਸੀ, ਕਿਉਂਕਿ ਖਾੜੀ ਫਾਰਸ ਵਿਚ ਬਰਤਾਨੀਆ ਦੀ ਬਸਤੀਵਾਦੀ ਹਕੂਮਤ ਖਤਮ ਹੋਣ ਪਿੱਛੋਂ ਵਾਸ਼ਿੰਗਟਨ ਆਪਣੇ ਆਪ ਨੂੰ ਇਸ ਦਾ ਵਾਰਸ ਸਮਝਣ ਲੱਗ ਪਿਆ ਸੀ । ਮੱਧ 1920 ਈ: ਤੱਕ ਅਮਰੀਕਾ ਦੀਆਂ ਤੇਲ ਅਜ਼ਾਰੇਦਾਰੀਆਂ ਨੇ ਅਰਬ ਟਾਪੂਹਾਰ ਵਿਚ ਦਾਖ਼ਲ ਹੋਣਾ ਸ਼ੁਰੂ ਕਰ ਦਿੱਤਾ ਸੀ । 1930 ਈ: ਦੇ ਅਰੰਭ ਵਿਚ ਉਨ੍ਹਾਂ ਨੇ ਸਾਉਦੀ ਅਰਬ ਦੇ ਬਾਦਸ਼ਾਹ ਇਬਨ ਸਾਉਦ ਨਾਲ ਸੰਪਰਕ ਕਾਇਮ ਕਰ ਲਏ ਸਨ । ਉਸ ਸਮੇਂ ਬਾਦਸ਼ਾਹ ਮਾਲੀ ਮੁਸ਼ਕਲਾਂ ਵਿਚ ਫਸਿਆ ਹੋਇਆ ਸੀ । ਅਮਰੀਕਾ ਦੀ ਮੁੱਖ ਅਜ਼ਾਰੇਦਾਰ ਕੈਲੀਫੋਰਨੀਆ ਦੀ ਸੈਟੈਂਡਰਡ ਆਇਲ ਕੰਪਨੀ (The Standard Oil Company of california) ਨੇ ਸਾਉਦੀ ਬਾਦਸ਼ਾਹ ਨੂੰ ਕਈ ਛੋਟੇ-ਛੋਟੇ ਕਰਜ਼ ਦੇ ਕੇ ਇਨ੍ਹਾਂ ਦੇ ਬਦਲੇ ਤੇਲ ਦੀ ਭਾਲ ਅਤੇ ਕਢਾਈ ਬਾਰੇ ਬਹੁਤ ਲਾਭਦਾਇਕ ਰਿਆਇਤਾਂ ਹਾਸਲ ਕਰ ਲਈਆਂ ਅਤੇ ਦੂਸਰੀ ਸੰਸਾਰ ਜੰਗ ਦਾ ਭੋਗ ਪੈਣ ਵੇਲੇ ਤੱਕ ਅਮਰੀਕਾ ਨੇ ਇਸ ਖਿੱਤੇ ਵਿਚ ਆਪਣੀ ਤੇਲ ਸਲਤਨਤ ਦੀਆਂ ਪੱਕੀਆਂ ਬੁਨਿਆਦਾਂ ਧਰ ਲਈਆਂ ਸਨ । ਖਾੜੀ ਫਾਰਸ ਨੂੰ ਅਮਰੀਕੀ ਝੀਲ ਬਨਾਉਣ ਲਈ ਘੋਲ ਅਰੰਭ ਕਰ ਲਿਆ ਗਿਆ ਸੀ । ਇਸ ਦੇ ਨਾਲ ਨਾਲ ਸਾਮਰਾਜ ਵਿਰੋਧੀ ਉਭਾਰ ਵਧੇਰੇ ਜ਼ੋਰ ਫੜਦਾ ਜਾ ਰਿਹਾ ਸੀ । ਖਾੜੀ ਦੇ ਪੱਛਮੀ ਤੱਟ ਦੀਆਂ ਕੌਮਾਂ ਨੇ ਜਗੀਰੂ ਅਤੇ ਕਬਾਇਲੀ ਰੋਕਾਂ ਦੇ ਬਾਵਜੂਦ ਸਾਮਰਾਜ ਵਿਰੋਧੀ ਅਰਬ ਲਹਿਰ ਨਾਲ ਆਪਣੇ ਨਾਤੇ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ ਅਤੇ ਅਰਬ ਏਕੇ ਦੀ ਸਰਗਰਮੀ ਨਾਲ ਹਮਾਇਤ ਸ਼ੁਰੂ ਕਰ ਦਿੱਤੀ ਸੀ।

ਅਮਰੀਕਾ ਅਤੇ ਪੱਛਮੀ ਤਾਕਤਾਂ ਨੂੰ ਅਰਬ ਏਕੇ ਦੀ ਗੱਲ ਕਿਸੇ ਵੀ ਸੂਰਤ ਪ੍ਰਵਾਨ ਨਹੀਂ ਸੀ । ਇਸ ਲਈ ਇਨ੍ਹਾਂ ਤਾਕਤਾਂ ਨੇ ਲਗਾਤਾਰ ਅਰਬਾਂ ਵਿਚ ਫੁੱਟ ਪਾਈ ਰੱਖਣ ਦਾ ਰਾਹ ਫੜ ਲਿਆ । ਇਹੋ ਕਾਰਨ ਸੀ ਕਿ ਇਨ੍ਹਾਂ ਤਾਕਤਾਂ ਨੇ ਅਰਬ ਇਲਾਕਿਆਂ ਉਤੇ 27 ਨਵੰਬਰ 1949 ਨੂੰ ਜਬਰੀ ਇਸਰਾਈਲ ਦੀ ਸਥਾਪਨਾ ਕਰ ਕੇ ਅਰਬਾਂ ਉਤੇ ਲਗਾਤਾਰ ਜ਼ਬਰ ਤੇ ਜ਼ੁਲਮ ਸ਼ੁਰੂ ਕਰ ਦਿੱਤੇ । ਅਮਰੀਕਾ ਇਹ ਮਹਿਸੂਸ ਕਰਨ ਲੱਗਾ ਸੀ ਕਿ ਇਸ ਖਿੱਤੇ ਵਿਚ ਉਨ੍ਹਾਂ ਦੇ ਸੋੜੇ ਹਿੱਤਾਂ ਨੂੰ ਕੋਈ ਸੱਟ ਮਾਰਨ ਵਾਲਾ ਹੈ ਤਾਂ ਉਹ ਹੈ ਸਿਰਫ ਇਰਾਕ । ਇਹ ਹੀ ਕਾਰਨ ਸੀ ਕਿ ਉਹ ਕੁਵੈਤ ਨੂੰ ਇਰਾਕੀ ਚੁੰਗਲ 'ਚੋਂ ਅਜ਼ਾਦ ਕਰਾਉਣ ਦਾ ਰਹ ਫੜਨ ਤੋਂ ਪਹਿਲਾਂ ਇਰਾਕ ਨੂੰ ਤਬਾਹ ਕਰ ਦੇਣਾ ਚਾਹੁੰਦਾ ਸੀ । ਜੇ ਕਰ ਇਰਾਕ ਦੇ ਇਤਿਹਾਸਕ ਪਿਛੋਕੜ 'ਤੇ ਡੂੰਘਾਈ ਨਾਲ ਝਾਤ ਮਾਰੀ ਜਾਵੇ ਤਾਂ ਭਲੀ ਭਾਂਤ ਇਹ ਗੱਲ ਨਸ਼ਰ ਹੋ ਜਾਵੇਗੀ ਕਿ ਅਮਰੀਕਾ ਨੇ ਸੱਦਾਮ ਹੁਸੈਨ ਦੇ ਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਤੋਂ ਹੀ ਇਰਾਕੀ ਸਦਰ ਨੂੰ ਖਤਮ ਕਰਨ ਦੇ ਮਨਸੂਬੇ ਬਣਾਉਣੇ ਅਰੰਭ ਕਰ ਦਿੱਤੇ ਸਨ ।

1958 ਤੱਕ ਇਰਾਕ ਅਗਰੇਜ਼ਾਂ ਦੇ ਅਧੀਨ ਸੀ । ਇਸ ਲਈ ਇਰਾਕ ਦੇ ਉਤੱਰਵਿਚ ਰਹਿਣ ਵਾਲੇ 40 ਲੱਖ ਕੁਰਦ ਵੀ ਅੰਗਰੇਜ਼ਾਂ ਦੇ ਗੁਲਾਮ ਸਨ । 1918 ਤੋਂ ਲੈ ਕੇ 1958 ਤੱਕ 40 ਸਾਲ ਅੰਗਰੇਜ਼ੀ ਰਾਇਲ ਏਅਰ ਫੋਰਸ ਇਨ੍ਹਾਂ ਕੁਰਦਾਂ ਦੀਆਂ ਕੁੱਲੀਆਂ ਬੰਬਾਂ ਨਾਲ ਢਾਉਦੀ ਅਤੇ ਖਿੰਡਾਉਦੀ ਰਹੀ ।

ਇਰਾਕੀ ਰੇਗਿਸਤਾਨ ਨੂੰ ਲਾਲ ਕਰਨ ਤੋਂ ਮਗਰੋਂ ਵੀ ਅਮਰੀਕਾ ਨੂੰ ਸਬਰ ਨਾ ਆਇਆ । ਇਸ ਲਈ ਉਸ ਨੇ ਕੁਰਦਾਂ ਦੇ ਲੀਡਰ ਜਲਾਲ ਤਾਨਵਾਨੀ ਦੀ ਕਮਾਨ ਦਾ ਕੇਂਦਰ 36 ਅਕਸ਼ਾਂਸ ਰੇਖਾ ਦੇ ਉਤੱਰ ਵੱਲ ਦਾ ਇਲਾਕਾ ਆਪਣੇ ਸੰਪਰਕ ਵਿਚ ਕਰ ਲਿਆ । ਇਸ ਦੇ ਨਾਲ ਹੀ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੇ ਯੂ.ਐਨ.ਓ. ਦੇ ਪਹਿਲੇ ਮਤਿਆਂ ਦਾ ਸਹਾਰਾ ਲੈ ਕੇ ਦੱਖਣੀ ਇਰਾਕ ਦੇ 32 ਵੀਂ ਅਕਸ਼ਾਂਸ ਰੇਖਾ ਤੋਂ ਹੇਠਲੇ ਇਲਾਕੇ ਉਤੇ ਇਰਾਕੀ ਹਵਾਈ ਜਹਾਜ਼ਾਂ ਦੀ ਉਡਾਣ ਉਤੇ ਰੋਕ ਲੱਗਾ ਦਿੱਤੀ । ਜਦ ਕਿ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਯੂ.ਐਨ.ਓ. ਦੇ ਸਿਧਾਂਤਾਂ ਅਨੁਸਾਰ ਦਖ਼ਲ ਨਹੀਂ ਦਿੱਤਾ ਜਾ ਸਕਦਾ ਪ੍ਰੰਤੂ ਇਰਾਕ ਦੀ ਫੌਜੀ ਸ਼ਕਤੀ ਨਸ਼ਟ ਕਰ ਕੇ ਉਸ ਨੂੰ ਖੇਰੂੰ - ਖੇਰੂੰ ਕਰਨ ਲਈ ਸਭ ਸੰਭਵ ਉਪਰਾਲੇ ਕੀਤੇ ਗਏ । ਇਸ ਰੋਕ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਲਈ ਅਤੇ ਸਫਲ ਕਰਨ ਲਈ ਇਸ ਸ਼ੀਆ ਇਲਾਕੇ ਦੇ ਨੇੜੇ- ਨੇੜੇ ਆਪਣੀ ਹਵਾਈ, ਥਲ ਤੇ ਜਲ ਸੈਨਾ ਲਾ ਦਿੱਤੀ । ਇਹ ਸਾਰਾ ਕੁਝ ਇਸ ਲਈ ਕੀਤਾ ਗਿਆ ਤਾਂ ਕਿ ਉਤੱਰ ਦੇ ਕੁਰਦਿਸ਼ ਅਤੇ ਦੱਖਣ ਦੇ ਸ਼ੀਆ ਲੋਕ ਤਾਕਤ ਫੜ ਸਕਣ ਅਤੇ ਸੱਦਾਮ ਹੁਸੈਨ ਦੇ ਵਿਰੁੱਧ ਬਗਾਵਤ ਕਰ ਸਕਣ । ਸੱਦਾਮ ਹੁਸੈਨ ਦੇ ਇਸ ਰੋਕ ਦੀ ਉਲੰਘਣਾ ਨਾ ਕਰਨ 'ਤੇ ਵੀ ਅਮਰੀਕਾ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸੱਦਾਮ ਹੁਸੈਨ ਦੱਖਣੀ ਇਰਾਕ ਦੇ ਸ਼ੀਆ ਵਸਨੀਕਾਂ ਉਤੇ ਅੱਤਿਆਚਾਰ ਕਰ ਰਿਹਾ ਹੈ ਅਤੇ ਹਵਾਈ ਜਾਹਾਜ਼ ਵਰਤ ਕੇ ਯੂ.ਐਨ.ਓ. ਦੇ ਮਤੇ ਦੀ ਉਲੰਘਣਾ ਕਰ ਰਿਹਾ ਹੈ । ਗੱਲ ਕੀ ਜਾਰਜ਼ ਬੁਸ਼ ਕਿਸੇ ਨਾ ਕਿਸੇ ਬਹਾਨੇ ਇਰਾਕ ਉਤੇ ਦੁਬਾਰਾ ਹਮਲਾ ਕਰ ਕੇ ਸੱਦਾਮ ਹੁਸੈਨ ਦਾ ਤਖਤਾ ਪਲਟਣਾ ਚਾਹੁੰਦਾ ਸੀ ਪ੍ਰੰਤੂ ਬੁਸ਼ ਪ੍ਰਸ਼ਾਸਨ ਆਪਣੇ ਸੁਪਨੇ ਪੂਰੇ ਨਾ ਕਰ ਸਕਿਆ । ਇਸ ਲਈ ਇਰਾਕੀ ਸ਼ੀਆ ਲੋਕਾਂ ਨੂੰ ਜਿਹੜੇ ਕਿ ਕਤਲੇਆਮ ਸਮੇਂ ਸ਼ਰਨਾਰਥੀ ਬਣ ਕੇ ਸਾਉਦੀ ਅਰਬ ਚਲੇ ਗਏ ਸਨ, ਫੌਜੀ ਸਿਖਲਾਈ ਦੇਣੀ ਅਰੰਭ ਕਰ ਦਿੱਤੀ । ਸ਼ੀਆ ਨੈਸ਼ਨਲ ਕਾਂਗਰਸ ਨਾਂ ਦੀ ਇਕ ਰਾਜਨੀਤਿਕ ਪਾਰਟੀ ਨੇ ਲੰਡਨ ਵਿਚ ਇਕ ਦਫਤਰ ਖੋਲ੍ਹ ਲਿਆ ਜਿਸ ਨੇ ਸੱਦਾਮ ਹੁਸੈਨ ਦੀ ਸੁੰਨੀ ਸਰਕਾਰ ਤੋਂ ਸ਼ੀਆ ਲੋਕਾ ਦੀ ਸੁਤੰਤਰਤਾ ਦਾ ਪ੍ਰਚਾਰ ਅਰੰਭ ਕਰ ਦਿੱਤਾ । ਕਿਉਂਕਿ ਇਰਾਕ ਵਿਚ ਖਾਨਾਜੰਗੀ ਕਰਵਾ ਕੇ ਅਮਰੀਕਾ ਉਸ ਨੂੰ ਤਿੰਨ ਸੁਤੰਤਰ ਦੇਸ਼ਾਂ ਉਤੱਰ ਵਿਚ ਕੁਰਦਿਸਤਾਨ, ਦੱਖਣ ਵਿਚ ਸ਼ੀਆ ਦੇਸ਼ ਅਤੇ ਵਿਚਕਾਰ ਸੁੰਨੀ ਇਰਾਕ ਵਿਚ ਵੰਡ ਦੇਣਾ ਚਾਹੁੰਦਾ ਸੀ ।

ਇਸ ਹੱਤਿਆ ਕਾਂਡ ਨੂੰ ਟਾਲਣ ਲਈ ਫਰਾਂਸ ਨੇ ਆਪਣੇ ਵੱਲੋਂ ਕਈ ਪ੍ਰਸਤਾਵ ਪੇਸ਼ ਕੀਤੇ । ਉਸ ਵੱਲੋਂ ਯੂ.ਐਨ.ਓ. ਸੁਰੱਖਿਆ ਕੌਂਸਲ ਵਿਚ ਕੀਤੀ ਗਈ ਇਕ ਪਹਿਲ ਕਦਮੀ ਨੂੰ ਅਮਰੀਕਾ ਨੇ ਇਹ ਕਹਿ ਕੇ ਰੱਦ ਕਰ.ਦਿੱਤਾ ਸੀ ਕਿ ਕੁਵੈਤ 'ਤੇ ਇਰਾਕੀ ਕਬਜ਼ੇ ਨੂੰ ਫਲਸਤੀਨੀ ਮਸਲੇ ਨਾਲ ਜੋੜਿਆ ਜਾਣਾ ਅਮਰੀਕਾ ਨੂੰ ਪ੍ਰਵਾਨ ਨਹੀਂ। ਸੱਚ ਤਾਂ ਇਹ ਹੈ ਕਿ ਜੇ ਕਰ ਅਮਰੀਕਾ ਫਲਸਤੀਨੀ ਮਸਲੇ 'ਤੇ ਇਰਾਕ ਨਾਲ ਸੁਹਿਰਦਤਾ ਨਾਲ

ਨਿਰਪੱਖ ਰੂਪ ਵਿਚ ਗੱਲਬਾਤ ਕਰਦਾ ਤਾਂ ਯੁੱਧ ਟਾਲਿਆ ਜਾ ਸਕਦਾ ਸੀ ਪ੍ਰੰਤੂ ਅਮਰੀਕਾ ਅਜਿਹਾ ਨਹੀਂ ਸੀ ਕਰਨਾ ਚਾਹੁੰਦਾ । 2 ਅਗਸਤ ਨੂੰ ਕੁਵੈਤ 'ਤੇ ਕਬਜ਼ਾ ਕਰਨ ਤੋਂ ਮਗਰੋਂ ਇਰਾਕ ਨੇ ਕੁਵੈਤ ਵਿਚ ਚਾਰ ਲੱਖ ਤੀਹ ਹਜ਼ਾਰ ਸੈਨਾ ਦੇ ਨਾਲ ਚਾਰ ਹਜ਼ਾਰ ਟੈਂਕ ਅਤੇ ਪੰਜ ਸੌ ਲੜਾਕੂ ਹਵਾਈ ਜਹਾਜ਼ ਤਾਇਨਾਤ ਕਰ ਦਿੱਤੇ । ਇੰਨੀ ਵੱਡੀ ਫੌਜ ਅਤੇ ਜੰਗੀ ਸਾਜੋ ਸਮਾਨ ਨੂੰ ਕੁਵੈਤ ਵਿੱਚੋਂ ਕੁਝ ਘੰਟਿਆਂ ਵਿਚ ਬਾਹਰ ਕੱਢਣਾ ਅਸੰਭਵ ਸੀ । ਇਸੇ ਲਈ ਫਰਾਂਸ ਨੇ ਕਿਹਾ ਸੀ ਕਿ ਇਰਾਕ ਨੂੰ ਕੁਵੈਤ ਵਿੱਚੋਂ ਫੌਜਾਂ ਕੱਢਣ ਦੀ ਦਿੱਤੀ ਹੋਈ ਮੋਹਲਤ ਵਿਚ ਹੋਰ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਅਸਾਨੀ ਨਾਲ ਉਥੋਂ ਆਪਣੀਆਂ ਫੌਜਾਂ ਕੱਢ ਲਏ ਪ੍ਰੰਤੂ ਯੂ.ਐਨ.ਓ. ਦੇ ਸਕੱਤਰ ਜਨਰਲ ਜੇਵੀਅਰ ਪਰੇਜ਼ ਡੀ ਕੁਇਅਰ ਨੇ ਅਮਰੀਕੀ ਦਬਾਅ ਅੱਗੇ ਝੁੱਕ ਕੇ ਇਰਾਕੀ ਫੌਜਾਂ ਦੀ ਵਾਪਸੀ ਬਾਰੇ ਮੋਹਲਤ ਦੀ ਮਿਆਦ ਵਧਾਉਣ ਦੀ ਸੰਭਾਵਨਾ ਰੱਦ ਕਰ ਦਿੱਤੀ ਸੀ । ਇਸ ਦੇ ਨਾਲ ਹੀ ਡੀ ਕੁਇਆਰ ਨੇ ਸੁਰੱਖਿਆ ਪ੍ਰੀਸ਼ਦ ਨੂੰ ਇਹ ਵੀ ਦੱਸਿਆ ਸੀ ਕਿ ਇਰਾਕ ਨੇ ਅਗਸਤ 1990 ਵਿਚ ਹੀ ਕੁਵੈਤ 'ਤੇ ਕਬਜ਼ਾ ਕਰਨ ਤੋਂ ਮਗਰੋਂ ਉਸ ਮੁਲਕ ਵਿਚੋਂ ਆਪਣੀਆਂ ਫੌਜਾਂ ਦੀ ਵਾਪਸੀ ਸ਼ੁਰੂ ਕਰ ਦਿੱਤੀ ਸੀ ਪਰ ਵਾਪਸੀ ਦਾ ਇਹ ਅਮਲ ਖਾੜੀ ਵਿਚ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਦੀ ਆਮਦ ਕਾਰਨ ਰੋਕ ਦਿੱਤਾ ਗਿਆ ਸੀ । ਇਰਾਕ ਨੇ ਯੂ.ਐਨ.ਓ. ਨੂੰ ਇਹ ਵੀ ਦਰਖਾਸਤ ਕੀਤੀ ਸੀ ਕਿ ਯੂ.ਐਨ.ਓ. ਦੇ ਮੁੱਖੀ ਡੀ ਕੁਇਆਰ ਤੇ ਇਰਾਕੀ ਸਦਰ ਸੱਦਾਮ ਹੁਸੈਨ ਵਿਚਕਾਰ ਜਨਵਰੀ 1991 ਵਿਚ ਹੋਈ ਮੀਟਿੰਗ ਬਾਰੇ ਉਸ ਨੋਟ ਨੂੰ ਪ੍ਰਕਾਸ਼ਿਤ ਕਰੇ ਜਿਸ ਵਿਚ ਸ੍ਰੀ ਡੀ ਕੁਇਅਰ ਨੇ ਇਰਾਕੀ ਸਦਰ ਵੱਲੋਂ ਸ਼ਾਂਤੀ ਯਤਨਾਂ ਦੀ ਪ੍ਰਸੰਸਾ ਕਰਦਿਆਂ ਅਮਰੀਕਾ ਦੀ ਇਸ ਗੱਲੋਂ ਅਲੋਚਨਾ ਕੀਤੀ ਸੀ ਕਿ ਉਹ ਖਾੜੀ ਵਿਚ ਜੰਗ ਕਰਨ ਲਈ ਤੁਲਿਆ ਹੋਇਆ ਹੈ ਪ੍ਰੰਤੂ ਇਹ ਸਭ ਕੁਝ ਅਮਰੀਕਾ ਦੇ ਦਬਾਅ ਕਾਰਨ ਠੱਪ ਕਰ ਦਿੱਤਾ ਗਿਆ ਸੀ ।

ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਯੂ.ਐਨ.ਓ. ਦੇ ਸਕੱਤਰ ਜਨਰਲ ਨੂੰ ਸੰਕੇਤ ਦਿੱਤਾ ਸੀ ਕਿ ਉਹ (ਸੱਦਾਮ ਹੁਸੈਨ) ਕੁਵੈਤ ਦੇ ਸਵਾਲ 'ਤੇ ਸੌਦੇਬਾਜੀ ਲਈ ਤਿਆਰ ਹੈ । ਇਰਾਕੀ ਸਦਰ ਨੇ ਡੀ ਕੁਇਆਰ ਨੂੰ ਇਹ ਵੀ ਕਿਹਾ ਸੀ ਕਿ ਉਹ ਆਪਣੇ ਹਿੱਤਾਂ ਦੀ ਕੁਰਬਾਨੀ ਕਰਨ ਲਈ ਅਤੇ ਇਕ ਉਕਾਪੱਕਾ ਸਮਝੌਤਾ ਕਰਨ ਲਈ ਤਿਆਰ ਹੈ । ਪ੍ਰੰਤੂ ਡੀ ਕੁਇਆਰ ਨੇ ਇਰਾਕੀ ਰਾਸ਼ਟਰਪਤੀ ਦੀਆਂ ਪੇਸ਼ਕਸ਼ਾਂ ਮੰਨਣ ਪ੍ਰਤੀ ਅਸਮਰਥਾ ਪ੍ਰਗਟ ਕੀਤੀ । ਇਰਾਕੀ ਸਦਰ ਨੇ ਅਮਰੀਕੀ ਸਦਰ ਦੀ ਅਲੋਚਨਾ ਕਰਦਿਆਂ ਉਸ ਨੂੰ ਕਿਹਾ ਕਿ ਗੱਲਬਾਤ ਦਾ ਰਾਹ ਤਿਆਗ ਕੇ ਉਸ ਨੇ (ਅਮਰੀਕੀ ਸਦਰ) ਵੱਡੀ ਗਲਤੀ ਕੀਤੀ ਹੈ ਅਤੇ ਪੂਰੀ ਦੁਨੀਆਂ ਦਾ ਭਰੋਸਾ ਗੁਆ ਲਿਆ। ਪ੍ਰਧਾਨ ਸੱਦਾਮ ਹੁਸੈਨ ਨਾਲ ਸਕਰੇਟਰੀ ਜਨਰਲ ਦੀ ਗੱਲਬਾਤ ਅਤੇ ਉਸ ਪਿੱਛੋਂ ਉਨਾਂ ਦਾ ਇਸ ਗੱਲਬਾਤ ਬਾਰੇ ਇਤਿਹਾਦੀ ਸਭਾ ਨੂੰ ਦਿੱਤਾ ਗਿਆ ਬਿਊਰਾ ਸਪਸ਼ਟ ਕਰਦਾ ਹੈ ਕਿ ਇਰਾਕ ਕੁਵੈਤ ਦੇ ਪ੍ਰਸ਼ਨ ਉਪਰ ਗੱਲਬਾਤ ਕਰਨ ਲਈ ਰਜ਼ਾਮੰਦ ਸੀ ਰਿਪੋਰਟ ਵਿਚ ਇਹ ਗੱਲ ਵੀ ਦਰਜ ਸੀ ਕਿ ਇਰਾਕੀ ਸਦਰ ਸੱਦਾਮ ਹੁਸੈਨ ਨੇ ਅਗਲੇਰੀ ਗੱਲਬਾਤ ਲਈ ਦਰਵਾਜ਼ਾ ਬੰਦ ਨਹੀਂ ਸੀ ਕੀਤਾ । ਇਰਾਕੀ ਰਾਸ਼ਟਰਪਤੀ ਨੇ ਇਹ ਵੀ ਕਿਹਾ ਸੀ ਕਿ ਇਰਾਕ ਡੂੰਘਾਈ ਵਿਚ ਜਾ ਕੇ ਗੱਲਬਾਤ ਲਈ ਤਿਆਰ ਹੈ । ਸਕਰੇਟਰੀ ਜਨਰਲ ਨੇ

ਇਹ ਵੀ ਮੰਨਿਆ ਸੀ ਕਿ 'ਅਰਬ ਪ੍ਰਸ਼ਨ' ਜੋ ਕੁਵੈਤੀ ਝਗੜੇ ਦੇ ਰੂਪ ਵਿਚ ਦਰਪੇਸ਼ ਸੀ, ਇਸ ਖੇਤਰ ਵਿਚ ਵਿਦੇਸ਼ੀ ਫੌਜਾਂ ਦੇ ਦਾਖਲੇ ਨੇ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਅਤੇ ਇਸ ਨਾਲ ਇਰਾਕ ਉਪਰ ਹਮਲੇ ਦਾ ਖਤਰਾ ਹੋਰ ਵੱਧ ਗਿਆ ਸੀ । ਸ਼੍ਰੀ ਡੀ ਕੁਇਅਰ ਕੁਵੈਤ ਵਿੱਚੋਂ ਫੌਜਾਂ ਕੱਢਣ ਲਈ ਇਰਾਕ ਨੂੰ ਦਿੱਤੀ 15 ਜਨਵਰੀ 1991 ਤੱਕ ਦੀ ਮੋਹਲਤ ਮੁੱਕਣ ਤੋਂ ਚੰਦ ਘੰਟੇ ਪਹਿਲਾਂ ਬਗਦਾਦ ਗਏ ਸਨ । ਭਾਵੇਂ ਡੀ ਕੁਇਆਰ ਮਿਸ਼ਨ ਨਾਕਾਮ ਰਿਹਾ ਪ੍ਰੰਤੂ ਇਸ ਮਿਸ਼ਨ ਦੇ ਜ਼ਰੀਏ ਇਸ ਹੱਤਿਆ ਕਾਂਢ ਨੂੰ ਕੁਝ ਹੋਰ ਸਮੇਂ ਲਈ ਟਾਲਿਆ ਜਾ ਸਕਦਾ ਸੀ । ਇਰਾਕੀ ਸਦਰ ਨੂੰ ਇਹ ਵੀ ਪਤਾ ਸੀ ਕਿ ਅਮਰੀਕਾ ਨਾਲ ਜੰਗ ਮੁੱਲ ਲੈਣ ਦਾ ਉਸ ਨੂੰ ਭਾਰੀ ਇਵਜ਼ਾਨਾ ਤਾਰਨਾ ਪਏਗਾ । ਇਸ ਲਈ ਉਹ ਜੰਗ ਟਾਲਣ ਦੇ ਰੌਅ ਵਿਚ ਸੀ ਪ੍ਰੰਤੂ ਉਸ ਦਾ ਕਹਿਣਾ ਸੀ ਕਿ ਕੁਵੈਤ ਤੋਂ ਬਿਨ੍ਹਾਂ ਸ਼ਰਤ ਵਾਪਸੀ ਬਾਰੇ ਮੰਨਣਾ 'ਜੰਗ ਤੋਂ ਬਿਨ੍ਹਾਂ ਹੀ ਦੁਸ਼ਮਣ ਦੀ ਈਨ ਮੰਨਣਾ ਸੀ'' ਅਤੇ ਉਹ ਅਜਿਹੀ ਕਿਸੇ ਵੀ ਗੱਲ ਲਈ ਰਾਜੀ ਨਹੀਂ ਸੀ ਪ੍ਰੰਤੂ ਜੇ ਕਰ ਇਰਾਕ ਨੂੰ ਕੁਵੈਤ ਵਿਚੋਂ ਫੌਜਾਂ ਕੱਢਣ ਲਈ ਕੁਝ ਹੋਰ ਸਮਾਂ ਦਿੱਤਾ ਜਾਂਦਾ ਤਾਂ ਇਰਾਕ ਕੁਵੈਤ ਵਿੱਚੋਂ ਆਪਣੀਆਂ ਫੌਜਾਂ ਵਾਪਸ ਬੁਲਾ ਲੈਂਦਾ ਅਤੇ ਇਕ ਭਿਆਨਕ ਹੱਤਿਆ ਕਾਂਢ ਟਲ ਜਾਂਦਾ ਪ੍ਰੰਤੂ ਅਮਰੀਕਾ ਨੇ ਉਸ ਨੂੰ ਕੁਵੈਤ ਵਿੱਚੋਂ ਫੌਜਾਂ ਕੱਢਣ ਦਾ ਸਮਾਂ ਬਹੁਤ ਹੀ ਘੱਟ ਦੇ ਕੇ ਜੰਗ ਲਈ ਪ੍ਰੇਰਿਆ ਜਿਸ 'ਤੇ ਇਰਾਕੀ ਫੌਜਾਂ ਨੇ ਜੰਗ ਲਈ ਕਮਰਕਸੇ ਕਰ ਲਏ ।

ਖਾੜੀ ਸੰਕਟ ਇਕ ਅਜਿਹਾ ਸੰਕਟ ਸੀ ਜੋ ਦੂਜੇ ਵਿਸ਼ਵ ਯੁੱਧ ਤੋਂ ਪਿੱਛੋ ਕੋਮਾਂਤਰੀ ਭਾਈਚਾਰੇ ਦੇ ਸਾਹਮਣੇ ਪਹਿਲੀ ਵਾਰ ਉਭਰਿਆ । ਇਸ ਸੰਕਟ ਵਿਚ ਯੂ.ਐਨ.ਓ. ਨੇ ਸਿਰਫ ਇਕ ਧਿਰ ਦਾ ਹੀ ਪੱਖ ਪੂਰਿਆ । ਜਿੱਥੇ ਇਤਿਹਾਦੀ ਸਭਾ ਪ੍ਰਣਾਲੀ, ਵਿਸ਼ੇਸ ਤੌਰ ਤੇ ਸੁਰੱਖਿਆ ਪ੍ਰੀਸ਼ਦ ਨੇ ਆਪਣੀ ਕਮਜ਼ੋਰੀ ਜ਼ਾਹਿਰ ਕੀਤੀ, ਉਹ ਇਸ ਗੱਲ ਉਪਰ ਸੀ ਕਿ ਝਗੜਿਆਂ ਦੇ ਸ਼ਾਂਤਮਈ ਹੱਲ (ਯੂ.ਐਨ.ਚਾਰਟਰ ਦਾ ਚੋਬਾ ਕਾਂਡ) ਲਈ ਯੂ.ਐਨ ਚਾਰਟਰ ਵਿਚ ਸ਼ਾਮਲ ਸਮੁੱਚੀ ਵਿਵਸਥਾ ਦੀ ਇਸ ਨੇ ਉਲੰਘਣਾ ਕਰ ਦਿੱਤੀ ਸੀ । ਇਤਿਹਾਦੀ ਸਭਾ ਨੂੰ ਅਜਿਹਾ ਐਂਗਲੋ-ਅਮਰੀਕਨ ਦਬਾਅ ਕਾਰਨ ਕਰਨਾ ਪਿਆ । ਮੈਂ ਇਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪ੍ਰਧਾਨ ਬੁਸ਼ ਨੇ ਉਸ ਸਮੇਂ ਤੱਕ ਰਾਸ਼ਟਰਪਤੀ ਸੱਦਾਮ ਹੁਸੈਨ ਪ੍ਰਤੀ ਗੰਦੀ ਭਾਸ਼ਾ ਵਰਤਣੀ ਅਤੇ ਜ਼ਾਹਿਰ ਉਗਲਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਪਿੱਛੇ ਨਾ ਰਹਿੰਦੇ ਹੋਏ ਮਾਰਗਰੇਟ ਥੈਚਰ ਨੇ ਵੀ ਅਜਿਹੀ ਹੀ ਭਾਸ਼ਾ ਦੀ ਵਰਤੋਂ ਕੀਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਗੱਲਬਾਤ ਸਮਝੌਤੇ ਤੋਂ ਪਹਿਲਾਂ ਹੀ ਟੁੱਟ ਗਈ ਜਿਸ ਦੀ ਸਮੁੱਚੀ ਜ਼ਿੰਮੇਵਾਰੀ ਐਂਗਲੋ-ਅਮਰੀਕਨ ਧੜੇ ਉਪਰ ਆਉਂਦੀ ਹੈ ਜੋ ਆਪਣੇ ਹਥਿਆਰਾਂ ਦੀ ਪ੍ਰਦਸ਼ਨੀ ਕਰਨ ਲਈ ਉਤਾਵਲਾ ਸੀ ਅਤੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਇਰਾਕ ਦੇ ਵਿਰੁੱਧ ਕਰਨ 'ਤੇ ਤੁਲਿਆ ਹੋਇਆ ਸੀ । ਇਹ ਧੜਾ ਵਿਸ਼ਵ ਨੂੰ ਆਪਣੀ ਫੌਜੀ ਸ਼ਕਤੀ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ । ਇਸੇ ਪਿਛੋਕੜ ਵਿਚ ਹੀ ਮਤਾ ਨੰਬਰ 678 (ਇਰਾਕ ਨੂੰ ਕੁਵੈਤ ਵਿੱਚੋਂ ਬਾਹਰ ਕੱਢਣ ਲਈ 'ਜਿਸ ਰਾਂਹੀ ਸਾਰੀ ਲੋੜੀਂਦੀ ਕਾਰਵਾਈ ਕਰਨ' ਦਾ ਅਧਿਕਾਰ ਦੇ ਦਿੱਤਾ ਗਿਆ ਸੀ) ਨਵੰਬਰ 1990 ਵਿਚ ਸੁਰੱਖਿਆ ਪ੍ਰੀਸ਼ਦ ਕੋਲੋਂ ਪਾਸ ਕਰਵਾ ਲਿਆ ਗਿਆ ਸੀ । ਜੇ ਕਰ ਯੂ.ਐਸ.ਐਸ.ਆਰ. ਉਸ ਸਮੇਂ ਖਾੜੀ ਵਿਚ ਅਮਰੀਕੀ ਫੌਜੀ ਆਪਹੁਦਰੇਪਣ ਦੀ ਹਮਾਇਤ ਨਾ ਕਰਦਾ ਤਾਂ

ਖਾੜੀ ਯੁੱਧ ਟਲ ਸਕਦਾ ਸੀ । ਜੇ ਕਰ ਮਾਸਕੋ ਇਸ ਮਤੇ ਨਾਲ ਅਸਿਹਮਤ ਹੁੰਦਾ ਅਤੇ ਅਗੇਤੀ ਗੱਲਬਾਤ ਉਪਰ ਜ਼ੋਰ ਦਿੰਦਾ ਤਾਂ ਇਹ ਸੰਭਵ ਸੀ ਕਿ ਅਮਰੀਕਾ ਇਹ ਜੰਗ ਛੇੜਨ ਦੀ ਜ਼ੁਅਰਤ ਨਾ ਕਰਦਾ । ਮਾਸਕੋ ਇਕ ਵਾਰ ਫਿਰ ਕੂਟਨੀਤੀ ਵਿਚ ਉਸ ਸਮੇਂ ਅਸਫਲ ਰਿਹਾ ਜਦ ਸਕਰੇਟਰੀ ਜਨਰਲ ਨੇ 14 ਜਨਵਰੀ 1991 ਨੂੰ ਸੁਰੱਖਿਆ ਪ੍ਰੀਸ਼ਦ ਵਿਚ ਪ੍ਰਧਾਨ ਸੱਦਾਮ ਹੁਸੈਨ ਨਾਲ ਆਪਣੀ ਗੱਲਬਾਤ ਬਾਰੇ ਰਿਪੋਰਟ ਪੇਸ਼ ਕੀਤੀ । ਫਿਰ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਨੇ ਦੁਨੀਆਂ ਅੱਗੇ ਇਹ ਝੂਠ ਬੋਲਿਆ ਕਿ ਜਿਹੜੀ ਜੰਗ ਉਨ੍ਹਾਂ ਨੇ ਇਰਾਕ ਵਿਰੁੱਧ ਛੇੜੀ ਹੈ, ਉਸ ਲਈ ਯੂ.ਐਨ.ਓ. ਦੀ ਮਾਨਤਾ ਪ੍ਰਾਪਤ ਕਾਰਵਾਈ ਹੈ ਪ੍ਰੰਤੂ ਯੂ.ਐਨ. ਚਾਰਟਰ ਜਿਸ ਵਿਚ ਵਿਸ਼ੇਸ਼ ਤੌਰ 'ਤੇ ਫੌਜੀ ਵਰਤੋਂ ਦਾ ਜ਼ਿਕਰ ਕੀਤਾ ਗਿਆ ਸੀ, ਉਸ ਦੀ ਪਾਲਣਾ ਨਹੀਂ ਕੀਤੀ ਗਈ । ਯੂ.ਐਨ. ਚਾਰਟਰ ਵਿਚ ਇਹ ਗੱਲ ਦਰਜ ਹੈ ਕਿ ਹਥਿਆਰਬੰਦ ਫੌਜਾਂ ਦੀ ਵਰਤੋਂ ਦੀ ਯੋਜਨਾ ਸੁਰੱਖਿਆ ਪ੍ਰੀਸ਼ਦ ਵੱਲੋਂ ਤਿਆਰ ਕੀਤੀ ਜਾਵੇਗੀ ਅਤੇ ਇਸ ਲਈ ਮਿਲਟਰੀ ਸਟਾਫ ਵੱਲੋਂ ਸਹਾਇਤਾ ਲਈ ਜਾਵੇਗੀ । ਸੁਰੱਖਿਆ ਪ੍ਰੀਸ਼ਦ ਹੇਠ ਕੰਮ ਕਰਨ ਵਾਲੀ ਮਿਲਟਰੀ ਸਟਾਫ ਕਮੇਟੀ, ਸੁਰੱਖਿਆ ਪ੍ਰੀਸ਼ਦ ਕੋਲ ਮੌਜੂਦ ਹਥਿਆਰਬੰਦ ਫੌਜਾਂ ਦੀ ਕਿਸੇ ਵੀ ਯੁੱਧ ਨੀਤੀ ਨੂੰ ਆਪ ਤਿਆਰ ਕਰੇਗੀ । ਇਸ ਲਈ ਇਹ ਇਤਿਹਾਦੀ ਸਭਾ ਨਾਲ ਸਰਾਸਰ ਧੋਖਾ ਸੀ , ਜਦ ਅਮਰੀਕੀ ਧੜਾ ਇਹ ਦਾਅਵਾ ਕਰਦਾ ਸੀ ਕਿ ਇਸ ਕੋਲ ਇਰਾਕ ਵਿਰੁੱਧ ਜੰਗ ਛੇੜਨ ਵਾਸਤੇ ਇਤਿਹਾਦੀ ਸਭਾ ਦੀ ਮਨਜ਼ੂਰੀ ਪ੍ਰਾਪਤ ਹੈ । ਯੂ.ਐਸ.ਐਸ.ਆਰ. ਜੋ ਕੁਝ ਸਮਾਂ ਪਹਿਲਾਂ ਮਿਲਟਰੀ ਸਟਾਫ ਕਮੇਟੀ ਨੂੰ ਮੁੜ ਸੁਰਜੀਤ ਕਰਨ ਦੀ ਲੋੜ 'ਤੇ ਜ਼ੋਰ ਦੇ ਰਿਹਾ ਸੀ, ਨੇ ਉਸ ਸਮੇਂ ਉਸ ਉਪਰ ਕੋਈ ਜ਼ੋਰ ਨਾ ਦਿੱਤਾ ਜਦੋਂ ਸੁਰੱਖਿਆ ਪ੍ਰੀਸ਼ਦ ਵੱਲੋਂ ਮਤਾ ਨੰਬਰ 678 ਪਾਸ ਕੀਤਾ ਗਿਆ । ਸੁਰੱਖਿਆ ਪ੍ਰੀਸ਼ਦ ਜਿਸ ਦੇ ਪੰਜ ਸਥਾਈ ਮੈਂਬਰਾਂ ਨੂੰ ਵੀਟੋ ਦਾ ਅਧਿਕਾਰ ਦੇ ਕੇ ਉਨ੍ਹਾਂ ਦੀ ਮਹਾਨਤਾ ਵਿਚ ਹੋਰ ਵਾਧਾ ਕੀਤਾ ਗਿਆ ਹੈ, ਇਸ ਗੱਲ ਦਾ ਕੋਈ ਵੀ ਦਾਅਵਾ ਨਹੀਂ ਕਰ ਸਕਦੀ ਕਿ ਇਹ ਇਤਿਹਾਦੀ ਸਭਾ ਦੀ ਨੁਮਾਇੰਦਗੀ ਕਰਦੀ ਹੈ, ਕਿਸੇ ਦੇਸ਼ ਵਿਰੁੱਧ ਸੈਨਿਕ ਕਾਰਵਾਈ ਕਰਨ ਤੋਂ ਪਹਿਲਾਂ ਇਤਿਹਾਦੀ ਸਭਾ ਦਾ ਆਮ ਇਜ਼ਲਾਸ ਬੁਲਾ ਕੇ ਸਾਰੇ ਮੈਂਬਰ ਦੇਸ਼ਾਂ ਦੀਆਂ ਵੋਟਾਂ ਪੁਆਈਆਂ ਜਾਣੀਆਂ ਚਾਹੀਦੀਆਂ ਸਨ ਜੋ ਕਿ ਇਰਾਕ ਦੇ ਸਬੰਧ ਵਿਚ ਨਹੀਂ ਸੀ ਕੀਤਾ ਗਿਆ ।

ਡੂੰਘਾਈ ਵਿਚ ਸੋਚਣ ਵਾਲੀ ਗੱਲ ਤਾਂ ਇਹ ਵੀ ਹੈ ਕਿ 1913 ਤੱਕ ਤਾਂ ਕੁਵੈਤ ਇਰਾਕ ਦਾ ਹੀ ਇਕ ਭਾਗ ਸੀ ਜਿਸ ਨੂੰ ਬਆਦ ਵਿਚ ਤੇਲ ਦੇ ਵਿਦੇਸ਼ੀ ਵਿਉਪਾਰੀਆਂ ਜਾਂ ਸਾਮਰਾਜੀ ਸ਼ਕਤੀਆਂ ਨੇ ਤਤਕਾਲੀ ਕਮਜ਼ੋਰ ਅਤੇ ਇਕ ਸ਼ਖਸੀ ਰਾਜ ਅਧੀਨ ਵਸ ਰਹੇ ਇਰਾਕ ਤੋਂ ਨਿਖੇੜ ਦਿੱਤਾ ਸੀ । ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੰਗਲਾ ਦੇਸ਼ ਅਤੇ ਪਾਕਿਸਤਾਨ ਪਹਿਲਾਂ ਭਾਰਤ ਦੇ ਹੀ ਭਾਗ ਸਨ ਪ੍ਰੰਤੂ ਜਿਥੇ ਭਾਰਤ ਦੀ ਬੰਗਲਾ ਦੇਸ਼ ਅਤੇ ਪਾਕਿਸਤਾਨ ਨਾਲ ਸੀਮਾ, ਭਾਸ਼ਾ, ਸੱਭਿਆਚਾਰ ਆਦਿ ਦੀ ਸਾਂਝ ਹੁੰਦੇ ਹੋਏ ਵੀ ਉਹ ਦੇਸ਼ ਖੁਦ ਨੂੰ ਇਸਲਾਮੀ ਦੇਸ਼ ਅਤੇ ਭਾਰਤ ਨੂੰ ਗੈਰ ਇਸਲਾਮੀ ਦੇਸ਼ ਆਖਦੇ ਸਨ ਉਥੇ ਇਰਾਕ ਅਤੇ ਕੁਵੈਤ ਵਿਚ ਧਾਰਮਿਕ ਅਧਾਰ 'ਤੇ ਦੋ ਕੌਮਾਂ ਦਾ ਕੋਈ ਸਿਧਾਂਤ ਵੀ ਨਹੀਂ ਸੀ । ਉਹ ਖੇਤਰ, ਭਾਸ਼ਾ, ਸੱਭਿਆਚਾਰ, ਨਸਲ ਅਤੇ ਧਰਮ ਪੱਖੋਂ ਇਕਮਿਕ ਹੀ ਸਨ । ਉਨ੍ਹਾਂ ਵਿਚਲੀ ਸੀਮਾ ਰੇਖਾ ਪੱਛਮੀ ਸ਼ਕਤੀਆਂ ਦੁਆਰਾ ਉਥੋਂ ਦੇ ਤੇਲ ਭੰਡਾਰਾਂ ਤੋਂ ਲਾਭ ਉਠਾਉਣ

ਲਈ ਖਿੱਚੀ ਗਈ ਸੀ । ਕਈ ਦਹਾਕਿਆਂ ਤੱਕ ਕੁਵੈਤ ਬਰਤਾਨੀਆ ਦੀ ਛੱਤਰ ਛਾਇਆ ਹੇਠ ਰਿਹਾ ਫਿਰ ਅਮਰੀਕਾ ਨੇ ਆਪਣੀ ਕਠਪੁਤਲੀ ਸਰਕਾਰ ਬਣਾ ਲਈ । ਅਮਰੀਕਾ ਨੇ ਵੀ ਕਈ ਦਹਾਕੇ ਇਸ ਦੇ ਤੇਲ ਨੂੰ ਲੁੱਟਿਆ । ਇੰਗਲੈਂਡ ਨੇ ਆਪਣੀ ਵੀਟੋ ਪਾਵਰ ਹੋਣ ਦੇ ਨਾਤੇ ਇਸ ਮੁਲਕ ਨੂੰ ਸੁਤੰਤਰ ਮੁਲਕ ਵੱਜੋਂ ਮਾਨਤਾ ਦਿਵਾ ਦਿੱਤੀ । ਇਸ ਦੇ ਨਾਲ ਹੀ ਅਮਰੀਕਾ ਅਤੇ ਬਰਤਾਨੀਆ ਨੇ ਕੁਵੈਤੀ ਤੇਲ ਦੀ ਲੁੱਟ ਮਚਾ ਦਿੱਤੀ ਪ੍ਰੰਤੂ ਸਾਮਰਾਜੀ ਸ਼ਕਤੀਆਂ ਅਜੇ ਵੀ ਖੁਸ਼ ਨਾ ਹੋਈਆਂ । ਉਨ੍ਹਾਂ ਨੂੰ ਕੁਵੈਤੀ ਤੇਲ ਨਾਲ ਸਬਰ ਨਾ ਆਇਆ ਇਸ ਲਈ ਉਨ੍ਹਾਂ ਨੇ ਕੁਵੈਤ ਤੋਂ ਸਸਤੇ ਭਾਅ ਤੇਲ ਪ੍ਰਾਪਤ ਕਰਨ ਬਦਲੇ ਉਸ ਨੂੰ ਅਜਿਹੀ ਤਕਨੀਕ ਦਿੱਤੀ ਜਿਸ ਨਾਲ ਉਸ ਨੇ ਇਰਾਕ ਦੇ ਤੇਲ ਖੂਹਾਂ ਵਿੱਚੋਂ ਤੇਲ ਕੱਢਣਾ ਸ਼ੁਰੂ ਕਰ ਦਿੱਤਾ । ਜਦੋਂ ਕਿ ਇਰਾਕ ਕੁਵੈਤ ਨੂੰ ਲਗਾਤਾਰ ਆਪਣਾ ਹਿੱਸਾ ਦੱਸ ਰਿਹਾ ਸੀ । ਇਸ ਲਈ ਪੱਛਮੀ ਸ਼ਕਤੀਆਂ ਇਰਾਕ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਣ ਲੱਗੀਆਂ । ਉਹ ਇਰਾਕ ਨੂੰ ਇਕ ਅਜਿਹਾ ਸਬਕ ਸਿਖਾਉਣਾ ਚਾਹੁੰਦੀਆਂ ਸਨ ਕਿ ਉਹ ਕਈ ਦਹਾਕਿਆਂ ਤੱਕ ਸਿਰ ਉਚੱਾ ਨਾ ਚੁੱਕ ਸਕੇ । ਉਹ ਇਕ ਅਜਿਹੇ ਮੌਕੇ ਦੀ ਤਲਾਸ਼ ਵਿਚ ਸਨ ਜਦੋਂ ਇਰਾਕ ਉਨ੍ਹਾਂ ਦਾ ਵਿਰੋਧ ਕਰੇ ਅਤੇ ਉਹ ਕਿਸੇ ਬਹਾਨੇ ਉਸ ਉਤੇ ਭੁੱਖੇ ਬਾਜ਼ ਦੀ ਤਰ੍ਹਾਂ ਟੁੱਟ ਪੈਣ ਅਤੇ ਉਸ ਦਾ ਮਲੀਆਮੇਟ ਕਰ ਦੇਣ । ਇਹੋ ਕਾਰਨ ਸੀ ਕਿ ਉਨ੍ਹਾਂ ਨੇ ਕੁਵੈਤ ਨੂੰ ਇਰਾਕ ਦਾ ਤੇਲ ਚੋਰੀ ਕਰਨ ਦੀ ਹੱਲਾਸ਼ੇਰੀ ਦਿੱਤੀ ਅਤੇ ਕੁਵੈਤ ਨੇ ਉਸੇ ਤਰ੍ਹਾਂ ਹੀ ਕੀਤਾ। ਇਰਾਕ ਨੇ ਉਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਜਿਹੜਾ ਪੱਛਮੀ ਸ਼ਕਤੀਆਂ ਨੂੰ ਚੰਗਾ ਨਹੀਂ ਸੀ ਲੱਗਦਾ । ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਰੇਗਿਸਤਾਨ ਵਿਚ ਹੋਇਆ ਕਤਲੇਆਮ ਪੱਛਮੀ ਦੇਸ਼ਾਂ ਦੀ ਇਕ ਡੂੰਘੀ ਸਾਜਿਸ਼ ਸੀ ਅਤੇ ਇਹ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ ਜਦੋਂ ਕੁਵੈਤ ਨੇ ਇਰਾਕ ਦੇ ਖੂਹਾਂ 'ਚੋਂ ਤੇਲ ਚੋਰੀ ਕਰ ਕੇ ਬਗਦਾਦ ਦੇ ਵਿਰੁੱਧ ਆਰਥਿਕ ਜੰਗ ਛੇੜੀ ਸੀ ।

ਅਮਰੀਕਾ ਦੇ ਰਾਸ਼ਟਰਪਤੀ ਜਾਰਜ਼ ਬੁਸ਼ ਨੇ ਇਰਾਕੀ ਜੰਗੀ ਕੈਦੀਆਂ ਦੇ ਵਿਵਹਾਰ 'ਤੇ ਟਿੱਪਣੀ ਕਰਦੇ ਹੋਏ ਇਕ ਵਾਰ ਕਿਹਾ ਸੀ 'ਉਸ ਦੇ ਸਾਥੀਆਂ ਦਾ ਇਰਾਕ ਨਾਲ ਕੋਈ ਝਗੜਾ ਨਹੀਂ, ਅਮਰੀਕਾ ਅਤੇ ਉਸ ਦੇ ਸਾਥੀਆਂ ਦਾ ਅਸਲ ਝਗੜਾ ਤਾਂ ਇਰਾਕੀ ਲੀਡਰਸ਼ਿਪ ਤੇ ਖਾਸ ਕਰ ਕੇ ਸੱਦਾਮ ਹੁਸੈਨ ਨਾਲ ਹੈ ।' ਇਸ ਗੱਲ ਤੋਂ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਅਮਰੀਕਾ ਅਤੇ ਉਸ ਦੇ ਜੋਟੀਦਾਰ ਸੱਦਾਮ ਹੁਸੈਨ ਦੀ ਅਰਬ ਜਗਤ ਵਿਚ ਵਧ ਰਹੀ ਲੋਕਪ੍ਰੀਅਤਾ ਨੂੰ ਘਿਰਣਾ ਨਾਲ ਦੇਖਦੇ ਸਨ ਕਿਉਂਕਿ ਅਰਬ ਜਗਤ ਵਿੱਚ ਸਿਰਫ ਇੱਕੋ ਇੱਕ ਵਿਅਕਤੀ ਸੱਦਾਮ ਹੁਸੈਨ ਸੀ ਜਿਹੜਾ ਅਰਬਾਂ ਨੂੰ ਇਕ ਲੜੀ ਵਿਚ ਵੇਖਣਾ ਚਾਹੁੰਦਾ ਸੀ ਉਸ ਦੀਆਂ ਕੋਸ਼ਿਸ਼ਾਂ ਸਦਕਾ ਹੀ ਇਰਾਕੀ ਸੈਨਾਂ ਕੁਝ ਸਮੇਂ ਵਿਚ ਹੀ ਦੁਨੀਆਂ ਦੀ ਚੌਥੀ ਸ਼ਕਤੀਸ਼ਾਲੀ ਸੈਨਾਂ ਦਾ ਰੂਪ ਧਾਰ ਗਈ ਸੀ । ਉਸ ਦੇ ਸਿਧਾਂਤਾਂ ਨੇ ਇਰਾਕੀ ਮਰਦਾਂ ਅਤੇ ਔਰਤਾਂ ਨੂੰ ਪੱਛਮੀ ਦੇਸ਼ਾਂ ਦੇ ਬਰਾਬਰ ਖੜਾ ਕਰ ਦਿੱਤਾ। ਇਹੋ ਕਾਰਨ ਸੀ ਕਿ ਅਮਰੀਕੀ ਜੁੰਡਲੀ ਸ਼ਾਂਤੀ ਜਾਂ ਜੰਗ ਕਿਸੇ ਵੀ ਤਰ੍ਹਾਂ ਇਰਾਕੀ ਸਦਰ ਨੂੰ ਗੱਦੀ ਤੋਂ ਵਿਰਵਾ ਕਰ ਕੇ ਇਰਾਕ ਨੂੰ ਤਬਾਹ ਕਰ ਦੇਣਾ ਚਾਹੁੰਦੀ ਸੀ ।

1968 ਵਿਚ ਮਤਾ ਨੰਬਰ 242 ਅਨੁਸਾਰ ਸੁਰੱਖਿਆ ਪ੍ਰੀਸ਼ਦ ਨੇ ਇਸਰਾਈਲ ਨੂੰ ਆਪਣੇ ਕਬਜ਼ੇ ਹੇਠਲੇ ਅਰਬ ਇਲਾਕਿਆਂ ਨੂੰ ਖਾਲੀ ਕਰਨ ਲਈ ਕਿਹਾ ਸੀ ਪ੍ਰੰਤੂ

ਅਮਰੀਕਾ ਇਹ ਕਦੇ ਵੀ ਬਰਦਾਸ਼ਤ ਨਹੀ ਸੀ ਕਰ ਸਕਦਾ ਕਿ ਉਸ ਦੇ ਮੁਕਾਬਲੇ ਅਰਬ ਸੰਸਾਰ ਵਿਚ ਕੋਈ ਸ਼ਕਤੀ ਉਭਰੇ ਅਤੇ ਮਧ ਪੂਰਬ ਵਿਚ ਉਸ ਦੀ ਲਾਠੀ ਇਸਰਾਈਲ ਦਾ ਆਤੰਕ ਘਟੇ । ਇਸ ਲਈ ਅਮਰੀਕਾ ਨੇ ਮਤਾ ਨੰਬਰ 242 ਨੂੰ ਖੰਭ ਲਾ ਕੇ ਅਕਾਸ਼ ਵਿਚ ਉਡਾ ਦਿੱਤਾ । ਕੁਵੈਤ ਵਿਚ ਕਿਉਂਕਿ ਉਸ ਦਾ ਆਪਣਾ ਹਿੱਤ ਸੀ ਇਸ ਲਈ ਮਤਾ ਨੰਬਰ 678 ਦੀ ਤੁਰੰਤ ਜਰੂਰਤ ਸੀ । ਮਤਾ ਨੰਬਰ 242 ਦਾ ਲਾਗੂ ਨਾ ਕਰਨਾ ਅਤੇ ਮਤਾ ਨੰਬਰ 678 ਨੂੰ ਇਰਾਕ 'ਤੇ ਠੋਸਣਾ ਜਿਥੇ ਯੂ.ਐਨ.ਓ. ਦੀ ਕਮਜ਼ੋਰੀ ਨੂੰ ਜ਼ਾਹਰ ਕਰਦਾ ਹੈ ਉਥੇ ਯੂ.ਐਨ.ਓ 'ਤੇ ਅਮਰੀਕਾ ਦੀ ਸਰਦਾਰੀ ਨੂੰ ਵੀ ਸਪਸ਼ਟ ਕਰਦਾ ਹੈ । ਦੂਸਰੀ ਸੰਸਾਰ ਜੰਗ ਤੋਂ ਬਾਅਦ 1945 ਵਿਚ ਕਾਇਮ ਹੋਈ ਸਯੁੰਕਤ ਰਾਸ਼ਟਰ ਦਾ ਮੁੱਖ ਕੰਮ ਸੰਸਾਰ ਵਿਚ ਜੰਗ ਦੇ ਖਤਰੇ ਨੂੰ ਖਤਮ ਕਰਨਾ ਸੀ ਪਰ ਇਰਾਕ ਦੇ ਕੁਵੈਤ ਉਤੇ ਕਬਜ਼ੇ ਦੇ ਮਾਮਲੇ ਵਿਚ ਅਮਰੀਕਾ ਨੇ ਸੁਰੱਖਿਆ ਪ੍ਰੀਸ਼ਦ ਦੇ ਮਤੇ ਦੀ ਆੜ ਵਿਚ ਬਹੁਤ ਕਾਹਲ ਤੋਂ ਕੰਮ ਲਿਆ । ਉਸ ਨੇ ਇਸ ਨੂੰ ਇਹ ਮਤਾ ਜਲਦੀ ਤੋਂ ਜਲਦੀ ਲਾਗੂ ਕਰਨ ਲਈ ਮਜ਼ਬੂਰ ਕੀਤਾ । 1990 ਵਿਚ ਮਿਖਾਈਲ ਗੋਰਬਾਚੇਵ ਦੀ ਪਰੇਸਤਰੋਇਕਾ ਅਤੇ ਗਲਾਸਨੋਸਤ ਦੀ ਨੀਤੀ ਦੇ ਸੋਵੀਅਤ ਸੰਘ ਵਿਚ ਲਾਗੂ ਹੋਣ ਤੋਂ ਬਾਅਦ, ਸਮਾਜਵਾਦੀ ਦੇਸ਼ਾਂ ਦਾ ਸਮਾਜਵਾਦੀ ਕੈਂਪ ਵਿਚੋਂ ਬਾਹਰ ਨਿਕਲਨਾ ਤੇ ਪੂੰਜੀਵਾਦੀ ਰਸਤਾ ਅਪਨਾਉਣ ਨਾਲ, ਵਾਰਸਾ ਸੰਧੀ ਵੀ ਕਮਜ਼ੋਰ ਹੋ ਚੁੱਕੀ ਸੀ । ਰਹਿੰਦੀ ਖੂੰਹਦੀ ਕਸਰ ਸੋਵੀਅਤ ਸੰਘ ਅੰਦਰ ਸਾਰੇ ਹੀ ਪੰਦਰਾਂ ਸੋਵੀਅਤ ਗਣਰਾਜਾਂ ਦੇ ਅਜ਼ਾਦੀ ਦੇ ਐਲਾਨ ਨੇ ਪੂਰੀ ਕਰ ਦਿੱਤੀ । ਇਸ ਤਰ੍ਹਾਂ ਸੋਵੀਅਤ ਸੰਘ ਦੀ ਹੁਣ ਕੋਈ ਨਿਰਣਾਇਕ ਭੂਮਿਕਾ ਨਹੀਂ ਸੀ ਰਹੀ ਤੇ ਅਮਰੀਕਾ ਨੂੰ ਸੁਰੱਖਿਆ ਪ੍ਰੀਸ਼ਦ 'ਤੇ ਪੂਰੀ ਤਰ੍ਹਾਂ ਨਾਲ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ । ਇਸ ਤਰ੍ਹਾਂ ਸੁਰੱਖਿਆ ਪ੍ਰੀਸ਼ਦ ਨੰਬਰ 678 ਨੂੰ ਤਰੁੰਤ ਲਾਗੂ ਕਰਨ ਲਈ ਮਜ਼ਬੂਰ ਹੋ ਗਈ । ਉਸ ਸਮੇਂ ਸੁਰੱਖਿਆ ਪ੍ਰੀਸ਼ਦ ਨੂੰ ਆਪਣੀ ਸ਼ਕਤੀ ਤੋਂ ਕੰਮ ਲੈਂਦੇ ਹੋਏ 15 ਜਨਵਰੀ ਦੇ ਅਲਟੀਮੇਟਮ ਦੇ ਖਤਮ ਹੋ ਜਾਣ ਤੋਂ ਬਾਅਦ ਫੋਰਨ ਇਕੱਤਰਤਾ ਬੁਲਾ ਕੇ ਹੋਰ ਕੋਈ ਰਸਤਾ ਲੱਭਣਾ ਚਾਹੀਦਾ ਸੀ । ਆਰਥਿਕ ਨਾਕਾਬੰਦੀ ਹੋਰ ਸਖਤ ਕੀਤੀ ਜਾ ਸਕਦੀ ਸੀ। ਸੱਦਾਮ ਹੁਸੈਨ ਦੇ ਪ੍ਰਤੀਨਿਧੀ ਅਤੇ ਅਮੀਰ ਜੁਬੇਰ ਦੇ ਨੁਮਾਇੰਦੇ ਬੁਲਾ ਕੇ ਆਪਸ ਵਿਚ ਸਿੱਧੀ ਗੱਲਬਾਤ ਕਰ ਕੇ ਸਮੱਸਿਆ ਦਾ ਹੱਲ ਲੱਭਿਆ ਜਾ ਸਕਦਾ ਸੀ । ਝਗੜੇ ਵਾਲੇ ਟਾਪੂ ਵਾਰਬਾ, ਬੋਬੀਆਨ ਅਤੇ ਰੁਮੈਲਾ ਤੇਲ ਖੂਹਾਂ ਹੇਠਲੇ ਤੇਲ ਦੀ ਚੋਰੀ ਬਾਰੇ ਆਪਸੀ ਲੈਣ ਦੇਣ ਕਰ ਕੇ ਸਮੱਸਿਆ ਦਾ ਹੱਲ ਤਲਾਸ਼ ਕੀਤਾ ਜਾ ਸਕਦਾ ਸੀ । ਸੁਰੱਖਿਆ ਪ੍ਰੀਸ਼ਦ ਨੂੰ ਇਸੇ ਤਰ੍ਹਾਂ ਦੇ ਹੀ ਆਪਣੇ ਪਹਿਲਾਂ ਪਾਸ ਕੀਤੇ ਸਾਰੇ ਮਤਿਆਂ ਉਤੇ ਝਾਤ ਮਾਰ ਲੈਣੀ ਚਾਹੀਦੀ ਸੀ । ਉਸ ਤੋਂ ਮਗਰੋਂ ਹੀ 678 ਨੂੰ ਬਾਹਰ ਕੱਢਣਾ ਚਾਹੀਦਾ ਸੀ ਪਰ ਕਿਉਂਕਿ ਅਮਰੀਕਾ ਨੇ ਸੁਰੱਖਿਆ ਪ੍ਰੀਸ਼ਦ ਨੂੰ ਅਗਵਾ ਕੀਤਾ ਹੋਇਆ ਸੀ । ਇਸ ਲਈ ਜਿਥੇ ਉਹ ਨੰਬਰ 242 ਨੂੰ ਖਤਮ ਕਰਨ ਵਿਚ ਸਫਲ ਰਿਹਾ ਉਥੇ ਨੰਬਰ 678 ਨੂੰ ਲਾਗੂ ਕਰਵਾ ਕੇ ਇਰਾਕ ਦੀ ਇੱਟ ਨਾਲ ਇੱਟ ਵਜਾਉਣ ਵਿਚ ਵੀ ਸਫਲ ਰਿਹਾ । ਇਸ ਤਰ੍ਹਾਂ ਉਹ ਸਮਾਜਵਾਦੀ ਸੋਚ ਨੂੰ ਕਤਲ ਕਰਨ ਦੀ ਸਾਜਿਸ਼ ਵਿਚ ਵੀ ਸਫਲ ਹੋ ਗਿਆ ਅਤੇ ਅਰਬ ਸੰਸਾਰ ਵਿਚ ਇਕ ਪੁਰਖੀ, ਅਯੱਾਸ਼, ਸ਼ਰਾਬੀ, ਕਾਮੀ, ਵਿਹਲੜ, ਖਰਬਪਤੀ, ਅਮੀਰ ਅਤੇ ਸ਼ਾਹਾਂ ਦੀ ਪਿੱਠ ਥਾਪੜ ਕੇ ਕਠਪੁਤਲੀ ਸਰਕਾਰਾਂ ਬਣਾ ਕੇ ਅਰਬ ਏਕਤਾ ਨੂੰ ਖੇਰੂੰ -

ਖੇਰੂੰ ਕਰਨ ਵਿਚ ਵੀ ਕਾਮਯਾਬ ਰਿਹਾ । ਕੁਵੈਤ ਵਿਚ ਉਹ ਹਰ ਸੂਰਤ ਆਪਣੀ ਕਠਪੁਤਲੀ ਸਰਕਾਰ ਕਾਇਮ ਕਰਨਾ ਚਾਹੁੰਦਾ ਸੀ । ਇਹ ਕੰਮ ਭਾਵੇਂ ਸ਼ਾਂਤੀ ਨਾਲ ਹੁੰਦਾ ਜਾਂ ਜੰਗ ਨਾਲ । ਸਵਾਲ ਤਾਂ ਤੇਲ ਭੰਡਾਰਾਂ 'ਤੇ ਕਬਜ਼ੇ ਦਾ ਅਤੇ ਸੰਸਾਰ ਚੌਧਰ ਨੂੰ ਕਾਇਮ ਰੱਖਣ ਦਾ ਸੀ ।

ਜੇਕਰ ਫਲਸਤੀਨ ਸਮੱਸਿਆ 'ਤੇ ਵੀ ਡੂੰਘਾਈ ਨਾਲ ਝਾਤ ਮਾਰੀ ਜਾਵੇ ਤਾਂ ਇਹ ਸਿੱਧ ਹੋ ਜਾਵੇਗਾ ਕਿ ਯੂ.ਐਨ.ਓ. ਆਪਣੇ ਮਿਸ਼ਨ ਵਿਚ ਬੁਰੀ ਤਰ੍ਹਾਂ ਅਸਫਲ ਹੋ ਗਈ ਸੀ ਅਤੇ ਉਸ ਨੇ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਸਨ । ਇਸਰਾਈਲ ਦੇ ਹੋਂਦ ਵਿਚ ਆਉਣ ਤੋਂ ਹੀ ਫਲਸਤੀਨੀ ਆਪਣਾ ਘਰ ਬਾਰ ਛੱਡ ਕੇ ਵੱਖ-ਵੱਖ ਦੇਸ਼ਾਂ ਵਿਚ ਭਟਕਣ ਲੱਗੇ । ਪਰ ਇਸਰਾਈਲ ਇਨ੍ਹਾਂ ਲੋਕਾਂ ਨੂੰ ਕੈਂਪਾਂ ਵਿਚ ਵੀ ਅਮਨ ਨਾਲ ਨਹੀਂ ਸੀ ਰਹਿਣ ਦਿੰਦਾ। ਸਤੰਬਰ 1982 ਵਿਚ ਲਿਬਨਾਨ ਵਿਚ ਸਾਬਰਾ ਸਟੀਲਾ ਉਤੇ ਹਮਲਾ ਕਰ ਕੇ ਢਾਈ ਹਜ਼ਾਰ ਤੋਂ ਵੱਧ ਫਲਸਤੀਨੀ ਪਨਾਹਗੀਰਾਂ ਨੂੰ ਕਤਲ ਕਰ ਦਿੱਤਾ । 30 ਜਨਵਰੀ 1991 ਨੂੰ ਬੈਰੂਤ ਨੇੜੇ ਫਲਸਤੀਨੀ ਕੈਪ ਰਸ਼ੀਦੀ ਯੇਹ ਉਤੇ ਇਸਰਾਈਲ ਨੇ ਬੰਬਾਰੀ ਕਰ ਕੇ ਅਨੇਕਾਂ ਫਲਸਤੀਨੀ ਮਾਰ ਦਿੱਤੇ । ਇਸਰਾਈਲ ਦੇ ਕਬਜ਼ੇ ਹੇਠਲੇ ਇਲਾਕਿਆਂ ਜਾਰਡਨ ਦੇ ਪੱਛਮੀ ਕੰਢੇ ਦਾ ਇਲਾਕਾ, ਸੀਰੀਆ ਦੀਆਂ ਗੋਲਾਨ ਪਹਾੜੀਆਂ, ਮਿਸਰ ਦੀ ਗਾਜਾ ਪੱਟੀ ਅਤੇ ਯੂਰੋਸ਼ਲਮ ਵਿਚ ਅਰਬੀ ਫਲਸਤੀਨੀਆਂ ਉਤੇ ਅਣ-ਮਨੁੱਖੀ ਕਹਿਰ ਢਾਏ ਗਏ । ਲੱਖਾਂ ਫਲਸਤੀਨੀ ਜੇਲ੍ਹਾਂ ਵਿਚ ਬੰਦ ਭੁੱਖ ਨਾਲ ਮਰਨ ਲੱਗੇ । ਛੇ ਲੱਖ ਤੋਂ ਵੱਧ ਫਲਸਤੀਨੀ ਜ਼ੁਲਮ ਤਸੱਦਦ ਦਾ ਸਿਤਮ ਨਾ ਸਹਾਰਦੇ ਹੋਏ ਮੌਤ ਦੇ ਮੂੰਹ ਵਿਚ ਚਲੇ ਗਏ। ਅਰਬ ਦੇਸ਼ ਤਿੰਨ ਵਾਰ ਛੋਟੇ ਜਿਹੇ ਦੇਸ਼ ਇਸਰਾਈਲ ਕੋਲੋਂ ਹਾਰ ਖਾ ਚੁੱਕੇ ਸਨ । ਮਿਸਰ ਦੇ ਨੱਕ ਵਿਚ ਨਕੇਲ ਪਾ ਕੇ 1973 ਵਿਚ ਅਮਰੀਕਾ ਦੇ ਕੈਂਪ ਡੇਵਿਗ ਵਿਖੇ ਮਿਸਰ ਦਾ ਇਸਰਾਈਲ ਨਾਲ ਸਮਝੌਤਾ ਕਰਵਾ ਕੇ ਮਿਸਰ ਦਾ ਬਲੀ ਇਲਾਕਾ ਸਿਨਾਈ ਇਸਰਾਈਲ ਪਾਸੋਂ ਵਾਪਸ ਮੁੜਵਾ ਕੇ ਜਿਥੇ ਅਰਬ ਜਗਤ ਵਿਚੋਂ ਮਿਸਰ ਦੇ ਵਕਾਰ ਨੂੰ ਖਤਮ ਕਰ ਦਿੱਤਾ ਗਿਆ ਉਥੇ ਅਰਬ ਜਗਤ ਨੂੰ ਲੀਰੋ ਲੀਰ ਵੀ ਕਰ ਦਿੱਤਾ ਗਿਆ ।

ਅਸਲ ਵਿਚ ਅਜਿਹਾ ਕਿਉਂ ਹੋ ਰਿਹਾ ਸੀ ? ਫਲਸਤੀਨੀਆਂ ਉਤੇ ਜ਼ੁਲਮ ਕਿਉਂ ਅਤੇ ਕੁਵੈਤ ਦੀ ਗੁਲਾਮੀ 'ਤੇ ਸੋਗ ਕਿਉਂ ? ਹਜ਼ਾਰਾਂ ਮੀਲ ਦੂਰ ਬੈਠੇ ਅਮਰੀਕੀਆਂ, ਬਰਤਾਨਵੀਆਂ ਤੇ ਫਰਾਂਸੀਸੀਆਂ ਨੂੰ ਕੁਵੈਤ ਨਾਲ ਹੇਜ਼ ਕਿਉਂ ਜਾਗਿਆ ? ਇਹ ਸਾਰਾ ਕੁਝ ਵਿਚਾਰ ਕੇ ਹੀ ਯੂ.ਐਨ.ਓ ਨੂੰ ਆਪਣਾ ਕੋਈ ਨਿਰਪੱਖ ਫੈਸਲਾ ਦੇਣਾ ਚਾਹੀਦਾ ਸੀ ਪ੍ਰੰਤੂ ਫਲਸਤੀਨ ਦੇ ਮਸਲੇ 'ਤੇ ਇੰਨੀ ਦੇਰ ਕਿਉਂ ਅਤੇ ਕੁਵੈਤ ਦੇ ਮਸਲੇ 'ਤੇ ਇੰਨੀ ਕਾਹਲ ਕਿਉਂ ? ਇਸ ਤੋਂ ਭਲੀ ਭਾਂਤ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਸ਼ਕਤੀਆਂ ਨੂੰ ਕੁਵੈਤ ਦੀ ਅਜ਼ਾਦੀ ਜਾਂ ਗੁਲਾਮੀ ਨਾਲ ਕੋਈ ਸਰੋਕਾਰ ਨਹੀਂ ਸੀ । ਕੁਵੈਤ ਕਿਸੇ ਢੱਠੇ ਖੂਹ ਵਿਚ ਗਿਰੇ, ਅਜ਼ਾਦ ਹੋਵੇ ਜਾਂ ਗੁਲਾਮ । ਗੱਲ ਤਾਂ ਇਹ ਸੀ ਕਿ ਜਿੰਨੀ ਦੇਰ ਤੱਕ ਸੱਦਾਮ ਹੁਸੈਨ ਗੱਦੀ 'ਤੇ ਬਿਰਾਜਮਾਨ ਸੀ, ਅਰਬਾਂ ਨੂੰ ਕਾਬੂ ਕਰਨ ਅਤੇ ਤੇਲ ਦੇ ਭੰਡਾਰਾਂ 'ਤੇ ਕਬਜ਼ਾ ਕਰਨ ਵਿਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਸਨ । ਇਸ ਕੰਮ ਨੂੰ ਸਿਰੇ ਚਾੜਨ ਲਈ ਸੱਦਾਮ ਹੁਸੈਨ ਦਾ ਖਾਤਮਾ ਅਤੇ ਇਰਾਕੀ ਅਰਥਚਾਰੇ ਦੀ ਤਬਾਹੀ ਜਰੂਰੀ ਸੀ ਕਿਉਂਕਿ ਸੱਦਾਮ ਹੁਸੈਨ ਇਸ ਕੰਮ ਵਿਚ ਰੋੜਾ ਬਣ ਸਕਦਾ ਸੀ । ਇਸ ਲਈ ਰਸਤੇ

ਵਿਚੋਂ ਉਸ ਨੂੰ ਦੂਰ ਕਰਨਾ ਜਰੂਰੀ ਸੀ । ਇਸ ਉਦੇਸ ਨੂੰ ਪੂਰਾ ਕਰਨ ਲਈ ਉਸ ਨੂੰ ਮਾਰਨ ਦੀ ਇਕ ਡੂੰਘੀ ਸਾਜ਼ਿਸ਼ ਰਚੀ ਗਈ। ਇਸ ਤਰ੍ਹਾਂ ਨਾਲ ਜਿਥੇ ਫਲਸਤੀਨ ਦੇ ਮਾਮਲੇ ਨੂੰ ਹੋਰ ਲਮਕਾਇਆ ਜਾ ਸਕਦਾ ਸੀ ਉਥੇ ਤੇਲ ਭੰਡਾਰਾਂ 'ਤੇ ਕਬਜ਼ਾ ਵੀ ਕੀਤਾ ਜਾ ਸਕਦਾ ਸੀ ।

ਆਉ ਪਹਿਲਾਂ ਫਲਸਤੀਨ ਚੱਲੀਏ । ਇਹ ਦੇਖੀਏ ਕਿ ਇਸ ਸਮੱਸਿਆ ਦਾ ਇਸ ਕਤਲੇਆਮ ਨਾਲ ਕੀ ਸਬੰਧ ਸੀ । ਇਹ ਸਮੱਸਿਆ ਇੰਨੀ ਗੁੰਝਲਦਾਰ ਕਿਉਂ ਹੋ ਰਹੀ ਸੀ ? ਇਸ ਸਮੱਸਿਆ ਪਿੱਛੇ ਕਿਸ ਸ਼ਕਤੀ ਦਾ ਹੱਥ ਸੀ ? ਦੂਜੇ ਮਹਾਂ ਯੁੱਧ ਦੌਰਾਨ ਹਿਟਲਰ ਨੇ ਯਹੂਦੀਆਂ 'ਤੇ ਬੜੇ ਗੈਰ- ਮਨੁੱਖੀ ਅਤਿਆਚਾਰ ਕੀਤੇ । 1945 ਵਿਚ ਯੂ.ਐਸ.ਐਸ.ਆਰ,ਯੂ.ਐਸ.ਏ.,ਯੂ.ਕੇ ਅਤੇ ਫਰਾਂਸ ਦੀਆਂ ਫੌਜਾਂ ਨੇ ਜਰਮਨੀ ਉਤੇ ਜਿੱਤ ਪ੍ਰਾਪਤ ਕਰ ਲਈ ਸੀ । ਵਿਸ਼ਵ ਦੇ ਪ੍ਰਮੁੱਖ ਦੇਸ਼ਾਂ ਦੇ ਦਬਾਅ ਅੱਗੇ ਝੁਕ ਕੇ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਫਲਸਤੀਨ ਦਾ ਬਟਵਾਰਾ ਕਰ ਕੇ ਯਹੂਦੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਉਨ੍ਹਾਂ ਦਾ ਆਪਣਾ ਘਰ ਇਸਰਾਈਲ ਬਣਾ ਦਿੱਤਾ ਅਤੇ ਫਲਸਤੀਨੀਆਂ ਨੂੰ ਘਰੋਂ ਬੇ ਘਰ ਕਰ ਦਿੱਤਾ । ਫਲਸਤੀਨੀਆਂ ਨੇ ਉਸ ਵੇਲੇ ਤੋਂ ਹੀ ਸਾਰੇ ਅਰਬ ਦੇਸ਼ਾਂ ਵਿਚ ਫੈਲ, ਅਰਬ ਰਾਸ਼ਟਰਵਾਦ ਅਤੇ ਅਰਬ ਏਕਤਾ ਨੂੰ ਲਲਕਾਰ ਕੇ, ਆਪਣੀ ਜਥੇਬੰਦੀ ਫਲਸਤੀਨ ਸੰਗਠਨ (ਪੀ.ਐਲ.ਓ.) ਦੇ ਝੰਡੇ ਹੇਠ ਲਾਮਬੰਦ ਹੋ ਕੇ ਆਪਣੇ ਪੱਕੇ ਘਰ ਲਈ ਸੰਘਰਸ਼ ਬਿੱਢ ਕਰ ਦਿੱਤਾ ।

ਉਧਰ ਪੱਛਮੀ ਏਸ਼ੀਆ ਵਿਚ ਇਸਰਾਈਲ ਇਕ ਨਵੀਂ ਸ਼ਕਤੀ ਵੱਜੋਂ ਉਭਰਨ ਲੱਗਾ । ਇਸ ਤੋਂ ਫਿਕਰਮੰਦ ਹੋ ਕੇ ਮਿਸਰ, ਜਾਰਡਨ, ਲਿਬਨਾਨ, ਸੀਰੀਆ, ਇਰਾਕ ਅਤੇ ਸਾਉਦੀ ਅਰਬ ਨੇ ਮਿਲ ਕੇ ਇਸਰਾਈਲ ਉਪਰ ਹਮਲਾ ਕਰ ਦਿੱਤਾ । ਜਾਰਡਨ ਨੇ ਫਲਸਤੀਨ ਬਹੁਮੱਤ ਵਾਲਾ ਇਲਾਕਾ ਅਤੇ ਜਾਰਡਨ ਨਦੀ ਦੇ ਪੱਛਮੀ ਤੱਟ ਉਪਰ ਕਬਜਾ ਕਰ ਲਿਆ । ਮਿਸਰ ਨੇ ਗਾਜਾ ਪੱਟੀ ਖੋਹ ਲਈ । ਅਕਤੂਬਰ 1965 ਵਿਚ ਅਰਬ ਅਤੇ ਫਲਸੀਨੀ ਛਾਪਾਮਾਰਾਂ ਦੇ ਹਮਲਿਆਂ ਤੋਂ ਤੰਗ ਆ ਕੇ ਇਸਰਾਈਲ ਨੇ ਬ੍ਰਿਟੇਨ ਅਤੇ ਫਰਾਂਸ ਦੀ ਸਹਾਇਤਾ ਨਾਲ ਮਿਸਰ 'ਤੇ ਹਮਲਾ ਕਰ ਦਿੱਤਾ । ਛੇ ਦਿਨਾਂ ਦੇ ਯੁੱਧ ਵਿਚ ਮਿਸਰ ਨੂੰ ਕਈ ਇਲਾਕਿਆਂ ਤੋਂ ਹੱਥ ਧੋਣੇ ਪਏ ਪ੍ਰੰਤੂ 1967 ਵਿਚ ਮਿਸਰ ਨੇ ਇਸਰਾਈਲ ਤੋਂ ਫਿਰ ਗਾਜਾ ਪੱਟੀ ਖੋਹ ਲਈ । ਇਸਰਾਈਲ ਨੇ ਤਾਕਤ ਇਕੱਠੀ ਕਰ ਕੇ ਦੁਬਾਰਾ ਮਿਸਰ 'ਤੇ ਹਮਲਾ ਕਰ ਦਿੱਤਾ ਅਤੇ ਉਸ ਦਾ ਸਿਨਾਈ ਇਲਾਕਾ ਅਤੇ ਪੁਰਾਣਾ ਯੁਰੋਸ਼ਲਮ ਜਿੱਤ ਲਿਆ । ਸੀਰੀਆ ਤੋਂ ਉਸ ਨੇ ਗੋਲਾਨ ਪਹਾੜੀਆਂ ਅਤੇ ਜਾਰਡਨ ਤੋਂ ਪੱਛਮੀ ਤੋਟ ਖੇਤਰ ਹਥਿਆ ਲਿਆ । ਉਸ ਅਰਬਾਂ ਨੂੰ ਬੁਰੀ ਤਰ੍ਹਾਂ ਰੋਲਿਆ । ਮਿਸਰ ਨੇ ਬੇਇਜ਼ਤੀ ਦਾ ਬਦਲਾ ਲੈਣ ਲਈ 1973 ਵਿਚ ਫਿਰ ਸੀਰੀਆਂ ਨਾਲ ਮਿਲ ਕੇ ਰੂਸੀ ਹਥਿਆਰਾਂ ਦੇ ਬਲਬੂਤੇ ਇਸਰਾਈਲ 'ਤੇ ਹਮਲਾ ਕਰ ਦਿੱਤਾ । ਪਰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਇਸਰਾਈਲੀ ਫੌਜ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ । 1973 ਦੀ ਇਸ ਤੀਸਰੀ ਹਾਰ ਸਦਕਾ ਅਰਬ ਘਟੀਆਪਣ ਦੇ ਅਹਿਸਾਸ ਹੇਠ ਦਬ ਕੇ ਰਹਿ ਗਏ । ਹੁਣ ਤੱਕ ਇਸਰਾਈਲ ਉਤੇ ਪੂਰੀ ਤਰ੍ਹਾਂ ਨਾਲ ਅਮਰੀਕਾ ਦਾ ਗਲਬਾ ਹੋ ਚੁੱਕਾ ਸੀ । ਅਮਰੀਕਾ ਮੱਧ ਪੂਰਬ ਵਿਚ ਰੂਸ ਦੇ ਪ੍ਰਸਾਰ ਨੂੰ ਰੋਕਣਾ ਚਾਹੁੰਦਾ ਸੀ । ਇਸ ਲਈ ਹੀ ਉਸ ਨੇ

ਅਫਗਾਨਿਸਤਾਨ ਵਿੱਚੋਂ ਰੂਸ ਪੱਖੀ ਸਰਕਾਰ ਨੂੰ ਖਦੇੜਨ ਲਈ ਤਾਲਿਬਾਨ ਦੀ ਬਾਂਹ ਫੜੀ ਸੀ। ਇਕ ਸਮਾਂ ਸੀ ਜਦੋਂ 1981 ਵਿਚ ਰੀਗਨ-ਬੇਗਿਨ ਮੁਲਾਕਾਤ ਵਿਚ ਰੂਸ ਦੀ ਮਧ-ਪੂਰਬ ਵਿਚ ਪਸਾਰਵਾਦੀ ਨੀਤੀ ਨੂੰ ਰੋਕਣ ਲਈ ਵਿਚਾਰਾਂ ਕੀਤੀਆਂ ਗਈਆਂ। ਅਮਰੀਕੀ ਰਾਸ਼ਟਰਪਤੀ ਰੀਗਨ ਅਤੇ ਇਸਰਾਈਲੀ ਪ੍ਰਧਾਨ ਮੰਤਰੀ ਬੇਗਿਨ ਨੇ ਰੂਸ ਵਿਰੁੱਧ ਕਾਰਵਾਈ ਕਰਨ ਲਈ ਸਾਂਝੇ ਤੌਰ 'ਤੇ ਮਿਲ ਕੇ ਯੋਜਨਾ ਤਿਆਰ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਇਸਰਾਈਲ ਦੀ ਸੁਰੱਖਿਆ ਲਈ ਆਪਣੀ ਜ਼ਿੰਮੇਵਾਰੀ ਨਿਭਾਏਗਾ। ਇਸ ਨਾਲ ਰੂਸ ਨੂੰ ਮੱਧ ਪੂਰਬ ਵਿਚ ਅਸਰ ਵਧਾਉਣ ਤੋਂ ਰੋਕਿਆ ਜਾ ਸਕੇਗਾ। ਇਸੇ ਗੱਲ ਨੂੰ ਮੱਦੇ ਨਜ਼ਰ ਰੱਖਦਿਆ ਹੀ 1979 ਵਿਚ ਅਫਗਾਨਿਸਤਾਨ ਵਿਚ ਹਮਲਾਵਰ ਸੋਵੀਅਤ ਫੌਜਾਂ ਵਿਰੁੱਧ ਤਾਲੀਬਾਨ ਨੇ ਅਲ-ਕਾਇਦਾ ਦੀ ਸਥਾਪਨਾ ਕੀਤੀ। 80 ਵਿਆਂ 'ਚ ਇਸ ਦਾ ਸੰਚਾਲਨ ਓਸਾਮਾ-ਬਿਨ ਲਾਦੇਨ ਤੇ ਫਲਸਤੀਨੀ ਧਾਰਮਿਕ ਵਿਦਵਾਨ ਅਬਦੁੱਲਾ ਆਜ਼ਮ ਕਰਦੇ ਸਨ। ਅਮਰੀਕਾ ਇਸਰਾਈਲ ਨੂੰ ਇਕ ਫੌਜੀ ਅੱਡੇ ਵੱਜੋਂ ਵਰਤ ਰਿਹਾ ਸੀ, ਤਾਂ ਹੀ ਉਹ ਇਸਰਾਈਲ ਦੀ ਹਰ ਸੰਭਵ ਸਹਾਇਤਾ ਕਰ ਰਿਹਾ ਸੀ। ਅਮਰੀਕੀ ਸਹਾਇਤਾ ਦੇ ਕਾਰਨ ਹੀ ਉਸ ਨੇ ਕਈ ਵਾਰ ਅਰਬਾਂ ਨੂੰ ਹਾਰ ਦਿੱਤੀ। ਇਰਾਨ ਦੇ ਸ਼ਾਹ ਦੇ ਖਾਤਮੇ ਨਾਲ ਇਰਾਨ ਵਿਚ ਅਮਰੀਕਾ ਵਿਰੋਧੀ ਵਾਤਾਵਰਨ ਬਣ ਗਿਆ। ਇਸ ਲਈ ਅਮਰੀਕਾ ਨੇ ਇਰਾਨ-ਇਰਾਕ ਯੁੱਧ ਕਰਵਾ ਦਿੱਤਾ ਜੋ ਲਗਾਤਾਰ 9 ਸਾਲ ਚੱਲਿਆ। ਇਸ ਜੰਗ ਵਿਚੋਂ ਸੱਦਾਮ ਹੁਸੈਨ ਇਕ ਲੋਹਪੁਰਸ਼ ਵੱਜੋਂ ਉਭਰਿਆ। ਇਨ੍ਹਾਂ 9 ਸਾਲਾਂ ਵਿਚ ਅਮਰੀਕਾ ਦੇ ਮਿੱਤਰ ਇਸਰਾਈਲ ਨੇ ਆਪਣੀ ਤਾਕਤ ਬਹੁਤ ਮਜ਼ਬੂਤ ਕਰ ਲਈ ਸੀ। ਦੱਖਣੀ ਲਿਬਨਾਨ ਵਿਚ ਵੀ ਉਸ ਨੇ ਆਪਣੀ ਸਥਿਤੀ ਮਜ਼ਬੂਤ ਬਣਾ ਲਈ ਸੀ ਤੇ ਸੀਰੀਆ ਵਿਚ ਵੀ ਆਪਣੀ ਪਕੜ ਨੂੰ ਮਜ਼ਬੂਤ ਕਰ ਲਿਆ। ਹੁਣ ਉਹ ਇਰਾਕ ਦੇ ਪ੍ਰਮਾਣੂ ਠਿਕਾਣਿਆਂ ਨੂੰ ਨਸ਼ਟ ਕਰਨ ਦਾ ਦਾਅਵਾ ਕਰਨ ਲੱਗਾ। ਫਲਸਤੀਨ ਦੇ ਪ੍ਰਸ਼ਨ ਨੂੰ ਉਸ ਗੁੱਠੇ ਲਾ ਦਿੱਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ 1990 ਵਿਚ ਜਾਰਡਨ ਨਦੀ ਦੇ ਪੱਛਮੀ ਤੱਟ ਖੇਤਰ ਅਤੇ ਗਾਜਾ ਪੱਟੀ ਇਲਾਕਿਆਂ ਵਿਚ ਫਸਲਤੀਨੀ ਅੰਸ਼ਤੋਸ਼ ਵਧਣ ਲੱਗ ਪਿਆ। ਜਿਉਂ-ਜਿਉਂ ਫਲਸਤੀਨੀਆਂ ਉਤੇ ਉਸ ਦਾ ਅਤਿਆਚਾਰ ਅਤੇ ਜ਼ੁਲਮ ਵਧਦਾ ਜਾਂਦਾ ਤਿਉਂ-ਤਿਉਂ ਫਲਸਤੀਨੀਆਂ ਨੇ ਸਾਹਸ ਅਤੇ ਬਹਾਦਰੀ ਨਾਲ ਡਟ ਕੇ ਇਸਰਾਈਲ ਦਾ ਮੁਕਾਬਲਾ ਕੀਤਾ। 1989-90 ਵਿਚ ਇਸਰਾਈਲ ਨੇ 1400 ਫਲਸਤੀਨੀਆਂ ਦੀ ਹੱਤਿਆ ਅਤੇ 50000 ਤੋਂ ਜ਼ਿਆਦਾ ਨੂੰ ਘਾਇਲ ਕੀਤਾ। ਮਰਨ ਵਾਲਿਆਂ ਵਿਚ 500 ਬੱਚੇ ਵੀ ਸਨ। ਜਿਨ੍ਹਾਂ ਦੀ ਉਮਰ 12 ਸਾਲ ਤੋਂ ਵੀ ਘੱਟ ਸੀ। 6000 ਵਿਅਕਤੀਆਂ ਨੂੰ ਅਜਿਹੀਆਂ ਸੱਟਾਂ ਲੱਗੀਆਂ ਕਿ ਉਹ ਜਿੰਦਗੀ ਭਰ ਲਈ ਅਪਾਹਜ ਹੋ ਗਏ। 4000 ਮਾਵਾਂ ਨੂੰ ਇਸਰਾਈਲੀਆਂ ਨੇ ਏਨੀ ਬੇਰਿਹਮੀ ਨਾਲ ਕੁੱਟਿਆ ਮਾਰਿਆ ਕਿ ਉਨ੍ਹਾਂ ਦੇ ਗਰਭਪਾਤ ਹੋ ਗਏ। 5500 ਫਲਸਤੀਨੀਆਂ ਨੂੰ ਜਿਨ੍ਹਾਂ ਵਿਚ ਹਰ ਉਮਰ ਦੇ ਮਰਦ ਅਤੇ ਔਰਤਾਂ ਸ਼ਾਮਲ ਸਨ ਨੂੰ ਦੱਖਣ ਦੇ ਰੇਗਿਸਤਾਨ ਵਿਚ ਬਣਾਏ ਅਜਿਹੇ ਕੈਂਪਾਂ ਵਿਚ ਰੱਖਿਆ ਗਿਆ ਜਿਥੇ ਆਏ ਦਿਨ ਉਨ੍ਹਾਂ 'ਤੇ ਕਹਿਰ ਢਾਏ ਜਾਂਦੇ। ਖਾੜੀ ਵਿਚ ਹੋਏ ਭਿਅੰਕਰ ਕਤਲੇਆਮ ਤੱਕ ਲਗਭੱਗ 6 ਲੱਖ ਫਲਸਤੀਨੀ ਇਸਰਾਈਲੀਆਂ ਹੱਥੋਂ ਮਾਰੇ ਜਾ ਚੁੱਕੇ ਸਨ ਜਿਨ੍ਹਾਂ ਵਿਚ 2 ਲੱਖ ਬੱਚੇ ਵੀ ਸ਼ਾਮਲ ਸਨ। ਦੋ ਕਰੋੜ ਤੋਂ

ਜਿਆਦਾ ਫਲਸਤੀਨੀ ਘਾਇਲ ਹੋ ਚੁੱਕੇ ਸਨ । ਇਨ੍ਹਾਂ ਉਤੇ ਇਸਰਾਈਲੀ ਅੰਨਾ ਤਸ਼ਦੱਦ ਕਰਦੇ ਸਨ । ਉਹ ਪਲਾਸਟਿਕ ਦੀਆਂ ਗੋਲੀਆਂ ਦਾ ਤਸੀਹਿਆਂ ਵਾਸਤੇ ਪ੍ਰਯੋਗ ਕਰਦੇ ਸਨ । ਜਿਨ੍ਹਾਂ ਗੈਸਾਂ ਉਤੇ ਅੰਤਰਰਾਸ਼ਟਰੀ ਪੱਧਰ 'ਤੇ ਪਾਬੰਧੀ ਲਾਗੂ ਹੈ । ਚਮੜੀ ਉਧੇੜਨ ਵਾਲੀਆਂ ਚਾਬਕਾਂ ਬਣਾਈਆਂ ਗਈਆਂ ਸਨ । ਹਰ ਫੌਜੀ ਨੂੰ ਹੁਕਮ ਸੀ ਕਿ ਉਹ ਕਿਸੇ ਵੀ ਫਲਸਤੀਨੀ ਨੂੰ ਮੌਤ ਦੇ ਘਾਟ ਉਤਾਰ ਸਕਦਾ ਹੈ । ਗ੍ਰਿਫਤਾਰੀਆਂ ਤੋਂ ਇਲਾਵਾ ਫਲਸਤੀਨੀਆਂ ਦੇ ਘਰ ਬਲਡੋਜ਼ਰਾਂ ਨਾਲ ਢਾਹੇ ਜਾਂਦੇ ਸਨ । ਕਰਫਿਊ ਲਗਾ ਕੇ ਸਮੂਹਿਕ ਰੂਪ ਵਿਚ ਸਜ਼ਾਵਾਂ ਦਿੱਤੀਆ ਜਾਂਦੀਆ ਸਨ । ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਹੀ ਘਰਾਂ ਵਿਚ ਸਜਾਵਾਂ ਦਿੱਤੀਆ ਜਾਂਦੀਆਂ ਸਨ ਅਤੇ ਆਪਣੇ ਘਰਾਂ ਵਿਚ ਹੀ ਬੰਦੀ ਬਣਾਕੇ ਰੱਖਿਆ ਜਾਂਦਾ ਸੀ । ਇਸਰਾਈਲੀਆਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਉਨ੍ਹਾਂ ਨੇ ਅਰਬਾਂ ਵੱਲ ਕੂਚ ਕਰ ਦਿੱਤਾ । ਜਦੋਂ ਅਰਬਾਂ ਨੇ ਉਨ੍ਹਾਂ ਉਤੇ ਹੋ ਰਹੇ ਜ਼ੁਲਮਾਂ ਦੀਆਂ ਕਹਾਣੀਆਂ ਸੁਣੀਆਂ ਉਨ੍ਹਾਂ ਵਿਚ ਗੁੱਸੇ ਦੀ ਲਹਿਰ ਭੜਕ ਪਈ । ਉਹ ਇਸਰਾਈਲ ਨੂੰ ਆਪਣਾ ਕੱਟੜ ਦੁਸ਼ਮਣ ਸਮਝਣ ਲੱਗੇ । ਜਿਸ ਦੇ ਸਿੱਟੇ ਵੱਜੋਂ ਇਸਰਾਈਲ ਨੂੰ ਸੀਰੀਆ, ਮਿਸਰ, ਜਾਰਡਨ, ਲਿਬਨਾਨ, ਇਰਾਕ ਅਤੇ ਸਾਉਦੀ ਅਰਬ ਨਾਲ ਕਈ ਯੁੱਧ ਕਰਨੇ ਪਏ । ਕਿਉਂਕਿ ਅਮਰੀਕਾ ਹਮੇਸ਼ਾ ਹੀ ਇਸਰਾਈਲ ਦਾ ਪੱਖ ਲੈਂਦਾ ਰਿਹਾ । ਇਸ ਲਈ ਅਰਬ ਜਗਤ ਇਸਰਾਈਲ ਪ੍ਰਤੀ ਹੋਰ ਗੁੱਸੇ ਨਾਲ ਭਰ ਗਿਆ । ਅਮਰੀਕਾ ਨੂੰ ਵੀ ਉਹ ਕੌੜੀ ਅੱਖ ਨਾਲ ਦੇਖਣ ਲੱਗੇ । ਅਮਰੀਕਾ ਨੇ ਹੀ 1968 ਵਿਚ ਸੁਰੱਖਿਆ ਕੌਂਸਲ ਵੱਲੋਂ ਪਾਸ ਕੀਤੇ ਮਤਾ ਨੰਬਰ 242 ਨੂੰ ਖਤਮ ਕਰਵਾ ਦਿੱਤਾ ਸੀ । ਇਸ ਰਾਂਹੀ ਫਲਸਤੀਨ ਨੂੰ ਆਪਣਾ ਦੇਸ਼ ਵਾਪਸ ਦਿੱਤਾ ਜਾਣਾ ਸੀ ਪ੍ਰੰਤੂ ਅਮਰੀਕਾ ਦੇ ਵਿਰੋਧ ਕਾਰਨ ਇਸ ਮਤੇ ਦਾ ਕੁਝ ਨਹੀਂ ਸੀ ਬਣ ਸਕਿਆ । ਸੰਨ 1973 ਦੇ ਅਕਤੂਬਰ ਵਿਚ ਹੋਈ ਅਰਬ-ਇਸਰਾਈਲ ਜੰਗ ਨੇ ਇਸ ਖਿੱਤੇ ਵਿਚ ਅਮਰੀਕੀ ਦਖਲ ਅੰਦਾਜ਼ੀ ਨੂੰ ਸਦਾ ਲਈ ਪ੍ਰਪੱਕ ਕਰ ਦਿੱਤਾ । ਜੇ ਕਰ ਅਮਰੀਕਾ ਪੂਰੀ ਸ਼ਕਤੀ ਨਾਲ ਇਸਰਾਈਲ ਦੀ ਪਿੱਠ ਨਾ ਪੂਰਦਾ ਤਾਂ ਇਸ ਜੰਗ ਵਿਚ ਇਸਰਾਈਲ ਬੁਰੀ ਤਰ੍ਹਾਂ ਹਾਰਦਾ । ਫੌਜੀ ਸ਼ਕਤੀ ਦੇ ਨਾਲ ਨਾਲ ਅਰਬ ਰਾਸ਼ਟਰਾਂ ਨੇ ਤੇਲ ਹਥਿਆਰ ਵੀ ਬਾਖੂਬੀ ਵਰਤਿਆ । ਇਸ ਲਈ ਅਮਰੀਕਾ ਨੇ ਉਸ ਸਮੇਂ ਤੋਂ ਅਰਬਾਂ ਦੇ ਤੇਲ 'ਹਥਿਆਰ' ਨੂੰ ਸਦਾ ਲਈ ਖਤਮ ਕਰਨ ਲਈ ਇਸ ਖਿੱਤੇ ਵਿਚ ਆਪਣੀ ਦਖਲ-ਅੰਦਾਜ਼ੀ ਵਧਾ ਦਿੱਤੀ । ਫਲਸਤੀਨ ਮਸਲੇ 'ਤੇ ਮੈਡਰਿਡ ਕਾਨਫਰੰਸ ਇਸੇ ਦਖਲ-ਅੰਦਾਜ਼ੀ ਦਾ ਇਕ ਯੋਜਨਬੱਧ ਹਿੱਸਾ ਸੀ । ਜਿਸ ਕਾਰਨ ਅਰਬਾਂ ਵਿਚ ਫੁੱਟ ਪੈਣੀ ਸ਼ੁਰੂ ਹੋ ਗਈ । ਫਿਰ ਇਹ ਵੀ ਸੀ ਕਿ ਏਸ਼ੀਆ ਮਾਈਨਰ ਵਿਚ ਇਸਰਾਈਲ ਇਰਾਕ ਦੀ ਤੇਜ਼ੀ ਨਾਲ ਹੋ ਰਹੀ ਤਰੱਕੀ ਤੋਂ ਭੈ-ਭੀਤ ਸੀ ਕਿਉਂਕਿ ਇਰਾਕੀ ਸਦਰ ਸੱਦਾਮ ਹੁਸੈਨ ਉਸ ਨੂੰ ਮਲੀਆਮੇਟ ਕਰਨ ਦੀ ਕਈ ਵਾਰ ਧਮਕੀ ਦੇ ਚੁੱਕਾ ਸੀ । ਭਾਵੇਂ ਕਈ ਅਰਬ ਦੇਸ਼ ਸੱਦਾਮ ਹੁਸੈਨ ਦੀ ਵਧ ਰਹੀ ਲੋਕ ਪ੍ਰੀਅਤਾ ਅਤੇ ਇਰਾਕ ਦੀ ਹੋ ਰਹੀ ਤਰੱਕੀ ਤੋਂ ਖੁਸ਼ ਨਹੀਂ ਸਨ ਫਿਰ ਵੀ ਉਹ ਫਲਸਤੀਨ ਨੂੰ ਅਜ਼ਾਦ ਮੁਲਕ ਵੱਜੋਂ ਸੰਸਾਰ ਦੇ ਨਕਸ਼ੇ ਉਤੇ ਦੇਖਣਾ ਚਾਹੁੰਦੇ ਸਨ । ਅਰਬ ਦੇਸ਼ਾਂ ਵਿਚ ਇਰਾਕ ਇਕੋ ਇਕ ਦੇਸ਼ ਸੀ ਜਿਹੜਾ ਇਸਰਾਈਲ ਨਾਲ ਟੱਕਰ ਲੈਣ ਦੇ ਸਮਰਥ ਸੀ । ਇਸ ਲਈ ਉਹ ਕਿਸੇ ਸੁਨਹਿਰੀ ਮੌਕੇ ਦੀ ਤਾਕ ਵਿਚ ਸੀ । ਇਸ ਲਈ ਹੀ ਉਸ ਨੇ ਅਮਰੀਕਾ ਦੀ ਦਖਲ ਅੰਦਾਜ਼ੀ ਦੀ ਨੀਤੀ ਤੋਂ ਤੰਗ ਆ ਕੇ ਕੁਵੈਤ 'ਤੇ

ਕਬਜ਼ਾ ਕਰ ਲਿਆ । ਇਸ ਮਸਲੇ ਨੂੰ ਉਸ ਨੇ ਫਲਸਤੀਨ ਦੇ ਮਸਲੇ ਨਾਲ ਜੋੜ ਕੇ ਸੰਸਾਰ ਦੀਆਂ ਮਹਾਂ ਸ਼ਕਤੀਆਂ ਅਤੇ ਅਰਬਾਂ ਨੂੰ ਚਕਾਦੌਂਧ ਕਰ ਦਿੱਤਾ । ਉਸ ਦਾ ਕਹਿਣਾ ਸੀ ਕਿ ਜੇਕਰ ਫਲਸਤੀਨ ਨੂੰ ਇਕ ਸੁਤੰਤਰ ਮੁਲਕ ਵੱਜੋਂ ਮਾਨਤਾ ਦਿੱਤੀ ਜਾਵੇ ਤਾਂ ਕੁਵੈਤ ਨੂੰ ਸੁਤੰਤਰ ਕਰ ਦਿੱਤਾ ਜਾਵੇਗਾ । ਪ੍ਰੰਤੂ ਅਮਰੀਕਾ, ਫਰਾਂਸ, ਇੰਗਲੈਂਡ ਅਤੇ ਕੈਨੇਡਾ ਨੂੰ ਕਿਸੇ ਵੀ ਸੂਰਤ ਇਹ ਗੱਲ ਪ੍ਰਵਾਨ ਨਹੀਂ ਸੀ । ਕੁਝ ਅਰਬ ਜਿਵੇਂ ਸਾਊਦੀ ਅਰਬ , ਮਿਸਰ, ਸੀਰੀਆ ਆਦਿ ਇਸ ਗੱਲ ਨਾਲ ਸਹਿਮਤ ਨਹੀਂ ਸਨ । ਭਾਵੇਂ ਅੰਦਰੋਂ ਉਨ੍ਹਾਂ ਨੂੰ ਫਲਸਤੀਨੀਆਂ ਨਾਲ ਪੂਰੀ ਹਮਦਰਦੀ ਸੀ ਅਤੇ ਉਹ ਉਸ ਨੂੰ ਸੁਤੰਤਰ ਦੇਖਣਾ ਚਾਹੁੰਦੇ ਸਨ ਪ੍ਰੰਤੂ ਉਹ ਆਪਣੇ ਗੁਆਂਢ ਵਿਚ ਸੱਦਾਮ ਹੁਸੈਨ ਦੀ ਰਾਜਨੀਤੀ ਨੂੰ ਸੰਸਾਰ ਉਤੇ ਉਭੱਰਦਾ ਹੋਇਆ ਵੀ ਨਹੀਂ ਸੀ ਦੇਖਣਾ ਚਾਹੁੰਦੇ ਕਿਉਂਕਿ ਇਸ ਨਾਲ ਜਿੱਥੇ ਸੱਦਾਮ ਹੁਸੈਨ ਸੰਸਾਰ ਦੇ ਕੁਝ ਪ੍ਰਮੁੱਖ ਵਿਅਕਤੀਆਂ ਵਿਚ ਆ ਜਾਂਦੇ ਉਥੇ ਉਹ ਅਰਬਾਂ ਦਾ ਇਕ ਨੰਬਰ ਹੀਰੋ ਵੀ ਬਣ ਜਾਂਦਾ । ਇਸ ਲਈ ਅਰਬ ਦੇਸ਼ਾਂ ਨੇ ਕੁਵੈਤ ਦੇ ਮੁੱਦੇ ਨੂੰ ਫਲਸਤੀਨ ਦੇ ਮੁੱਦੇ ਨਾਲ ਜੋੜਨ ਦੇ ਫੈਸਲੇ ਨੂੰ ਸਵੀਕਾਰ ਨਾ ਕੀਤਾ । ਇਹੋ ਕਾਰਨ ਸੀ ਕਿ ਉਨ੍ਹਾਂ ਨੇ ਜੰਗ ਵਿਚ ਇਰਾਕ ਦੇ ਵਿਰੁੱਧ ਅਮਰੀਕਾ ਦੀ ਸਹਾਇਤਾ ਕੀਤੀ ।

ਇਹ ਸਪਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 1991 ਦੇ ਖਾੜੀ ਕਤਲੇਆਮ ਦੀ ਇਕ ਡੂੰਘੀ ਸਾਜਿਸ਼ ਰਚੀ ਗਈ ਸੀ । ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਜੇ ਕਰ ਇਹ ਕਿਹ ਲਿਆ ਜਾਵੇ ਕਿ ਇਹ ਜੰਗ ਕੁਵੈਤ ਦੀ ਅਜ਼ਾਦੀ ਦੀ ਜੰਗ ਨਹੀਂ ਸੀ। ਸਗੋਂ ਕੁਵੈਤ ਕੋਲੋਂ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੂੰ ਸਸਤੇ ਭਾਅ 'ਤੇ ਮਿਲਣ ਵਾਲੇ ਤੇਲ ਲਈ ਲੜੀ ਗਈ ਜੰਗ ਸੀ । ਅਮਰੀਕਾ ਨੂੰ ਖਾੜੀ ਵਿਚ ਖੋਹੇ ਗਏ ਆਪਣੇ ਹਿੱਤਾ ਦੀ ਚਿੰਤਾ ਲੱਗੀ ਹੋਈ ਸੀ । ਇਹ ਗੱਲ ਬ੍ਰਿਟੇਨ ਦੇ ਵਿਦੇਸ਼ ਸਕੱਤਰ ਡਗਲਸ ਹਰਡ ਨੇ ਵੀ ਮੰਨੀ ਸੀ "ਕਿ ਪੱਛਮੀ ਦੇਸ਼ਾਂ ਵਲੋਂ ਇਰਾਕ ਦੇ ਖਿਲਾਫ ਠੋਸ ਰਵੱਈਆ ਅਪਣਾਏ ਜਾਣ ਦੀ ਮੁੱਖ ਵਜ੍ਹਾ ਇਹ ਤੌਖਲਾ ਸੀ ਕਿ ਪੱਛਮੀ ਏਸ਼ੀਆ ਵਿਚ ਸਭ ਤੋਂ ਤਾਕਤਵਰ ਮੁਲਕ ਵੱਜੋਂ ਉਭਰਨ ਦੀ ਸੂਰਤ ਵਿਚ ਇਰਾਕ ਪੂਰੀ ਦੁਨੀਆਂ ਵਿਚ ਤੇਲ ਦੀਆਂ ਕੀਮਤਾਂ ਕੰਟਰੋਲ ਕਰਨ ਦੀ ਪੁਜੀਸ਼ਨ ਵਿਚ ਆ ਜਾਵੇਗਾ ।" ਇਸ ਤੋਂ ਅੱਗੇ ਚੱਲ ਕੇ ਉਨ੍ਹਾਂ ਨੇ ਕਿਹਾ, "ਅਸੀਂ ਇਹ ਜੰਗ ਇਸ ਲਈ ਲੜ ਰਹੇ ਹਾਂ ਕਿ ਸਾਡੀ ਸਾਰਿਆਂ ਦੀ ਸੁਰੱਖਿਆ ਇਸੇ ਗੱਲ ਉਤੇ ਨਿਰਭਰ ਕਰਦੀ ਹੈ ।" ਇਹੋ ਕਾਰਨ ਸੀ ਕਿ ਇੰਗਲੈਂਡ ਵੀ ਅਮਰੀਕਾ ਦੇ ਨਾਲ ਆਪਣੀ ਜੰਗੀ ਮਸ਼ੀਨਰੀ ਲੈ ਕੇ ਰੇਗਿਸਤਾਨ ਵਿਚ ਕਤਲੇਆਮ ਕਰਨ ਲਈ ਕੁੱਦ ਪਿਆ ਸੀ । ਜਦੋਂ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਖਾੜੀ ਸੰਕਟ ਤੋਂ ਪਹਿਲਾਂ ਡੀ ਕੁਇਅਰ ਨੂੰ ਆਪਣੀ ਸ਼ਾਂਤੀ ਯੋਜਨਾ ਬਾਰੇ ਜਾਣੂ ਕਰਵਾਇਆ ਸੀ, ਉਸ ਸਮੇਂ ਮਾਰਗ੍ਰੇਟ ਥੈਚਰ ਨੇ ਸੱਦਾਮ ਹੁਸੈਨ ਪ੍ਰਤੀ ਆਪਣਾ ਠੋਸ ਰੱਵਈਆ ਅਪਣਾਉਂਦੇ ਹੋਏ ਕਿਹਾ, "ਕੋਈ ਕਿਸੇ ਚੋਰ ਨਾਲ ਗੱਲ ਨਹੀਂ ਕਰਦਾ ।" ਗੱਲ ਕੀ, ਹਰ ਪੱਖੋਂ ਇਰਾਕ ਨੂੰ ਜੰਗ ਲੜਨ ਲਈ ਮਜ਼ਬੂਰ ਕੀਤਾ ਗਿਆ ।

ਅਮਰੀਕਾ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਆਪਣੇ ਮਿੱਤਰ ਦੇਸ਼ਾਂ ਦੀ ਜ਼ਮੀਨੀ ਫੌਜ ਨਾਲ ਵੀ ਇਰਾਕੀ ਥਲ ਸੈਨਾ ਦਾ ਮੁਕਬਾਲਾ ਨਹੀਂ ਕਰ ਸਕਦਾ । ਇਸ ਕਾਰਨ ਹੀ ਇਰਾਕੀ ਥਲ ਸੈਨਾ ਤੋਂ ਡਰਦੇ ਹੋਏ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ ਹਰ

ਰੋਜ਼ ਇਰਾਕ ਦੀ ਧਰਤੀ 'ਤੇ ਤਿੰਨ-ਤਿੰਨ ਹਜ਼ਾਰ ਹਵਾਈ ਜਹਾਜ਼ਾਂ ਨਾਲ ਹਮਲੇ ਕਰਦੇ । ਕੁੱਲ ਮਿਲਾ ਕੇ ਇਰਾਕ ਦੀ ਧਰਤੀ ਤੇ 1991 ਵਿਚ ਪ੍ਰਤੀ ਵਿਅਕਤੀ ਤਿੰਨ ਕੁਇੰਟਲ ਬਾਰੂਦ ਸੁੱਟਿਆ । ਕੀ ਯੂ.ਐਨ.ਓ. ਨੇ ਇਹੋ ਕਿਹਾ ਸੀ ਕਿ ਕੁਵੈਤ ਨੂੰ ਅਜ਼ਾਦ ਕਰਵਾਉਣ ਦੇ ਬਹਾਨੇ ਇਰਾਕ ਨੂੰ ਤਬਾਹ ਕਰ ਦਿੱਤਾ ਜਾਵੇ ? ਕੀ ਮਹਾਂ ਸ਼ਕਤੀਆਂ ਇਹੋ ਚਾਹੁੰਦੀਆਂ ਸਨ ਕਿ ਆਪਣੀ ਮਰਜ਼ੀ ਨਾਲ ਕਿਸੇ ਦੇਸ਼ ਨੂੰ ਅਜ਼ਾਦ ਕਰਾ ਲਿਆ ਜਾਵੇ ਜਾਂ ਕਿਸੇ ਮਰਜ਼ੀ ਦੇਸ਼ ਨੂੰ ਗੁਲਾਮ ਕਰ ਲਿਆ ਜਾਵੇ ? ਇਨ੍ਹਾਂ ਮਹਾਂ ਸ਼ਕਤੀਆਂ ਦਾ ਭਾਵ ਤਾਂ ਫਿਰ ਇਹ ਹੋਇਆ 'ਜਿਸ ਦੀ ਲਾਠੀ ਉਸ ਦੀ ਭੈਂਸ' । ਜੇ ਕਰ ਕੁਵੈਤ ਨੂੰ ਅਜ਼ਾਦ ਕਰਵਾਉਣ ਲਈ ਲੱਖਾ ਲੋਕਾਂ ਦਾ ਬਲੀਦਾਨ ਦਿੱਤਾ ਜਾ ਸਕਦਾ ਸੀ ਅਤੇ ਅਰਬਾਂ ਡਾਲਰਾਂ ਦੀ ਜ਼ਾਇਦਾਦ ਨਸ਼ਟ ਕੀਤੀ ਜਾ ਸਕਦੀ ਸੀ ਤਾਂ ਫਿਰ ਫਲਸਤੀਨ ਦਾ ਮਸਲਾ ਤਾਂ ਬਿਨ੍ਹਾਂ ਕਿਸੇ ਖ਼ੂਨ ਖਰਾਬੇ ਤੋਂ ਹੱਲ ਹੋ ਸਕਦਾ ਸੀ । ਫਿਰ ਇਸ ਮਸਲੇ ਦਾ ਹੱਲ ਕਿਉਂ ਨਹੀਂ । ਗੱਲ ਸਿੱਧੀ ਹੈ 'ਉਲਟਾ ਚੋਰ ਕੋਤਵਾਲ ਕੋ ਡਾਂਟੇ ।' ਫਲਸਤੀਨ ਦੇ ਮਸਲੇ ਨੂੰ ਹੱਲ ਕਰਨ ਨਾਲ ਉਨ੍ਹਾਂ ਨੂੰ ਮਿਲਣਾ ਕੁਝ ਨਹੀਂ ਸੀ ਜਦ ਕਿ ਕੁਵੈਤ ਵਿੱਚੋਂ ਜਿੱਥੇ ਸਸਤੇ ਭਾਅ 'ਤੇ ਤੇਲ ਉਪੱਲਬਧ ਹੋਣਾ ਸੀ ਉਥੇ ਕੁਵੈਤ ਦੀ ਨਵ-ਉਸਾਰੀ ਲਈ ਅਰਬਾਂ ਡਾਲਰਾਂ ਦੇ ਠੇਕੇ ਪ੍ਰਾਪਤ ਕਰ ਕੇ ਧਨ ਦੌਲਤ ਪੱਛਮੀ ਸ਼ਕਤੀਆਂ ਦੀਆਂ ਤਜੌਰੀਆਂ ਵਿਚ ਜਾਣੀ ਸੀ । ਇਸ ਲਈ ਉਨਾਂ ਨੂੰ ਕੁਵੈਤ ਦੀ ਅਜ਼ਾਦੀ ਦਾ ਹੱਲ ਛੇਤੀ ਚਾਹੀਦਾ ਸੀ ।

ਕੋਰੀਆ ਦਾ ਮਸਲਾ 1947 ਵਿਚ ਯੂ.ਐਨ.ਓ ਅੱਗੇ ਰੱਖਿਆ ਗਿਆ । ਅਸੈਂਬਲੀ ਨੇ ਇਸ ਮਸਲੇ ਦੇ ਹੱਲ ਲਈ ਇਕ ਆਰਜੀ ਕਮਿਸ਼ਨ ਨਿਯੁਕਤ ਕਰ ਦਿੱਤਾ । ਉਤੱਰੀ ਕੋਰੀਆ ਨੇ ਇਸ ਲਮਕਦੇ ਮਾਮਲੇ ਕਾਰਨ 1950 ਵਿਚ ਦੱਖਣੀ ਕੋਰੀਆ 'ਤੇ ਹਮਲਾ ਕਰ ਦਿੱਤਾ। ਸੁਰੱਖਿਆਂ ਕੌਂਸਲ ਵਿਚ ਰੂਸੀ ਨੁਮਾਇੰਦੇ ਦੀ ਗੈਰ ਹਾਜ਼ਰੀ ਕਾਰਨ ਇਸ ਮਸਲੇ ਨੂੰ ਸ਼ਕਤੀ ਨਾਲ ਰੋਕਣ ਦਾ ਮਤਾ ਪਾਸ ਕਰ ਦਿੱਤਾ ਗਿਆ । ਇਹ ਕਾਰਵਾਈ ਇਸ ਖਿੱਤੇ ਵਿਚ ਰੂਸੀ ਦਖਲਅੰਦਾਜ਼ੀ ਨੂੰ ਰੋਕਣ ਲਈ ਸਾਮਰਾਜੀ ਅਮਰੀਕਾ ਦੇ ਇਸ਼ਾਰੇ 'ਤੇ ਹੋਈ ਸੀ । ਉਤੱਰੀ ਅਤੇ ਦੱਖਣੀ ਕੋਰੀਆ ਭਾਵੇ ਯੂ.ਐਨ.ਓ. ਦੇ ਮੈਂਬਰ ਨਹੀਂ ਸਨ ਪਰ ਹਕੀਕਤ ਵਿਚ ਠੰਡੀ ਜੰਗ ਦੇ ਇਸ ਦੌਰ ਵਿਚ ਯੂ.ਐਨ.ਓ. ਦੇ ਝੰਡੇ ਦੇ ਨਕਾਬ ਹੇਠ ਅਮਰੀਕਾ ਨੇ ਆਪਣੀ ਸਰਦਾਰੀ ਖਾਤਰ ਆਪਣੀ ਦੇਖ ਰੇਖ- ਹੇਠ ਕੋਰੀਆ ਵਿਚੋਂ ਵਿਦੇਸ਼ੀ ਫੌਜਾਂ ਕੱਢਣ ਦੀ ਕਾਰਵਾਈ ਕੀਤੀ ਸੀ । ਵੀਅਤਨਾਮ, ਗਰੇਨਾਡਾ, ਪਨਾਮਾ ਅਤੇ ਕੁਝ ਹੋਰ ਥਾਵਾਂ 'ਤੇ ਅਮਰੀਕੀ ਨੰਗੀ ਚਿੱਟੀ ਦਖਲ ਅੰਦਾਜ਼ੀ ਸਮੇਂ ਯੂ.ਐਨ.ਓ. ਤਮਾਸ਼ਾਈ ਬਣ ਕੇ ਖਲੋਤਾ ਰਿਹਾ। ਇਰਾਕ ਦੇ ਸਬੰਧ ਵਿਚ ਮਤਾ ਨੰਬਰ 678 ਦੇ ਅਨੁਸਾਰ ਅਮਰੀਕਾ ਅਤੇ ਉਸ ਦੇ 28 ਜੋਟੀਦਾਰਾਂ ਨੂੰ ਸਿੱਧੀ ਕਾਰਵਾਈ ਦਾ ਅਧਿਕਾਰ ਨਹੀਂ ਸੀ ਹੋਇਆ । ਯੂ.ਐਨ.ਚਾਰਟਰ ਦੇ ਆਰਟੀਕਲ 47 ਦੇ ਅਨੁਸਾਰ ਇਕ ਮਿਲਟਰੀ ਸਟਾਫ ਮੌਜੂਦ ਹੈ ਜੋ ਆਰਟੀਕਲ 43 ਦੇ ਸੰਦਰਭ ਵਿਚ ਅੰਤਰ ਰਾਸ਼ਟਰੀ ਸੁਰੱਖਿਆ ਤੇ ਸ਼ਾਂਤੀ ਲਈ ਸੁਰੱਖਿਆ ਕੌਂਸਲ ਦੇ ਫੌਜੀ ਕਾਰਵਾਈਆਂ ਸਬੰਧੀ ਫੈਸਲਿਆ ਨੂੰ ਲਾਗੂ ਕਰਦੀ ਹੈ। ਆਰਟਕਿਲ 46 ਵਿਚ ਸਪਸ਼ਟ ਦਰਸਾਇਆ ਗਿਆ ਹੈ ਕਿ ਫੌਜੀ ਸ਼ਕਤੀ ਦੇ ਪ੍ਰਯੋਗ ਦੀ ਯੋਜਨਾ ਲਈ ਸੁਰੱਖਿਆ ਕੌਂਸਲ ਇਸ ਕਮੇਟੀ ਦੀ ਸਹਾਇਤਾ ਕਰੇਗੀ ਪ੍ਰੰਤੂ ਇਰਾਕ ਵਿਰੁੱਧ ਅਮਰੀਕਾ ਦੇ ਫੌਜੀ ਕਮਾਡਰਾਂ ਨੇ ਪ੍ਰਧਾਨ ਜਾਰਜ ਬੁਸ਼ ਦੀ ਸਿੱਧੀ ਅਗਵਾਈ ਹੇਠ

ਕਾਰਵਾਈ ਕੀਤੀ । ਇਹ ਯੂ.ਐਨ.ਓ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਦੀ ਨੰਗੀ ਚਿੱਟੀ ਕਾਰਵਾਈ ਸੀ । ਜਿਸ ਨੂੰ ਰੂਸ ਅਤੇ ਚੀਨ ਵੀ ਨਾ ਰੋਕ ਸਕੇ । 1991 ਦੀ ਖਾੜੀ ਜੰਗ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਨੇ ਵਾਰ ਵਾਰ ਇਰਾਕ ਨੂੰ ਆਪਣੇ ਸੌੜੇ ਹਿੱਤਾਂ ਲਈ ਜਲੀਲ ਕਰਨਾ ਸ਼ੁਰੂ ਕਰ ਦਿੱਤਾ ।

ਭਾਵੇਂ ਇਹ ਕਾਰਵਾਈ ਇਕ ਵੱਡੇ ਹੈਂਕੜਬਾਜ ਵੱਲੋਂ ਛੋਟੇ ਹੈਂਕੜਬਾਜ ਵਿਰੁੱਧ ਸੀ ਪਰ ਅਮਰੀਕਾ ਨੇ ਤਾਂ ਸਾਰੀ ਦੁਨੀਆਂ ਵਿਚ ਆਪਣੇ ਸਮੁੰਦਰੀ, ਹਵਾਈ ਅਤੇ ਜ਼ਮੀਨੀ ਅੱਡੇ ਬਣਾਏ ਹੋਏ ਹਨ । ਜਿੱਥੋਂ ਉਹ ਕਿਸੇ ਵੀ ਖੇਤਰ ਵਿਚ ਤੁਰੰਤ ਕਾਰਵਾਈ ਕਰ ਸਕਦਾ ਹੈ । ਮੁੱਖ ਤੌਰ 'ਤੇ ਇਹ ਅੱਡੇ ਪੁਰਤਗਾਲ, ਸਪੇਨ,ਯੂਨਾਨ, ਤੁਰਕੀ, ਅਤੇ ਫਿਲਪਾਈਨਜ਼ ਵਿਚ ਹਨ । ਇਨ੍ਹਾਂ ਫੌਜੀ ਅੱਡਿਆਂ ਪ੍ਰਤੀ ਯੂ.ਐਨ.ਓ. ਕਦੇ ਵੀ ਅਮਰੀਕਾ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਸਕੀ । ਖਾੜੀ ਖੇਤਰ ਵਿਚ ਹੋਏ ਘੁਲੂਕਾਰੇ ਸਮੇਂ ਤੁਰਕੀ ਵਿਚਲੇ ਅਮਰੀਕੀ ਫੌਜੀ ਅੱਡੇ ਵਰਦਾਨ ਸਾਬਤ ਹੋਏ । ਫਿਲਪਾਈਨ ਵਿੱਚਲੇ ਅੱਡੇ ਵੀਅਤਨਾਮ ਜੰਗ ਵਿਚ ਬਹੁਤ ਸਹਾਈ ਹੁੰਦੇ ਰਹੇ । ਠੰਡੀ ਜੰਗ ਤੋਂ ਮਗਰੋਂ ਅਮਰੀਕਾ ਨੇ ਆਪਣੇ ਫੌਜੀ ਅੱਡੇ 'ਤੇ ਹਰ ਖੇਤਰ ਵਿਚ ਆਪਣੇ ਸੈਟਾਲਾਈਟ ਦੇਸ਼ ਕਾਇਮ ਕਰ ਲਏ । ਲੱਖਾਂ ਇਰਾਕੀਆਂ ਦੇ ਕਾਤਲ ਅਮਰੀਕਾ ਨੂੰ ਕਤਲ ਕਰਨ ਮਗਰੋਂ ਵੀ ਯੂ.ਐਨ.ਓ ਨੇ ਰੋਕਣ ਜਾਂ ਰੁਕਣ ਦੀ ਹਿੰਮਤ ਨਾ ਕੀਤੀ । ਜ਼ਮੀਨੀ ਲੜਾਈ ਤੋਂ ਪਹਿਲਾਂ ਪਹਿਲਾਂ ਹੀ ਉਹ ਇਰਾਕ ਨੂੰ ਤਬਾਹ ਕਰ ਦੇਣਾ ਚਾਹੁੰਦਾ ਸੀ । ਜ਼ਮੀਨੀ ਲੜਾਈ ਤੋਂ ਪਹਿਲਾਂ ਇਕ ਅਮਰੀਕੀ ਕਮਾਂਡਰ ਕਰਨਲ ਜੌਹਨ ਮੈਕਬਰੂਮ ਨੇ ਕਿਹਾ ਸੀ, " ਮੇਰਾ ਵਿਚਾਰ ਹੈ ਕਿ ਹਵਾਈ ਲੜਾਈ ਹੀ ਜ਼ਮੀਨੀ ਲੜਾਈ ਦਾ ਰਾਜ ਪਧਰਾ ਕਰੇਗੀ । ਮੈ ਚਾਹਾਂਗਾ ਕਿ ਥਲ ਸੈਨਾ ਉਸ ਸਮੇਂ ਲੜਾਈ ਵਿਚ ਕੁੱਦੇ ਜਦੋਂ ਉਸ ਦੇ ਸਾਹਮਣੇ ਆਖਰੀ ਇਕ ਲੱਖ ਇਰਾਕੀ ਫੌਜੀਆਂ ਦੇ ਆਖਰੀ ਫੌਜੀ ਨੂੰ ਖਦੇੜਨ ਦੀ ਸਥਿਤੀ ਹੋਵੇ । ਜਦੋਂ ਤੀਕਰ ਪੂਰੀ ਤਰ੍ਹਾਂ ਨਾਲ ਇਰਾਕ ਦੇ ਸੈਨਿਕ ਸਾਧਨਾਂ ਨੂੰ ਹਮਲਿਆਂ ਵਿਚ ਮਲੀਆਮੇਟ ਨਾ ਕਰ ਦਿੱਤਾ ਜਾਵੇ ਜ਼ਮੀਨੀ ਲੜਾਈ ਸ਼ੁਰੂ ਨਹੀਂ ਹੋਣੀ ਚਾਹੀਦੀ ।" ਗੱਲ ਕੀ ਜਾਰਜ ਬੁਸ਼ ਅਤੇ ਉਸ ਦੇ ਉਚ ਅਧਿਕਾਰੀਆਂ ਨੇ ਇਰਾਕ ਨੂੰ ਨੀਵਾਂ ਦਿਖਾਉਣ ਲਈ ਸ਼ਕਤੀ ਦੀ ਪੂਰੀ ਵਰਤੋਂ ਕੀਤੀ ਪ੍ਰੰਤੂ ਯੂ.ਐਨ.ਓ. ਨੇ ਜਿਥੇ ਹੋਰ ਬਹੁਤ ਸਾਰੀਆਂ ਮੱਲਾਂ ਮਾਰੀਆਂ ਉਥੇ ਇਹ ਕੁਵੈਤ- ਇਰਾਕ ਮਸਲੇ ਨੂੰ ਹੱਲ ਕਰਨ ਵਿਚ ਬੁਰੀ ਤਰ੍ਹਾਂ ਫੇਲ ਹੋ ਗਈ ।

Noam Chomsky, a professar of linguistics of Massachusetts Institute of Technology Bostan, ਨੇ ਰੇਗਿਸਤਾਨ ਵਿਚ ਹੋਏ ਇਸ ਕਤਲੇਆਮ ਬਾਰੇ ਆਪਣੇ ਵਿਚਾਰ ਬਹੁਤ ਹੀ ਡੂੰਘਾਈ ਨਾਲ ਪੇਸ਼ ਕੀਤੇ, "ਦੋ ਅਗਸਤ ਨੂੰ ਜਦੋਂ ਇਰਾਕ ਨੇ ਕੁਵੈਤ 'ਤੇ ਕਬਜ਼ਾ ਕਰ ਲਿਆ, ਇਸ ਤੋਂ ਮਗਰੋਂ ਪਹਿਲੇ ਹਫਤੇ ਹੀ ਅਰਬ ਦੇਸ਼ਾਂ ਦੀ ਰਾਜਦੂਤਕ ਪੱਧਰ 'ਤੇ ਗੱਲਬਾਤ ਸ਼ੁਰੂ ਹੋ ਗਈ ਸੀ । ਸਾਉਦੀ ਅਰਬ ਨੇ ਵੀ ਇਰਾਕ ਦੀ ਸ਼ਾਂਤੀ ਯੋਜਨਾ ਨੂੰ ਪ੍ਰਵਾਨ ਕਰ ਲਿਆ ਸੀ ਅਤੇ ਇਰਾਕ ਅਰਬ ਦੇਸ਼ਾਂ ਦੇ ਮੁੱਖੀਆਂ ਦੀ ਜੱਡਾ ਵਿਚ ਹੋ ਰਹੀ ਮੀਟਿੰਗ Meeting of the Arab Heads of states in Jeddah) ਵਿਚ ਸ਼ਾਮਲ ਹੋਣਾ ਮੰਨ ਗਿਆ ਸੀ । ਇਸ ਮੀਟਿੰਗ ਵਿਚ ਹੋਏ ਸਮਝੌਤੇ ਅਧੀਨ ਇਰਾਕ ਨੇ ਕੁਵੈਤ ਵਿੱਚੋਂ ਆਪਣੀਆਂ ਫੌਜਾਂ ਕੱਢਣੀਆਂ ਸ਼ੁਰੂ ਕਰ

ਦਿੱਤੀਆਂ ਸਨ ਪ੍ਰੰਤੂ ਵਾਈਟ ਹਾਊਸ ਨੇ ਸਾਉਦੀ ਅਰਬ ਨੂੰ ਚਿਤਾਵਨੀ ਦਿੱਤੀ ਕਿ ਉਹ ਕਿਸੇ ਵੀ ਅਜਿਹੇ ਸਮਝੌਤੇ ਨੂੰ ਪਰਵਾਨ ਨਾ ਕਰੇ ਜਿਸ ਦੇ ਜ਼ਰੀਏ ਇਰਾਕ ਕੁਵੈਤ ਵਿੱਚੋਂ ਫੌਜਾਂ ਵਾਪਸ ਬੁਲਾਏ । ਇਰਾਕ ਨੇ ਦੁਬਾਰਾ ਆਪਣੀ ਤਜ਼ਵੀਜ ਅਰਬ ਦੇਸ਼ਾਂ ਦੇ ਮੁੱਖੀਆਂ ਅੱਗੇ ਪਹਿਲਾਂ 12 ਅਗਸਤ ਅਤੇ ਫੇਰ 19 ਅਗਸਤ ਨੂੰ ਪੇਸ਼ ਕੀਤੀ । ਇਸ ਸਮਝੌਤੇ ਰਾਂਹੀ ਇਰਾਕ ਨੇ ਇਨ੍ਹਾਂ ਦੇਸ਼ਾਂ ਨੂੰ ਕਹਿ ਦਿੱਤਾ ਕਿ ਜੇ ਕਰ ਇਰਾਕ ਦਾ ਰੁਮਾਲੀਆ ਤੇਲ ਖੇਤਰ 'ਤੇ ਕੰਟਰੋਲ ਹੋ ਜਾਵੇ ਅਤੇ ਫਲਸਤਨਿ ਦੀ ਸਮੱਸਿਆ ਦਾ ਸਾਂਤੀ ਪੂਰਬਕ ਹੱਲ ਲੱਭ ਲਿਆ ਜਾਵੇ ਤਾਂ ਉਹ ਕੁਵੈਤ ਵਿੱਚੋਂ ਆਪਣੀਆਂ ਫੌਜਾਂ ਵਾਪਸ ਬੁਲਾ ਸਕਦਾ ਹੈ । ਪ੍ਰੰਤੂ ਵਾਈਟ ਹਾਊਸ ਨੇ ਇਨ੍ਹਾਂ ਸਾਰੀਆਂ ਤਜ਼ਵੀਜ਼ਾਂ ਨੂੰ ਇਕ ਦਮ ਨਾ-ਮਨਜ਼ੂਰ ਕਰ ਦਿੱਤਾ । ਇਹੋ ਸੁਝਾਅ ਫਰਾਂਸ ਨੇ 15 ਜਨਵਰੀ 1991 ਨੂੰ ਦਿੱਤਾ ਸੀ । ਇਸ ਸੁਝਾਅ ਨਾਲ ਬੈਲਜੀਅਮ, ਜਰਮਨੀ, ਸਪੇਨ, ਇਟਲੀ, ਅਲਜੀਰੀਆ, ਮਾਸਕੋ, ਟੁਨੇਸ਼ੀਆ ਅਤੇ (N.A.M) ਦੇ ਕਈ ਦੇਸ਼ਾਂ ਨੇ ਸਹਿਮਤੀ ਪ੍ਰਗਟਾਈ ਪ੍ਰੰਤੂ ਅਮਰੀਕਾ ਤੇ ਇੰਗਲੈਂਡ ਨੇ ਇਸ ਨੂੰ ਰੱਦ ਕਰ ਦਿੱਤਾ । ਯੂ.ਐਨ.ਓ. ਦੇ ਸਕੱਤਰ ਜਨਰਲ ਨੇ ਵੀ 14 ਜਨਵਰੀ ਨੂੰ ਇਰਾਕੀ ਸਦਰ ਨਾਲ ਹੋਈ ਗੱਲਬਾਤ ਤੋਂ ਮਗਰੋਂ ਇਹ ਕਿਹਾ ਸੀ ਕਿ "ਇਰਾਕ ਕਿਸੇ ਵੀ ਗਲਬਾਤ ਲਈ ਤਿਆਰ ਹੈ ਜਿਸ ਨਾਲ ਖਾੜੀ ਸੰਕਟ ਨੂੰ ਟਾਲਿਆ ਜਾ ਸਕੇ ਪ੍ਰੰਤੂ ਕਿਸੇ ਬਾਹਰੀ ਦਬਾਅ ਦੇ ਅਧੀਨ ਨਹੀਂ ।" Noam Chomsky ਨੇ ਅੱਗੇ ਚੱਲ ਕੇ ਹੋਰ ਕਿਹਾ ਕਿ "ਅਮਰੀਕੀ ਫੌਜੀਆਂ ਨਾਲ ਜਿਹੜੇ ਕਿ ਖਾੜੀ ਖੇਤਰ ਵਿਚ ਤਾਇਨਾਤ ਕੀਤੇ ਹੋਏ ਸਨ ਵਿਚਾਰ ਵਟਾਂਦਰਾ ਕਰਨ ਤੋਂ ਮਗਰੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਲੜਾਈ ਦਾ ਮੁੱਖ ਕਾਰਨ ਤੇਲ ਖੇਤਰ ਉਤੇ ਕਾਬੂ ਕਰਨਾ ਸੀ । 50% ਫੌਜੀਆਂ ਦਾ ਇਹੋ ਵਿਚਾਰ ਸੀ । ਅਮਰੀਕੀ ਫੌਜ ਦੇ 28 % ਫੌਜੀਆਂ ਦਾ ਵਿਚਾਰ ਸੀ ਕਿ ਜੰਗ ਕੁਵੈਤ ਨੂੰ ਇਰਾਕ ਕੋਲੋਂ ਅਜ਼ਾਦ ਕਰਵਾਉਣ ਲਈ ਨਹੀਂ ਲੜੀ ਗਈ ਸੀ ਸਗੋਂ ਇਰਾਕੀ ਅਰਥਚਾਰੇ ਨੂੰ ਨਸ਼ਟ ਕਰਨ ਲਈ ਲੜੀ ਗਈ ਸੀ । ਹੋਰ 14 % ਫੌਜੀਆਂ ਦਾ ਵਿਚਾਰ ਸੀ ਕਿ ਇਸ ਲੜਾਈ ਦਾ ਮੁੱਖ ਉਦੇਸ਼ ਇਰਾਕ ਦੇ ਹਥਿਆਰਾਂ ਨੂੰ ਕਿਸੇ ਨਾ ਕਿਸੇ ਬਹਾਨੇ ਨਸ਼ਟ ਕਰਨਾ ਸੀ ਨਾ ਕਿ ਕੁਵੈਤ ਨੂੰ ਅਜ਼ਾਦ ਕਰਵਾਉਣਾ । ਅੱਗੇ ਚਲ ਕੇ ਉਸ ਨੇ ਹੋਰ ਕਿਹਾ ਕਿ "ਸਾਉਦੀ ਅਰਬ, ਕੁਵੈਤ ਅਤੇ ਖਾੜੀ ਦੇ ਹੋਰ ਬਹੁਤ ਸਾਰੇ ਦੇਸ਼ਾਂ ਤੋਂ ਅਮਰੀਕਾ ਅਤੇ ਇੰਗਲੈਂਡ ਦੀਆਂ ਆਰਥਿਕ ਨੀਤੀਆਂ, ਕਾਰਪੋਰੇਸ਼ਨਾਂ ਅਤੇ ਵਿੱਤੀ ਸੰਸਥਾਵਾਂ ਨੂੰ ਵੱਡੀ ਪੱਧਰ ਤੇ ਸਹਾਇਤ ਕੀਤੀ ਜਾਂਦੀ ਰਹੀ ਹੈ ਜਿਸ ਕਾਰਨ ਅਮਰੀਕਾ ਅਤੇ ਇੰਗਲੈਂਡ ਨੇ ਤੇਲ ਕੀਮਤਾਂ ਵਿਚ ਹੋਏ ਵਾਧੇ ਦਾ ਭਾਰੀ ਵਿਰੋਧ ਕੀਤਾ ।"

ਟਾਮ ਕਿੰਗ ਇੰਗਲੈਂਡ ਦਾ ਰੱਖਿਆਂ ਮੰਤਰੀ ਸੀ ਉਸ ਨੇ ਇਹ ਆਪ ਮੰਨਿਆ ਸੀ ਕਿ "ਅਮਰੀਕਾ ਅਤੇ ਉਸ ਦੇ ਇਤਿਹਾਦੀ ਦੇਸ਼ਾਂ ਦਾ ਮਕਸਦ ਕੇਵਲ ਕੁਵੈਤ ਨੂੰ ਇਰਾਕ ਦੇ ਚੁੰਗਲ 'ਚੋਂ ਅਜ਼ਾਦ ਕਰਵਾਉਣਾ ਹੀ ਨਹੀਂ ਸੀ ਸਗੋਂ ਇਰਾਕ ਦੀ ਤਾਕਤ ਨੂੰ ਮੁਕੰਮਲ ਤੌਰ 'ਤੇ ਖਤਮ ਕਰਨਾ ਵੀ ਸੀ ।" ਉਨ੍ਹਾਂ ਕਿਹਾ, ਕਿ ਸਲਾਮਤੀ ਕੌਂਸਲ ਦੀ ਧਾਰਾ 678 ਇਤਿਹਾਦੀ ਦੇਸ਼ਾਂ ਨੂੰ ਇਸ ਗੱਲ ਦਾ ਅਧਿਕਾਰ ਦੇਂਦੀ ਸੀ ਕਿ ਉਹ ਖਾੜੀ ਦੇ ਇਲਾਕੇ ਵਿਚ ਅਮਨ ਬਹਾਲ ਕਰਨ । ਇਥੇ ਮੈਂ ਇਹ ਵੀ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਦੇਸ਼ ਅਮਰੀਕਾ ਅਤੇ ਇੰਗਲੈਂਡ ਦੇ ਨਿਰਣੇ ਨਾਲ ਸਹਿਮਤ ਨਹੀਂ ਸਨ । ਉਨ੍ਹਾਂ ਦਾ

ਕਹਿਣਾ ਸੀ ਕਿ ਇਰਾਕ ਨੂੰ ਨਿਸ਼ਾਨਾ ਬਣਾ ਕੇ ਅਮਰੀਕਾ ਅਤੇ ਇਤਿਹਾਦੀ ਦੇਸ਼ ਸਲਾਮਤੀ ਕੌਂਸਲ ਦੇ ਮਤੇ ਦੀਆਂ ਧੱਜੀਆਂ ਉਡਾ ਰਹੇ ਹਨ । ਟਾਮ ਕਿੰਗ ਦਾ ਕਹਿਣਾ ਸੀ ਕਿ "ਇਹ ਕਾਫੀ ਨਹੀਂ ਹੋਵੇਗਾ ਕਿ ਇਰਾਕ ਕੁਵੈਤ 'ਚੋਂ ਨਿਕਲ ਜਾਵੇ ਪਰ ਉਹਦੀ ਜੰਗੀ ਸ਼ਕਤੀ ਮਹਿਫੂਜ਼ ਰਹੇ । ਅਜਿਹਾ ਹੋਣਾ ਮੂਰਖਤਾ ਹੋਵੇਗੀ ਕਿਉਂਕਿ ਅਜਿਹੀ ਸਥਿਤੀ ਵਿਚ ਇਰਾਕ ਫਿਰ ਵੀ ਅਜਿਹਾ ਕਦਮ ਪੁੱਟ ਸਕਦਾ ਹੈ ।"

ਜਾਰਡਨ ਦੀ ਰਾਜਧਾਨੀ ਅਮਾਨ ਵਿਚ ਜਨਤਕ ਰਾਏ ਕੇਂਦਰ ਨੇ ਅਰਬ ਪ੍ਰੈਸ ਤੋਂ ਖਾੜੀ ਜੰਗ ਪ੍ਰਤੀ 1991 ਵਿੱਚ ਇਕ ਸਰਵੇਖਣ ਕਰਵਾਇਆ । ਇਸ ਸਰਵੇਖਣ ਵਿਚ ਪੁੱਛੇ ਗਏ ਲੋਕਾਂ ਦੇ ਵਿਚਾਰਾਂ ਵਿੱਚੋਂ 96 % ਲੋਕਾਂ ਦਾ ਯਕੀਨ ਸੀ ਕਿ "ਅਮਰੀਕੀ ਅਤੇ ਇਤਿਹਾਦੀ ਫੌਜਾਂ ਦਾ ਇਰਾਦਾ ਇਰਾਕੀ ਅਰਥਚਾਰੇ ਨੂੰ ਤਬਾਹ ਕਰਨਾ ਅਤੇ ਅਰਬ ਏਕਤਾ ਨੂੰ ਖੇਰੂੰ-ਖੇਰੂੰ ਕਰਨਾ ਸੀ ।"

ਆਮ ਤੌਰ ਤੇ ਰਾਜਦੂਤਕ ਪੱਧਰ 'ਤੇ ਚਿੱਠੀ ਪੱਤਰ ਵਿਚ ਬਹੁਤ ਸ਼ਾਇਸਤਾ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਜੰਗ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਇਰਾਕ ਦੇ ਰਾਸ਼ਟਰਪਤੀ ਨੂੰ ਜਿਹੜੀ ਚਿੱਠੀ ਲਿਖੀ ਉਸ ਵਿਚ ਸਿੱਧੀਆਂ ਧਮਕੀਆਂ ਦਿੱਤੀਆਂ ਗਈਆਂ ਸਨ । ਸਪਸ਼ਟ ਹੈ ਇਸ ਤਰ੍ਹਾਂ ਦੀ ਚਿੱਠੀ ਦਾ ਅਰਥ ਸਿੱਧੇ ਤੌਰ 'ਤੇ ਪੜ੍ਹਨ ਵਾਲੇ ਨੂੰ ਭੜਕਾਉਣਾ ਸੀ । ਇਸ ਚਿੱਠੀ ਦੇ ਕੁਝ ਅੰਸ਼ ਇਸ ਤਰ੍ਹਾਂ ਹਨ, "ਹਮਲੇ ਦਾ ਕੋਈ ਇਨਾਮ ਨਹੀਂ ਹੋ ਸਕਦਾ । ਨਾ ਹੀ ਕੋਈ ਗੱਲਬਾਤ ਹੋਏਗੀ । ਅਸੂਲਾਂ 'ਤੇ ਸਮਝੌਤਾ ਨਹੀਂ ਹੋ ਸਕਦਾ ਪਰ ਜੇ ਤੂੰ ਮੰਨ ਜਾਵੇਂ ਤਾਂ ਤੈਨੂੰ ਸੰਸਾਰ ਭਾਈਚਾਰੇ ਵਿਚ ਮੁੜ ਸ਼ਾਮਲ ਹੋਣ ਦਾ ਮੌਕਾ ਮਿਲ ਸਕਦਾ ਹੈ । ਇਸ ਦੇ ਨਾਲ ਹੀ ਇਰਾਕ ਅਤੇ ਉਸ ਦੇ ਫੌਜੀ ਟਿਕਾਣੇ ਤਬਾਹੀ ਤੋਂ ਬਚ ਜਾਣਗੇ । ਪਰ ਜੇ ਤੂੰ ਕੁਵੈਤ ਨੂੰ ਬਿਨਾਂ ਸ਼ਰਤ ਅਤੇ ਮੁਕੰਮਲ ਤੌਰ 'ਤੇ ਖਾਲੀ ਨਾ ਕੀਤਾ ਤਾਂ ਤੇਰਾ ਨੁਕਸਾਨ ਸਿਰਫ ਕੁਵੈਤ ਦਾ ਖੁਝੰਣਾ ਹੀ ਨਹੀਂ ਹੋਵੇਗਾ.....।"

ਗੱਲ ਕੀ ਜਾਰਜ ਬੁਸ਼ ਗੱਲਬਾਤ ਰਾਂਹੀ ਮਸਲੇ ਦਾ ਹੱਲ ਨਹੀਂ ਸੀ ਚਾਹੁੰਦਾ । ਇਹੋ ਕਾਰਨ ਸੀ ਕਿ ਉਸ ਨੇ ਸੱਦਾਮ ਹੁਸੈਨ ਦੀਆਂ ਸਾਰੀਆਂ ਸਾਂਤੀ ਤਜਵੀਜ਼ਾਂ ਨੂੰ ਅਸਵੀਕਾਰ ਕਰ ਕੇ ਉਸ ਨੂੰ ਧਮਕੀਆਂ ਭਰੇ ਪੱਤਰ ਲਿਖੇ ਤਾਂ ਕਿ ਉਹ ਗੱਲਬਾਤ ਦਾ ਰਾਹ ਤਿਆਗ ਕੇ ਜੰਗ ਲਈ ਤਿਆਰ ਹੋ ਜਾਵੇ । ਪੱਛਮ ਦਾ ਇਕ ਹੋਰ ਵੱਡਾ ਗੁਣ ਇਹ ਵੀ ਹੈ ਕਿ ਉਹ ਦੁਨੀਆਂ ਦੇ ਸੂਚਨਾ ਤੰਤਰ 'ਤੇ ਕਾਬਜ਼ ਹੋਣ ਕਾਰਨ ਛੋਟੇ ਦੇਸ਼ਾਂ ਨੂੰ ਮਨੋਵਿਗਿਆਨਕ ਤੌਰ 'ਤੇ ਡਰਾਉਣ ਧਮਕਾਉਣ ਵਿੱਚ ਕਿਸੇ ਹੱਦ ਤੱਕ ਕਾਮਯਾਬ ਰਿਹਾ ਹੈ । ਜਾਰਜ ਬੁਸ਼ ਨੇ ਧਮਕੀਆਂ ਭਰੇ ਪੱਤਰਾਂ ਦੇ ਨਾਲ ਹੀ ਸੰਚਾਰ ਮਾਧਿਅਮ ਰਾਂਹੀ ਇਰਾਕ ਨੂੰ ਭੜਕਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ । ਅਗਸਤ 1990 ਵਿਚ ਹੀ ਅਮਰੀਕੀ ਫੌਜ ਨੇ ਸੀ.ਆਈ.ਏ ਨਾਲ ਮਿਲ ਕੇ ਇਰਾਕ ਦਾ ਮਨੋਬਲ ਡੇਗਣ ਲਈ ਇਕ ਯੋਜਨਾ ਬਣਾ ਲਈ ਸੀ । ਜਿਸ ਨੇ ਤੁਰੰਤ ਹੀ ਇਰਾਕ ਦੇ ਵਿਰੁੱਧ ਮਾੜੇ ਪ੍ਰਚਾਰ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਅਤੇ ਦਸੰਬਰ ਤੱਕ ਇਸ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਾ ਸੀ । ਪ੍ਰਚਾਰ ਮਾਧਿਅਮ ਦੀ ਜਿਹੜੀ ਵਰਤੋਂ ਅਮਰੀਕਾ ਨੇ ਇਰਾਕ ਦੇ ਵਿਰੁੱਧ ਕੀਤੀ ਉਸ ਨੇ ਜਰਮਨੀ ਦੇ ਬਦਨਾਮ ਸੂਚਨਾ ਮੰਤਰੀ ਗੋਬਲਜ਼ ਨੂੰ ਵੀ ਮਾਤ ਪਾ ਦਿੱਤੀ ਸੀ । ਸੀ.ਐਨ.ਐਨ. ਵਲੋਂ ਇਰਾਕ ਵਿਰੁੱਧ ਭੰਡੀ ਪ੍ਰਚਾਰ ਏਨਾ ਭੇੜਾ ਸੀ ਕਿ ਇਰਾਕੀ ਸਦਰ ਸੱਦਾਮ ਹੁਸੈਨ ਨੂੰ ਬਹੁਤੀ ਵਾਰ

ਤਾਂ ਸਿਰਫ 'ਸੱਦਾਮ' ਕਹਿ ਕੇ ਹੀ ਸਾਰ ਲਿਆ ਜਾਂਦਾ ਸੀ । ਟੀ.ਵੀ. ਉਤੇ ਤਾਂ ਆਮ ਕਰ ਕੇ 'ਸੱਦਾਮ' ਸ਼ਬਦ ਹੀ ਵਰਤਿਆ ਜਾਂਦਾ ਸੀ । ਸ਼੍ਰੀ ਸੱਦਾਮ ਹੁਸੈਨ ਦੇਸ਼ ਦੇ ਇਕ ਸਰਵਉਚ ਅਹੁਦੇ 'ਤੇ ਬਿਰਾਜਮਾਨ ਸਨ । ਇਸ ਲਈ ਉਨ੍ਹਾਂ ਦਾ ਨਾਂ ਸਤਿਕਾਰ ਨਾਲ ਲੈਣਾ ਚਾਹੀਦਾ ਸੀ ਪ੍ਰੰਤੂ ਉਨ੍ਹਾਂ ਦਾ ਨਾਂ ਸੀ.ਐਨ.ਐਨ. ਰਾਂਹੀ ਕਿਸੇ ਸਧਾਰਨ ਮਨੁੱਖ ਵਾਂਗ ਲਿਆ ਜਾਂਦਾ ਸੀ ਜਿਵੇਂ ਉਹ ਕੋਈ ਗੈਰ-ਇਜ਼ਤਦਾਰ ਵਿਅਕਤੀ ਹੋਵੇ । ਇਹ ਸਭ ਕੁਝ ਇਸ ਲਈ ਕੀਤਾ ਜਾ ਰਿਹਾ ਸੀ ਤਾਂ ਕਿ ਉਸ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਨੀਵਾਂ ਦਿਖਾਇਆ ਜਾ ਸਕੇ ਅਤੇ ਜੰਗ ਦੀ ਸਾਰੀ ਜ਼ੁੰਮਵਾਰੀ ਉਸ 'ਤੇ ਪਾਈ ਜਾਵੇ । ਇਹੋ ਕਾਰਨ ਸੀ ਕਿ ਉਸ ਦੀਆਂ ਅਮਨ ਦੀਆਂ ਤਜ਼ਵੀਜਾਂ ਨੂੰ ਰੱਦ ਕਰ ਕੇ ਧਮਕੀਆਂ ਭਰੇ ਪੱਤਰਾਂ ਅਤੇ ਸੰਚਾਰ ਸਾਧਨਾਂ ਰਾਂਹੀ ਉਸ ਨੂੰ ਜੰਗ ਲਈ ਤਿਆਰ ਕੀਤਾ ਗਿਆ । ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਡੀ' ਕੁਇਅਰ ਇਹ ਮੰਨਦੇ ਹੋਏ ਵੀ ਕੁਝ ਨਹੀਂ ਕਰ ਸਕੇ ਕਿ 15 ਜਨਵਰੀ 1991 ਦੀ ਮਿਥੀ ਗਈ ਮਿਤੀ ਤੋਂ ਪਹਿਲਾਂ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਤਾਂ ਅਮਨ ਦੀ ਕੋਈ ਪੇਸ਼ਕਸ ਠੁਕਰਾਈ ਹੀ ਨਹੀਂ ਸੀ ਅਤੇ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ ਕੋਈ ਪੇਸ਼ਕਸ ਪ੍ਰਵਾਨ ਨਹੀਂ ਸੀ ਕੀਤੀ । ਇਸ ਤੋਂ ਭਲੀ ਭਾਂਤ ਇਹ ਸਿੱਧ ਹੋ ਜਾਂਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਸ਼ਾਂਤੀ ਦੀਆਂ ਸਾਰੀਆਂ ਪੇਸ਼ਕਸ਼ਾਂ ਠੁਕਰਾ ਕੇ ਜੰਗ ਨੂੰ ਪਹਿਲ ਦਿੱਤੀ ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿ ਚੁੱਕੇ ਸਰਫ਼ਰਾਜ ਅਹਿਮਦ ਨੇ ਅਮਰੀਕਾ 'ਤੇ ਦੋਸ਼ ਲਗਾਇਆ ਕਿ "ਉਸ ਦੇ ਇਸ਼ਾਰੇ 'ਤੇ ਹੀ ਕੁਵੈਤ ਨੇ ਇਰਾਕ ਦੇ ਸਰਹੱਦੀ ਇਲਾਕਿਆਂ ਵਿਚ ਤੇਲ ਦੇ ਖੂਹ ਪੁੱਟਣੇ ਸ਼ੁਰੂ ਕਰ ਦਿੱਤੇ ਸਨ ਤੇ ਇਸ ਤਰ੍ਹਾਂ ਉਸ ਨੇ ਇਰਾਕੀ ਤੇਲ ਵੇਚਣਾ ਸ਼ੁਰੂ ਕਰ ਦਿੱਤਾ ਸੀ । ਅਮਰੀਕਾ ਚਾਹੁੰਦਾ ਤਾਂ ਇਸ ਮਸਲੇ ਦਾ ਹੱਲ ਗੱਲਬਾਤ ਰਾਂਹੀ ਕਰਵਾ ਦੇਂਦਾ ਪਰ ਉਹ ਤਾਂ ਚਾਹੁੰਦਾ ਸੀ ਕਿ ਜੰਗ ਹੋਵੇ ਅਤੇ ਉਸ ਨੂੰ ਦਖਲ ਦੇਣ ਦਾ ਮੌਕਾ ਮਿਲ ਜਾਵੇ । ਇਰਾਕ ਚਾਹੁੰਦਾ ਤਾਂ ਕੁਵੈਤ ਪਿੱਛੋਂ ਤੁਰੰਤ ਸਾਉਦੀ ਅਰਬ 'ਤੇ ਹਮਲਾ ਕਰ ਕੇ ਉਸ 'ਤੇ ਕਬਜਾ ਕਰ ਲੈਂਦਾ ਪਰ ਇਰਾਕੀ ਸਦਰ ਨੇ ਅਜਿਹਾ ਨਹੀਂ ਕੀਤਾ । ਸਾਉਦੀਆਂ ਨੇ ਬਿਨ੍ਹਾਂ ਮਤਲਵ ਡਰ ਕੇ ਅਮਰੀਕਾ ਨੂੰ ਬੇਨਤੀਆਂ ਕੀਤੀਆਂ ਕਿ ਉਹ ਆਪਣੀ ਫੌਜ ਭੇਜੇ । ਅਮਰੀਕਾ ਜੋ ਚਾਹੁੰਦਾ ਸੀ ਉਸ ਨੂੰ ਉਹ ਮੌਕਾ ਮਿਲ ਗਿਆ।" ਇਸੇ ਤਰ੍ਹਾਂ ਪਾਕਿਸਤਾਨੀ ਫੌਜਾਂ ਦੇ ਮੁੱਖੀ ਜਨਰਲ ਬੇਗ ਦਾ ਕਹਿਣਾ ਸੀ, 'ਪੱਛਮੀ ਤਾਕਤਾਂ ਨੇ ਕੁਵੈਤ ਵਿਚ ਇਰਾਕ ਨੂੰ ਦਖਲਅੰਦਾਜੀ ਕਰਨ 'ਤੇ ਮਜ਼ਬੂਰ ਕੀਤਾ। ਉਨ੍ਹਾਂ ਨੇ ਸ਼ਾਂਤੀ ਕਾਇਮ ਕਰਨ ਲਈ ਇਰਾਕ ਨੂੰ ਕੋਈ ਅਵਸਰ ਨਹੀਂ ਦਿੱਤਾ ਅਤੇ ਇਰਾਕ ਵਿਰੁੱਧ ਇਕ ਅਜਿਹੀ ਜੰਗ ਛੇੜ ਦਿੱਤੀ ਜਿਸ ਦਾ ਮਕਸਦ ਕੇਵਲ ਉਸ ਨੂੰ ਕੁਵੈਤ ਵਿੱਚੋਂ ਬਾਹਰ ਕੱਢਣਾ ਹੀ ਨਹੀਂ ਸਗੋਂ ਇਰਾਕ ਦੀ ਆਰਥਿਕ ਅਤੇ ਫੌਜੀ ਸ਼ਕਤੀ ਨੂੰ ਨਸ਼ਟ ਕਰਨਾ ਅਤੇ ਇਸ ਦੇ ਪ੍ਰਮਾਣੂ ਠਿਕਾਣਿਆਂ ਨੂੰ ਬਰਬਾਦ ਕਰਨਾ ਵੀ ਸੀ । ਅਮਰੀਕਾ ਅਤੇ ਇਸ ਦੇ ਮਿੱਤਰ ਦੇਸ਼ਾਂ ਨੇ ਯੂ.ਐਨ.ਓ. ਦੇ ਫੁਰਮਾਨ ਦੀ ਉਲੰਘਣਾ ਕੀਤੀ ਜੋ ਕਿ ਕੁਵੈਤ ਨੂੰ ਅਜ਼ਾਦ ਕਰਵਾਉਣ ਲਈ ਜਾਰੀ ਕੀਤਾ ਗਿਆ ਸੀ ।"

ਜ਼ਮੀਨ ਦੋਜ਼ ਬੰਕਰ 'ਤੇ ਡਿਗੀ ਮਿਜ਼ਾਈਲ ਤੋਂ ਮਗਰੋਂ ਇਰਾਕ ਨੇ ਅਮਨ ਪੇਸ਼ਕਸ਼ ਪੇਸ਼ ਕੀਤੀ ਜਿਹੜੀ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ ਅਸਵੀਕਾਰ ਕਰ ਦਿੱਤੀ ।

ਠੀਕ ਉਸੇ ਸਮੇਂ ਜਦੋਂ ਇਰਾਕ ਨੇ ਅਮਨ ਦੀ ਤਜ਼ਵੀਜ਼ ਪੇਸ਼ ਕੀਤੀ ਅਮਰੀਕੀ ਰਾਸ਼ਟਰਪਤੀ ਨੇ ਸਾਉਦੀ ਅਰਬ ਦੇ ਰਾਜਦੂਤ ਨੂੰ ਪੁੱਛਿਆ ਕਿ ਕੀ ਉਸ ਦੇ ਦੇਸ਼ ਨੂੰ ਇਰਾਕੀ ਹਮਲੇ ਦਾ ਅਜੇ ਵੀ ਕੋਈ ਖ਼ਤਰਾ ਹੈ । ਇਸ ਤੋਂ ਭਾਵ ਇਹ ਸੀ ਕਿ ਜੇ ਕਰ ਸਾਉਦੀ ਅਰਬ ਨੂੰ ਅਜੇ ਵੀ ਇਰਾਕ ਤੋਂ ਖਤਰਾ ਹੈ ਤਾਂ ਇਰਾਕ ਦੇ ਅਰਥਚਾਰੇ ਨੂੰ ਹੋਰ ਨਸ਼ਟ ਕਰ ਦਿੱਤਾ ਜਾਵੇ । ਬਰਤਾਨੀਆ ਦੇ ਪ੍ਰਧਾਨ ਮੰਤਰੀ ਜਾਹਨ ਮੇਜਰ ਨੇ ਵੀ ਇਰਾਕੀ ਪੇਸ਼ਕਸ ਨੂੰ ਠੁਕਰਾਉਂਦੇ ਹੋਏ ਕਿਹਾ ਸੀ, "ਇਰਾਕ ਵੱਲੋਂ ਕੁਵੈਤ ਵਿੱਚੋਂ ਨਿਕਲਣ ਬਾਰੇ ਬਿਆਨ ਦਾ ਇਕ ਦਮ ਸਵਾਗਤ ਨਹੀਂ ਕੀਤਾ ਜਾ ਸਕਦਾ ।"

ਜਨਰਲ ਕੌਲਿਨ ਪਾਵੈਲ, ਰਿਚਰਡ ਆਈ ਨੀਲ ਅਤੇ ਹੈਨਰੀ ਗੋਜ਼ਾਲੇਜ਼ ਨੇ ਇਸ ਕਤਲੇਆਮ ਪ੍ਰਤੀ ਆਪਣੇ ਵਿਚਾਰ ਰੱਖੇ । ਜਨਰਲ ਕੌਲਿਨ ਪਾਵੇਲ 1991 ਵਿੱਚ ਅਮਰੀਕੀ ਫੌਜਾਂ ਦੀ ਸਾਂਝੀ ਕਮਾਨ ਦਾ ਮੁੱਖੀ ਸੀ । ਉਸ ਦਾ ਕਹਿਣਾ ਸੀ ਕਿ "ਸਾਡੀਆਂ ਫੌਜਾਂ ਦਾ ਅਸਲੀ ਮਿਸ਼ਨ ਇਰਾਕੀ ਫੌਜਾਂ ਵਿਚ ਵੱਧ ਤੋਂ ਵੱਧ ਅਫਰਾ -ਤਫਰੀ ਮਚਾਉਣਾ, ਉਨਾਂ ਦੇ ਹੌਂਸਲੇ ਪਸਤ ਕਰਨਾ, ਇਰਾਕੀ ਅਰਥਚਾਰੇ ਨੂੰ ਤਬਾਹ ਕਰਨਾ, ਇਰਾਕੀ ਫੌਜਾਂ ਦੀਆਂ ਸਪਲਾਈ ਲਾਈਨਾ ਤੋੜਨਾ ਅਤੇ ਇੰਨ੍ਹਾਂ ਫੌਜਾਂ ਦਾ ਸਫਾਇਆ ਕਰਨਾ ਹੈ ।"ਰਿਚਰਡ ਆਈ ਨੀਲ ਇਤਿਹਾਦੀ ਫੌਜਾਂ ਦੇ ਮੈਰੀਨ ਬਰਗੇਡੀਅਰ ਜਨਰਲ ਸਨ । ਉਨ੍ਹਾਂ ਨੇ ਪੁਰ ਜ਼ੋਰ ਲੜਾਈ ਵਿਚ ਕਿਹਾ ਸੀ, "ਅਸੀਂ ਰਿਪਬਲੀਕਨ ਗਾਰਡਜ਼ ਉਪਰ ਭਾਰੀ ਮਾਤਰਾ ਵਿਚ ਗੋਲਾ ਬਾਰੂਦ ਸੱਟ ਰਹੇ ਹਾਂ.....। ਅਸੀਂ ਇਸ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਾਂ ।" ਇਥੇ ਹੀ ਬੱਸ ਨਹੀਂ । ਜੰਗ ਸ਼ੁਰੂ ਹੋਣ ਤੋਂ ਕੁਝ ਦਿਨਾਂ ਮਗਰੋਂ ਇਕ ਡੈਮੋਕ੍ਰੇਟਿਕ ਐਮ.ਪੀ. ਨੇ ਜਾਰਜ ਬੁਸ਼ ਨੂੰ "ਮਹਾਂ ਦੋਸ਼ੀ" ਕਰਾਰ ਦੇਣ ਦਾ ਮਤਾ ਪੇਸ਼ ਕੀਤਾ । ਜਿਸ ਵਿਚ ਪ੍ਰਧਾਨ ਬੁਸ਼ ਉਪਰ ਫੈਡਰਲ ਕਾਨੂੰਨਾਂ, ਸੰਵਿਧਾਨ ਅਤੇ ਰਾਸ਼ਟਰ ਸੰਘ ਦੇ ਚਾਰਟਰ ਦੀ ਉਲੰਘਣਾ ਕਰਨ, ਦੂਸਰਿਆਂ ਨੂੰ ਰਿਸ਼ਵਤ, ਦਾਬੇ ਅਤੇ ਧਮਕੀਆਂ ਦੇ ਕੇ....ਇਰਾਕ ਵਿਰੁੱਧ ਕਾਰਵਾਈ ਲਈ ਹਮਾਇਤ ਹਾਸਲ ਕਰਨ ਦਾ ਦੋਸ਼ੀ ਕਿਹਾ । ਹੈਨਰੀ ਗੋਜ਼ਾਲੇਜ਼ ਵਲੋਂ ਪੇਸ਼ ਕੀਤੇ ਗਏ ਮਤੇ ਵਿਚ ਸ਼੍ਰੀ ਬੁਸ਼ (ਸੀਨੀਅਰ ਬੁਸ਼) ਉਪਰ 'ਭਿਆਨਕ ਤਬਾਹੀ ਦੇ ਹਥਿਆਰ' ਅਮਲ ਵਿਚ ਲਿਆਉਣ ਦਾ ਦੋਸ਼ ਲਗਾਇਆ ਗਿਆ ਜਿਸ ਨਾਲ ਸ਼ਾਤਮਈ ਹੱਲ ਦੇ ਸਾਰੇ ਰਾਹ ਬੰਦ ਹੋ ਗਏ ।

ਜਦੋਂ ਕਤਲੇਆਮ ਪੂਰੇ ਰੇਗਿਸਤਾਨ ਵਿਚ ਫੈਲ ਚੁੱਕਾ ਸੀ ਅਤੇ ਇਸ ਨੂੰ ਰੋਕਣ ਦੇ ਯਤਨ ਵੀ ਪੂਰੇ ਜ਼ੋਰਾਂ 'ਤੇ ਸਨ । ਉਸ ਸਮੇਂ (1991) ਅਮਰੀਕੀ ਰੱਖਿਆ ਮੰਤਰੀ ਡਿੱਕ ਚੈਨੀ ਕਿਸੇ ਵੀ ਸ਼ਾਂਤੀ ਪ੍ਰਸਤਾਵ ਨੂੰ ਮੰਨਣ ਲਈ ਤਿਆਰ ਨਹੀਂ ਸਨ । ਸ਼ਾਂਤੀ ਪ੍ਰਸਤਾਵ ਨੂੰ ਰੱਦ ਕਰਦਿਆ ਉਨਾਂ ਕਿਹਾ, "ਮੈ ਕਿਸੇ ਵੀ ਤਰ੍ਹਾਂ ਰੁਕਣ ਜਾਂ ਜੰਗਬੰਦੀ ਵਿਚ ਯਕੀਨ ਨਹੀਂ ਰੱਖਦਾ । ਜੰਗ ਭਲਕੇ ਬੰਦ ਹੋ ਸਕਦੀ ਹੈ ਬਸ਼ਰਤੇ ਸੱਦਾਮ ਹੁਸੈਨ ਕੁਵੈਤ ਵਿੱਚੋਂ ਆਪਣੀਆਂ ਫੌਜਾਂ ਕੱਢ ਲਏ । ਜੰਗਬੰਦੀ ਨਾਲ ਕੁਝ ਨਹੀਂ ਸੌਰਨਾ ।" ਅਮਰੀਕਾ ਦੀ ਜੰਗ ਲਈ ਕਾਹਲ ਨੂੰ ਇਕ ਹੋਰ ਅਮਰੀਕੀ ਮਾਹਿਰ ਨੇ ਇਰਾਕੀ ਫੌਜ ਦੇ ਮੁਕਾਬਲੇ ਅਮਰੀਕੀ ਫੌਜ ਦੇ ਬਿਹਤਰ ਹੋਣ ਨੂੰ ਸਾਬਤ ਕਰਨ ਮਗਰੋਂ ਲਿਖਿਆ, "ਅਮਰੀਕੀ ਸੈਨਿਕ ਵਿਹਲੇ ਬੈਠੇ ਤੰਗ ਹੋ ਰਹੇ ਹਨ ਉਨਾਂ ਦੇ ਜੁੱਸੇ ਜੰਗ ਲੜਨ ਲਈ ਭਖ ਰਹੇ ਹਨ । ਉਨ੍ਹਾਂ ਦੀਆਂ ਉਂਗਲਾਂ ਰਫਲਾਂ ਦੇ ਘੋੜੇ ਦੱਬਣ ਲਈ ਵਿਆਕੁਲ ਹਨ । ਉਹ ਹਮਲਾਵਰ ਸੱਦਾਮ ਹੁਸੈਨ ਨੂੰ

ਕੁਚਲ ਦੇਣ ਲਈ ਤਿਆਰ ਹਨ । ਉਨ੍ਹਾਂ ਨੂੰ ਪਤਾ ਹੈ ਕਿ ਜੰਗ ਦੇ ਅਰਥ ਮੌਤ ਵਿਚ ਜਾਂ ਲੂਲੇ-ਲੰਗੜੇ ਹੋਣ ਵਿਚ ਨਿਕਲ ਸਕਦੇ ਹਨ ਪਰ ਉਹ ਹੁਣ ਉਡੀਕ ਨਹੀਂ ਸਕਦੇ । ਅਮਰੀਕੀ ਸੁਭਾਅ ਉਡੀਕਦੇ ਰਹਿਣ ਦਾ ਨਹੀਂ । ਸਵਾ ਚਾਰ ਲੱਖ ਫੌਜੀਆਂ ਵਿੱਚੋਂ ਇਕ ਹਫਤੇ ਦੀ ਲੜਾਈ ਵਿਚ ਦੋ ਢਾਈ ਸੌ ਮਾਰੇ ਜਾਣ ਦਾ ਖ਼ਦਸਾ ਹੈ ਪਰ ਏਨੀ ਕੁ ਕੁਰਬਾਨੀ ਤਾਂ ਦੇਣੀ ਹੀ ਬਣਦੀ ਹੀ ਹੈ ।"

ਜੀਨ ਪਾਏਰੇ ਸ਼ੈਵਨਮੈਂਟ ਫਰਾਂਸ ਦਾ ਰੱਖਿਆ ਮੰਤਰੀ ਸੀ । ਉਹ ਸ਼ੁਰੂ ਤੋਂ ਹੀ ਜੰਗ ਦੇ ਵਿਰੁੱਧ ਸੀ । ਉਸ ਨੇ ਕਦੇ ਵੀ ਜੰਗ ਪ੍ਰਤੀ ਆਪਣੇ ਵਿਰੋਧ ਨੂੰ ਲੁਕਾਇਆ ਨਹੀਂ ਸੀ । ਉਹ ਨਹੀਂ ਚਾਹੁੰਦਾ ਸੀ ਕਿ ਤੇਲ ਬਦਲੇ ਫਰਾਂਸੀਸੀ ਜਾਂ ਯੂਰਪੀ ਲੋਕਾਂ ਦੀ ਆਹੂਤੀ ਦਿੱਤੀ ਜਾਵੇ । ਇਸ ਦੇ ਬਾਵਜੂਦ ਵੀ ਫਰਾਂਸ ਨੇ ਆਪਣੀਆਂ ਫੌਜਾਂ ਖਾੜੀ ਖੇਤਰ ਵਿਚ ਭੇਜ ਦਿੱਤੀਆਂ ਸਨ । ਫਰਾਂਸ ਦੇ ਪ੍ਰਧਾਨ ਮੰਤਰੀ ਫਰਾਂਸਿਸਵਾ ਮਿੱਤਰਾਂ ਅਤੇ ਜੀਨ ਪਾਇਰੇ ਸ਼ੇਵਨਮੈਂਟ ਵਿਚਕਾਰ ਜੰਗ ਦੇ ਮੁੱਦੇ 'ਤੇ ਤਿੱਖੇ ਮਤਭੇਦ ਹੋ ਗਏ । ਜਿਸ ਤੋਂ ਗੁੱਸੇ ਵਿਚ ਆ ਕੇ ਜੀਨ ਪਾਇਰੇ ਸ਼ੈਵਨਮੈਂਟ ਨੇ ਜੰਗ ਦੇ ਐਨ ਵਿਚਕਾਰ ਉਸ ਸਮੇਂ ਆਪਣੇ ਆਹੁਦੇ ਤੋਂ ਅਸਤੀਫਾ ਦੇ ਦਿੱਤਾ ਜਦੋਂ ਜੰਗ ਪੂਰੇ ਜ਼ੋਰਾਂ 'ਤੇ ਸੀ । ਕਿਉਂਕਿ ਉਹ ਇਹ ਨਹੀਂ ਸੀ ਚਾਹੁੰਦਾ ਕਿ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ ਇਰਾਕ ਦੀ ਸਿਵਲੀਅਨ ਵਸੋਂ ਉਤੇ ਬੰਬਾਰੀ ਕਰਨ ਪ੍ਰੰਤੂ ਅਮਰੀਕਾ ਨੇ ਇਰਾਕ 'ਤੇ ਲਗਾਤਾਰ ਬੰਬਾਰੀ ਜਾਰੀ ਰੱਖੀ ਹੋਈ ਸੀ। ਜਨਵਰੀ 1993 ਵਿਚ ਅਮਰੀਕਾ ਨੇ ਇੰਗਲੈਂਡ ਅਤੇ ਫਰਾਂਸ ਦੀਆ ਫੌਜਾਂ ਨਾਲ ਮਿਲ ਕੇ ਇਰਾਕ ਤੋਂ ਸ਼ਰਤਾਂ ਮਨਾਉਣ ਲਈ ਉਸ ਉਤੇ ਦੁਬਾਰਾ ਹਮਲਾ ਕਰ ਦਿੱਤਾ ਜਿਸ ਕਾਰਨ ਇਰਾਕ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ । ਫਰਾਂਸ ਨੇ ਅਮਰੀਕਾ ਵੱਲੋਂ ਕੀਤੀ ਗਈ ਸਿਵਲੀਅਨ ਵਸੋਂ 'ਤੇ ਬੰਬਾਰੀ ਕਾਰਨ ਤੰਗ ਆ ਕੇ ਆਪਣੀਆਂ ਫੌਜਾਂ ਵਾਪਸ ਬੁਲਾ ਲਈਆਂ । ਅਮਰੀਕਾ ਇਰਾਕ ਦੀ ਸਿਵਲੀਅਨ ਵਸੋਂ 'ਤੇ ਬੰਬਾਰੀ ਕਰ ਕੇ ਆਪਣੀਆਂ ਸ਼ਰਤਾਂ ਮਨਾਉਣ 'ਤੇ ਤੁਲਿਆ ਹੋਇਆ ਸੀ ਜਦ ਕਿ ਫਰਾਂਸ ਸਿਵਲੀਅਨ ਵਸੋਂ ਦਾ ਨੁਕਸਾਨ ਨਹੀਂ ਸੀ ਚਾਹੁੰਦਾ । ਇਸ ਲਈ ਦੋਹਾਂ ਦੇਸ਼ਾਂ ਵਿਚਕਾਰ ਮਤਭੇਦ ਪੈਂਦਾ ਹੋ ਗਏ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਅਮਰੀਕਾ ਨੇ ਇਰਾਕ ਨੂੰ ਤਬਾਹ ਕਰਨ ਦਾ ਨਿਸ਼ਾਨਾਂ ਮਿਥਿਆ ਹੋਇਆ ਸੀ । ਭਾਵੇਂ ਉਸ ਨੇ ਇਰਾਕ ਦੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਵੀ ਕਰ ਦਿੱਤਾ ਪ੍ਰੰਤੂ ਤਾਂ ਵੀ ਉਹ ਆਪਣੇ ਨਿਸ਼ਾਨੇ ਵਿਚ ਸਫਲ ਨਾ ਹੋ ਸਕਿਆ । ਇਸ ਲਈ ਹੀ ਹੁਣ ਉਸ ਨੇ ਇਰਾਕ ਨੂੰ ਆਪਣੀ ਨਿਸ਼ਾਨੇਬਾਜੀ ਦੀ ਪ੍ਰੈਕਿਟਸ ਕਰਨ ਦਾ ਮੁੱਜ ਦੇਸ਼ ਸਮਝ ਲਿਆ ਸੀ । ਜਦੋਂ ਵੀ ਅਮਰੀਕਾ ਉਤੇ ਕੋਈ ਵੀ ਆਫਤ ਆਉਂਦੀ ਉਹ ਇਰਾਕ 'ਤੇ ਹਮਲਾ ਕਰਨ ਦੀ ਸੋਚਦਾ ਤਾਂ ਕਿ ਅਮਰੀਕੀ ਲੋਕਾਂ ਦਾ ਧਿਆਨ ਉਸ ਪਾਸੇ ਲਗਾ ਦਿੱਤਾ ਜਾਵੇ ਅਤੇ ਅਮਰੀਕੀ ਰਾਸ਼ਟਰਪਤੀ ਸ਼ੁਹਰਤ ਪ੍ਰਾਪਤ ਕਰ ਲੈਂਦੇ । ਰਾਸ਼ਟਰਪਤੀ ਦੀ ਚੋਣ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਜਾਰਜ਼ ਬੁਸ਼ ਨੇ ਆਪਣੀ ਮਕਬੂਲੀਅਤ ਵਿਚ ਹੋਈ ਕਮੀ ਨੂੰ ਦੇਖਦੇ ਹੋਏ ਇਰਾਕ 'ਤੇ ਮੁੜ ਹਮਲਾ ਕਰਨ ਦੀ ਧਮਕੀ ਵੀ ਦਿੱਤੀ ਸੀ । ਇੱਥੇ ਹੀ ਬੱਸ ਨਹੀ । ਜਾਰਜ਼ ਬੁਸ਼ ਤੋਂ ਮਗਰੋਂ ਨਵੇਂ ਬਣੇ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਵੀ ਉਸ ਨੀਤੀ ਦੀ ਵਰਤੋਂ ਕੀਤੀ । ਉਸ ਨੇ ਵੀ ਸੰਸਾਰ ਸਾਹਮਣੇ ਆਪਣੀ ਧਾਂਕ ਜਮਾਉਣ ਲਈ ਲਾਲ ਸਾਗਰ ਵਿਚ ਖੜੇ ਅਮਰੀਕੀ ਸਮੁੰਦਰੀ ਬੇੜਿਆਂ ਤੋਂ ਕਰੂਜ਼

ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ । ਜਿਸ ਦੇ ਸਿੱਟੇ ਵੱਜੋਂ ਇਰਾਕ ਦੀ ਉਘੀ ਪੇਂਟਰ ਲੈਲਾ ਅੱਤਰ ਅਤੇ ਉਸ ਦਾ ਪਤੀ ਅਬਦਲ ਕਲੇਕ ਜੈਰੀਦਾਨ ਇਸ ਹਮਲੇ ਵਿਚ ਮਾਰੇ ਗਏ । ਲੈਲਾ ਅੱਤਰ "Saddam Hussein Centre For Arts" ਦੀ ਡਾਇਰੈਕਟਰ ਸੀ । ਉਸ ਦੀ ਸਾਰੀ ਬਹੁਮੁੱਲੀ ਕਲਾ ਕਿਰਤ ਇਸ ਹਮਲੇ ਵਿਚ ਤਬਾਹ ਹੋ ਗਈ । ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਿਵਲੀਅਨ ਮਾਰੇ ਗਏ । ਜਿੰਨਾਂ ਵਿਚ ਬਹੁਤੇ ਬੱਚੇ ਅਤੇ ਔਰਤਾਂ ਵੀ ਸ਼ਾਮਲ ਸਨ । ਬਿੱਲ ਕਲਿੰਟਨ ਦਾ ਦੋਸ਼ ਸੀ ਕਿ ਇਰਾਕ ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ਼ ਬੁਸ਼ ਨੂੰ ਉਸ ਸਮੇਂ ਕਤਲ ਕਰਨ ਦੀ ਡੂੰਘੀ ਸਾਜਿਸ਼ ਘੜੀ ਸੀ ਜਦੋਂ ਉਹ ਖਾੜੀ ਜੰਗ ਦੇ ਮੁੱਖ ਮੈਦਾਨ, ਕੁਵੈਤ ਦੇ ਦੌਰੇ 'ਤੇ ਗਏ ਸਨ । ਇਸ ਹਮਲੇ ਤੋਂ ਇਕ ਮਹੀਨੇ ਮਗਰੋਂ ਬਿੱਲ ਕਲਿੰਟਨ ਨੇ ਇਰਾਕ 'ਤੇ ਮੁੜ ਕਰੂਜ਼ ਮਿਜ਼ਾਇਲਾਂ ਨਾਲ ਹਮਲਾ ਕਰ ਦਿੱਤਾ । ਇਸ ਸਮੇਂ ਬਹਾਨਾ ਇਹ ਲਗਾਇਆ ਗਿਆ ਕਿ ਇਰਾਕ ਉਤੇ ਘੁੰਮ ਰਹੇ ਇਕ ਅਮਰੀਕੀ ਜਹਾਜ਼ ਨੂੰ ਕੁਝ ਇਰਾਕੀ ਹਵਾਈ ਜਹਾਜ਼ਾਂ ਨੇ ਆਪਣੇ ਘੇਰੇ ਵਿਚ ਲੈ ਲਿਆ ਸੀ । ਇਸ ਤਰਾਂ ਅਮਰੀਕਾ ਵੱਲੋਂ ਵਾਰ ਇਰਾਕ ਨੂੰ ਜਲੀਲ ਕੀਤਾ ਗਿਆ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਰਾਸ਼ਟਰਪਤੀ ਬਿੱਲ ਕਲਿੰਟਨ ਨੂੰ ਇਰਾਕ ਉਤੇ ਦੋ ਦਰਜਨ ਮਿਜ਼ਾਈਲਾਂ ਦਾਗਣ ਦਾ ਕਈ ਮਹੀਨਿਆਂ ਮਗਰੋਂ ਚੇਤਾ ਕਿਉਂ ਆਇਆ ? ਜਦੋਂ ਇਹ ਸਾਜ਼ਿਸ਼ ਰਚੀ ਗਈ ਸੀ ਉਸ ਵੇਲੇ ਹੀ ਇਹ ਕੁਝ ਕਰਨ ਦਾ ਫੈਸਲਾ ਕਿਉਂ ਨਾ ਕੀਤਾ ਗਿਆ ? ਤੇ ਫੇਰ ਜਦੋਂ ਇਹ ਸਾਜਿਸ਼ ਫੇਲ ਹੀ ਕਰ ਦਿੱਤੀ ਗਈ ਸੀ ਅਤੇ ਜ਼ਾਰਜ ਬੁਸ਼ ਉਤੇ ਇਸ ਸਾਜਿਸ਼ ਦਾ ਕੋਈ ਅਸਰ ਹੀ ਨਹੀਂ ਸੀ ਹੋਇਆ ਤਾਂ ਇਸ ਫੇਲ੍ਹ ਹੋਈ ਸਾਸਿਸ਼ ਬਦਲੇ ਅਮਰੀਕਾ ਵੱਲੋਂ ਇਰਾਕ ਦੇ ਆਮ ਲੋਕਾਂ ਨੂੰ ਕਈ ਮਹੀਨਿਆਂ ਮਗਰੋਂ ਸਜਾ ਦੇਣ ਦੀ ਕੀ ਤੁਕ ਸੀ ? ਇਸ ਹਮਲੇ ਲਈ ਇਰਾਕ ਨੂੰ ਪਹਿਲਾਂ ਚਿਤਾਵਨੀ ਵੀ ਨਹੀਂ ਦਿੱਤੀ ਗਈ ਸੀ ਜਦ ਕਿ ਕੌਮਾਂਤਰੀ ਕਾਨੂੰਨ ਇਹ ਮੰਗ ਕਰਦੇ ਹਨ ਕਿ ਘੱਟੋ-ਘੱਟੋ ਪਹਿਲਾਂ ਵਾਰਨਿੰਗ ਤਾਂ ਦਿੱਤੀ ਜਾਵੇ । ਕਿਸੇ ਵੀ ਦੇਸ਼ ਵਿਰੁੱਧ ਅਮਰੀਕਾ ਵੱਲੋਂ ਇਸ ਤਰ੍ਹਾਂ ਪਹਿਲ ਕਰਨ ਦੀ ਇਹ ਪਹਿਲੀ ਕਾਰਵਾਈ ਨਹੀਂ ਸੀ । ਸੰਨ 1986 ਵਿਚ ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਦੇ ਹੁਕਮ ਉਤੇ ਲਿਬੀਆ ਦੇ ਕਰਨਲ ਗਦਾਫੀ 'ਤੇ ਹਮਲੇ ਕੀਤੇ ਗਏ ਅਤੇ ਉਸ ਦੀ ਗੋਦ ਲਈ ਧੀ ਇਨ੍ਹਾਂ ਹਮਲਿਆਂ ਵਿਚ ਮਾਰੀ ਗਈ । ਕਰਨਲ ਗਦਾਫੀ ਉਤੇ ਦੋਸ਼ ਇਹ ਲਗਾਇਆ ਗਿਆ ਸੀ ਕਿ ਉਸ ਨੇ ਨਿਉਯਾਰਕ ਵਿਚ ਹੋਏ ਬੰਬ ਧਮਾਕਿਆਂ ਦੇ ਦੋਸ਼ੀਆਂ ਦੀ ਸਹਾਇਤਾ ਕੀਤੀ ਸੀ । ਜਨਵਰੀ 1991 ਵਿਚ ਅਮਰੀਕਾ ਨੇ ਇਰਾਕ 'ਤੇ ਜਿਹੜਾ ਹਮਲਾ ਕੀਤਾ ਸੀ ਉਸ ਲਈ ਭਾਵੇਂ ਠੋਸ ਕਾਰਨ ਮੌਜੂਦ ਸਨ ਅਤੇ ਯੂ.ਐਨ.ਓ. ਦੀ ਨਾ ਮਾਤਰ ਪ੍ਰਵਾਨਗੀ ਵੀ । ਪ੍ਰੰਤੂ ਬਿੱਲ ਕਲਿੰਟਨ ਦੁਆਰਾ ਇਰਾਕ ਉਤੇ ਕੀਤੇ ਗਏ ਹਮਲੇ ਲਈ ਨਾ ਹੀ ਕੋਈ ਠੋਸ ਕਾਰਨ ਸੀ ਅਤੇ ਨਾ ਹੀ ਯੂ.ਐਨ.ਓ. ਦੀ ਪ੍ਰਵਾਨਗੀ ਹੀ ਸੀ । ਇਸ ਲਈ ਇਸ ਹਮਲੇ ਨੂੰ ਜੇ ਕਰ ਅਮਰੀਕਾ ਵੱਲੋਂ ਨਿਸ਼ਾਨੇਬਾਜ਼ੀ ਦੀ ਪ੍ਰੈਕਿਟਸ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । ਇਥੇ ਅਮਰੀਕਾ ਲੋਕ ਕਥਾਵਾਂ ਵਿੱਚਲਾ ਉਹ ਭੇੜੀਆ ਸਿੱਧ ਹੋ ਗਿਆ ਜਿਸ ਨੇ ਲੇਲੇ ਨੂੰ ਇਹ ਕਹਿ ਕੇ ਖਾ ਲਿਆ ਸੀ ਕਿ ਉਸ ਦੇ ਬਾਪ ਨੇ ਕਿਸੇ ਸਮੇਂ ਉਸ ਨੂੰ ਗਾਲਾਂ ਦਿੱਤੀਆਂ ਸਨ । ਇਰਾਕ ਕਿਉਂਕਿ ਕੁਵੈਤ ਉਤੇ ਕਬਜ਼ਾ ਕਰਨ ਦੀ ਗਲਤੀ ਕਰ ਬੈਠਾ ਸੀ । ਇਸ ਲਈ ਉਸ ਨੂੰ

ਦਬਕਾ ਮਾਰਨਾ ਸੌਖਾ ਸੀ । ਡੂੰਘਾਈ ਨਾਲ ਸੋਚਿਆ ਜਾਵੇ ਤਾਂ 'ਜ਼ੋਰਾਵਰਾਂ ਦਾ ਸੱਤੀ ਵੀਹੀਂ ਸੌ' ਵਾਲੀ ਗੱਲ ਅਮਰੀਕਾ ਉਤੇ ਬਿਲਕੁਲ ਠੀਕ ਢੁੱਕਦੀ ਹੈ ਇਕ ਸਾਜ਼ਸ ਘੜਨ ਬਦਲੇ ਅਮਰੀਕਾ ਨੇ ਤਾਂ ਇਰਾਕ ਨੂੰ ਸਜਾ ਦੇ ਦਿੱਤੀ ਪ੍ਰੰਤੂ ਇਰਾਕ ਉਤੇ ਹਮਲਾ ਕਰ ਕੇ ਸੱਦਾਮ ਹੁਸੈਨ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਬਦਲੇ ਅਮਰੀਕਾ ਨੂੰ ਸਜਾ ਕੌਣ ਦੇਵੇਗਾ ? ਅਮਰੀਕਾ ਦਾ ਹਰ ਵਾਰ ਇਰਾਕ ਅਤੇ ਇਰਾਕੀ ਸਦਰ 'ਤੇ ਕੀਤਾ ਗਿਆ ਹਮਲਾ 'ਇਰਾਦਾ ਕਤਲ' ਦਾ ਹਮਲਾ ਸੀ । ਸਿਰਫ ਇਹ ਹੀ ਨਹੀਂ, ਸੰਸਾਰ ਭਰ ਦੇ ਕਈ ਨੇਤਾਵਾਂ ਵਿਰੁੱਧ ਜਿਹੜੀਆਂ ਸਾਜਸ਼ਾਂ ਅਮਰੀਕਾ ਦੀ ਸੀ.ਆਈ.ਏ ਕਰਦੀ ਰਹੀ, ਉਨ੍ਹਾਂ ਬਦਲੇ ਅਮਰੀਕਾ ਵਿਰੁੱਧ ਕਿਹੜੀ ਕਾਰਵਾਈ ਕੀਤੀ ਜਾਵੇ । ਇਸ ਦਾ ਸੰਖੇਪ ਵਿਚ ਉਤੱਰ ਇਹ ਦਿੱਤਾ ਜਾ ਸਕਦਾ ਹੈ ਕਿ ਜਿੰਨਾਂ ਚਿਰ ਤੱਕ ਸੰਸਾਰ ਵਿਚ ਅਮਰੀਕਾ ਦਾ ਕੋਈ ਵਿਕਲਪ ਪ੍ਰਯੋਗ ਨਹੀਂ ਉਠੱਦਾ ਉਨੀ ਦੇਰ ਤੱਕ ਅਮਰੀਕੀ ਤੇਜਧਾਰ ਤਲਵਾਰ ਸੰਸਾਰ 'ਤੇ ਲਟਕਦੀ ਰਹੇਗੀ । ਅਨੇਕਾਂ ਇਰਾਕ ਥਾਈਲੈਂਡ ਅਤੇ ਵੀਅਤਨਾਮ ਬਣਦੇ ਰਹਿਣਗੇ ।

ਗੱਲ ਕੀ ਸਿੱਧੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੁਪਰੀਮ ਸ਼ਕਤੀ ਵੱਜੋਂ ਉਭਰਨ ਦੀ ਲਾਲਸਾ ਨੇ ਅਮਰੀਕਾ ਨੂੰ ਜੰਗ ਲੜਨ ਲਈ ਮਜ਼ਬੂਰ ਕੀਤਾ । ਉਸ ਨੇ ਯੂ ਐਸ.ਐਸ.ਆਰ. ਫਰਾਂਸ ਅਤੇ ਡੀ ਕੁਇਆਰ ਦੀਆਂ ਅਮਨ ਤਜਵੀਜ਼ਾ ਠੁਕਰਾ ਕੇ ਇਰਾਕੀ ਸਦਰ 'ਤੇ ਸਿੱਧੇ ਰੂਪ ਵਿਚ ਕਾਤਲਾਨਾ ਹਮਲਾ ਕੀਤਾ । ਇਤਿਹਾਦੀ ਸਭਾ ਦੀ ਮਨਜ਼ੂਰੀ ਦਾ ਨਾ ਮਿਲਣਾ, ਨੋਆਮ ਚੌਮਸਕੀ ਦੇ ਵਿਚਾਰ, ਜਾਰਜ ਬੁਸ਼ ਵੱਲੋਂ ਧਮਕੀਆਂ ਭਰੇ ਪੱਤਰ, ਸੰਚਾਰ ਮਾਧਿਅਮ ਰਾਹੀਂ ਜੰਗ ਨੂੰ ਭੜਕਾਉਣਾ. ਜਨਰਲ ਕੌਲਿਨ ਪਾਵੈਲ, ਰਿਚਰਡ ਆਈ ਨੀਲ, ਹੈਨਰੀ ਗੋਜਾਲੇਜ਼, ਡਿੱਕ ਚੈਨੀ ਅਤੇ ਡਗਲਸ ਹਰਡ ਆਦਿ ਵਿਅਕਤੀਆਂ ਦੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਕਤਲੇਆਮ ਦਾ ਮੁੱਖ ਦੋਸ਼ੀ ਕੌਣ ਸੀ । ਇਸ ਤੋਂ ਉਤਰਕੇ ਬਰਤਾਨੀਆ ਵੀ ਇਸ ਭਿਅੰਕਰ ਕਤਲੇਆਮ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ ਕਿਉਂਕਿ ਕੁਵੈਤ ਨੂੰ ਇਕ ਸੁਤੰਤਰ ਮੁਲਕ ਵੱਜੋਂ ਮਾਨਤਾ ਦਿਵਾਉਣ ਵਿਚ ਸਭ ਤੋਂ ਪਹਿਲਾਂ ਉਸ ਨੇ ਹੀ ਕਦਮ ਚੁੱਕਿਆ ਸੀ ਜਦੋਂ ਇਰਾਕ ਨੇ ਉਸ ਉਤੇ ਆਪਣਾ ਹੱਕ ਜਿਤਾਇਆ ਤਾਂ ਬਰਤਾਨੀਆ ਨੇ ਉਸ ਸਮੇਂ ਤੋਂ ਹੀ ਇਰਾਕ-ਕੁਵੈਤ ਸੀਮਾਂ ਉਤੇ ਕੁਵੈਤ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਫੌਜਾਂ ਭੇਜ ਦਿੱਤੀਆਂ ਸਨ । ਇਸ ਨਾਲ ਜਿਥੇ ਕਈ ਦਹਾਕਿਆਂ ਤੋਂ ਬਰਤਾਨਵੀਂ ਫੌਜੀਆਂ ਨੂੰ ਰੁਜ਼ਗਾਰ ਮਿਲਦਾ ਰਿਹਾ ਉਥੇ ਕੁਵੈਤੀ ਧਨ ਨਾਲ ਬਰਤਾਨੀਆ ਦੀਆਂ ਤਿਜ਼ੋਰੀਆਂ ਵੀ ਭਰਦੀਆਂ ਰਹੀਆਂ । ਬਰਤਾਨੀਆ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਰਾਕ ਉਸ ਦੇ ਰਸਤੇ ਵਿਚ ਕਦੇ ਵੀ ਰੋੜਾ ਬਣ ਸਕਦਾ ਹੈ । ਇਰਾਕ ਵੀ ਉਸ ਦੀ ਖਾੜੀ ਟਾਪੂਹਾਰ ਵਿਚ ਇਸ ਕਿਸਮ ਦੀ ਦਖ਼ਲ-ਅੰਦਾਜ਼ੀ ਨੂੰ ਚੰਗਾ ਨਹੀਂ ਸੀ ਸਮਝਦਾ । ਇਸ ਤਰਾਂ ਦੋਵੇ ਮੁਲਕ ਇਕ ਦੂਜੇ ਪ੍ਰਤੀ ਗੁੱਸੇ ਨਾਲ ਭਰ ਗਏ । ਬਰਤਾਨੀਆ ਵੀ ਕਿਸੇ ਮੌਕੇ ਦੀ ਤਲਾਸ਼ ਵਿਚ ਸੀ ਜਦੋਂ ਇਰਾਕ ਨੂੰ ਕੋਈ ਸਬਕ ਸਿਖਾਇਆ ਜਾਵੇ । ਇਹੋ ਕਾਰਨ ਸੀ ਕਿ ਉਸ ਨੇ ਵੀ ਅਮਰੀਕਾ ਦੇ ਨਾਲ ਮਿਲ ਕੇ ਇਰਾਕੀਆ ਦੇ ਕਤਲੇਆਮ ਵਿਚ ਵਧ-ਚੜ ਕੇ ਹਿੱਸਾ ਲਿਆ ।

ਕਾਂਡ-6

ਮੀਡੀਆ

ਇਹ ਇਤਿਹਾਸ ਦਾ ਪਹਿਲਾ ਮੌਕਾ ਸੀ ਜਦੋਂ ਜੰਗ ਨੂੰ ਟੈਲੀਵੀਜ਼ਨ ਉਤੇ ਨਾਲੋ-ਨਾਲ ਦਿਖਾਇਆ ਗਿਆ ਪਰ ਮਨੁੱਖੀ ਲਾਸ਼ਾਂ, ਸਿਵਲੀਅਨਾਂ ਉਤੇ ਹੋ ਰਹੀ ਬੰਬਾਰੀ ਅਤੇ ਬੰਬਾਂ ਨਾਲ ਤਬਾਹ ਹੋਈਆਂ ਇਮਾਰਤਾਂ ਨੂੰ ਟੈਲੀਵਿਜ਼ਨ 'ਤੇ ਦਿਖਾਉਣ 'ਤੇ ਸਖਤ ਪਾਬੰਦੀਆਂ ਲਗਾਈਆਂ ਹੋਈਆਂ ਸਨ । ਸੀ.ਐਨ.ਐਨ. ਅਤੇ ਬੀ.ਬੀ.ਸੀ. ਨੇ ਇਸ ਕਾਂਢ 'ਤੇ ਪੂਰੀ ਤਰ੍ਹਾਂ ਅਜ਼ਰਾਏਦਾਰੀ ਕਾਇਮ ਕੀਤੀ ਹੋਈ ਸੀ । ਸੀ.ਐਨ.ਐਨ. (Central News Network) ਦੇ ਕੈਮਰੇ ਨਿਰੰਤਰ ਵੱਖ-ਵੱਖ ਕੇਂਦਰਾਂ ਤੋਂ ਪ੍ਰਸਾਰਨ ਜਾਰੀ ਰੱਖ ਰਹੇ ਸਨ ਅਤੇ ਇਨ੍ਹਾਂ ਨੂੰ ਨਾਲੋ-ਨਾਲ ਟੀ.ਵੀ. ਉਤੇ ਦਿਖਾਇਆ ਜਾ ਰਿਹਾ ਸੀ । ਪ੍ਰੰਤੂ ਇਹ ਰਿਪੋਰਟਾਂ ਵੀ ਪੈਂਟਾਗਾਨ (ਅਮਰੀਕੀ ਫੌਜੀ ਵਿਭਾਗ) ਵੱਲੋਂ ਸੈਂਸਰ ਕੀਤੀਆਂ ਜਾਂਦੀਆਂ ਸਨ । 1991 ਦਾ ਹੱਤਿਆ ਕਾਂਢ ਸ਼ੁਰੂ ਕਰਨ ਤੋਂ ਲਗਭਗ ਇਕ ਹਫਤਾ ਪਹਿਲਾਂ ਹੀ ਇਹ ਹੁਕਮ ਜਾਰੀ ਕਰ ਦਿੱਤਾ ਗਿਆ ਸੀ ਕਿ ਹਰ ਕਿਸਮ ਦੀ ਰਿਪੋਰਟ ਭੇਜਣ ਤੋਂ ਪਹਿਲਾਂ ਰਿਪੋਰਟਰ ਨੂੰ ਆਪਣੀ ਰਿਪੋਰਟ ਫੌਜੀ ਸੈਂਸਰ ਨੂੰ ਦਿਖਾਉਣੀ ਪਏਗੀ ਤਾਂ ਕਿ ਇਸ ਨਾਲ ਇਹ ਪਤਾ ਲੱਗ ਸਕੇ ਕਿ ਇਸ ਨਾਲ ਫੌਜੀ ਭੇਦ ਤਾਂ ਜ਼ਾਹਿਰ ਨਹੀਂ ਹੋ ਰਹੇ । ਇਹ ਸੈਂਸਰ ਵੀਅਤਨਾਮ ਦੀ ਜੰਗ ਵੇਲੇ ਲਾਏ ਗਏ ਸੈਂਸਰ ਤੋਂ ਵੀ ਸਖਤ ਸੀ । ਕਈ ਬੰਧਸ਼ਾਂ ਸਹਿਯੋਗੀ ਦੇਸ਼ਾਂ ਦੇ ਪੱਤਰਕਾਰਾਂ ਵਲੋਂ ਰੋਸ ਪ੍ਰਗਟ ਕੀਤੇ ਜਾਣ 'ਤੇ ਵਾਪਸ ਲੈਣੀਆਂ ਪਈਆਂ । ਕਿਸੇ ਫੌਜੀ ਦੀ ਇੰਟਰਵਿਉ ਕਰਨਾ, ਜ਼ਖਮੀ ਸਿਪਾਹੀਆਂ ਦੀਆਂ ਤਸਵੀਰਾਂ ਖਿੱਚਣੀਆਂ ਅਤੇ ਸਾਰੀਆਂ ਇੰਟਰਵਿਉਆਂ ਰਿਕਾਰਡ ਕਰਨਾ ਮਨ੍ਹਾਂ ਸੀ । ਅਖਬਾਰਾਂ ਕਿਸੇ ਜ਼ਖਮੀ ਸਿਪਾਹੀ ਦੀ ਇੰਟਰਵਿਉ ਅਤੇ ਤਸਵੀਰਾਂ ਕਿਸੇ ਫੌਜੀ ਅਧਿਕਾਰੀ ਦੀ ਹਾਜ਼ਰੀ ਵਿਚ ਮਰੀਜ਼, ਡਾਕਟਰ ਅਤੇ ਕਮਾਂਡਰ ਦੀ ਸਹਿਮਤੀ ਨਾਲ ਹੀ ਲੈ ਸਕਦੇ ਸਨ । ਕਰਾਹ ਰਹੇ ਮਰੀਜ਼ਾਂ, ਬੁਰੀ ਤਰ੍ਹਾਂ ਜ਼ਖਮੀ ਹੋਏ ਸੈਨਿਕਾਂ ਜਾਂ ਪਲਾਸਟਿਕ ਸਰਜਰੀ ਕਰਵਾ ਰਹੇ ਮਰੀਜ਼ਾਂ ਦੀਆਂ ਤਸਵੀਰਾਂ ਲੈਣ ਦੀ ਸਖਤ ਮਨਾਹੀ ਸੀ । ਖ਼ਬਰਾਂ ਦੇਣ ਸਮੇਂ ਕਿਸੇ ਸਥਾਨ ਵਿਸ਼ੇਸ਼ ਦਾ ਜ਼ਿਕਰ ਨਹੀਂ ਸੀ ਕੀਤਾ ਜਾਂਦਾ । ਸੈਨਿਕਾਂ ਨੂੰ ਹਰ ਸਮੇਂ ਆਪਣੇ ਸੈਨਿਕ ਗਾਈਡ ਦੇ ਨਾਲ ਰਹਿਣ ਅਤੇ ਉਸ ਦੀਆਂ ਹਦਾਇਤਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਸੀ । ਬਹੁਤ ਸਾਰੇ ਵਿਸ਼ਿਆਂ ਬਾਰੇ ਕੋਈ ਵੀ ਸੂਚਨਾ ਉਨੀ ਦੇਰ ਤੱਕ ਪ੍ਰਕਾਸ਼ਿਤ ਨਹੀਂ ਸੀ ਕੀਤੀ ਜਾਂਦੀ ਜਿੰਨੀ ਦੇਰ ਤੱਕ ਸੁਰੱਖਿਆ ਮੰਤਰਾਲਾ ਜਾਂ ਮੌਕੇ ਦਾ ਲੋਕ ਸੰਪਰਕ ਸਟਾਫ ਆਗਿਆ ਨਹੀਂ ਸੀ ਦੇਂਦਾ ਜਿਵੇਂ :- ਜੰਗੀ ਸੈਨਿਕਾਂ ਦੀ ਗਿਣਤੀ , ਸਮੁੰਦਰੀ ਅਤੇ ਹਵਾਈ ਜਹਾਜ਼ਾਂ ਦੀ ਗਿਣਤੀ, ਜੰਗੀ -ਸਾਜੋ ਸਮਾਨ, ਸੈਨਿਕ ਟਿਕਾਣਿਆਂ ਦੇ ਨਾਂ ਅਤੇ ਇਤਿਹਾਦੀ ਸੈਨਿਕ ਟੁਕੜੀਆਂ ਦੇ ਵਿਸ਼ੇਸ਼ ਟਿਕਾਣੇ, ਭਵਿੱਖ ਵਿਚ ਹੋਣ ਵਾਲੀ ਕਾਰਵਾਈ

ਬਾਰੇ ਸੂਚਨਾ, ਸੈਨਿਕ ਟਿਕਾਣਿਆਂ ਉਤੇ ਸੁਰੱਖਿਆ ਇੰਤਜ਼ਾਮਾਂ ਬਾਰੇ ਸੂਚਨਾ, ਅਜਿਹੀ ਫੋਟੋ ਜਿਸ ਨਾਲ ਫੌਜੀ ਟਿਕਾਣਿਆਂ ਉਤੇ ਸੁਰੱਖਿਆ ਦੇ ਪੱਧਰ ਦਾ ਪਤਾ ਲਗਦਾ ਸੀ ਜਾਂ ਜਿੰਨ੍ਹਾਂ ਰਾਂਹੀ ਫੌਜੀ ਟਿਕਾਣਿਆਂ ਦੀ ਸਥਿਤੀ ਸਪਸ਼ਟ ਹੁੰਦੀ ਸੀ, ਸੂਹ ਕੱਢਣ ਵਾਲੀਆਂ ਸਰਗਰਮੀਆਂ, ਨਿਸ਼ਾਨਿਆਂ, ਢੰਗਾਂ ਅਤੇ ਸਿੱਟਿਆਂ ਬਾਰੇ ਸੁਚਨਾ, ਦੁਸ਼ਮਣ ਦੇ ਟਿਕਾਣਿਆਂ ਵਿਰੁੱਧ ਚਲ ਰਹੀ ਕਾਰਵਾਈ, ਵਿਸ਼ੇਸ਼ ਟੁਕੜੀਆਂ ਅਤੇ ਉਨਾਂ ਦੀ ਕਾਰਵਾਈ ਤਕਨੀਕ ਬਾਰੇ ਸੂਚਨਾ ਆਦਿ ਵਿਸ਼ਿਆ 'ਤੇ ਸਖਤ ਪਾਬੰਦੀ ਲਗਾਈ ਹੋਈ ਸੀ ।

ਦੂਰਦਰਸ਼ਨ ਉਪਰ ਦਿਖਾਏ ਜਾ ਰਹੇ ਜੰਗੀ ਵੀਡੀਓ ਸੀ.ਐਨ.ਐਨ.ਦੁਆਰਾ ਭੇਜੇ ਜਾਂਦੇ ਸਨ । ਤੀਜੀ ਦੁਨੀਆਂ ਦੇ ਮੁਲਕਾਂ ਵਿਚ ਤਾਂ ਇਨ੍ਹਾਂ ਏਜੰਸੀਆਂ ਦੁਆਰਾ ਭੇਜੀ ਗਈ ਖਬਰ ਨੂੰ ਬਿਨ੍ਹਾਂ ਸੋਚੇ ਸਮਝੇ ਇੰਨ-ਬਿਨ ਅਖਬਾਰਾਂ ਅਤੇ ਇਲੈਕਟ੍ਰਾਨਿਕ ਪ੍ਰਚਾਰ ਮਾਧਿਅਮ ਵਿਚ ਪ੍ਰਸਤੁਤ ਕੀਤਾ ਜਾਂਦਾ ਸੀ । ਇਹ ਵੀ ਜ਼ਿਆਦਾਤਰ ਸਰਕਾਰੀ ਅਤੇ ਫੌਜੀ ਵਿਭਾਗਾਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਪ੍ਰੈਸ ਨੋਟਾਂ ਉਪਰ ਨਿਰਭਰ ਕਰਦੇ ਸਨ । ਸੀ.ਐਨ.ਐਨ. ਵੱਲੋਂ ਭੇਜੇ ਗਏ ਵੀ.ਡੀ.ਓ. ਫਿਲਮ ਇਤਿਹਾਦੀ ਫੌਜਾਂ ਦੀ ਰਿਆਧ ਵਿਚਲੀ ਕਮਾਨ ਵੱਲੋਂ ਜਾਰੀ ਜੀਤੇ ਜਾਂਦੇ ਸਨ । ਇਨ੍ਹਾਂ ਵਿਚ ਜਨਰਲ ਸ਼ਵਾਰਜਕੋਫ ਨੂੰ ਪ੍ਰੈਸ ਕਾਨਫਰੰਸਾਂ ਵਿਚ ਅਤਿ ਆਧੁਨਿਕ ਹਵਾਈ ਜਹਾਜ਼ਾਂ ਦੁਆਰਾ ਲੇਜ਼ਰ ਪ੍ਰਣਾਲੀਆਂ ਰਾਂਹੀ ਖਿੱਚੇ ਚਿੱਤਰ ਵਿਖਾਉਂਦਿਆਂ ਦਿਖਾਇਆ ਜਾਂਦਾ ਸੀ । ਪੱਛਮੀ ਪ੍ਰਚਾਰ ਮਾਧਿਅਮਾਂ ਨੇ ਹੱਤਿਆ ਕਾਂਢ ਦੀਆਂ ਪ੍ਰਕਾਸ਼ਿਤ ਹੋ ਰਹੀਆਂ ਖ਼ਬਰਾਂ ਅਤੇ ਤਸਵੀਰਾਂ ਉਤੇ ਪੂਰੀ ਤਰਾਂ ਕੰਟਰੋਲ ਕੀਤਾ ਹੋਇਆ ਸੀ । ਇਸ ਤੋਂ ਭਲੀ ਭਾਂਤ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਕ ਸਰਕਾਰੀ ਧਿਰ ਆਪਣੀ ਅਤੇ ਵਿਰੋਧੀ ਧਿਰ ਪ੍ਰਤੀ ਖ਼ਬਰ ਦੇਣ ਸਮੇਂ ਕਿੰਨੀ ਕੁ ਸੁਹਿਰਦ ਹੋ ਸਕਦੀ ਸੀ । ਮਨੁੱਖਤਾ ਦੇ ਇਸ ਹੱਤਿਆ ਕਾਂਢ ਵਿਚ ਅਮਰੀਕਾ ਦੇ ਸਹਿਯੋਗੀ ਰਾਸ਼ਟਰਾਂ ਨੂੰ "ਮਿੱਤਰ ਦੇਸ਼ਾਂ" ਦੇ ਰੂਪ ਵਿਚ ਪ੍ਰਚਾਰਿਤ ਕਰਨਾ ਪੱਛਮ ਦੀ ਇਕ ਵੱਡੀ ਪ੍ਰਾਪਤੀ ਸੀ । 1991 ਦੀ ਜੰਗ ਵਿਚ ਅਮਰੀਕਾ, ਬਰਤਾਨੀਆ ਅਤੇ ਫਰਾਂਸ ਦਾ ਮੁੱਖ ਰੋਲ ਸੀ । ਇਹ ਤਿੰਨੇ ਦੇਸ਼ ਜੰਗ ਦੇ ਮੋਹਰੀ ਸਨ ਅਤੇ ਜੰਗ ਲੜਨ ਦੇ ਇੱਛੁਕ ਵੀ । ਇਨ੍ਹਾਂ ਤਿੰਨਾਂ ਦੇਸ਼ਾਂ ਤੋਂ ਇਲਾਵਾ ਬਾਕੀ ਸਾਰੇ ਦੇਸ਼ ਪਾਕਿਸਤਾਨ, ਬੰਗਲਾ ਦੇਸ਼, ਸਾਉਦੀ ਅਰਬ, ਸੀਰੀਆ ਅਤੇ ਮਿਸਰ ਆਦਿ ਦੇਸ਼ਾਂ ਦੀਆਂ ਜੰਗ ਵਿਚ ਹਿੱਸਾ ਲੈਣ ਲਈ ਆਪਣੀਆਂ-ਆਪਣੀਆਂ ਮਜ਼ਬੂਰੀਆਂ ਸਨ । ਇਨ੍ਹਾਂ ਦੇਸ਼ਾਂ ਅਤੇ ਹੋਰ ਛੋਟੇ ਛੋਟੇ ਦੇਸ਼ਾਂ ਨੂੰ ਅਮਰੀਕਾ ਦੇ ਦਬਾਅ ਅੱਗੇ ਝੁੱਕ ਕੇ ਜੰਗ ਵਿਚ ਪਰਵੇਸ਼ ਕਰਨਾ ਪਿਆ । ਪਾਕਿਸਤਾਨ ਨੇ ਜੰਗ ਵਿਚ ਇਸ ਲਈ ਪ੍ਰਵੇਸ਼ ਕੀਤਾ ਕਿਉਂਕਿ ਅਮਰੀਕਾ ਨੇ ਉਸ ਨੂੰ ਜੰਗ ਵਿਚ ਹਿੱਸਾ ਨਾ ਲੈਣ ਦੀ ਸੂਰਤ ਵਿਚ ਆਰਥਿਕ ਸਹਾਇਤਾ ਬੰਦ ਕਰਨ ਦਾ ਐਲਾਨ ਕਰ ਦਿੱਤਾ ਸੀ । ਸਾਉਦੀ ਅਰਬ, ਮਿਸਰ ਅਤੇ ਸੀਰੀਆ ਨੇ ਜੰਗ ਵਿਚ ਅਮਰੀਕਾ ਦੀ ਇਸ ਲਈ ਮਦਦ ਕੀਤੀ ਕਿਉਂਕਿ ਉਹ ਇਰਾਕ ਦੀ ਹਰ ਰੋਜ਼ ਵਧ ਰਹੀ ਸੈਨਿਕ ਸ਼ਕਤੀ ਤੋਂ ਭੈ-ਭੀਤ ਸਨ । ਉਨ੍ਹਾਂ ਲਈ ਇਹ ਪ੍ਰਚਾਰ ਕੀਤਾ ਗਿਆ ਕਿ ਇਰਾਕ ਉਨ੍ਹਾਂ ਨੂੰ ਹੜਪ ਕਰ ਲਏਗਾ । ਇਸ ਲਈ ਉਨ੍ਹਾਂ ਨੂੰ ਵੀ ਮਜ਼ਬੂਰੀ ਬਸ ਹੋ ਕੇ ਅਮਰੀਕਾ ਦੀ ਜੰਗ ਵਿਚ ਸਹਾਇਤਾ ਕਰਨੀ ਪਈ । ਇਸੇ ਤਰਾਂ ਚੈਕੋਸਲੋਵਾਕੀਆ, ਹਾਂਡੂਰਾਸ, ਨਾਈਜੀਰੀਆ ਅਤੇ ਸੈਨੀਗਾਲ ਵਰਗੇ ਛੋਟੇ-ਛੋਟੇ ਦੇਸ਼ਾਂ ਨੂੰ ਜੰਗ ਵਿਚ ਨਾ ਚਾਹੁੰਦੇ ਹੋਏ ਵੀ ਪ੍ਰਵੇਸ਼ ਕਰਨ ਲਈ ਮਜ਼ਬੂਰ ਕੀਤਾ ਗਿਆ।

ਪਰ ਇਨ੍ਹਾਂ ਸਾਰੇ ਦੇਸ਼ਾਂ ਨੂੰ 'ਮਿੱਤਰ ਰਾਸ਼ਟਰਾਂ' ਦੇ ਰੂਪ ਵਿਚ ਪ੍ਰਚਾਰਿਤ ਕਰਨਾ, ਤੀਜੀ ਦੁਨੀਆਂ ਦੇ ਮੁਲਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਸੀ । ਇਸ ਤੋਂ ਬਿਨ੍ਹਾਂ ਇਰਾਕੀ ਰੇਡੀਓ ਅਤੇ ਟੀ.ਵੀ ਦੀਆਂ ਖ਼ਬਰਾਂ ਪੱਛਮੀ ਮਾਧਿਅਮ ਹੀ ਦੁਨੀਆਂ ਤੱਕ ਪਹੁੰਚਾ ਰਹੇ ਸਨ ਪਰ ਇਰਾਕ ਦੇ ਦਾਵਿਆਂ ਨੂੰ ਘਟਾ ਕੇ ਪੇਸ਼ ਕਰਦੇ ਸਨ । ਇਰਾਕ ਅਤੇ ਦੁਸ਼ਮਣ ਫੌਜਾਂ ਦੇ ਇਕ ਦੂਸਰੇ ਨੂੰ ਨੁਕਸਾਨ ਪਹੁੰਚਾਉਣ ਦੇ ਦਾਵਿਆਂ ਦਾ ਜੋ ਅਨੁਪਾਤ ਪੱਛਮੀ ਮਾਧਿਅਮ ਵਿੱਚੋਂ ਛਣ ਕੇ ਦੁਨੀਆਂ ਤੱਕ ਪਹੁੰਚਿਆ ਉਹ 1;15 ਅਤੇ 1:20 ਦੇ ਵਿਚਕਾਰ ਦਾ ਸੀ । ਅਮਰੀਕੀ ਫੌਜ ਨੇ ਸੀ.ਆਈ.ਏ ਨਾਲ ਮਿਲ ਕੇ ਇਰਾਕ ਦਾ ਮਨੋਬਲ ਡੇਗਣ ਲਈ ਇਕ ਯੋਜਨਾ ਬਣਾਈ । ਇਸ ਯੋਜਨਾ ਅਧੀਨ ਵਾਇਸ ਆਫ ਅਮਰੀਕਾ ਨੂੰ ਇਰਾਕ ਵਿਚ ਸੁਣਾਉਣ ਲਈ ਹਜ਼ਾਰਾਂ ਰੇਡੀਓ ਉਥੇ ਭੇਜੇ ਗਏ । ਅਮਰੀਕਾ ਨੇ 16 ਜਨਵਰੀ 1991 ਨੂੰ ਲੱਖਾਂ ਪਰਚੇ (ਇਸ਼ਤਿਹਾਰ) ਕੁਵੈਤ 'ਤੇ ਸੁੱਟੇ ਇਨ੍ਹਾਂ ਸੁੱਟੇ ਗਏ ਪਰਚਿਆਂ ਵਿਚ ਇਰਾਕੀ ਫੌਜਾਂ ਨੂੰ ਕੁਵੈਤ ਛੱਡਣ ਲਈ ਕਿਹਾ ਗਿਆ ਸੀ । ਪੱਛਮੀ ਪ੍ਰਚਾਰ ਮਾਧਿਅਮ ਨੇ ਇਥੇ ਹੀ ਬੱਸ ਨਹੀਂ ਕੀਤੀ । ਕੁਵੈਤ ਕੋਲੋਂ ਇਕ ਹੋਰ ਬਿਆਨ ਦਿਵਾਇਆ ਗਿਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਇਰਾਕੀ ਫੌਜੀਆਂ ਨੇ ਕੁਵੈਤ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਹੈ। ਨਾਲ ਹੀ ਇਹ ਵੀ ਕਿਹਾ ਗਿਆ ਕਿ ਬਹੁਤ ਸਾਰੀਆਂ ਇਰਾਕੀ ਫੌਜਾਂ ਨੇ ਮਿਸਰੀ ਫੌਜਾਂ ਅੱਗੇ ਆਤਮਸਮਰਪਣ ਕਰ ਦਿੱਤਾ । ਇਰਾਕ ਦੇ ਵਿਰੁੱਧ ਮਾੜੇ ਪ੍ਰਚਾਰ ਦੀ ਇਸ ਯੋਜਨਾ 'ਤੇ ਅਗਸਤ 1990 ਤੋਂ ਹੀ ਕੰਮ ਸ਼ੁਰੂ ਹੋ ਗਿਆ ਸੀ ਅਤੇ ਦਸੰਬਰ ਮਹੀਨੇ ਵਿਚ ਇਸ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਸੀ । ਇਰਾਕ ਪ੍ਰਤੀ ਇਸ ਦੇ ਮਾੜੇ ਪ੍ਰਚਾਰ ਦਾ ਮੁੱਖ ਮੰਤਵ ਕੁਵੈਤੀ ਛਾਪਾਮਾਰਾਂ ਨੂੰ ਭੜਕਾਉਣਾ ਅਤੇ ਇਰਾਕੀ ਸਰਕਾਰ ਦੇ ਮਨੋਬਲ ਨੂੰ ਡੇਗਣਾ ਅਤੇ ਕਮਜ਼ੋਰ ਕਰਨਾ ਸੀ ।

ਸੀ.ਐਨ.ਐਨ. ਅਤੇ ਬੀ.ਬੀ.ਸੀ ਨੇ ਇਰਾਕੀ ਪੱਖ ਨੂੰ ਬਿਲਕੁਲ ਅਣਗੋਲਿਆ ਕਰ ਦਿੱਤਾ ਸੀ । ਇਰਾਕ ਦੁਆਰਾ ਸਾਉਦੀ ਅਰਬ, ਤੁਰਕੀ, ਇਸਰਾਈਲ, ਬਹਿਰੀਨ ਆਦਿ ਦੇਸ਼ਾਂ ਉਪਰ ਕੀਤੇ ਗਏ ਹਵਾਈ ਹਮਲਿਆਂ ਬਾਬਤ ਤਾਂ ਬਿਲਕੁਲ ਚੁੱਪ ਹੀ ਧਾਰੀ ਗਈ । ਰਿਆਧ ਅਤੇ ਤਲਅਵੀਵ 'ਤੇ ਇਰਾਕੀ ਹਮਲਿਆਂ ਨੂੰ ਬਿਲਕੁਲ ਛੋਟਾ ਕਰ ਕੇ ਦੱਸਿਆ ਜਾਂਦਾ ਸੀ । ਸੀ.ਐਨ.ਐਨ. ਦੁਆਰਾ ਉਹ ਹੀ ਵੀ.ਡੀ.ਓ. ਫਿਲਮ ਪ੍ਰਸਤੁਤ ਕੀਤੇ ਜਾਂਦੇ ਸਨ ਜਿਨ੍ਹਾਂ ਵਿਚ ਪੈਟਰੀਆਟ ਮਿਜ਼ਾਈਲਾਂ ਦੁਆਰਾ ਸਕੱਡ ਮਿਜ਼ਾਈਲਾਂ ਨੂੰ ਤਬਾਹ ਕੀਤਾ ਜਾਂਦਾ ਸੀ । ਇਰਾਕ ਉਤੇ ਲੱਖਾਂ ਟਨ ਬਾਰੂਦ ਸੁੱਟ ਕੇ ਇਹ ਹੀ ਦੱਸਿਆ ਜਾਂਦਾ ਸੀ ਕਿ ਕੇਵਲ ਫੌਜੀ ਅਤੇ ਅਸਲਾ ਭੰਡਾਰਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ ਜਦ ਕਿ ਬਸਰਾ ਅਤੇ ਬਗਦਾਦ ਸੁੱਟੇ ਗਏ ਬੰਬਾਂ ਦੁਆਰਾ ਲੱਗੀ ਅੱਗ ਕਾਰਨ ਸੜ ਰਹੇ ਸਨ, ਪਵਿੱਤਰ ਸ਼ਹਿਰ ਕਰਬਲਾ ਨੂੰ ਵੀ ਨਾ ਬਖਸ਼ਿਆ ਗਿਆ । ਰਿਹਾਇਸ਼ੀ ਅਤੇ ਆਰਥਿਕ ਟਿਕਾਣਿਆਂ 'ਤੇ ਹੀ ਨਹੀਂ ਬਲਕਿ ਧਾਰਮਿਕ ਸਥਾਨਾਂ ਅਤੇ ਹਸਪਤਾਲਾਂ ਉੱਪਰ ਵੀ ਵੱਡੇ ਪੈਮਾਨੇ 'ਤੇ ਬੰਬਾਰੀ ਕੀਤੀ ਗਈ । ਸੀ.ਐਨ.ਐਨ. ਅਤੇ ਬੀ.ਬੀ.ਸੀ. ਨੇ ਇਨ੍ਹਾਂ ਹਮਲਿਆਂ ਨੂੰ ਉਦੋਂ ਹੀ ਸਵੀਕਾਰ ਕੀਤਾ ਜਦੋਂ ਇਰਾਕੀ ਟੀ.ਵੀ ਉੱਪਰ ਇਨ੍ਹਾਂ ਦੀਆਂ ਤਸਵੀਰਾਂ ਪੇਸ਼ ਕਰ ਦਿੱਤੀਆਂ ਗਈਆਂ । ਕੇਵਲ ਇਰਾਨ ਦੀ ਨਿਊਜ਼ ਏਜੰਸੀ 'ਇਰਨਾ' ਨੇ ਹੀ ਪੱਛਮੀ ਪ੍ਰਾਪੇਗੰਡੇ ਨੂੰ ਬੇ-ਬੁਨਿਆਦ ਸਾਬਤ ਕਰਨ ਦੀ ਕੋਸ਼ਿਸ਼ ਕੀਤੀ । ਨਿਕੋਸ਼ੀਆ ਨੇ ਵੀ

ਇਰਾਕੀ ਪੱਖ ਨੂੰ ਸਹੀ ਰੂਪ ਵਿਚ ਪੇਸ਼ ਕਰਨ ਦਾ ਹੰਭਲਾ ਮਾਰਿਆ । ਇਰਾਕੀ ਸਦਰ ਸੱਦਾਮ ਹੁਸੈਨ ਨੇ 21 ਜਨਵਰੀ ਨੂੰ ਆਪਣੇ ਸਰਕਾਰੀ ਟੀ.ਵੀ. ਦਾ ਇਸਤੇਮਾਲ ਕਰ ਕੇ ਇਤਿਹਾਦੀ ਫੌਜਾਂ ਦੇ ਯੁੱਧ-ਬੰਦੀਆਂ ਤੋਂ ਹੀ ਅਮਰੀਕਾ ਦੇ ਖਿਲਾਫ ਬਿਆਨ ਦਿਵਾਇਆ। ਉਸ ਨੇ ਇਨ੍ਹਾਂ ਜੰਗੀ ਕੈਦੀਆਂ ਨੂੰ ਇਰਾਕ ਦੇ ਪ੍ਰਸਿੱਧ ਠਿਕਾਣਿਆਂ 'ਤੇ ਭੇਜੇ ਜਾਣ ਦਾ ਐਲਾਨ ਕਰ ਕੇ ਅਮਰੀਕੀਆਂ ਦੇ ਮਾਨਵ ਪ੍ਰੇਮ ਨੂੰ ਹਿਲਾ ਕੇ ਰੱਖ ਦਿੱਤਾ । ਇਸ 'ਤੇ ਜਾਰਜ਼ ਬੁਸ਼ ਵਿਚ ਗੁੱਸੇ ਦੀ ਲਹਿਰ ਦੌੜ ਗਈ । ਉਸ ਨੇ ਤੰਗ ਹੋ ਕੇ ਕਿਹਾ "ਮੈਨੂੰ ਸਮਝ ਨਹੀਂ ਲੱਗਦੀ ਕਿ ਉਹ (ਸੱਦਾਮ ਹੁਸੈਨ) ਜੰਗੀ ਕੈਦੀਆਂ ਨੂੰ ਟੀ.ਵੀ. ਉਤੇ ਦਿਖਾ ਕੇ ਕੀ ਸਿੱਧ ਕਰਨਾ ਚਾਹੁੰਦਾ ਹੈ ।" ਇਸ ਤੋਂ ਮਗਰੋਂ ਸਾਰੀ ਦੁਨੀਆਂ ਨੂੰ ਪਤਾ ਲੱਗ ਗਿਆ ਕਿ ਸੀ.ਐਨ.ਐਨ. ਅਤੇ ਬੀ.ਬੀ.ਸੀ. ਜੰਗ ਦੀ ਅਸਲੀ ਤਸਵੀਰ ਨੂੰ ਪੇਸ਼ ਨਹੀਂ ਕਰ ਰਹੀਆਂ। ਤੀਜੀ ਦੁਨੀਆਂ ਦੇ ਦੇਸ਼ ਜਿਹੜੇ ਸੀ.ਐਨ.ਐਨ. ਅਤੇ ਬੀ.ਬੀ.ਸੀ 'ਤੇ ਖ਼ਬਰਾਂ ਲਈ ਨਿਰਭਰ ਕਰਦੇ ਸਨ, ਉਨਾਂ ਦਾ ਇਨ੍ਹਾਂ ਪੱਛਮੀ ਏਜੰਸੀਆ ਤੋਂ ਵਿਸ਼ਵਾਸ ਉਠ ਗਿਆ । ਪ੍ਰੰਤੂ ਇਹ ਏਜੰਸੀਆਂ ਵੀ ਸਰਕਾਰੀ ਸੈਂਸਰਸ਼ਿਪ ਤੋਂ ਬਾਹਰ ਨਹੀਂ ਸੀ ਜਾ ਸਕਦੀਆਂ । ਇੰਨਾ ਕੁਝ ਹੋਣ 'ਤੇ ਵੀ ਇਨ੍ਹਾਂ ਏਜੰਸੀਆਂ ਤੋਂ ਇਲਾਵਾ ਕੁਝ ਏਜੰਸੀਆਂ ਨੇ ਖਾੜੀ ਸੰਕਟ ਦੀ ਨਿਡਰ ਹੋ ਕੇ ਨਿਰਪੱਖ ਰੂਪ ਵਿਚ ਹੂ-ਬ-ਹੂ ਤਸਵੀਰ ਪੇਸ਼ ਕੀਤੀ । ਤਹਿਰਾਨ ਵਿਚ ਬੀ.ਬੀ.ਸੀ.(Britsh Broadcasting Corpooation) ਅਤੇ ਸੀ.ਐਨ.ਐਨ. ਦੀਆਂ ਖ਼ਬਰਾਂ ਦਾ ਉਦੋਂ ਪਰਦਾ ਉਤਾਰ ਦਿੱਤਾ ਜਦੋਂ ਉਥੇ ਇਹ ਖ਼ਬਰ ਪ੍ਰਕਾਸ਼ਿਤ ਕੀਤੀ ਗਈ ਕਿ ਅਮਰੀਕਨ ਫੌਜੀਆਂ ਦੀਆਂ ਲਾਸ਼ਾਂ ਡੋਵਰ ਦੇ ਹਵਾਈ ਅੱਡੇ 'ਤੇ ਪਹੁੰਚ ਰਹੀਆਂ ਹਨ। ਇਹ ਉਹ ਹੀ ਅੱਡਾ ਸੀ ਜਿਸ 'ਤੇ ਵੀਅਤਨਾਮ ਅਤੇ ਗਰੇਨਾਡਾ ਦੀਆਂ ਲੜਾਈਆਂ ਵਿਚ ਮਾਰੇ ਜਾਣ ਵਾਲੇ ਅਮਰੀਕਨਾਂ ਦੀਆਂ ਲਾਸ਼ਾਂ ਲਿਆਦੀਆਂ ਜਾਂਦੀਆਂ ਸਨ । ਇਹ ਵੀ ਦੱਸਿਆ ਗਿਆ ਕਿ ਅਮਰੀਕਨ ਅਧਿਕਾਰੀ ਮਾਰੇ ਜਾਣ ਵਾਲੇ ਅਮਰੀਕਨਾਂ ਦੀ ਗਿਣਤੀ ਨਹੀਂ ਦੱਸਦੇ । ਇਹੋ ਹੀ ਨਹੀਂ ਸਗੋਂ ਮ੍ਰਿਤਕਾਂ ਦੇ ਅੰਤਮ ਸੰਸਕਾਰ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸ਼ਾਮਲ ਹੋਣ ਦੀ ਇਜ਼ਾਜ਼ਤ ਵੀ ਨਹੀਂ ਦਿੱਤੀ ਜਾਂਦੀ ਸੀ । ਅਮਰੀਕਾ ਵਿਚ ਅੰਤਮ ਸੰਸਕਾਰ ਦੀਆਂ ਖ਼ਬਰਾਂ ਪ੍ਰਕਾਸ਼ਿਤ ਕਰਨ ਦੀ ਮਨਾਹੀ ਸੀ । ਜਦੋਂ ਇਹ ਲਾਸ਼ਾਂ ਅੱਡੇ 'ਤੇ ਲਿਆਂਦੀਆਂ ਜਾਂਦੀਆਂ ਤਾਂ ਪੱਤਰਕਾਰਾਂ ਨੂੰ ਇਨ੍ਹਾਂ ਦੇ ਤਬੂਤ ਦੇਖਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ । ਪੱਤਰਕਾਰਾਂ ਨੂੰ ਪਹਿਲਾਂ ਹੀ ਅੱਡੇ ਤੋਂ ਦੂਰ ਕਰ ਦਿੱਤਾ ਜਾਂਦਾ ਸੀ । ਫਰਾਂਸ ਦੀ ਖ਼ਬਰ ਏਜੰਸੀ ਅਨੁਸਾਰ ਜਦੋਂ 1991 ਦੀ ਜੰਗ ਸਮੇਂ ਕੈਲੀਫੋਰਨੀਆ ਵਿਚ ਜਲ ਸੈਨਾਂ ਦੇ ਬੇਸ ਕੈਂਪ ਵਿਚ ਇਹ ਦੱਸਿਆ ਗਿਆ ਕਿ 'ਥਲ ਸੈਨਾ ਦੇ ਪਹਿਲੇ ਯੁੱਧ ਵਿਚ ਮੈਰੀਨ ਡਵੀਜ਼ਨ ਦੇ 15 ਫੌਜੀ ਮਾਰੇ ਗਏ ਹਨ' ਤਾਂ ਅਮਰੀਕਾ ਵਿਚ ਦੁੱਖ ਅਤੇ ਚਿੰਤਾ ਦੀ ਲਹਿਰ ਦੌੜ ਗਈ । ਇਹ ਖ਼ਬਰ ਸੁਣਦਿਆਂ ਹੀ ਅਮਰੀਕਾ ਵਿਚ ਟੈਲੀਫੋਨ ਦੀਆਂ ਘੰਟੀਆਂ ਦਾ ਤਾਂਤਾ ਬੱਜ ਗਿਆ । ਹਰ ਆਦਮੀ ਇਹ ਸੁਣਨਾ ਚਾਹੁੰਦਾ ਸੀ ਕਿ ਕਿਸ ਯੂਨਿਟ ਦੇ ਸੈਨਿਕ ਮਾਰੇ ਗਏ ਹਨ । ਅਸਲੀ ਖ਼ਬਰਾਂ ਪੇਸ਼ ਹੋਣ 'ਤੇ ਵੀ ਸੀ.ਐਨ.ਐਨ. ਅਤੇ ਬੀ.ਬੀ.ਸੀ. ਇਨ੍ਹਾਂ ਦਾ ਖੰਡਨ ਕਰਦੀਆਂ ਰਹੀਆਂ । ਕਿਉਂਕਿ ਤੀਜੀ ਦੁਨੀਆਂ ਦੇ ਦੇਸ਼ ਇਨ੍ਹਾਂ ਖ਼ਬਰ ਏਜੰਸੀਆਂ ਉਤੇ ਨਿਰਭਰ ਕਰਦੇ ਸਨ । ਇਹ ਦੇਸ਼ ਹਰ ਖ਼ਬਰ ਨੂੰ ਸੱਚੀ ਸਮਝ ਕੇ ਉਸ ਨੂੰ ਪੇਸ਼ ਕਰਦੇ ਸਨ । ਅਮਰੀਕਾ ਅਤੇ ਬਰਤਾਨੀਆ ਨੇ ਖਾੜੀ ਸੰਕਟ ਨੂੰ

ਹੀ ਨਹੀਂ ਬਲਕਿ ਸੱਦਾਮ ਹੁਸੈਨ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਉਹ ਸਭ ਮੀਡੀਆ ਦੇ ਪੇਸ਼ੇ ਦੀਆਂ ਉਚੱ ਕਦਰਾਂ ਕੀਮਤਾਂ ਨੂੰ ਠੇਸ ਪਹੁੰਚਾਉਣ ਵਾਲਾ ਸੀ । ਰਾਸ਼ਟਰਪਤੀ ਸੱਦਾਮ ਹੁਸੈਨ ਨੂੰ 'ਸੱਦਾਮ' ਲਿਖਣਾ ਅਤੇ ਪੁਕਾਰਨਾ ਹੀ ਚੁੱਕਵਾਂ ਸਮਝਿਆ ਗਿਆ ਜਿਵੇਂ ਉਹ ਰਾਸ਼ਟਰਪਤੀ ਨਾ ਹੋ ਕੇ ਕੋਈ ਮੁੰਡਾ-ਖੁੰਡਾ ਜਾਂ ਕੋਈ ਭਗੋੜਾ ਗੁੰਡਾ ਹੋਵੇ । ਕਿਸੇ ਨੇ ਇਹ ਨਾ ਸਮਝਿਆ ਕਿ ਸੱਦਾਮ ਹੁਸੈਨ ਇਕ ਦੇਸ਼ ਦੇ ਸਰਵਉਚ ਪਦ 'ਤੇ ਬਿਰਾਜਮਾਨ ਹਨ ਅਤੇ ਸਿਸਟਾਚਾਰ ਦੇ ਨਾਤੇ ਉਨ੍ਹਾਂ ਨੂੰ ਹਰ ਅਦਬ ਅਤੇ ਸਤਿਕਾਰ ਦੇਣਾ ਬਣਦਾ ਸੀ । ਭਾਰਤ ਵਰਗੇ ਮਹਾਨ ਲੋਕਤੰਤਰ ਦੇਸ਼ ਨੇ ਨਿਰਪੱਖ ਰਹਿ ਕੇ ਵੀ ਅਮਰੀਕਾ ਅਤੇ ਬਰਤਾਨੀਆ ਦੇ ਪ੍ਰਚਾਰ ਮਾਧਿਅਮ ਦੇ ਪਿੱਛੇ ਲੱਗ ਕੇ ਇਹੋ ਵਤੀਰਾ ਅਪਣਾਇਆ । ਪਾਕਿਸਤਾਨੀ ਵੀ ਸਿਰਫ ਹਮਲਾਵਰਾਂ ਦੇ ਬਿਆਨ ਹੀ ਦੇ ਰਹੇ ਸਨ । ਅਮਰੀਕਾ ਅਤੇ ਇਤਿਹਾਦੀ ਫੌਜਾਂ ਦੇ ਹਮਲਿਆਂ ਨੂੰ ਬਹੁਤ ਵਧਾ ਚੜਾ ਕੇ ਪੇਸ਼ ਕੀਤਾ ਜਾਂਦਾ ਸੀ । 1991 ਵਿਚ ਇਰਾਕ ਵਿਰੁੱਧ ਲੜੀ ਗਈ ਜੰਗ ਮਗਰੋਂ ਤਰ੍ਹਾਂ ਤਰ੍ਹਾਂ ਦੇ ਝੂਠ ਦਾ ਪਰਦਾਫਾਸ਼ ਹੋਣ ਲੱਗਿਆ । ਤੀਜੀ ਦੁਨੀਆਂ ਦੇ ਦੇਸ਼ ਤਾਂ ਹੈਰਾਨ ਹੋ ਗਏ ਜਦੋਂ ਜੰਗ ਦੀ ਅਸਲ ਤਸਵੀਰ ਉਨਾਂ ਦੇ ਸਹਮਣੇ ਆਈ ਕਿ ਕੁਵੈਤ ਨੂੰ ਅਜ਼ਾਦ ਕਰਵਾਉਣ ਪਿੱਛੋਂ ਅਮਰੀਕਾ ਦਾ ਅਸਲ ਮਕਸਦ ਕੀ ਸੀ, ਅਮਰੀਕਾ ਨੇ ਇਹ ਜਿੱਤ ਕਿਵੇਂ ਪ੍ਰਾਪਤ ਕੀਤੀ । ਸੱਦਾਮ ਹੁਸੈਨ 'ਤੇ ਕਾਤਲਾਨਾ ਹਮਲਾ ਕਿਉਂ ਕੀਤਾ ਗਿਆ ? ਆਦਿ ਬਹੁਤ ਸਾਰੇ ਸਵਾਲ ਲੋਕਾਂ ਦੇ ਦਿਮਾਗ ਵਿਚ ਛਾ ਗਏ । ਲੋਕਾਂ ਦੀਆਂ ਨਜ਼ਰਾਂ ਨੂੰ ਦੇਖਦਿਆਂ ਸੀਨੀਅਰ ਬੁਸ਼ ਨੇ ਜੰਗ ਸਮੇਂ ਭਾਵੇਂ ਵਾਰ-ਵਾਰ ਇਹ ਐਲਾਨ ਕੀਤਾ ਕਿ ਅਮਰੀਕਾ ਦਾ ਸੁੱਦਾਮ ਹੁਸੈਨ ਨੂੰ ਕਤਲ ਕਰਨ ਦਾ ਕੋਈ ਇਰਾਦਾ ਨਹੀਂ ਪਰ ਜੰਗ ਦੇ ਇਤਿਹਾਸ ਨੂੰ ਡੂੰਘਾਈ ਵਿਚ ਖੋਜਣ ਤੋਂ ਮਗਰੋਂ ਇਹ ਗੱਲ ਸਾਹਮਣੇ ਆ ਗਈ ਕਿ ਜੰਗਬੰਦੀ ਦੀ ਆਖਰੀ ਰਾਤ ਅਮਰੀਕੀ ਹਵਾਈ ਫੌਜ ਦੇ ਦੋ ਬੰਬਾਰਾਂ ਨੇ ਸੱਦਾਮ ਹੁਸੈਨ ਨੂੰ ਮਾਰਨ ਲਈ ਵਿਸ਼ੇਸ਼ ਤੌਰ 'ਤੇ ਬਣਾਏ ਗਏ ਪੰਜ-ਪੰਜ ਹਜ਼ਾਰ ਪੌਂਡ ਦੇ ਦੋ ਸ਼ਕਤੀਸ਼ਾਲੀ ਬੰਬ ਬਗ਼ਦਾਦ ਤੋਂ 15 ਮੀਲ ਦੂਰ ਡੂੰਘੇ ਬੰਕਰ 'ਤੇ ਸੁੱਟੇ ਜਿਥੇ ਉਨ੍ਹਾਂ ਨੂੰ ਇਹ ਸ਼ੱਕ ਸੀ ਕਿ ਇਥੇ ਸੱਦਾਮ ਹੁਸੈਨ ਠਹਿਰਿਆ ਹੋਇਆ ਹੈ । ਇਹਨਾਂ ਦੋ ਨਵੇਂ ਜੀ-ਬੀ-ਯੂ-28 ਬੰਬਾਂ ਨੂੰ ਬੰਕਰਤੋੜੂ ਬੰਬ ਕਿਹਾ ਜਾਂਦਾ ਸੀ । ਇਹ 15 ਜਨਵਰੀ 1991 ਨੂੰ ਇਰਾਕ 'ਤੇ ਹਵਾਈ ਹਮਲਾ ਕਰਨ ਤੋਂ ਬਾਅਦ ਅਮਰੀਕੀ ਹਵਾਈ ਫੌਜ ਵੱਲੋਂ ਕਰੈਸ਼ ਡਿਵੈਲਪਮੈਂਟ ਪ੍ਰੋਗਰਾਮ ਅਧੀਨ ਬਣਾਏ ਗਏ ਸਨ । ਫਲੋਰੀਡਾ ਵਿਖੇ ਐਲਗਮ ਹਵਾਈ ਕੇਂਦਰ ਵਿਚ ਫੌਜੀ ਹਥਿਆਰਾਂ ਦੇ ਭੰਡਾਰਾਂ ਦੇ ਮੁੱਖ ਇੰਜੀਨੀਅਰ ਵੀਮੋਰਟਸ ਨੇ 1990 ਵਿਚ ਹੀ ਡੂੰਘੇ ਬੰਕਰਾਂ ਨੂੰ ਤਬਾਹ ਕਰਨ ਵਾਲੇ ਬੰਬਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ । ਉਨ੍ਹਾਂ ਦਾ ਕਹਿਣਾ ਸੀ ਕਿ ਦੋ-ਦੋ ਹਜ਼ਾਰ ਪੌਂਡ ਵਾਲੇ ਬੰਬ ਜੋ ਕੰਮ ਨਹੀਂ ਕਰ ਸਕੇ ਉਹ ਕੰਮ, ਇਹ ਬੰਬ ਜੀ.ਬੀ.ਯੂ -28 ਕਰੇਗਾ । 26 ਜਨਵਰੀ 1991 ਨੂੰ ਇਹ ਦੋਵੇਂ ਬੰਬ ਸੀ-141 ਟ੍ਰਾਂਸਪੋਰਟ ਜਹਾਜ਼ ਰਾਂਹੀ ਸਾਉਦੀ ਅਰਬ ਦੇ ਇਕ ਹਵਾਈ ਅੱਡੇ ਉਤੇ ਭੇਜ ਦਿੱਤੇ ਗਏ । 27 ਫਰਵਰੀ ਦੀ ਰਾਤ ਨੂੰ ਦੋ ਬੰਬਾਰ ਜਹਾਜ਼ਾਂ ਨੇ ਗਾਈਡੈਂਸ ਕੰਟਰੋਲ ਪ੍ਰਣਾਲੀ ਰਾਂਹੀ ਅਲਤਾਨੀ ਹਵਾਈ ਅੱਡੇ ਕੋਲ 200 ਵਰਗ ਫੁੱਟ ਦੇ ਖੇਤਰ ਵਿਚ ਫੈਲੇ ਇਕ ਡੂੰਘੇ ਬੰਕਰ ਉਤੇ ਸੁੱਟ ਦਿੱਤੇ । ਬੰਕਰ ਨੂੰ ਭਾਰੀ ਨੁਕਸਾਨ ਪੁੱਜਾ । ਪਰ ਬੰਬ ਸੁੱਟਣ ਤੋਂ ਪਹਿਲਾਂ ਹੀ ਇਰਾਕ ਦੀਆਂ ਖੁਫੀਆਂ ਫੋਰਸਾਂ ਨੇ ਸੱਦਾਮ ਹੁਸੈਨ ਨੂੰ

ਬੰਕਰ ਵਿਚੋਂ ਸੁਰੱਖਿਅਤ ਬਾਹਰ ਕੱਢ ਲਿਆ । ਇਸ ਤੋਂ ਪਹਿਲਾਂ ਵੀ ਤਿੰਨ ਵਾਰ ਸੱਦਾਮ ਹੁਸੈਨ ਦੇ ਮਹੱਲਾਂ ਦੇ ਬੰਕਰਾਂ 'ਤੇ ਦੋ-ਦੋ ਹਜ਼ਾਰ ਪੌਂਡ ਦੇ ਕਈ ਬੰਬ ਸੁੱਟੇ ਪਰ ਉਹ ਇਹਨਾਂ ਬੰਕਰਾਂ ਦਾ ਕੁਝ ਨਹੀਂ ਬਿਗਾੜ ਸਕੇ । ਅਮਰੀਕਾ ਵਿਚ ਹੀ ਇਸ ਦੀ U.S News Agency ਨੇ ਜੰਗ ਸਬੰਧੀ 'Truimph Without Victory' ਨਾਂ ਦੀ ਕਿਤਾਬ ਲਿਖ ਕੇ ਅਮਰੀਕਾ ਅਤੇ ਵਿਸ਼ਵ ਦੀਆਂ ਅੱਖਾਂ ਤੋਂ ਕਾਲੀ ਪੱਟੀ ਉਤਾਰ ਦਿੱਤੀ । ਵਿਸ਼ਵ ਨੂੰ ਅਮਰੀਕਾ ਦੀਆਂ ਕੋਝੀਆਂ ਚਾਲਾਂ ਦਾ ਪਤਾ ਚੱਲ ਗਿਆ । ਇਸ ਪੁਸਤਕ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਨੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਕਤਲ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ । ਇਹ ਵੀ ਲਿਖਿਆ ਹੈ ਕਿ ਰਾਸ਼ਟਰਪਤੀ ਬੁਸ਼ (ਸੀਨੀਅਰ ਬੁਸ਼) ਨਾ ਤਾਂ ਸੱਦਾਮ ਹੁਸੈਨ ਨੂੰ ਮਾਰ ਸਕੇ ਅਤੇ ਨਾ ਹੀ ਇਰਾਕੀ ਤੇਲ ਖੂਹਾਂ 'ਤੇ ਕਬਜ਼ਾ ਕਰ ਸਕੇ ਪਰ ਇਸ ਤੋਂ ਉਲਟ ਇਰਾਕ 'ਤੇ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦੇ ਅੱਠ ਸਾਲ ਬੀਤ ਜਾਣ ਦੇ ਬਾਵਜੂਦ ਵੀ ਸੱਦਾਮ ਹੁਸੈਨ ਸਤਾ 'ਤੇ ਕਾਬਜ਼ ਹਨ । ਭਾਵੇਂ ਇਨ੍ਹਾਂ ਪਾਬੰਦੀਆਂ ਕਾਰਨ, ਦੁੱਧ, ਦਵਾਈਆਂ ਦੀ ਕਮੀ ਕਾਰਨ ਲੱਖਾਂ ਇਰਾਕੀ ਬੱਚੇ ਮੌਤ ਦਾ ਸ਼ਿਕਾਰ ਹੋ ਚੁੱਕੇ ਹਨ । ਇਹ ਕਿਤਾਬ ਪੈਂਟਾਗਨ ਅਤੇ ਸੀ.ਆਈ.ਏ. ਦੀਆਂ ਕਈ ਸਾਜਿਸ਼ਾਂ ਨੂੰ ਵੀ ਨੰਗਾ ਕਰਦੀ ਹੈ ਜਿਸ ਨੇ ਇਹ ਗੱਲ ਵਿਸ਼ੇਸ਼ ਤੌਰ 'ਤੇ ਉਭਾਰੀ ਕਿ ਜੰਗ ਤੋਂ ਬਾਅਦ ਨਾ ਤਾਂ ਇਰਾਕ ਨੇ ਹਥਿਆਰ ਸੁੱਟੇ ਅਤੇ ਨਾ ਹੀ ਸੱਦਾਮ ਹੁਸੈਨ ਦਾ ਤਖਤ ਪਲਟਿਆ ਗਿਆ । ਇਸ ਦੇ ਬਾਵਜੂਦ ਵੀ ਅਮਰੀਕਾ ਨੂੰ ਜੇਤੂ ਐਲਾਨ ਦਿੱਤਾ ਗਿਆ, ਜਿਹੜੀ ਕਿ ਇਕ ਖੋਖਲੀ ਜਿੱਤ ਸੀ । ਅਸਲ ਵਿਚ ਬਰਤਾਨੀਆ ਵੀ ਇਹੋ ਚਾਹੁੰਦਾ ਸੀ ਕਿ ਸੱਦਾਮ ਹੁਸੈਨ ਨੂੰ ਕਤਲ ਕਰਵਾ ਦਿੱਤਾ ਜਾਵੇ । 1991 ਦੀ ਖਾੜੀ ਜੰਗ ਤੋਂ ਮਗਰੋਂ ਬਰਤਾਨੀਆ ਦੇ ਇਕ ਪਬਲਿਸ਼ਰ ਅਤੇ ਫਿਲਮ ਪ੍ਰੋਡਿਊਸਰ ਨੇ ਡੈਵਿਡ ਮੈਸਨ ਨਾਂ ਦੇ ਇਕ ਲੇਖਕ (Novice Writer) ਨੂੰ ਇਰਾਕੀ ਸਦਰ ਸੱਦਾਮ ਹੁਸੈਨ ਨੂੰ ਕਤਲ ਕਰਨ ਦੀ ਯੋਜਨਾ ਬਣਾਉਣ ਬਦਲੇ ਇਕ ਲੱਖ ਪੰਜਾਹ ਹਜ਼ਾਰ ਡਾਲਰ ਪੇਸ਼ਗੀ ਦੇਣ ਦਾ ਵਚਨ ਕੀਤਾ ਜਿਸ ਨੇ 'Shadow over Babylon' ਨਾਂ ਦੀ ਕਿਤਾਬ ਲਿਖੀ । ਫਿਲਮ ਪ੍ਰੋਡਿਊਸਰ ਦਾ ਨਾਂ ਕਿਉਬੀ ਬ੍ਰੋਕਲੀ (Cubby Broccoli) ਸੀ । ਇਹ James Bond film ਇੰਡਸਟਰੀ ਨਾਲ ਸਬੰਧਤ ਸੀ । ਲੇਖਕ ਡੈਵਿਡ ਮੈਸਨ ਬ੍ਰਿਟਿਸ਼ ਆਰਮੀ ਦਾ ਇਕ ਰਿਟਾਇਰਡ ਕੈਪਟਨ ਸੀ ।

ਇਹ ਖਾੜੀ ਦੇ ਪਹਿਲੇ ਯੁੱਧ ਦੇ ਮੀਡੀਏ ਦੀ ਇਕ ਪਾਸੜ ਤਸਵੀਰ ਸੀ ਪਰ ਖਾੜੀ ਦੇ ਦੂਜੇ ਯੁੱਧ ਵੇਲੇ ਤੱਕ ਸਾਇੰਸ ਅਤੇ ਕੰਪਿਊਟਰ ਦੇ ਵਿਕਾਸ ਨੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ । ਇਸ ਕਾਰਨ ਅਰਬ ਮੁਲਕਾਂ ਵਿਚ ਮੀਡੀਆ ਵੀ ਸਿਖਰਾਂ ਨੂੰ ਛੂਹਣ ਲੱਗਿਆ । ਹੁਣ ਤਕਨਾਲੋਜੀ ਅਤੇ ਕੰਪਿਊਟਰ ਦੇ ਇਸ ਯੁੱਗ ਵਿਚ ਪ੍ਰਚਾਰ ਤੋਂ ਬਿਨਾਂ ਤਾਂ ਕੋਈ ਵੀ ਕੰਮ ਚੱਲ ਹੀ ਨਹੀਂ ਸਕਦਾ ਨਾ । ਭਾਵੇ ਅਮਨ ਹੋਵੇ ਜਾਂ ਜੰਗ । ਪ੍ਰਚਾਰ ਤਾਂ ਹੋਵੇਗਾ ਹੀ । ਵਿਸ਼ਵ ਵਿਚ ਜਿੰਨੇ ਵੀ ਯੁੱਧ ਲੜੇ ਗਏ ਉਨ੍ਹਾਂ ਵਿਚ ਪ੍ਰਚਾਰ ਨੇ ਅਹਿਮ ਭੂਮਿਕਾ ਨਿਭਾਈ । ਪਹਿਲੀ ਅਤੇ ਦੂਜੀ ਵਿਸ਼ਵ ਯੁੱਧ ਦਾ ਇਕ ਕਾਰਨ ਮਾੜਾ ਪ੍ਰਚਾਰ ਵੀ ਸੀ । ਜਰਮਨੀ ਦੇ ਚਾਂਸਲਰ ਬਿਸਮਾਰਕ ਨੇ ਆਪਣੇ ਪ੍ਰਚਾਰ ਦੇ ਕਾਰਨ ਵਿਸ਼ਵ ਨੂੰ ਦੋ ਗੁੱਟਾਂ

ਵਿਚ ਵੰਡ ਦਿੱਤਾ ਸੀ । ਕਿਸੇ ਵੀ ਵਿਅਕਤੀ ਨੂੰ ਜੇ ਨੀਵਾਂ ਦਿਖਾਉਣਾ ਹੋਵੇ ਤਾਂ ਉਸ ਦੇ ਵਿਰੁੱਧ ਸਭ ਤੋਂ ਪਹਿਲਾਂ ਮਾੜੇ ਪ੍ਰਚਾਰ ਦੀ ਮੁਹਿੰਮ ਸ਼ੁਰੂ ਕੀਤੀ ਜਾਂਦੀ ਹੈ । ਜੰਗਾਂ ਤੇ ਯੁੱਧਾਂ ਵਿਚ ਤਾਂ ਇਹ ਮੁਹਿੰਮ ਕਿਸੇ ਖਤਰਨਾਕ ਹਥਿਆਰ ਤੋਂ ਘੱਟ ਨਹੀਂ । ਜਿੱਥੇ ਖਤਰਨਾਕ ਹਥਿਆਰ ਦੁਸ਼ਮਣ ਨੂੰ ਹਰਾਉਣ ਲਈ ਵਰਤੇ ਜਾਂਦੇ ਹਨ ਉਥੇ ਨਾਲ ਨਾਲ ਮਾੜੇ ਪ੍ਰਚਾਰ ਦੀ ਮੁਹਿੰਮ ਵੀ ਚਲਾਉਣੀ ਪੈਂਦੀ ਹੈ । ਅੱਜ ਕਲ ਇਹ ਦੋਵੇਂ ਮੁਹਿੰਮਾਂ ਇੰਨੀਆਂ ਰਲ-ਗੱਡ ਹੋ ਗਈਆਂ ਹਨ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਨਖੇੜਨਾ ਮੁਸ਼ਕਿਲ ਹੋ ਗਿਆ ਹੈ ।

ਪਹਿਲੀ ਖਾੜੀ ਜੰਗ ਤੋਂ ਮਗਰੋਂ ਮੀਡੀਆ ਨੇ ਕੁਝ ਅਜਿਹੇ ਦਸਤਾਵੇਜ਼ਾਂ ਨੂੰ ਸਾਹਮਣੇ ਲਿਆਂਦਾ ਜਿਸ ਤੋਂ ਇਹ ਨਸ਼ਰ ਹੋ ਗਿਆ ਕਿ ਇਰਾਕ ਨੂੰ ਕੁਵੈਤ 'ਤੇ ਹਮਲਾ ਕਰਨ ਲਈ ਅਮਰੀਕਾ ਨੇ ਹੀ ਉਕਸਾਇਆ ਸੀ । ਅਮਰੀਕਾ ਨੇ ਇਰਾਕ ਨੂੰ ਇਸ ਲਈ ਉਕਸਾਇਆ ਸੀ ਤਾਂ ਕਿ ਮਗਰੋਂ ਉਸ ਨੂੰ ਇਰਾਕ 'ਤੇ ਹਮਲਾ ਕਰਨ ਦਾ ਮੌਕਾ ਮਿਲ ਜਾਵੇ। ਇਸ ਤਰ੍ਹਾਂ ਹੀ ਹੋਇਆ । ਇਰਾਕ ਨੇ ਕੁਵੈਤ 'ਤੇ ਕਬਜ਼ਾ ਕੀਤਾ ਅਤੇ ਅਮਰੀਕਾ ਨੇ ਇਰਾਕ 'ਤੇ । ਇਹ ਸੀ ਪ੍ਰਚਾਰ ਅਤੇ ਮੀਡੀਆ ਦਾ ਨਤੀਜਾ । ਅਮਰੀਕਾ ਨੇ ਜੰਗ ਵਿਚ ਆਪਣੀਆਂ ਪ੍ਰਾਪਤੀਆਂ ਦੇ ਜੋ ਵੀ ਦਾਅਵੇ ਕੀਤੇ ਉਸ ਦਾ ਮੀਡੀਆ 'ਤੇ ਹੋ ਰਹੀ ਚਰਚਾ ਦਾ ਵੀ ਭਾਰੀ ਯੋਗਦਾਨ ਸੀ । ਪੱਛਮੀ ਮੁਲਕਾਂ ਦੀ ਪ੍ਰਚਾਰ ਕਰਨ ਦੀ ਸ਼ਬਦਾਬਲੀ ਹੀ ਇਹੋ ਜਹੀ ਰਹੀ ਹੈ ਕਿ ਸੁਣਨ ਵਾਲਾ ਦੰਗ ਰਹਿ ਜਾਂਦਾ ਹੈ । ਸਦੀਆਂ ਤੋਂ ਹੀ ਉਨ੍ਹਾਂ ਨੇ ਗੁਲਾਮ ਕਰਨ ਨੂੰ ਅਜ਼ਾਦ ਸ਼ਬਦ ਕਿਹਾ ਹੈ । ਅਮਰੀਕੀ ਰਾਸ਼ਟਰਪਤੀ ਡੇਢ ਦਹਾਕੇ ਤੱਕ ਜਿਨ੍ਹਾਂ ਹਥਿਆਰਾਂ ਨੂੰ ਇਰਾਕ ਵਿਚ ਲੱਭਦੇ ਰਹੇ ਉਨ੍ਹਾਂ ਦੇ ਨਾ ਮਿਲਣ 'ਤੇ ਤੇਲ ਖੂਹਾਂ ਨੂੰ ਆਪਣੇ ਕਬਜ਼ੇ ਵਿੱਚ ਕਰਨ ਦੀ ਸ਼ਾਜਿਸ ਨੂੰ ਉਨ੍ਹਾਂ ਨੇ 'ਲਿਬਰੇਸ਼ਨ ਆਫ ਇਰਾਕ' ਦਾ ਨਵਾਂ ਨਾਂ ਦਿੱਤਾ । ਵਿਸ਼ਵ ਵਿਚ ਇਹ ਪ੍ਰਚਾਰ ਕੀਤਾ ਕਿ ਅਸੀਂ ਤਾਂ ਇਰਾਕੀਆਂ ਨੂੰ ਸੱਦਾਮ ਹੁਸੈਨ ਦੇ ਅਤਿਆਚਾਰੀ ਰਾਜ ਤੋਂ ਮੁਕਤੀ ਦਵਾਉਣ ਆਏ ਹਾਂ । ਬ੍ਰਿਟੇਨ ਦੀ ਇਕ ਖੁਫੀਆ ਏਜੰਸੀ ਐਮ.ਆਈ-6 ਦਾ ਕਹਿਣਾ ਸੀ ਕਿ "ਇਰਾਕ ਦੇ ਖਿਲਾਫ ਮਾੜੇ ਪ੍ਰਚਾਰ ਦੀ ਮੁਹਿੰਮ ਤਾਂ ਇਰਾਕ ਦੇ ਕੁਵੈਤੀ ਕਬਜ਼ੇ ਤੋਂ ਪਹਿਲਾਂ ਹੀ ਅਰੰਭ ਕਰ ਦਿੱਤੀ ਸੀ । ਇਰਾਕ ਦੇ ਖਿਲਾਫ ਜੰਗ ਲੜਨ ਲਈ ਅਤੇ ਇਰਾਕ 'ਤੇ ਕਬਜਾ ਕਰਨ ਵੇਲੇ ਤੱਕ 36 ਅਲੱਗ-ਅਲੱਗ ਝੂਠ ਬੋਲੇ ਗਏ ਸਨ । ਜਿਨ੍ਹਾਂ ਵਿਚ ਸਕੱਡ ਹਮਲੇ, ਰਸਾਇਣਕ ਹਥਿਆਰਾਂ ਦੀ ਇਕ ਫੈਕਟਰੀ ਦਾ ਪਤਾ ਲਗਾਉਣਾ, ਉਮ ਕਾਸਰ 'ਤੇ ਸਾਂਝੀਆਂ ਫੌਜਾਂ ਦਾ ਕਬਜ਼ਾ, ਬਸਰਾ ਅਤੇ ਹੋਰ ਸ਼ਹਿਰਾਂ ਵਿਚ ਸੱਦਾਮ ਹੁਸੈਨ ਖਿਲਾਫ ਬਗ਼ਾਵਤ ਅਤੇ ਸ਼ੀਆਂ ਲੋਕਾਂ ਦਾ ਅਮਰੀਕੀ ਫੌਜਾਂ ਨਾਲ ਮਿਲਣਾ ਆਦਿ ਇਸ ਤਰ੍ਹਾਂ ਦੇ ਅਲੱਗ ਅਲੱਗ ਝੂਠ ਬੋਲੇ ਅਤੇ ਅਖਬਾਰਾਂ ਨੇ ਇਨ੍ਹਾਂ ਅਫਵਾਹਾਂ ਨੂੰ ਮੋਟੀਆਂ ਸੁਰਖੀਆਂ ਵਿਚ ਛਾਪਿਆ ।

ਸੱਦਾਮ ਹੁਸੈਨ ਅਮਰੀਕਾ ਦੇ ਚੰਗੀ ਤਰ੍ਹਾਂ ਭੇਤੀ ਸਨ । ਉਹ ਕਿਸੇ ਵੀ ਹੋਰ ਨੇਤਾ ਨਾਲੋਂ ਅਮਰੀਕੀ ਰਾਸ਼ਟਰਪਤੀਆਂ ਨੂੰ ਜ਼ਿਆਦਾ ਜਾਣਦੇ ਸਨ ਕਿਉਂਕਿ ਉਨ੍ਹਾਂ ਨੂੰ ਬਗਾਵਤ ਕਰ ਕੇ ਸਤਾ ਤੱਕ ਪਹੁੰਚਾਉਣ ਲਈ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਸੀ। ਇਸ ਲਈ ਸੱਦਾਮ ਹੁਸੈਨ ਅਮਰੀਕਾ ਦੇ ਹਰ ਝੂਠੇ ਪੈਂਤੜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ । ਅਸਲ ਵਿਚ ਅਮਰੀਕਾ ਅਤੇ ਉਸ ਦੇ ਸਾਥੀਆਂ ਨੇ ਇਰਾਨ-ਇਰਾਕ ਜੰਗ ਦੀ ਸਮਾਪਤੀ ਦੇ ਬਾਅਦ ਹੀ ਇਰਾਕ ਨੂੰ ਆਪਣਾ ਕੇਂਦਰੀ ਬਿੰਦੂ ਬਣਾਉਣਾ ਸ਼ੁਰੂ ਕਰ ਦਿੱਤਾ ਸੀ । ਉਹ

ਚਾਹੁੰਦੇ ਸਨ ਕਿ ਇਹ ਦੋਵੇਂ ਮੁਲਕ ਇਸ ਯੁੱਧ ਨਾਲ ਕਮਜ਼ੋਰ ਹੋ ਜਾਣ ਪਰ ਜਦੋਂ ਯੁੱਧ ਵਿਚ ਇਰਾਕ ਜੇਤੂ ਹੋਇਆ ਤਾਂ ਉਨ੍ਹਾਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਇਰਾਕ ਹੁਣ ਉਨ੍ਹਾਂ ਦੇ ਮਿੱਤਰ ਦੇਸ਼ ਇਸਰਾਈਲ ਲਈ ਖਤਰਾ ਬਣ ਸਕਦਾ ਹੈ । ਇਰਾਕੀ ਸਦਰ ਨੂੰ ਅਮਰੀਕਾ ਦੀ ਇਸ ਨੀਤੀ ਦਾ ਉਦੋਂ ਪਤਾ ਲੱਗਾ ਜਦੋਂ ਖਾੜੀ ਦੇ ਵੱਖ-ਵੱਖ ਦੇਸ਼ਾਂ ਨੇ 1987 ਵਿਚ ਇਰਾਕੀ ਸਦਰ ਨੂੰ ਇਹ ਦੱਸਿਆ ਕਿ ਅਮਰੀਕਾ ਉਨ੍ਹਾਂ ਨੂੰ ਇਹ ਕਹਿ ਰਿਹਾ ਹੈ ਕਿ "ਇਰਾਕ ਤੋਂ ਚੌਕਸ ਰਹੋ ਉਹ ਤੁਹਾਡੇ ਲਈ ਖਤਰਾ ਬਣ ਸਕਦਾ ਹੈ ।" ਗੱਲ ਕੀ 1987 ਤੋਂ ਹੀ ਅਰਬ ਦੇਸ਼ਾਂ ਨੂੰ ਇਰਾਕ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਗਿਆ । ਅਮਰੀਕੀ ਰਾਸ਼ਟਰਪਤੀ ਜਾਰਜ਼ ਬੁਸ਼ (ਸੀਨੀਅਰ) ਵੀ ਬਹੁਤ ਜ਼ਿਆਦਾ ਖਾਹਿਸ਼ੀ ਸਨ, ਉਨ੍ਹਾਂ ਨੇ ਵੀ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਸੋਵੀਅਤ ਸੰਘ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਅਮਰੀਕਾ ਦੇ ਦੁਨੀਆਂ ਵਿਚ ਇਕੋ ਇਕ ਮਹਾਂਸ਼ਕਤੀ ਬਣਨ ਦਾ ਇਤਿਹਾਸਕ ਮੌਕਾ ਆ ਗਿਆ ਹੈ । ਇਸ ਨੂੰ ਮੁੱਖ ਰੱਖ ਕੇ ਉਸ ਨੇ 1989 ਤੱਕ ਇਰਾਕ ਦੇ ਵਿਰੁੱਧ ਲੁਕਵੇਂ ਤੌਰ 'ਤੇ ਪ੍ਰਚਾਰ ਕੀਤਾ ਪਰ 1990 ਦੇ ਕੁਵੈਤ ਦੇ ਘਟਨਾ ਚੱਕਰ ਤੋਂ ਮਗਰੋਂ ਉਸ ਨੇ ਇਹ ਪ੍ਰਚਾਰ ਖੁੱਲ੍ਹੇ ਤੌਰ 'ਤੇ ਸ਼ੁਰੂ ਕਰ ਦਿੱਤਾ ਸੀ । ਜਿਸ ਕਾਰਨ ਅਰਬ ਦੇਸ਼ ਇਰਾਕ ਤੋਂ ਮੂੰਹ ਮੋੜਨ ਲੱਗ ਪਏ ਤੇ ਉਸ ਤੋਂ ਖਤਰਾ ਮਹਿਸੂਸ ਕਰਨ ਲੱਗੇ । ਇਰਾਕੀ ਸਦਰ ਸੱਦਾਮ ਹੁਸੈਨ ਨੂੰ ਭੜਕਾਉਣ ਦੇ ਲਈ ਅਮਰੀਕਾ ਨੇ 1990 ਤੋਂ ਹੀ ਇਕ ਚਾਲ ਚਲਾ ਦਿੱਤੀ ਸੀ । ਉਸ ਨੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਲਿਆਉਣ ਲਈ ਕੁਵੈਤ ਵਿਚ ਤੇਲ ਦਾ ਵੱਧ ਉਤਪਾਦਨ ਕਰਨਾ ਸ਼ੁਰੂ ਕਰ ਦਿੱਤਾ । ਇਹ ਇਸ ਲਈ ਕੀਤਾ ਗਿਆ ਤਾਂ ਕਿ ਇਰਾਕ ਦੀ ਅਰਥਵਿਵਸਥਾ ਜਿਹੜੀ ਕਿ ਤੇਲ ਉਤੇ ਹੀ ਨਿਰਭਰ ਕਰਦੀ ਸੀ ਉਹ ਡਾਵਾਂ ਡੋਲ ਹੋ ਜਾਵੇ ਜੋ ਕਿ ਇਰਾਨ ਜੰਗ ਕਾਰਨ ਪਹਿਲਾਂ ਤੋਂ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੀ ਸੀ । ਇਰਾਕ ਉਸ ਸਮੇਂ ਦੇਸ਼ ਦੀ ਅਰਥਵਿਵਸਥਾ ਨੂੰ ਇਰਾਨ ਦੀ ਜੰਗ ਤੋਂ ਪਹੁੰਚੇ ਨੁਕਸਾਨ 'ਚੋਂ ਉਭਾਰਨ ਦੀ ਕੋਸ਼ਿਸ਼ ਕਰ ਰਿਹਾ ਸੀ । ਉਧਰ ਕੁਵੈਤ ਵਿਚ ਹੋ ਰਹੇ ਤੇਲ ਦੇ ਲਗਾਤਾਰ ਉਤਪਾਦਨ ਕਾਰਨ ਮੰਡੀ ਵਿਚ ਤੇਲ ਦੀਆਂ ਕੀਮਤਾਂ ਵਿਚ ਗਿਰਾਵਟ ਆ ਗਈ ਸੀ ਜੋ ਕਿ ਇਰਾਕ ਨਹੀਂ ਚਾਹੁੰਦਾ ਸੀ । ਕੀਮਤਾਂ ਦੀ ਗਿਰਾਵਟ ਲਈ ਉਹ ਕੁਵੈਤ ਨਾਲੋਂ ਅਮਰੀਕਾ ਨੂੰ ਜ਼ਿੰਮੇਵਾਰ ਸਮਝਣ ਲੱਗਾ । ਅਮਰੀਕਾ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਜਿੱਥੇ ਉਹ ਇਰਾਕੀ ਅਰਥ-ਵਿਵਸਥਾ ਨੂੰ ਡਾਵਾਂ ਡੋਲ ਕਰ ਦੇਵੇਗਾ ਉਥੇ ਇਰਾਕੀ ਸਦਰ ਨੂੰ ਵੀ ਜਰੂਰ ਭੜਕਾ ਦੇਵੇਗਾ । ਭਾਵੇਂ ਹੀ ਸੱਦਾਮ ਹੁਸੈਨ ਨੇ ਇਰਾਕੀਆਂ ਉਤੇ ਬੇਤਹਾਸ਼ਾ ਅੱਤਿਆਚਾਰ ਕੀਤੇ ਹੋਣ ਪਰ ਇਹ ਉਨ੍ਹਾਂ ਦੇ ਦੇਸ਼ ਵਾਸੀਆਂ ਵਿਚ ਭਰੀ ਹੋਈ ਰਾਸ਼ਟਰੀਅਤਾ ਦੀ ਰੂਹ ਦਾ ਹੀ ਸਿੱਟਾ ਸੀ ਕਿ ਨਾ ਤਾਂ ਕੁਰਦਾਂ ਨੇ ਅਤੇ ਨਾ ਹੀ ਸ਼ੀਆ ਲੋਕਾਂ ਨੇ ਅਮਰੀਕੀ ਫੌਜਾਂ ਦਾ ਇਰਾਕ ਵਿਚ ਵੜਨ 'ਤੇ ਸਵਾਗਤ ਕੀਤਾ । ਸਗੋਂ ਉਹ ਪੂਰੀ ਤਰਾਂ ਇਸ ਗੱਲ ਨੂੰ ਸਮਝਦੇ ਸਨ ਕਿ ਅਮਰੀਕਾ ਇਥੇ ਆਪਣੀ ਕਠਪੁਤਲੀ ਸਰਕਾਰ ਥਾਪ ਕੇ ਇਥੋਂ ਦੇ ਤੇਲ ਸਰੋਤਾਂ ਨੂੰ ਅਪਣੇ ਕਬਜ਼ੇ ਵਿਚ ਕਰ ਲਵੇਗਾ । ਖਾੜੀ ਦੀ ਦੂਜੀ ਜੰਗ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਪਹਿਲਾਂ ਜਾਰਜ ਟੈਨੇਟ ਨੇ ਖਾੜੀ ਖੇਤਰ ਨਾਲ ਸਬੰਧਤ ਇਕ ਬਹੁਤ ਹੀ ਗੰਭੀਰ ਵਿਸ਼ੇ 'ਤੇ ਅਮਰੀਕੀ ਕਾਂਗਰਸ ਦੇ ਸੈਨੇਟ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ

ਕਿਹਾ ਸੀ ਕਿ ਇਰਾਕ ਨੇ ਨਾਈਜ਼ਰ ਤੋਂ 500 ਟਨ ਯੂਰੇਨੀਅਮ ਮੰਗਵਾਇਆ ਹੈ। ਨਾਈਜ਼ਰ ਅਤੇ ਇਰਾਕ ਨੇ ਇਸ ਗੱਲ ਦਾ ਖੰਡਨ ਕੀਤਾ । ਇਸ ਅਫਵਾਹ ਦਾ ਇਰਾਕ ਉਤੇ ਠੋਸੀ ਗਈ ਦੂਜੀ ਜੰਗ ਤੋਂਲਗਭਗ ਇਕ ਮਹੀਨਾਂ ਪਹਿਲਾਂ ਖੁਲਾਸਾ ਹੋ ਗਿਆ ਸੀ ਕਿ ਇਹ ਦੋਸ਼ ਝੂਠਾ ਸੀ ਅਤੇ ਅਜਿਹੀ ਸੂਚਨਾ 'ਤੇ ਅਧਾਰਿਤ ਸੀ ਜਿਸ ਨੂੰ ਜਾਲ੍ਹਸਾਜੀ ਨਾਲ ਤਿਆਰ ਕੀਤਾ ਗਿਆ ਸੀ । ਇਸ ਝੂਠੀ ਅਫਵਾਹ ਦਾ ਭਾਵ ਇਰਾਕੀ ਸਦਰ ਨੂੰ ਭੜਕਾਉਣਾ ਅਤੇ ਆਮ ਜਨਤਾ ਨੂੰ ਇਹ ਦੱਸਣਾ ਸੀ ਕਿ ਇਰਾਕ ਕੋਲ ਅਸਲ ਵਿਚ ਹੀ ਖਤਰਨਾਕ ਹਥਿਆਰਾਂ ਦੇ ਭੰਡਾਰ ਹਨ । ਜਿਨ੍ਹਾਂ ਨੂੰ ਖਤਮ ਕਰਨ ਲਈ ਅਮਰੀਕਾ ਬੱਜ਼ਿਦ ਸੀ । ਜੇ ਇਹ ਕਹਿ ਲਿਆ ਜਾਵੇ ਕਿ ਜੰਗ ਨੂੰ ਮੀਡੀਆ ਨੇ ਦੋ ਸਮਾਨੰਤਰ ਤਰੀਕਿਆਂ ਨਾਲ ਦੁਨੀਆ ਦੇ ਸਾਹਮਣੇ ਰੱਖਿਆ । ਜਿਸ ਦਾ ਇਕ ਪਹਿਲੂ ਪੱਛਮੀ ਮੀਡੀਆ ਦਾ ਸੀ। ਜਿਨ੍ਹਾਂ ਵਿਚ ਅਮਰੀਕੀ ਅਤੇ ਬ੍ਰਿਟਿਸ਼ ਖ਼ਬਰ ਏਜੰਸੀਆਂ ਦੀ ਮੁੱਖ ਭੂਮਿਕਾ ਸੀ '। ਦੂਜਾ ਪਹਿਲੂ ਅਰਬ ਮੀਡੀਆ ਦਾ ਸੀ ਜਿਨ੍ਹਾਂ ਵਿਚ ਅਲ-ਜ਼ਜੀਰਾ, ਆਬੂਧਾਬੀ ਅਤੇ ਅਲ-ਅਰਬੀਆ ਨੇ ਮੁੱਖ ਭੂਮਿਕਾ ਨਿਭਾਈ । ਇਨ੍ਹਾਂ ਦੇ ਪ੍ਰਸਾਰਣਾ ਵਿਚ ਐਨਾ ਫਰਕ ਸੀ ਜਿਵੇਂ ਉਹ ਦੋ ਵੱਖ-ਵੱਖ ਜੰਗਾਂ ਦੀਆਂ ਖ਼ਬਰਾਂ ਦੇ ਰਹੇ ਹੋਣ । ਅਮਰੀਕੀ-ਬ੍ਰਿਟਿਸ਼ ਫੌਜਾਂ ਨਾਲ ਚੱਲ ਰਹੇ ਮੀਡੀਆ ਨੇ ਆਪਣੀਆਂ-ਆਪਣੀਆਂ ਫੌਜਾਂ ਦੇ ਨਜ਼ਰੀਏ ਨਾਲ ਖ਼ਬਰਾਂ ਭੇਜੀਆਂ ਜਦੋਂ ਕਿ ਅਰਬ ਮੀਡੀਆ ਨੇ ਜੰਗ ਤੋਂ ਪੀੜਿਤ ਇਰਾਕੀ ਜਨਤਾ ਦੇ ਦਰਦ ਨੂੰ ਦੁਨੀਆਂ ਸਾਹਮਣੇ ਰੱਖਿਆ । ਜਾਰਡਨ ਦੇ ਇਕ ਪੱਤਰਕਾਰ ਦਾ ਕਹਿਣਾ ਸੀ ਕਿ "ਇਹ ਸਿਰਫ ਟੈਕਾਂ ਦੀ ਲੜਾਈ ਹੀ ਨਹੀਂ ਸੀ, ਮੀਡੀਆ ਦੀ ਵੀ ਸੀ ।" ਗੱਠਜੋੜ ਫੌਜਾਂ ਦੇ ਕਮਾਂਡਰ ਜੰਗ ਦੀ ਅਸਲ ਤਸਵੀਰ ਨਹੀਂ ਭੇਜ ਰਹੇ ਸਨ । ਇਸ ਦੇ ਉਲਟ ਅਰਬ ਮੀਡੀਆ ਸੱਚਾਈ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਵਿਚ ਸਨ । ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਕਈ ਵਾਰ ਅਮਰੀਕੀ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ । ਇਸੇ ਕਾਰਨ ਇਨ੍ਹਾਂ ਦੇ ਬਹੁਤ ਸਾਰੇ ਪੱਤਰਕਾਰ ਜੰਗ ਦੀਆਂ ਤਸਵੀਰਾਂ ਲੈਣ ਵੇਲੇ ਮਾਰੇ ਗਏ । ਇਕ ਵਾਰ ਤਾਂ ਅਮਰੀਕੀ ਫੌਜਾਂ ਨੇ ਸਿੱਧੇ ਤੌਰ 'ਤੇ ਹੀ ਅਲ-ਜ਼ਜ਼ੀਰਾ 'ਤੇ ਹਮਲਾ ਕਰ ਦਿੱਤਾ ਜਿਸ ਕਾਰਨ ਦਫਤਰ ਵਿਚ ਕਈ ਕਰਮਚਾਈ ਮਾਰੇ ਗਏ । ਇਸ ਦਾ ਕਾਰਨ ਇਹ ਸੀ ਕਿ ਇਹ ਅਰਬ ਮੀਡੀਆ ਗੱਠਜੋੜ ਫੌਜਾਂ ਦੀ ਸੋਚ ਤੋਂ ਉਲਟ ਖ਼ਬਰਾਂ ਪ੍ਰਕਾਸ਼ਤ ਕਰ ਰਹੇ ਸਨ । ਬੀ.ਬੀ.ਸੀ. ਅਤੇ ਐਨ.ਬੀ.ਸੀ ਨੇ ਵੀ ਇਹ ਗੱਲ ਮੰਨੀ ਸੀ ਕਿ ਅਮਰੀਕੀ ਮੀਡੀਆ ਇਰਾਕ ਜੰਗ ਵਿਚ ਨਿਰਪੱਖ ਰਵੱਈਆ ਅਪਨਾਉਣ ਦੀ ਬਜਾਏ ਅਮਰੀਕੀ ਦਾਵਿਆਂ ਨੂੰ ਪੇਸ਼ ਕਰਦਾ ਸੀ । ਬੀ.ਬੀ.ਸੀ. ਦੇ ਡਾਇਰੈਕਟਰ ਜਨਰਲ ਡਾਇਲ ਨੇ ਅਮਰੀਕੀ ਮੀਡੀਆਂ ਬਾਰੇ ਆਪ ਕਿਹਾ ਸੀ ਕਿ "ਜੰਗ ਦਾ ਪੱਖ ਲੈ ਕੇ ਉਨ੍ਹਾਂ ਨੇ ਭਰੋਸੋਯੋਗਤਾ ਗਵਾ ਲਈ ਹੈ ।"

ਜਦੋਂ ਬਗ਼ਦਾਦ ਵਿਚ ਸੱਦਾਮ ਹੁਸੈਨ ਦੇ ਬੁੱਤਾਂ ਨੂੰ ਡੇਗਿਆ ਜਾ ਰਿਹਾ ਸੀ ਤੇ ਉਸ ਦੇ ਚਿੱਤਰਾਂ ਵਾਲੇ ਪੋਸਟਰਾਂ ਨੂੰ ਪਾੜ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾ ਰਿਹਾ ਸੀ । ਬਗ਼ਦਾਦ ਵਿਚ ਲੁੱਟ ਮਚਾਈ ਜਾ ਰਹੀ ਸੀ, ਮਾਰੋ ਧਾੜ ਹੋ ਰਹੀ ਸੀ ਤਾਂ ਅਮਰੀਕਾ ਪੱਖੀ ਲੋਕ ਖੁਸ਼ ਹੋ ਰਹੇ ਸਨ ਕਿ ਇਰਾਕ ਉਤੇ ਗੱਠਜੋੜ ਫੌਜਾਂ ਦਾ ਕਬਜ਼ਾ ਹੋ ਗਿਆ । ਪਰ ਸੋਚਣ ਵਾਲੀ ਗੱਲ ਇਹ ਸੀ ਕਿ ਇਹ ਮਾਰਧਾੜ ਕਰਨ ਵਾਲੇ ਲੋਕ ਕੌਣ ਸਨ ? ਇਹ ਵੀ ਸੋਚਣ ਵਾਲੀ ਗੱਲ ਸੀ ਕਿ ਅਜਿਹਾ ਜੰਗ ਦੇ ਦੌਰਾਨ ਕਿਉਂ ਨਹੀਂ ਹੋਇਆ ? ਇਸ ਦਾ

ਕਾਰਨ ਇਹ ਸੀ ਕਿ 1991 ਦੀ ਜੰਗ ਤੋਂ ਮਗਰੋਂ ਸ਼ੀਆ ਫਿਰਕੇ ਦੇ ਲੋਕਾਂ ਨੂੰ ਸੱਦਾਮ ਹੁਸੈਨ ਦੇ ਖਿਲਾਫ ਬਗਾਵਤ ਕਰਨ ਲਈ ਭੜਕਾਇਆ ਸੀ ਪਰ ਸੱਦਾਮ ਹੁਸੈਨ ਨੇ ਇਨ੍ਹਾਂ ਦੀ ਬਗਾਵਤ ਨੂੰ ਸਖਤੀ ਨਾਲ ਕੁਚਲ ਦਿੱਤਾ ਸੀ । ਅਮਰੀਕਾ ਨੇ ਇਨ੍ਹਾਂ ਦੀ ਬਗਾਵਤ ਨੂੰ ਅਣ ਦੇਖਿਆ ਕਰ ਦਿੱਤਾ । ਇਸੇ ਲਈ ਤਾਂ ਇਨ੍ਹਾਂ ਸ਼ੀਆ ਲੋਕਾਂ ਨੇ ਖਾੜੀ ਦੀ ਦੂਜੀ ਜੰਗ ਸਮੇਂ ਅਮਰੀਕੀ ਫੌਜਾਂ ਦਾ ਇਰਾਕ ਦੀ ਧਰਤੀ 'ਤੇ ਆਉਣ ਦਾ ਸਵਾਗਤ ਨਹੀਂ ਕੀਤਾ ਸੀ। ਇਰਾਕੀ ਸਦਰ ਨੇ ਇਨ੍ਹਾਂ ਦੀ ਬਗਾਵਤ ਨੂੰ ਕੁਚਲ ਕੇ ਨਜ਼ਫ ਅਤੇ ਕਰਬਲਾ ਵਿਚ ਸਥਿਤ ਧਾਰਮਿਕ ਸਥਾਨਾਂ ਵਿਚ ਆਪਣੇ ਚਿੱਤਰ ਲਗਵਾ ਦਿੱਤੇ ਸਨ ਅਤੇ ਬਾਥ ਪਾਰਟੀ ਦੇ ਮੈਬਰਾਂ ਨੇ ਇਨ੍ਹਾਂ ਲੋਕਾਂ ਨੂੰ ਬੁਰੀ ਤਰ੍ਹਾਂ ਡਰਾ ਦਿੱਤਾ ਸੀ । ਇਸ ਬਗਾਵਤ ਦੇ ਦਮਨ ਤੋਂ ਬਾਅਦ ਲਗਭਗ 10 ਲੱਖ ਸ਼ੀਆ ਮੁਸਲਮਾਨ ਬਗਦਾਦ ਦੇ ਦੱਖਣ ਪੂਰਬ ਵਿਚ ਸਥਿਤ ਸੱਦਾਮ ਸਿਟੀ ਵਿਚ ਆ ਕੇ ਵਸ ਗਏ ਸਨ । ਇਹ ਉਹ ਸ਼ੀਆ ਲੋਕ ਸਨ ਜਿਨ੍ਹਾਂ ਨੂੰ ਟੀ.ਵੀ. 'ਤੇ ਨੱਚਦੇ ਟੱਪਦੇ ਹੋਏ ਦਿਖਾਇਆ ਗਿਆ ਸੀ । ਇਹੋ ਹੀ ਲੋਕ ਸਨ ਜਿਨ੍ਹਾਂ ਨੂੰ ਇਰਾਕੀ ਸਦਰ ਸੱਦਾਮ ਹੁਸੈਨ ਦੇ ਬੁੱਤ ਡੇਗਣ ਵੇਲੇ ਦਿਖਾਇਆ ਗਿਆ । ਇਹੋ ਹੀ ਲੋਕ ਸਨ ਜਿਨ੍ਹਾਂ ਨੂੰ ਸੱਦਾਮ ਹੁਸੈਨ ਦੇ ਚਿੱਤਰ ਪਾੜਦਿਆਂ ਅਤੇ ਜੁੱਤੀਆਂ ਮਾਰਦਿਆਂ ਦਿਖਾਇਆ ਗਿਆ । ਇਨ੍ਹਾਂ ਲੋਕਾਂ ਦੀ ਹੁਲੜਬਾਜੀ ਨੂੰ ਟੀ.ਵੀ 'ਤੇ ਪੱਛਮੀ ਮੀਡੀਆ ਵੱਲੋਂ ਇਸ ਲਈ ਦਿਖਾਇਆ ਗਿਆ ਸੀ ਤਾਂ ਕਿ ਵਿਸ਼ਵ ਨੂੰ ਇਹ ਦੱਸਿਆ ਜਾਵੇ ਕਿ ਇਰਾਕੀ ਲੋਕ ਸੱਦਾਮ ਹੁਸੈਨ ਤੋਂ ਕਿੰਨੇ ਦੁਖੀ ਸਨ । ਦੂਜਾ ਮਕਸਦ ਇਹ ਦੱਸਣਾ ਸੀ ਕਿ ਇਰਾਕ ਵਿਚ ਹੁਣ ਸੱਦਾਮ ਹੁਸੈਨ ਦਾ ਰਾਜ ਨਹੀਂ, ਸਗੋਂ ਗੱਠਜੋੜ ਫੌਜਾਂ ਦੇ ਅਧੀਨ ਹੈ । ਇਸ ਦਾ ਇਕ ਉਦੇਸ਼ ਇਹ ਵੀ ਸੀ ਕਿ ਇਸ ਤਰ੍ਹਾਂ ਲੁੱਟਮਾਰ ਕਰਨ ਨਾਲ ਸ਼ੀਆ ਅਤੇ ਸੁੰਨੀ ਫਿਰਕਿਆਂ ਵਿਚਕਾਰ ਖਿੱਚੋਤਾਣ ਵਧੇਗਾ ਅਤੇ ਇਰਾਕ ਵਿਚ ਖਾਨਾਜੰਗੀ ਵਰਗੀ ਹਾਲਤ ਪੈਦਾ ਹੋ ਜਾਵੇਗੀ ਤੇ ਇਸ ਤੋਂ ਮਗਰੋਂ ਅਮਰੀਕਾ ਨੂੰ ਇਰਾਕ ਵਿਚ ਪੈਦਾ ਹੋਈ ਖਾਨਾਜੰਗੀ ਨੂੰ ਦਬਾਉਣ ਲਈ ਹੋਰ ਸਮਾਂ ਮਿਲ ਜਾਵੇਗਾ । ਹੁਣ ਅਮਰੀਕਾ ਵਿਸ਼ਵ ਭਾਈਚਾਰੇ ਨੂੰ ਇਹ ਕਹਿ ਸਕਦਾ ਸੀ ਕਿ ਜੰਗ ਮਗਰੋਂ ਪੈਦਾ ਹੋਈ ਹੁਲੜਬਾਜ਼ੀ ਨੂੰ ਦਬਾਉਣ ਲਈ ਅਮਰੀਕਾ ਦਾ ਹੋਰ ਕੁਝ ਸਮਾਂ ਇਰਾਕ ਵਿਚ ਰਹਿਣਾ ਜ਼ਰੂਰੀ ਸੀ । ਮੀਡੀਆ 'ਤੇ ਇਰਾਕ ਅੰਦਰਲੀ ਲੁੱਟ ਖਸੁੱਟ ਅਤੇ ਉਸ ਦੇ ਸੱਭਿਆਚਾਰ ਨੂੰ ਇਸ ਤਰੀਕੇ ਨਾਲ ਪੇਸ਼ ਕਰਨਾ ਪੱਛਮੀ ਸ਼ਕਤੀਆਂ ਦੀ ਇਕ ਡੂੰਘੀ ਸਾਜ਼ਿਸ਼ ਸੀ । ਇਸ ਤੋਂ ਵੀ ਨੀਚੇ ਉਤੱਰ ਕੇ ਇਨ੍ਹਾਂ ਸ਼ਕਤੀਆਂ ਨੇ ਇਰਾਕੀ ਲੋਕਾਂ ਵਿਚ ਸੱਦਾਮ ਹੁਸੈਨ ਨੂੰ ਬਦਨਾਮ ਕਰਨ ਲਈ ਅਤੇ ਉਸ ਦੇ ਕੱਦ ਨੂੰ ਛੋਟਾ ਕਰਨ ਕਰਨ ਲਈ ਉਸ ਦੇ ਅਤੇ ਉਸ ਦੇ ਪੁੱਤਰਾਂ ਦੇ ਚਿੱਤਰਾਂ ਨੂੰ ਤਾਸ਼ ਦੇ ਪੱਤਿਆਂ ਉਤੇ ਦਿਖਾਇਆ । ਗੱਠਜੋੜ ਪ੍ਰਚਾਰ ਦਾ ਘਟੀਆਪਣ ਉਦੋਂ ਹੱਦਾ ਬੰਨੇ ਟੱਪ ਗਿਆ ਜਦੋਂ ਇਰਾਕੀ ਸਦਰ ਸੱਦਾਮ ਹੁਸੈਨ ਦੇ ਚਿੱਤਰ ਸੈਕਸੀ ਪੋਜ਼ ਦੇਣ ਵਾਲੀਆਂ ਹਾਲੀਵੁੱਡ ਅਭਿਨੇਤਰੀਆਂ ਐਲਵਿਸ ਪ੍ਰਿੰਸਲੇ, ਬਿਲੀ ਆਈਲਡ, ਵੈਰੋਨਿਕਾ, ਬੋਰ ਅਤੇ ਟਰਨਰ ਦੇ ਚਿੱਤਰਾਂ ਨਾਲ ਜੋੜ ਦਿੱਤੇ । ਇਹ ਇਸ ਲਈ ਕੀਤਾ ਗਿਆ ਤਾਂ ਕਿ ਇਰਾਕੀ ਲੋਕਾਂ ਵਿਚ ਉਸ ਦੀ ਮਾਨਸਿਕਤਾ ਨੂੰ ਖਤਮ ਕੀਤਾ ਜਾ ਸਕੇ । ਇਰਾਕੀ ਸੱਭਿਆਚਾਰ ਨੂੰ ਤਬਦੀਲ ਕਰਨ ਲਈ ਅਤੇ ਇਸ ਦੀ ਜੰਗਜੂ ਪ੍ਰੰਪਰਾ ਨੂੰ ਖਤਮ ਕਰਨ ਲਈ ਪੂਰੀ ਪੂਰੀ ਕੋਸ਼ਿਸ਼ ਕੀਤੀ ਗਈ । ਇਰਾਕੀ ਪਾਠ ਪੁਸਤਕਾਂ ਵਿਚੋਂ ਸੱਦਾਮ ਹੁਸੈਨ ਦੀਆਂ ਫੋਟੋਆਂ ਅਤੇ ਉਸ ਦੇ

ਨਾਂ ਤੱਕ ਨੂੰ ਖਤਮ ਕਰ ਦਿੱਤਾ ਗਿਆ । ਇਹ ਸਭ ਕੁਝ ਪੱਛਮੀ ਪ੍ਰਚਾਰ ਮਾਧਿਅਮ ਦੀ ਇਕ ਸਾਜ਼ਿਸ਼ ਸੀ ਕਿ ਇਰਾਕੀ ਸਦਰ ਨੂੰ ਵਿਸ਼ਵ ਭਾਈਚਾਰੇ ਵਿਚ ਵੱਧ ਤੋਂ ਵੱਧ ਨੀਵਾਂ ਦਿਖਾਇਆ ਜਾਵੇ ।

ਇਸ ਜੰਗ ਨੂੰ ਕਵਰੇਜ ਕਰਨ ਲਈ ਮੀਡੀਆ ਨੂੰ ਭਾਰੀ ਕੀਮਤ ਚੁਕਾਉਣੀ ਪਈ। ਖਾਸ ਕਰ ਕੇ ਅਰਬ ਮੀਡੀਆ ਨੂੰ । ਅਮਰੀਕਾ ਤਾਂ ਪਹਿਲਾਂ ਹੀ ਆਪਣੇ ਨਾਲ ਜਰਨਾਲਿਸਟਾਂ ਦੀ ਫੌਜ ਲੈ ਕੇ ਆਇਆ ਸੀ । ਜਿਨ੍ਹਾਂ ਦੇ ਉਤੇ ਪੱਛਮੀ ਫੌਜਾਂ ਨੇ ਸੁਰੱਖਿਆ ਛੱਤਰੀ ਤਾਣੀ ਹੋਈ ਸੀ । ਅਮਰੀਕਾ ਦੀ ਇੱਛਾ ਸੀ ਕਿ ਸੰਸਾਰ ਮੀਡੀਆ ਉਸ ਦੀ ਇੱਛਾ ਅਨੁਸਾਰ ਹੀ ਕੰਮ ਕਰੇ । ਜਿਵੇਂ ਸੀ.ਐਨ.ਐਨ. ਅਤੇ ਬੀ.ਬੀ.ਸੀ ਕਰ ਰਿਹਾ ਸੀ । ਪਰ ਇਸ ਦੇ ਉਲਟ ਅਲ-ਜ਼ਜੀਰਾ ਨੇ ਮਨੁੱਖਤਾ ਦੇ ਹੋ ਰਹੇ ਘਾਣ ਨੂੰ ਬੜੀ ਬੇਬਾਕੀ ਨਾਲ ਪ੍ਰਸਾਰਿਤ ਕੀਤਾ । ਆਪਣੇ ਵਿਰੋਧੀ ਸੁਰ ਵਾਲੇ ਇਸ ਮੀਡੀਆ ਨੂੰ ਅਮਰੀਕਾ ਨੇ ਆਪਣਾ ਨਿਸ਼ਾਨਾ ਬਣਾਇਆ। ਹਰ ਇਕ ਪੱਤਰਕਾਰ ਨੂੰ ਖਤਰਾ ਸੀ ਕਿ ਜੇ ਉਸ ਨੇ ਜੰਗ ਦੀ ਸਹੀ ਤਸਵੀਰ ਪੇਸ਼ ਕੀਤੀ ਤਾਂ ਅਮਰੀਕਾ ਉਸ ਨੂੰ 'ਸੱਦਾਮ ਪੱਖੀ' ਕਹਿ ਕੇ ਨਿੰਦੇਗਾ । ਵਰਲਡ ਨਿਊਜ਼ ਟੂਨਾਈਟ ਦੇ ਨਿਰਮਾਤਾ ਪਾਲ ਸਲੇਵਿਨ ਦਾ ਕਹਿਣਾ ਸੀ ਕਿ ਉਸ ਨੂੰ ਜਿੰਨੀ ਚਿੰਤਾ ਸੱਦਾਮ ਪੱਖੀ ਅਕਸ ਬਣਨ ਤੋਂ ਬਚਣ ਦੀ ਹੈ ਉਨੀ ਹੀ ਚਿੰਤਾ ਅਮਰੀਕਾ ਪੱਖੀ ਮੋਹਰ ਲੱਗਣ ਦੀ ਵੀ ਹੈ । ਉਹ ਸਤੁੰਲਤ ਕਵਰੇਜ ਦੇ ਹੱਕ ਵਿਚ ਸੀ । ਸਤੁੰਲਤ ਕਵਰੇਜ ਨਾ ਹੋਣ ਦੇ ਕਾਰਨ ਹੀ ਅਮਰੀਕਾ ਅਤੇ ਬਰਤਾਨੀਆ ਦੇ ਲੋਕ ਵੀ ਦੁਬਿਧਾ ਵਿਚ ਪਏ ਹੋਏ ਸਨ ਕਿ ਆਪਣੇ ਮੀਡੀਆ 'ਤੇ ਵਿਸ਼ਵਾਸ ਕੀਤਾ ਜਾਵੇ ਜਾਂ ਅਰਬ ਮੀਡੀਆ 'ਤੇ । ਅਮਰੀਕੀ ਲੋਕਾਂ ਵਿਚ ਅਰਬ ਚੈਨਲਾਂ ਨੂੰ ਦੇਖਣ ਦੀ ਭਾਰੀ ਉਤਸੁਕਤਾ ਪੈਦਾ ਹੋ ਗਈ ਕਿਉਂਕਿ ਅਮਰੀਕਾ ਵੱਲੋਂ ਜੰਗ ਦੇ ਕਾਰਨਾਂ ਅਤੇ ਉਦੇਸ਼ਾ ਨੂੰ ਹੋਰ ਕਿਸੇ ਢੰਗ ਨਾਲ ਪ੍ਰਚਾਰਤ ਕੀਤਾ ਗਿਆ ਸੀ । ਪਰ ਜਦੋਂ ਕੁਝ ਜਰਨਾਲਿਸਟ ਬਗਦਾਦ ਦੀਆਂ ਗਲੀਆਂ ਵਿਚ ਗਏ । ਉਥੇ ਇਸ ਤੋਂ ਉਲਟ ਦਿਖਾਈ ਦਿੱਤਾ ਤੇ ਇਹ ਦੁਬਿਧਾ ਵਿਚ ਪੈ ਗਏ । ਕਿਉਂਕਿ ਲੋਕ ਸੱਦਾਮ ਹੁਸੈਨ ਦੇ ਗੁਣਗਾਨ ਕਰਦੇ ਗੀਤ ਗਾਉਂਦੇ ਸਨ । ਇਸ ਨੂੰ ਦੇਖਕੇ ਏ.ਬੀ.ਸੀ.ਨਿਊਜ਼ ਦੇ ਪੱਤਰਕਾਰ ਦਾ ਕਹਿਣਾ ਸੀ ਕਿ ਅਜਿਹਾ ਫਿਲਮਾਂਕਣ ਸੱਦਾਮ ਪੱਖੀ ਵੀਡੀਓ ਦਾ ਪ੍ਰਭਾਵ ਦਿੰਦਾ ਹੈ । ਬੀ.ਬੀ.ਸੀ. ਦੇ ਪੱਤਰਕਾਰ ਓਮਰ ਦਾ ਵੀ ਇਹੋ ਕਹਿਣਾ ਸੀ " ਮੈਨੂੰ ਵਿਸ਼ਵਾਸ ਹੈ ਕਿ ਲੋਕ ਆਪਣੀਆਂ ਸਹੀ ਭਾਵਨਵਾਂ ਦਾ ਪ੍ਰਗਟਾਵਾ ਕਰਦੇ ਹਨ" ਜਦੋਂ ਉਹ ਕਹਿੰਦੇ ਹਨ, - "ਹਾਂ" ਮੈ ਇਰਾਕ ਪੱਖੀ ਹਾਂ ਅਤੇ ਮੇਰੇ ਦੇਸ਼ ਤੇ ਹਮਲਾ ਹੋਇਆ ਹੈ ।" ਇਸ ਤਰ੍ਹਾਂ ਜੰਗ ਤੋਂ ਪਹਿਲਾਂ ਜੰਗ ਦੌਰਾਨ ਅਤੇ ਜੰਗ ਤੋਂ ਮਗਰੋਂ ਮੀਡੀਆ ਦੇ ਪ੍ਰਚਾਰ ਵਿਚ ਵੱਡੀ ਭਿੰਨਤਾ ਪਾਈ ਗਈ । ਅਲ ਜ਼ਜੀਰਾ ਚੈਨਲ ਇੰਨਾਂ ਲੋਕਪ੍ਰੀਆ ਹੋ ਗਿਆ ਕਿ ਇਸ ਨੂੰ' ਅਰਬ ਸੀ.ਐਨ.ਐਨ' ਕਿਹਾ ਜਾਣ ਲੱਗਾ । ਇਥੋਂ ਤੱਕ ਕਿ ਅਮਰੀਕਾ ਦੇ ਲੋਕ ਵੀ ਇਹ ਸਮਝਣ ਲੱਗੇ ਕਿ ਇਹ ਚੈਨਲ ਜੰਗ ਦੀ ਤਸਵੀਰ ਨੂੰ ਸਹੀ ਅਤੇ ਅਸਲ ਰੂਪ ਵਿਚ ਪੇਸ਼ ਕਰ ਰਿਹਾ ਹੈ । ਇਸ ਨੂੰ ਕਿਸੇ ਵੀ ਤਰ੍ਹਾਂ ਉਲਾਰ ਜਾਂ ਅਮਰੀਕਾ ਵਿਰੋਧੀ ਨਹੀਂ ਕਿਹਾ ਜਾ ਸਕਦਾ ਸੀ। ਪਰ ਦੂਜੇ ਪਾਸੇ ਅਮਰੀਕੀ ਅਧਿਕਾਰੀ ਇਸ ਚੈਨਲ ਨੂੰ ਉਸਾਮਾ ਬਿਨ ਲਾਦੇਨ ਦਾ ਹੱਥ ਠੋਕਾ ਦੱਸ ਰਹੇ ਸਨ । ਇਸ ਲਈ ਬੀ.ਬੀ.ਸੀ., ਸੀ. ਐਨ.ਐਨ. ਅਤੇ ਪੈਂਟਾਗਨ ਦਾ ਉਸ ਨਾਲ ਟਕਰਾਅ ਹੋ ਗਿਆ । ਕਿਉਂਕਿ ਅਲ ਜਜ਼ੀਰਾ ਚਾਹੁੰਦਾ ਸੀ ਕਿ ਦੋਹਾਂ ਧਿਰਾਂ ਦਾ

ਅਸਲ ਪੱਖ ਦੁਨੀਆਂ ਸਾਹਮਣੇ ਰੱਖਿਆ ਜਾਵੇ ਪਰ ਅਮਰੀਕੀ ਪੱਖ ਦਾ ਮੀਡੀਆ ਅਜਿਹਾ ਨਹੀਂ ਸੀ ਚਾਹੁੰਦਾ । ਇਸ ਲਈ ਦੋਵਾਂ ਦੇ ਮਨਾ ਅੰਦਰ ਪੀਢੀ ਗੰਢ ਬੱਝ ਗਈ । ਜਦੋਂ ਅਲ-ਜਜ਼ੀਰਾ ਨੇ ਆਮ ਲੋਕਾਂ ਦੇ ਮਾਰੇ ਜਾਣ ਦੀਆਂ ਤਸਵੀਰਾਂ ਦਿਖਾਈਆਂ ਤਾ ਅਮਰੀਕਾ ਨੇ ਇਸ ਨੂੰ 'ਅਰਬ ਪ੍ਰਪੇਗੰਡਾ' ਮੁਹਿੰਮ ਦਾ ਨਾਂ ਦਿੱਤਾ ਅਤੇ ਕਿਹਾ ਕਿ ਇਹ ਮੁਹਿੰਮ ਗਠਜੋੜ ਫੌਜਾਂ ਨੂੰ ਬਦਨਾਮ ਕਰਨ ਚਲਾਈ ਜਾ ਰਹੀ ਹੈ । ਇਸੇ ਕਾਰਨ ਹੀ ਫ੍ਰੈਂਚ ਮੀਡੀਆ ਦੀ ਵੀ ਅਲੋਚਨਾ ਕੀਤੀ ਗਈ ਪਰ ਅਮਰੀਕੀ ਅਤੇ ਬਰਤਾਨਵੀ ਮੀਡੀਆ ਆਪਣੇ ਆਪ ਨੂੰ ਸੰਤੁਲਤ ਮੀਡੀਆ ਵੱਜੋਂ ਪ੍ਰਚਾਰਦਾ ਰਿਹਾ ਭਾਵੇਂ ਹੀ ਉਸ ਦਾ ਪ੍ਰਪੇਗੰਡਾ ਸਭ ਹੱਦਾਂ-ਬੰਨੇ ਟੱਪ ਚੁੱਕਾ ਸੀ । ਗਠਜੋੜ ਫੌਜਾਂ ਨਾਲ ਜੰਗ ਵਿਚ ਗਏ ਹੋਏ ਇਮਬੈਡਿਡ ਜਰਨਾਲਿਸਟਾਂ ਨੂੰ ਜੰਗ ਦੇ ਮੁਹਾਜ਼ ਤੋਂ ਰਿਪੋਟਿੰਗ ਕਰਨ ਵਾਲੇ 'ਹੀਰੋਆਂ' ਦਾ ਦਰਜਾ ਦਿੱਤਾ ਗਿਆ । ਬਰਤਾਨਵੀ ਅਤੇ ਅਮਰੀਕੀ ਮੀਡੀਆ ਇਰਾਕੀ ਫੌਜੀਆਂ ਨੂੰ ਫੌਜੀ ਕਹਿਣ ਨਾਲੋਂ 'ਮਲੀਸ਼ੀਆ' ਕਹਿਣ ਵਿਚ ਜਿਆਦਾ ਲੁਤਫ ਲੈਂਦਾ ਸੀ ਜਿਵੇਂ ਗੁਆਤੀਨਾਮੋ ਵਿਚ ਰੱਖੇ ਜੰਗੀ ਕੈਦੀਆਂ ਨੂੰ ਅਮਰੀਕੀ 'ਗੈਰ ਕਾਨੂੰਨੀ ਲੜਾਕੇ' ਕਹਿੰਦੇ ਹਨ । ਬ੍ਰਿਟਿਸ਼ ਮੀਡੀਆ ਤਾਂ ਇਰਾਕੀ ਫੌਜੀਆਂ ਨੂੰ 'ਨੀਮ- ਅਤਵਾਦੀ' ਹੀ ਕਹਿ ਦਿੰਦਾ ਸੀ । ਇਰਾਕੀ ਮਿਲਟਰੀ ਰਣਨੀਤੀ ਨੂੰ ਧੋਖੇਬਾਜ਼ੀ ਦਾ ਨਾਂ ਦਿੱਤਾ ਗਿਆ । ਬਸਰਾ ਦੀ ਘੇਰਾਬੰਦੀ ਸਮੇਂ ਇਥੋਂ ਦੇ ਲੋਕਾਂ ਨੂੰ ਨਾ ਖਾਣਾ ਨਸੀਬ ਹੋਇਆ ਅਤੇ ਨਾ ਹੀ ਪਾਣੀ । ਪੰਦਰਾਂ ਲੱਖ ਦੀ ਅਬਾਦੀ ਵਾਲੇ ਇਸ ਸ਼ਹਿਰ ਵਿਚ 40 ਫੀਸਦੀ ਬੱਚੇ ਸਨ । ਘੇਰਾਬੰਦੀ ਸਮੇਂ ਗਠਜੋੜ ਫੌਜਾਂ ਅਤੇ ਇਮਬੈਡਿਡ ਜਰਨਾਲਿਸਟ (ਪੱਛਮੀ ਮੀਡੀਆ) ਕਿਸੇ ਸ਼ੀਆ ਉਭਾਰ ਦੀ ਇੰਤਜ਼ਾਰ ਕਰਦਾ ਰਿਹਾ ਕਿ ਉਹ ਸਾਡਾ ਇੱਥੇ ਆਉਣ 'ਤੇ ਸਵਾਗਤ ਕਰਨਗੇ । ਪਰ ਕਿਸੇ ਇਹ ਨਹੀਂ ਸੋਚਿਆ ਕਿ ਇਥੋਂ ਦੀ ਜਨਤਾ ਅਤੇ ਬੱਚੇ ਭੁੱਖਣ-ਭਾਣੇ ਮਰ ਰਹੇ ਹਨ । ਜਦੋਂ ਸ਼ੀਆ ਲੋਕ ਗਠਜੋੜ ਫੌਜਾਂ ਦਾ ਸਵਾਗਤ ਕਰਨ ਲਈ ਬਾਹਰ ਨਾ ਨਿਕਲੇ ਤਾਂ ਇਤਿਹਾਦੀ ਭੁੱਖੇ ਪਿਆਸੇ ਲੋਕਾਂ ਲਈ ਭੋਜਨ ਪਾਣੀ ਲੈ ਕੇ ਆਏ । ਭੋਜਨ ਲੱਦੇ ਟਰੱਕ ਸ਼ਹਿਰ ਦੇ ਬਾਹਰ ਖੜੇ ਕਰ ਦਿੱਤੇ । ਭੁੱਖੀਆਂ ਗਿਰਜਾਂ ਵਾਂਗ ਲੋਕ ਅੰਨ-ਪਾਣੀ 'ਤੇ ਟੁੱਟ ਕੇ ਪੈ ਗਏ । ਧੱਕਾ-ਮੁੱਕੀ ਹੁੰਦੇ ਹੋਏ ਇੰਨ੍ਹਾਂ ਲੋਕਾਂ ਦੀਆਂ ਤਸਵੀਰਾਂ ਨੂੰ ਪੱਛਮੀ ਮੀਡੀਆਂ ਨੇ ਵਿਸ਼ਵ ਨੂੰ ਦਿਖਾਇਆ ਤੇ ਦਰਸਾਇਆ ਕਿ ਅਸੀ ਭੁੱਖਿਆਂ ਨੂੰ ਭੋਜਨ ਵੰਡ ਰਹੇ ਹਾਂ । ਪਰ ਅਮਰੀਕੀ ਇੱਥੇ ਇਹ ਭੁੱਲ ਗਏ ਕਿ ਸੱਦਾਮ ਹੁਸੈਨ ਨੇ ਆਪਣੇ ਰਾਜਕਾਲ ਵਿਚ ਅੱਤਿਆਚਾਰ ਰਾਂਹੀ ਇੰਨੇ ਲੋਕ ਨਹੀਂ ਮਾਰੇ ਜਿੰਨੇ ਇੰਨ੍ਹਾਂ ਨੇ 12 ਸਾਲ ਬੰਧਸ਼ਾਂ ਲਗਾ ਕੇ ਮਾਰ ਦਿੱਤੇ । ਜਿਕਰਯੋਗ ਹੈ ਕਿ ਜੰਗ ਤੋਂ ਪਹਿਲਾਂ ਕੋਈ ਵੀ ਇਰਾਕੀ ਭੁੱਖਾ, ਪਿਆਸਾ ਜਾਂ ਦਵਾਈ ਖੁਣੋਂ ਨਹੀਂ ਮਰਿਆ ਸੀ ਜਦ ਕਿ ਅਮਰੀਕਾ ਵੱਲੋਂ ਲਗਾਈਆਂ ਗਈਆਂ ਬੰਧਸ਼ਾਂ ਕਾਰਨ ਭੁੱਖੇ, ਪਿਆਸੇ ਅਤੇ ਦਵਾਈਆਂ ਖੁਣੋਂ ਲਗਭਗ 12 ਲੱਖ ਇਰਾਕੀ ਮਰ ਗਏ ਜਿਨਾਂ ਵਿਚ 5 ਲੱਖ ਦੇ ਲਗਭਗ ਬੱਚੇ ਵੀ ਸਨ ।

ਕਾਂਡ - 7

ਹਥਿਆਰ ਨਰੀਖਣ

2 ਅਗਸਤ 1990 ਤੋਂ ਹੀ ਅਮਰੀਕਾ ਨੇ ਇਰਾਕ 'ਤੇ ਸਖਤ ਆਰਥਿਕ ਪਾਬੰਦੀਆਂ ਲਗਾ ਦਿੱਤਆਿ ਸਨ । ਪੂਰੀ ਤਰ੍ਹਾਂ ਨਾਲ ਇਰਾਕ ਦੀ ਘੇਰਾਬੰਦੀ ਕਰ ਦਿੱਤੀ । ਇਥੋਂ ਤੱਕ ਕਿ ਬਾਹਰੋਂ ਦਵਾਈਆਂ ਭੋਜਨ ਅਤੇ ਦੁੱਧ ਵੀ ਇਰਾਕ ਵਿਚ ਨਹੀਂ ਜਾਣ ਦਿੱਤਾ ਜਾਂਦਾ ਸੀ । ਇਰਾਕ ਵਿਚੋਂ ਕੋਈ ਵਸਤੂ ਬਾਹਰ ਨਹੀਂ ਜਾਣ ਦਿੱਤੀ ਜਾਂਦੀ ਸੀ । 1991 ਦੀ ਖਾੜੀ ਜੰਗ ਦੇ ਜੇਤੂ ਸਮਝਦੇ ਹੋਏ ਅਮਰੀਕਾ ਨੇ ਮਾਰਚ 1991 ਵਿਚ ਸੁੱਰਖਿਆ ਪ੍ਰੀਸ਼ਦ ਕੋਲੋਂ ਮਤਾ ਨੰ 678 ਅਤੇ 687 ਅਧੀਨ ਇਹ ਵਿਆਪਕ ਅਧਿਕਾਰ ਪਾਸ ਕਰਵਾ ਲਿਆ ਸੀ ਕਿ ਜੇ ਕਰ ਇਰਾਕ 'ਤੇ ਮੁੜ ਹਮਲਾ ਕਰਨ ਦੀ ਲੋੜ ਪਈ ਤਾਂ ਉਸ ਨੂੰ ਸੁਰੱਖਿਆ ਪ੍ਰੀਸ਼ਦ ਕੋਲੋਂ ਇਜਾਜ਼ਤ ਨਹੀਂ ਲੈਣੀ ਪਏਗੀ । ਇਰਾਕ ਨੂੰ ਜਲੀਲ ਕਰਨ, ਇਸ ਦੇ ਚੱਪੇ-ਚੱਪੇ ਨੂੰ ਖੋਜਣ ਅਤੇ ਸੂਹ ਲਾਉਣ ਲਈ ਹਥਿਆਰ ਨਰੀਖਣ ਦੀ ਆਤ ਵਿਚ ਸੰਯੁਕਤ ਰਾਸ਼ਟਰ ਦੇ ਪ੍ਰਮੁੱਖ ਹਥਿਆਰ ਨਰੀਖਕ ਰਿਚਰਡ ਬਟਲਰ ਨੂੰ ਇਰਾਕ ਭੇਜ ਦਿੱਤਾ । ਇਸ ਨਾਲ ਅਮਰੀਕਾ ਸਖਤ ਆਰਥਿਕ ਪਾਬੰਦੀਆਂ ਲਗਾ ਕੇ ਹਥਿਆਰ ਨਰੀਖਣ ਦੇ ਬਹਾਨੇ ਲਗਾਤਾਰ ਇਰਾਕ ਦੀ ਜਾਸੂਸੀ ਕਰਦਾ ਰਿਹਾ । ਇਸ ਲਈ ਇਰਾਕ ਨੇ ਹਥਿਆਰ ਨਰੀਖਣ ਟੀਮ ਨੂੰ ਸਹਿਯੋਗ ਦੇਣਾ ਬੰਦ ਕਰ ਦਿੱਤਾ । ਇਹ ਵੀ ਸੀ ਕਿ ਨਰੀਖਣ ਦਾ ਇਹ ਕੰਮ ਜ਼ਰੂਰਤ ਤੋਂ ਜ਼ਿਆਦਾ ਲੰਮਾ ਖਿੱਚ ਦਿੱਤਾ ਗਿਆ ਸੀ । ਭਾਵੇਂ ਬਹੁਤ ਸਾਰੇ ਹਥਿਆਰ ਨਸ਼ਟ ਕੀਤੇ ਜਾ ਚੁੱਕੇ ਸਨ ਪਰ ਨਰੀਖਣ ਦਲ ਦਾ ਕਹਿਣਾ ਸੀ ਕਿ ਇਰਾਕ ਨੇ ਅਜੇ ਵੀ ਖਤਰਨਾਕ ਹਥਿਆਰ ਲਕੋਏ ਹੋਏ ਹਨ । ਦੂਜਾ ਇਰਾਕ ਦਾ ਇਹ ਕਹਿਣਾ ਸੀ ਕਿ ਜਦੋਂ ਹਥਿਆਰ ਨਸ਼ਟ ਹੀ ਕਰ ਦਿੱਤੇ ਹਨ ਤਾਂ ਆਰਥਿਕ ਰੋਕਾਂ ਵੀ ਹਟਾ ਦੇਣੀਆਂ ਚਾਹੀਦੀਆਂ ਹਨ । ਅਮਰੀਕਾ ਇਸ ਗੱਲ ਲਈ ਸਹਿਮਤ ਨਹੀਂ ਸੀ ਪ੍ਰੰਤੂ ਇਸ ਨਾਲ ਇਰਾਕੀ ਜਨਤਾ ਨੂੰ ਅਨੇਕਾਂ ਕਸ਼ਟ ਭੋਗਣੇ ਪੈ ਰਹੇ ਸਨ । ਬੰਧਸ਼ਾਂ ਕਾਰਨ ਪੇਂਡੂ ਖੇਤਰਾਂ ਨੂੰ ਜ਼ਿਆਦਾ ਮਾਰ ਝੱਲਣੀ ਪਈ । ਇਨ੍ਹਾਂ ਪਾਬੰਦੀਆਂ ਤੋਂ ਦੁੱਖੀ ਹੋ ਕੇ ਲੋਕ ਆਪਣੀ ਸਰਕਾਰ ਦੇ ਵਿਰੁੱਧ ਨਾ ਹੋ ਕੇ ਪੱਛਮੀ ਸ਼ਕਤੀਆਂ ਦੇ ਵਿਰੁੱਧ ਹੋ ਗਏ । ਇਰਾਕੀ ਲੋਕਾਂ ਦੇ ਗੁੱਸੇ ਨੂੰ ਦੇਖਦੇ ਹੋਏ ਅਮਰੀਕਾ ਨੇ 'ਤੇਲ ਬਦਲੇ ਅਨਾਜ' ਪ੍ਰੋਗਰਾਮ ਅਧੀਨ ਇਰਾਕ ਨੂੰ ਥੋੜਾ ਜਿਹਾ ਅਨਾਜ ਖਰੀਦਣ ਦੀ ਆਗਿਆ ਦੇ ਦਿੱਤੀ ।

ਇਰਾਕੀ ਬੱਚਿਆਂ ਦੀਆਂ ਮੌਤਾਂ ਨੂੰ ਦੇਖਦੇ ਹੋਏ 1998 ਵਿਚ ਸੁਰੱਖਿਆ ਪ੍ਰੀਸ਼ਦ ਨੇ ਇਰਾਕ ਨੂੰ ਤੇਲ ਨਿਰਯਾਤ ਵਧਾਉਣ ਦੀ ਆਗਿਆ ਦੇ ਦਿੱਤੀ । ਹੁਣ ਇਰਾਕ 5.2 ਅਰਬ ਡਾਲਰ ਦਾ ਤੇਲ ਨਿਰਯਾਤ ਕਰ ਸਕਦਾ ਸੀ ਜਦੋਂ ਕਿ ਹੁਣ ਤੱਕ ਉਸ ਨੂੰ 2 ਅਰਬ ਡਾਲਰ ਤੱਕ ਦਾ ਤੇਲ ਨਿਰਯਾਤ ਕਰਨ ਦੀ ਇਜਾਜ਼ਤ ਸੀ । ਪ੍ਰੰਤੂ ਉਹ ਇਤਨਾ ਤੇਲ ਕੱਢ

ਹੀ ਨਹੀਂ ਸਕਦਾ ਸੀ ਕਿਉਂਕਿ 1991 ਦੀ ਜੰਗ ਦੇ ਸਮੇਂ ਦੌਰਾਨ ਤੇਲ ਸਹੂਲਤਾਂ ਟੁੱਟ ਚੁੱਕੀਆਂ ਸਨ । ਇਨ੍ਹਾਂ ਸਹੂਲਤਾਂ ਨੂੰ ਮੁੜ ਪ੍ਰਾਪਤ ਕਰਨ ਲਈ ਅਰਬਾਂ ਡਾਲਰਾਂ ਦੀ ਲੋੜ ਸੀ। ਉਧਰ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦਾ ਕਹਿਣਾ ਸੀ ਕਿ ਜਦੋਂ ਤੱਕ ਇਰਾਕ ਅੰਦਰ ਰਸਾਇਣਕ ਹਥਿਆਰ ਖਤਮ ਨਹੀਂ ਹੋ ਜਾਂਦੇ ਉਸ ਵਿਰੁੱਧ ਲਗਾਈਆਂ ਪਾਬੰਦੀਆਂ ਖਤਮ ਨਹੀਂ ਕੀਤੀਆਂ ਜਾ ਸਕਦੀਆਂ । ਸੁਰੱਖਿਆ ਪ੍ਰੀਸ਼ਦ ਨੇ 10 ਸਤੰਬਰ 1998 ਨੂੰ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਅੱਠ ਸਾਲ ਪੁਰਾਣੀਆਂ ਬੰਧਸ਼ਾਂ ਨੂੰ ਅਨਿਸਚਿਤ ਕਾਲ ਲਈ ਵਧਾ ਦਿੱਤਾ । ਇਰਾਕ ਦੇ ਸਹਿਯੋਗ ਦੇਣ ਦੇ ਵਿਸ਼ਵਾਸ ਦਿਵਾਉਣ ਤੋਂ ਮਗਰੋਂ ਰਿਚਰਡ ਬਟਲਰ ਦੇ ਨਰੀਖਕ ਦਲ ਨੇ ਆਪਣਾ ਕੰਮ ਮੁੜ ਸ਼ੁਰੂ ਕਰ ਦਿੱਤਾ । ਪਰ 15 ਦਸੰਬਰ 1998 ਨੂੰ ਉਸ ਨੇ ਆਪਣੀ ਰਿਪੋਰਟ ਸੰਯੁਕਤ ਰਾਸ਼ਟਰ ਕੋਲ ਭੇਜੀ ਕਿ ਇਰਾਕ ਜੈਵਿਕ ਅਤੇ ਰਸਾਇਣਕ ਹਥਿਆਰਾਂ ਦੇ ਬਾਰੇ ਮੁੱਖ ਦਸਤਾਵੇਜ਼ ਦਿਖਾਉਣ ਤੋਂ ਇਨਕਾਰੀ ਹੈ । ਰਿਚਰਡ ਬਟਲਰ ਦੀ ਇਸ ਰਿਪੋਰਟ 'ਤੇ ਸੁਰੱਖਿਆ ਪ੍ਰੀਸ਼ਦ ਵਿਚ ਅਜੇ ਵਿਚਾਰ ਸ਼ੁਰੂ ਵੀ ਨਹੀਂ ਹੋਇਆ ਸੀ ਕਿ ਅਮਰੀਕਾ ਅਤੇ ਬ੍ਰਿਟੇਨ ਨੇ ਇਰਾਕ 'ਤੇ ਸੰਯੁਕਤ ਰਾਸ਼ਟਰ ਨਾਲ ਅਸਿਯੋਗ ਦਾ ਦੋਸ਼ ਲਗਾ ਕੇ 18 ਦਸੰਬਰ ਨੂੰ ਸੱਦਾਮ ਹੁਸੈਨ ਦੇ ਜੱਦੀ ਪਿੰਡ ਟਿਕਰੀਤ ਵਿਚਲੇ ਖਾਣ ਪੀਣ ਵਾਲੇ ਭੰਡਾਰਾਂ 'ਤੇ ਹਵਾਈ ਹਮਲਾ ਕਰ ਦਿੱਤਾ । ਇੱਥੇ 'ਤੇਲ ਬਦਲੇ ਅਨਾਜ' ਪ੍ਰੋਗਰਾਮ ਅਧੀਨ ਮੰਗਵਾਏ ਗਏ 2600 ਟਨ ਚਾਵਲਾਂ ਦਾ ਭੰਡਾਰ ਨਸ਼ਟ ਕਰ ਦਿੱਤਾ ਗਿਆ । ਇਸ ਹਮਲੇ ਨੂੰ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ 'ਅਪ੍ਰੇਸ਼ਨ ਡੈਜ਼ਰਟ ਫੋਕਸ' (ਰੇਗਿਸਤਾਨੀ ਲੂੰਬੜ) ਦਾ ਨਾਂ ਦਿੱਤਾ । ਇਸ ਤਰ੍ਹਾਂ ਅਮਰੀਕਾ ਨੇ ਛੋਟੇ ਛੋਟੇ ਬਹਾਨੇ ਬਣਾਉਂਦੇ ਹੋਏ 18 ਦਸੰਬਰ 1998 ਤੋਂ ਦੋ ਫਰਵਰੀ 1999 ਤੱਕ ਇਰਾਕ 'ਤੇ ਚਾਲੀ ਵਾਰ ਹਵਾਈ ਹਮਲੇ ਕੀਤੇ । ਇਹ ਹਮਲੇ ਸੁਰੱਖਿਆ ਪ੍ਰੀਸ਼ਦ ਦੀ ਆਗਿਆ ਤੋਂ ਬਿਨ੍ਹਾਂ ਸਯੁੰਕਤ ਰਾਸ਼ਟਰ ਦੀ ਖੁੱਲੀ ਅਵੱਗਿਆ ਅਤੇ ਇਕ ਸਤੰਤਰ ਦੇਸ਼ ਦੀ ਪ੍ਰਭੂਸਤਾ ਦੀ ਉਲੰਘਣਾ ਸੀ । ਜਦ ਕਿ ਯੂ.ਐਨ.ਓ. ਦੇ ਇੰਚਾਰਜ ਰਿਚਰਡ ਬਟਲਰ ਜਿਹੜੇ ਕਿ ਇਰਾਕ ਵਿਚ ਹਥਿਆਰ ਨਰੀਖਣ ਦਾ ਕੰਮ ਕਰ ਰਹੇ ਸਨ ਨੇ ਅੱਠ ਸਾਲ ਨਰੀਖਣ ਕਰਨ ਤੋਂ ਮਗਰੋਂ ਇਰਾਕ ਨੂੰ ਬੇਦੋਸ਼ਾ ਦੱਸਦੇ ਹੋਏ ਕਿਹਾ ਸੀ ਕਿ "ਇਰਾਕ ਕੋਲ ਕੋਈ ਐਟਮੀ ਅਤੇ ਮਾਰੂ ਹਥਿਆਰ ਨਹੀਂ ਹੈ । ਪਰ ਦੁੱਖ ਦੀ ਗੱਲ ਇਹ ਹੈ ਕਿ ਅਮਰੀਕੀ ਦਬਾਅ ਕਾਰਨ ਸਯੁੰਕਤ ਰਾਸ਼ਟਰ ਨੇ ਅਜੇ ਤੱਕ ਇਰਾਕ ਤੋਂ ਆਰਥਿਕ ਪਾਬੰਦੀਆਂ ਨਹੀਂ ਹਟਾਈਆਂ ।" ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਅਮਰੀਕਾ ਨੇ 1990 ਤੋਂ ਪਹਿਲਾਂ ਤੋਂ ਹੀ ਇਰਾਕ ਦੇ ਤੇਲ 'ਤੇ ਆਪਣਾ ਕਬਜ਼ਾ ਕਰਨ ਲਈ ਖਾੜੀ ਦੇ ਦੇਸ਼ ਜਾਰਡਨ, ਕੁਵੈਤ, ਦੁਬਈ, ਬਹਿਰੀਨ, ਅਤੇ ਸਾਉਦੀ ਅਰਬ ਤੋਂ ਵੀ ਅੱਗੇ ਵਧ ਕੇ ਇਸ ਪੂਰੀ ਤੇਲ ਪੱਟੀ 'ਤੇ ਆਪਣਾ ਕਬਜ਼ਾ ਕਰਨ ਦੀ ਯੋਜਨਾ ਬਣਾ ਰੱਖੀ ਸੀ ਤਾਂ ਕਿ ਇਕ ਪਾਸੇ ਇਸਰਾਈਲ ਸੁਰੱਖਿਅਤ ਹੋ ਜਾਵੇ ਦੂਜੇ ਇਰਾਨ ਅਤੇ ਸੀਰੀਆ 'ਤੇ ਆਪਣੀ ਤਲਵਾਰ ਲਟਕਾ ਦੇਵੇ । ਗੱਲ ਕੀ ਅਮਰੀਕਾ ਦੀ ਰੁਚੀ ਅਤੇ ਨੀਤੀ ਸੱਦਾਮ ਹੁਸੈਨ ਦਾ ਤਖ਼ਤ ਪਲਟਣ ਵਿਚ ਜ਼ਿਆਦਾ ਸੀ । ਬ੍ਰਿਟੇਨ ਵੀ ਇਸੇ ਨੀਤੀ ਦਾ ਹਾਮੀ ਸੀ । 1995 ਵਿਚ ਤਾਂ ਅਮਰੀਕੀ ਵਿਦੇਸ਼ ਵਿਭਾਗ ਨੇ ਸਪਸ਼ਟ ਹੀ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਉਦੇਸ਼ ਇਰਾਕ ਦਾ ਤਖ਼ਤਾ ਪਲਟਣਾ ਹੈ । ਸੱਦਾਮ ਹੁਸੈਨ ਦੇ ਤਖ਼ਤ 'ਤੇ ਬੈਠਿਆਂ ਹੀ ਅਮਰੀਕਾ

ਵਿਚ ਤਿੰਨ-ਤਿੰਨ ਰਾਸ਼ਟਰਪਤੀ ਬਦਲ ਚੁੱਕੇ ਸਨ ਪ੍ਰੰਤੂ ਸੱਦਾਮ ਹੁਸੈਨ ਨੂੰ ਕੋਈ ਬਦਲ ਨਹੀਂ ਸਕਿਆ ਸੀ ਭਾਵੇਂ ਉਸ ਨੂੰ ਤਖ਼ਤ ਤੋਂ ਉਤਾਰਨ ਲਈ ਦੁਨੀਆਂ ਦੀ ਮਹਾਂਸ਼ਕਤੀ ਨੇ ਬਹੁਤ ਸਾਰੇ ਹੇਠਲੇ ਪੱਧਰ ਦੇ ਯਤਨ ਕੀਤੇ । ਹੁਣ ਸੀ.ਆਈ.ਏ. ਨੂੰ ਇਰਾਕੀ ਤਖ਼ਤ ਪਲਟਣ ਦੀ ਜਿੰਮੇਵਾਰੀ ਸੌਂਪ ਦਿੱਤੀ ਗਈ ਸੀ । ਸਤੰਬਰ 1998 ਵਿਚ ਇਸ ਤੋਂ ਇਕ ਕਦਮ ਹੋਰ ਅੱਗੇ ਵਧ ਕੇ ਅਮਰੀਕੀ ਸੈਨਟ ਨੇ ਇਰਾਕ ਵਿਚ ਸੱਦਾਮ ਹੁਸੈਨ ਦਾ ਤਖ਼ਤ ਪਲਟਣ ਲਈ 9 ਕਰੋੜ 7 ਲੱਖ ਡਾਲਰ ਦੀ ਰਾਸ਼ੀ ਬਕਾਇਦਾ ਤੌਰ 'ਤੇ ਪਾਸ ਕਰ ਦਿੱਤੀ ਸੀ । ਇਹ ਰਾਸ਼ੀ ਇਰਾਕੀ ਤਖ਼ਤ ਦੇ ਵਿਦਰੋਹੀਆਂ ਨੂੰ ਹਥਿਆਰ ਸਪਲਾਈ ਕਰਨ ਲਈ ਦਿੱਤੀ ਜਾਣੀ ਸੀ । ਇਸ ਰਾਸ਼ੀ ਤੋਂ ਇਲਾਵਾ 20 ਲੱਖ ਡਾਲਰ ਦੀ ਹੋਰ ਰਾਸ਼ੀ ਸੱਦਾਮ ਹੁਸੈਨ ਨੂੰ ਮੀਡੀਆ ਵਿਚ ਬਦਨਾਮ ਕਰਨ ਲਈ ਰਾਂਖਵੀ ਰੱਖੀ ਗਈ ਸੀ । ਇਸ ਤਰ੍ਹਾਂ ਇਰਾਕੀ ਜਨਤਾ ਦੁਆਰਾ ਇਕ ਚੁਣੇ ਹੋਏ ਮੁੱਖੀ ਨੂੰ ਅਹੁਦੇ ਤੋਂ ਹਟਾਉਣ ਲਈ ਰਾਜਨੀਤਿਕ, ਸੈਨਿਕ ਅਤੇ ਆਰਥਿਕ ਕੋਸ਼ਿਸ਼ਾਂ ਖੁਲ੍ਹੇਆਮ ਕੀਤੀਆਂ ਗਈਆਂ । ਜਦ ਕਿ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਉਤੇ ਉਸ ਸਮੇਂ ਆਪਣੀ ਹੀ ਇਕ ਔਰਤ ਕਰਮਚਾਰੀ ਮੋਨਿਕਾ ਲੈਵਿਸੰਕੀ ਨਾਲ ਨਜਾਇਜ਼ ਸਬੰਧ ਰੱਖਣ ਦੇ ਦੋਸ਼ ਵਿਚ ਝੂਠ ਬੋਲਣ ਕਾਰਨ ਮਹਾਂਦੋਸ਼ ਚਲਾਉਣ ਦਾ ਪ੍ਰਸਤਾਵ ਪਾਸ ਕਰ ਦਿੱਤਾ ਹੋਇਆ ਸੀ ਤਾਂ ਵੀ ਕਲਿੰਟਨ ਆਪਣਾ ਅਹੁਦਾ ਛੱਡਣ ਲਈ ਤਿਆਰ ਨਹੀਂ ਸੀ ਤੇ ਦੂਜੇ ਪਾਸੇ ਇਰਾਕੀ ਜਨਤਾ ਦੇ ਇਕ ਮਾਨਤਾ ਪ੍ਰਾਪਤ ਰਾਸ਼ਟਰਪਤੀ ਦੇ ਤਖ਼ਤ ਨੂੰ ਪਲਟਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ।

ਇਸ ਸਮੇਂ ਇਰਾਕੀ ਸਦਰ ਸੱਦਾਮ ਹੁਸੈਨ ਦਾ ਪੰਜ ਪਾਸੇ ਘੋਲ ਚੱਲ ਰਿਹਾ ਸੀ। ਪਹਿਲਾ ਇਰਾਕੀ ਕਮਿਊਨਿਸਟਾਂ ਨਾਲ, ਜਿਨ੍ਹਾਂ ਨੂੰ ਉਸ ਨੇ ਕਾਫੀ ਹੱਦ ਤੱਕ ਦਬਾ ਲਿਆ ਸੀ ਕਿਉਂਕਿ ਅਮਰੀਕਾ ਇਨ੍ਹਾਂ ਦਾ ਦੁਸ਼ਮਣ ਸੀ । ਦੂਜਾ ਘੋਲ ਕੁਰਦਾਂ ਨਾਲ, ਤੀਜਾ ਸ਼ੀਆ ਫਿਰਕੇ ਦੇ ਲੋਕਾਂ ਨਾਲ, ਚੌਥਾ ਵਿਰੋਧੀ ਇਸਲਾਮੀ ਦੇਸ਼ਾਂ ਨਾਲ ਅਤੇ ਪੰਜਵਾਂ ਘੋਲ ਅਮਰੀਕਾ ਨਾਲ । ਅਮਰੀਕਾ ਦਾ ਵਿਰੋਧੀ ਰੋਲ ਉਸ ਨੂੰ ਕੁਰਦਾਂ, ਸ਼ੀਆ ਲੋਕਾਂ ਅਤੇ ਵਿਰੋਧੀ ਇਸਲਾਮੀ ਦੇਸ਼ਾਂ ਨੂੰ ਦਬਾਉਣ ਵਿਚ ਸਫਲ ਨਹੀਂ ਹੋਣ ਦੇ ਰਿਹਾ ਸੀ । ਅਮਰੀਕਾ ਨੂੰ ਇਰਾਕੀ ਸਦਰ ਨਾਲ ਇਸ ਗੱਲ ਦੀ ਖਾਰ ਸੀ ਕਿ ਉਹ ਅੱਠਵੀਂ-ਨੌਵੀਂ ਸਦੀ ਦੇ ਬਗ਼ਦਾਦ ਦੇ ਖਲੀਫਾ ਹਾਰੂੰਅਲ ਰਸ਼ੀਦ ਵਾਂਗ ਇਸਲਾਮੀ ਦੇਸ਼ਾਂ ਦੇ ਆਗੂ ਦੇ ਰੂਪ ਵਿਚ ਉਭਰਨਾ ਚਾਹੁੰਦਾ ਸੀ । ਇਸ ਲਈ ਕਈ ਇਸਲਾਮੀ ਦੇਸ਼ ਵੀ ਉਸ ਦਾ ਵਿਰੋਧ ਕਰਦੇ ਸਨ । ਫਿਰ ਇਹ ਵੀ ਸੀ ਕਿ ਇਰਾਕ ਦੇ ਉਭਾਰ ਨਾਲ ਅਮਰੀਕਾ ਦੀ ਇਸਲਾਮੀ ਜਗਤ 'ਤੇ ਲੰਬਤਦਾਰੀ ਖਤਮ ਹੋ ਜਾਣੀ ਸੀ । ਇਸ ਲਈ ਅਮਰੀਕਾ ਕਿਸੇ ਨਾ ਕਿਸੇ ਬਹਾਨੇ ਨਾਲ ਇਰਾਕ ਦੀ ਆਰਥਿਕ ਅਤੇ ਸੈਨਿਕ ਸ਼ਕਤੀ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਸੀ । ਇਸ ਗੱਲ ਦਾ ਵੇਰਵਾ ਪੂਰੀ ਡੂੰਘਾਈ ਵਿਚ ਅਮਰੀਕਾ ਵਿਚ ਯੂ.ਐਸ.ਨਿਊ ਏਜੰਸੀ ਦੁਆਰਾ ਲਿਖੀ ਗਈ ਪੁਸਤਕ 'Triumph without victory' ਵਿਚ ਵੀ ਦਿੱਤਾ ਗਿਆ ਹੈ । ਇਹ ਵੀ ਲਿਖਿਆ ਗਿਆ ਹੈ ਕਿ ਇਹ ਇਕ ਡੂੰਘੀ ਸਾਜਿਸ਼ ਸੀ । ਅਮਰੀਕਾ ਮੱਧ ਪੂਰਬ ਵਿਚੋਂ ਇਰਾਕ ਜਿਹੇ ਬਲਵਾਨ ਦੇਸ਼ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਨਾ ਚਾਹੁੰਦਾ ਸੀ ਕਿਉਂ ਜੋ ਉਹ ਅਮਰੀਕਾ ਦੀ ਈਨ ਨਹੀਂ ਮੰਨਦਾ ਸੀ । ਸਗੋਂ ਵੀਅਤਨਾਮ ਅਤੇ ਕਿਊਬਾ ਵਾਂਗ ਉਸ ਨੂੰ

ਅੱਖਾਂ ਵਿਖਾਉਂਦਾ ਸੀ । ਇਰਾਕ ਦੇ ਮਜ਼ਬੂਤ ਹੋਣ ਨਾਲ ਅਮਰੀਕਾ ਦੀ ਏਸ਼ੀਆ ਦੇ ਸਾਰੇ ਖਿੱਤਿਆਂ ਵਿਚਲੀ ਸਰਦਾਰੀ ਨੂੰ ਖਤਰਾ ਪੈਦਾ ਹੁੰਦਾ ਸੀ । ਇਸੇ ਲਈ ਉਹ ਕਿਸੇ ਨਾ ਕਿਸੇ ਬਹਾਨੇ ਇਰਾਕੀ ਸਦਰ ਨੂੰ ਤਖ਼ਤੋਂ ਲਾਹੁਣਾ ਚਾਹੁੰਦਾ ਸੀ ।" ਭਾਵੇਂ ਇਰਾਕੀ ਸਦਰ ਵੀ ਦੁੱਧ ਧੋਤਾ ਨਹੀਂ ਸੀ । ਉਸ ਵਿਚ ਵੀ ਵੱਡੇ ਦੋਸ਼ ਸਨ । ਉਸ ਦੀਆਂ ਸਾਮਰਾਜਵਾਦੀ ਨੀਤੀਆਂ ਕਾਰਨ ਲੋਕੀ ਉਸ ਨੂੰ ਹਿਟਲਰ ਅਤੇ ਸਟਾਲਿਨ ਦਾ ਰੂਪ ਦੱਸਦੇ ਸਨ । ਕਿਉਂ ਜੋ ਉਹ ਆਪਣੇ ਵਿਰੋਧੀਆਂ ਨੂੰ ਸਖਤੀ ਨਾਲ ਦਬਾ ਦਿੰਦਾ ਸੀ । ਇੱਥੋਂ ਤੱਕ ਕਿ ਮਰਵਾ ਵੀ ਦਿੰਦਾ ਸੀ ਭਾਵੇਂ ਉਸ ਦੇ ਆਪਣੇ ਜਵਾਈ ਹੀ ਕਿਉਂ ਨਾ ਹੋਣ । ਪਰ ਇਰਾਕ ਦੀ ਕੁਰਦ ਸਮੱਸਿਆ ਤਾਂ ਇਰਾਕ ਦੀ ਘਰੇਲੂ ਸਮੱਸਿਆ ਸੀ । ਇਸ ਵਿਚ ਕਿਸੇ ਬਾਹਰੀ ਦੇਸ਼ ਨੂੰ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਸੀ । ਕੁਰਦ ਭਾਵੇਂ ਉਸ ਦੇ ਵਿਰੋਧੀ ਸਨ ਪਰ ਅੱਧ ਤੋਂ ਵੀ ਜ਼ਿਆਦਾ ਕੁਰਦ ਵਸੋਂ ਉਸ ਦੇ ਨਾਲ ਖੜੀ ਸੀ । ਅਮਰੀਕਾ ਅੱਗੇ ਘੁੱਟਨੇ ਨਾ ਟੇਕਣ ਦੇ ਕਾਰਨ ਹੀ ਉਸ ਦੇ ਦੇਸ਼ ਵਾਸੀ ਅਤੇ ਵਿਦੇਸ਼ੀ ਉਸ ਨੂੰ 'ਸੁਲਤਾਨ ਸਲਾਹੁਦੀਨ' ਦੀ ਉਪਾਧੀ ਦੇਣ ਲੱਗ ਪਏ ਸਨ । ਜਿਸ ਨੇ ਪੱਛਮ ਦੇ ਦੇਸ਼ਾਂ ਨਾਲ ਜੇਹਾਦ ਕਰ ਕੇ ਵਿਸ਼ਵ ਵਿਚ ਮੁਸਲਿਮ ਨਾਂ ਨੂੰ ਉਚੱਾ ਕੀਤਾ ਸੀ । ਇਸ ਹਾਲਤ ਵਿਚ ਅਮਰੀਕਾ ਸੱਦਾਮ ਹੁਸੈਨ ਨੂੰ ਗੱਦੀ 'ਤੇ ਕਿਵੇਂ ਝੱਲ ਸਕਦਾ ਸੀ । ਇਸ ਲਈ ਤਾਂ ਉਸ ਨੇ ਇਰਾਕ ਦੀ ਆਰਥਿਕ ਨਾਕਾਬੰਦੀ ਇਤਨੀ ਸਖਤ ਕਰ ਦਿੱਤੀ ਸੀ ਕਿ ਨਿਪੋਲੀਅਨ ਬੋਨਾਪਾਰਟ ਵੀ ਇੰਗਲੈਂਡ ਵਿਰੁੱਧ ਇੰਨੀ ਸਖਤ ਨਾਕਾਬੰਦੀ ਨਹੀਂ ਕਰ ਸਕਿਆ ਸੀ । ਹਥਿਆਰ ਨਰੀਖਣ ਦੇ ਬਹਾਨੇ ਉਹ ਜਿਥੇ ਉਸ ਦੀਆਂ ਭੂਗੋਲਿਕ ਪ੍ਰਸਥਿਤੀਆਂ ਤੋਂ ਜਾਣੂ ਹੋਣਾ ਚਾਹੁੰਦਾ ਸੀ ਉਥੇ ਉਹ ਇਰਾਕ ਦੀਆਂ ਖੁਫੀਆ ਏਜੰਸੀਆਂ ਦੀ ਸੂਹ ਲੈਣੀ ਵੀ ਚਾਹੁੰਦਾ ਸੀ । ਇਹ ਵੀ ਸੀ ਕਿ ਇਸ ਬਹਾਨੇ ਉਹ ਇਰਾਕ ਦੇ ਵੱਡੇ ਸੈਨਾ ਕਮਾਂਡਰਾਂ ਨੂੰ ਵੱਡੇ ਲਾਲਚ ਦੇ ਕੇ ਉਨ੍ਹਾਂ ਤੋਂ ਗੁਪਤ ਭੇਦ ਲੈਣਾ ਚਾਹੁੰਦਾ ਸੀ । ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਉਸ ਨੇ ਜੰਗਬੰਦੀ ਦੀਆਂ ਸ਼ਰਤਾਂ ਵਿਚ ਸੈਨਾ ਦੇ ਕਮਾਂਡਰਾਂ ਦੀ ਮੀਟਿੰਗ ਵਾਲੀ ਸ਼ਰਤ ਵੀ ਰੱਖੀ ਸੀ। ਇਸ ਲਈ ਉਹ ਇਰਾਕ ਦੀ ਨਾਕਾਬੰਦੀ ਕਰ ਕੇ ਜਿਥੇ ਇਰਾਕੀ ਜਨਤਾ ਨੂੰ ਭੁੱਖੇ ਰੱਖ ਕੇ ਮਾਰਨ ਵਿਚ ਸਫਲ ਹੋਇਆ ਉਥੇ ਇਰਾਕ ਦੇ ਚੱਪੇ-ਚੱਪੇ ਤੋਂ ਜਾਣੂ ਵੀ ਹੋ ਗਿਆ ਅਤੇ ਸੂਹ ਲਾਉਣ ਵਿਚ ਸਫਲ ਹੋ ਗਿਆ । ਕਿਉਂਕਿ ਯੂ.ਐਨ.ਓ. ਦੀ 40 ਮੈਂਬਰੀ ਨਰੀਖਣ ਕਮੇਟੀ ਵਿਚ 10 ਇਕੱਲੇ ਅਮਰੀਕਾ ਦੇ ਸਨ ਤੇ ਇਸ ਕਮੇਟੀ ਵਿਚ ਨਿਰਪੱਖ ਦੇਸ਼ਾਂ ਦਾ ਕੋਈ ਪ੍ਰਤੀਨਿਧ ਹੈ ਹੀ ਨਹੀਂ ਸੀ । ਫਿਰ ਇਹ ਕਮੇਟੀ ਨਿਰਪੱਖ ਜਾਂਚ ਕਿਵੇਂ ਕਰ ਸਕਦੀ ਸੀ । ਗੱਲ ਕੀ 1991 ਦੀ ਜੰਗ ਤੋਂ ਮਗਰੋਂ ਹੀ ਸਯੁੰਕਤ ਰਾਸ਼ਟਰ ਦੇ ਪਰਦੇ ਥੱਲੇ ਇਰਾਕੀ ਜਾਸੂਸੀ ਅਰੰਭ ਕਰ ਦਿੱਤੀ ਗਈ ਸੀ ਜਿਹੜੀ ਕਿ ਲਗਾਤਾਰ 13 ਸਾਲ ਤੱਕ ਚੱਲਦੀ ਰਹੀ । ਅਮਰੀਕਾ ਨੇ ਇਥੇ ਹੀ ਬੱਸ ਨਹੀਂ ਕੀਤੀ । ਉਸ ਨੇ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਦੇ ਲੁਕਵੇਂ ਹਥਿਆਰ ਅਤੇ ਇੰਟੈਲੀਜੈਂਸ ਨੈਟਵਰਕ ਦਾ ਪਤਾ ਲਗਾਉਣ ਲਈ ਹਥਿਆਰ ਨਰੀਖਕ ਟੀਮ ਨਾਲ ਆਪਣਾ ਇਕ ਜਾਸੂਸ ਭੇਜਿਆ ਹੋਇਆ ਸੀ ਤਾਂ ਕਿ ਉਥੇ ਇਕ ਇਸ ਤਰ੍ਹਾਂ ਦਾ ਅਤਿ ਆਧੁਨਿਕ ਇਲੈਕਟ੍ਰੋਨਿਕ ਸਿਸਟਮ ਸਥਾਪਤ ਕਰ ਸਕੇ ਜਿਸ ਨਾਲ ਇਰਾਕੀ ਖੁਫੀਆ ਏਜੰਸੀ ਤੇ ਸੈਨਿਕ ਅਫਸਰਾਂ ਵਿਚਾਲੇ ਆਪਸ ਵਿਚ ਵੱਖ ਵੱਖ ਉਪੱਕਰਣਾਂ 'ਤੇ ਹੋਣ ਵਾਲੀ ਗੱਲਬਾਤ ਨੂੰ ਸੁਣਿਆ ਜਾ ਸਕੇ ।

ਕਾਫੀ ਲੰਮੇ ਸਮੇਂ ਤੱਕ ਇਹ ਪ੍ਰਣਾਲੀ ਅਮਰੀਕਾ ਅਤੇ ਹਥਿਆਰ ਨਰੀਖਕ ਟੀਮ ਦੇ ਇਕ ਵਿਸ਼ੇਸ ਸੈਲ ਨੂੰ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਦੀ ਸੁਰੱਖਿਆ ਲਈ ਤਾਇਨਾਤ ਅਧਿਕਾਰੀਆਂ, ਫੌਜੀ ਅਤੇ ਖੁਫੀਆ ਅਫਸਰਾਂ ਵੱਲੋਂ ਵਰਤੇ ਜਾਣ ਵਾਲੇ ਸੈਲ ਫੋਨ ਅਤੇ ਹੋਰ ਸੰਚਾਰ ਉਪਕਰਣਾਂ ਉਤੇ ਹੋਈ ਗੱਲਬਾਤ ਨੂੰ ਉਪਲਬਧ ਕਰਵਾਉਂਦੀ ਰਹੀ ।

ਇਸ ਤੋਂ ਬਿਨ੍ਹਾਂ ਜੇ ਇਸ ਜੰਗ ਦੇ ਇਤਿਹਾਸ ਨੂੰ ਹੋਰ ਡੂੰਘਾਈ ਵਿਚ ਖੋਜੀਏ ਤਾਂ ਵੀ ਇਸ ਗੱਲ ਦਾ ਭਲੀ ਭਾਂਤ ਹੀ ਪਤਾ ਲਗਾਇਆ ਜਾ ਸਕਦਾ ਹੈ ਕਿ ਇਰਾਕ ਕੋਲ ਮਾਰੂ ਹਥਿਆਰ ਨਹੀਂ ਸਨ । 1991 ਤੋਂ ਮਗਰੋਂ ਇਰਾਕ ਨੇ ਕਦੇ ਅਜਿਹੇ ਹਥਿਆਰਾਂ ਦੀ ਪ੍ਰਦਸ਼ਨੀ ਕੀਤੀ ਹੀ ਨਹੀਂ ਸੀ ਅਤੇ ਨਾ ਕਦੇ ਇਨ੍ਹਾਂ ਦੀ ਵਰਤੋਂ ਕੀਤੀ ਸੀ । ਅਜਿਹੀ ਹਾਲਤ ਵਿਚ ਇਹ ਕਹਿਣਾ ਕਿ ਇਰਾਕ ਕੋਲ ਖਤਰਨਾਕ ਹਥਿਆਰ ਸਨ, ਹਮਲੇ ਲਈ ਢੁੱਕਵੀਂ ਦਲੀਲ ਨਹੀਂ ਬਣਦੀ ਸੀ। ਫਿਰ ਅਮਰੀਕਾ ਦੀ ਇਹ ਦਲੀਲ ਕਿ ਇਰਾਕ ਅੱਤਵਾਦੀਆਂ ਨੂੰ ਹਥਿਆਰ ਸੌਂਪ ਸਕਦਾ ਹੈ ਵੀ ਗਲਤ ਸੀ ਕਿਉਂਕਿ ਖਾੜੀ ਖੇਤਰ ਦੀ ਦੂਜੀ ਜੰਗ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਹੀ ਅਮਰੀਕੀ ਵਿਦੇਸ਼ ਵਿਭਾਗ ਨੇ ਇਹ ਰਿਪੋਰਟ ਦਿੱਤੀ ਸੀ ਕਿ ਇਰਾਕ ਨੇ ਅੱਤਵਾਦੀਆਂ ਨੂੰ ਹਥਿਆਰ ਸਪਲਾਈ ਨਹੀਂ ਕੀਤੇ ਸਨ । ਅਮਰੀਕਾ ਤਾਂ ਕਦੇ ਇਹ ਵੀ ਸਿੱਧ ਨਹੀਂ ਕਰ ਸਕਿਆ ਕਿ ਸੱਦਾਮ ਹੁਸੈਨ ਦੇ ਕਦੇ ਅਲ-ਕਾਇਦਾ ਜਾਂ ਉਸਾਮਾ ਬਿਨ ਲਾਦੇਨ ਨਾਲ ਸਬੰਧ ਰਹੇ ਸਨ । ਇਰਾਕ ਦੇ ਇਕ ਰਸਾਇਣਕ ਵਿਗਿਆਨੀ ਨੇ ਅਮਰੀਕੀ ਫੌਜਾਂ ਅੱਗੇ ਆਤਮਸਮਰਪਣ ਕਰਨ ਤੋਂ ਪਹਿਲਾਂ ਮੀਡੀਆ ਸਾਹਮਣੇ ਇਹ ਕਿਹਾ ਸੀ ਕਿ ਇਰਾਕ ਕੋਲ ਕੋਈ ਵੀ ਵਿਆਪਕ ਤਬਾਹੀ ਵਾਲਾ ਹਥਿਆਰ ਨਹੀਂ ਹੈ । ਨਾ ਹੀ ਅਜਿਹੇ ਹਥਿਆਰ ਬਣਾਉਣ ਦੀ ਕੋਈ ਯੋਜਨਾ ਸੀ । ਇਹ ਵਿਗਿਆਨੀ ਹਥਿਆਰ ਬਣਾਉਣ ਦਾ ਕੰਮ ਕਰਦਾ ਸੀ । ਆਤਮਸਮਰਪਣ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਅਮਰੀਕਾ ਝੂਠ ਬੋਲ ਕੇ ਹਥਿਆਰ ਬਣਾਉਣ ਸਬੰਧੀ ਉਸ 'ਤੇ ਕੋਈ ਵੀ ਦੋਸ਼ ਮੜ ਸਕਦਾ ਹੈ । ਹਥਿਆਰ ਤਾਂ 13 ਸਾਲਾਂ ਵਿਚ ਅਮਰੀਕਾ ਨੂੰ ਇੱਥੋਂ ਲੱਭੇ ਨਹੀਂ । ਇਸ ਲਈ ਇਸ ਨੂੰ ਅਮਰੀਕਾ ਦੀ ਅਸਫਲਤਾ ਹੀ ਕਿਹਾ ਜਾ ਸਕਦਾ ਹੈ । ਫਿਰ ਉਸ (ਅਮਰੀਕਾ) ਦੀ ਇਕ ਹੋਰ ਦਲੀਲ ਕਿ ਉਹ ਤਾਂ ਇਰਾਕੀ ਲੋਕਾਂ ਨੂੰ ਸੱਦਾਮ ਹੁਸੈਨ ਦੇ ਜ਼ੁਲਮਾਂ ਤੋਂ ਅਜ਼ਾਦ ਕਰਵਾਉਣ ਲਈ ਜੰਗ ਲੜ ਰਿਹਾ ਸੀ, ਵੀ ਤਰਕਪੂਰਨ ਦਲੀਲ ਨਹੀਂ ਸੀ, ਕਿਉਂਕ ਕਿਸੇ ਵੀ ਮੁਲਕ ਦੇ ਅੰਦਰੂਨੀ ਮਾਮਲੇ ਵਿਚ ਬਾਹਰੀ ਦੇਸ਼ ਨੂੰ ਦਖ਼ਲ ਦੇਣ ਦਾ ਅਧਿਕਾਰ ਨਹੀਂ । ਇਨ੍ਹਾਂ ਇਸਾਈਆਂ ਦੀ ਮੁੱਢ ਕਦੀਮ ਤੋਂ ਹੀ ਨੀਤੀ ਚਲਦੀ ਆਈ ਹੈ ਕਿ ਇਹ ਗਰੀਬ ਮੁਲਕਾਂ ਨੂੰ ਗੁਲਾਮ ਕਰਨ ਲੱਗਿਆਂ ਉਥੋਂ ਦੀ ਜਨਤਾ ਨੂੰ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਅਤਿਆਚਾਰੀ ਰਾਜ ਤੋਂ ਨਜ਼ਾਤ ਦਵਾਈ ਹੈ ਇਸ ਲਈ ਤੁਸੀਂ ਸਾਨੂੰ ਮੁਆਵਜ਼ਾ ਦਿਉ । ਭਾਰਤ ਵਿਚ ਇਨ੍ਹਾਂ ਗੋਰਿਆਂ ਨੇ ਛੋਟੇ-ਛੋਟੇ ਰਾਜਿਆਂ ਨੂੰ ਆਪਸ ਵਿਚ ਲੜਾ-ਭੜਾ ਕੇ ਆਪਣੇ ਪੈਰ ਪੱਕੇ ਕੀਤੇ। ਫੇਰ ਕਦੇ ਲੈਪਸ ਦੀ ਨੀਤੀ ਨਾਲ, ਕਦੇ ਸਹਾਇਕ ਸੰਧੀਆਂ ਨਾਲ ਭਾਰਤੀ ਰਾਜਾਂ ਨੂੰ ਗੁਲਾਮ ਕੀਤਾ । ਇਸੇ ਤਰ੍ਹਾਂ ਇਨ੍ਹਾਂ ਨੇ ਇਰਾਕੀ ਲੋਕਾਂ ਨੂੰ ਗੁਲਾਮ ਕਰਨ ਦੀ ਨੀਤੀ ਨੂੰ ਨਾਂ ਦਿੱਤਾ 'ਇਰਾਕੀ ਲੋਕਾਂ ਦੀ ਅਜ਼ਾਦੀ' । ਕਿਹੋ ਜਿਹੀ ਅਜ਼ਾਦੀ ਸੀ ਇਹ ? ਇਰਾਕੀ ਸਦਰ ਸੱਦਮ ਹੁਸੈਨ ਨੂੰ ਗੱਦੀ ਤੋਂ ਉਤਾਰਨ ਮਗਰੋਂ ਉਥੋਂ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ

ਲਈ । ਕਠਪੁਤਲੀ ਸਰਕਾਰ ਬਣਾ ਲਈ । ਅਜਿਹਾ ਕਿਉਂ ਕੀਤਾ ਗਿਆ ? ਸਾਉਦੀ ਅਰਬ ਅਤੇ ਕੁਵੈਤ ਪਹਿਲਾਂ ਹੀ ਅਸਿੱਧੇ ਤੌਰ 'ਤੇ ਅਮਰੀਕਾ ਦੇ ਅਧੀਨ ਸਨ । ਉਸ (ਅਮਰੀਕਾ) ਨੂੰ ਜਿਵੇਂ ਕਿ ਉਹ ਆਖ ਰਿਹਾ ਸੀ ਦਹਿਸ਼ਤਵਾਦ ਤੋਂ ਤਾਂ ਕੋਈ ਖਤਰਾ ਹੈ ਹੀ ਨਹੀਂ ਸੀ । ਜੇ ਖਤਰਾ ਸੀ ਤਾਂ ਉਹ ਸੀ ਤਰਕ ਤੋਂ ਕਿ ਜੇ ਕਰ ਸੱਦਾਮ ਹੁਸੈਨ ਅਤੇ ਯਾਸਰ ਅਰਫਾਤ ਦੀ ਤਰ੍ਹਾਂ ਅਰਬ ਸੁਚੇਤ ਹੋਣ ਲੱਗ ਪਏ ਤਾਂ ਅਮਰੀਕਾ ਦੀ ਸਰਦਾਰੀ ਕਾਇਮ ਨਹੀਂ ਰਹਿ ਸਕਦੀ । ਇਸ ਲਈ ਉਹ ਚਾਹੁੰਦਾ ਸੀ ਕਿ ਵਿਸ਼ਵ ਵਿਚ ਦਹਿਸ਼ਤਵਾਦ ਰਹੇ, ਲੜਾਈਆਂ ਹੁੰਦੀਆਂ ਰਹਿਣ, ਖੇਤਰੀ ਅਤੇ ਨਸਲੀ ਲਹਿਰਾਂ ਫੈਲਦੀਆਂ ਰਹਿਣ, ਵੱਡੇ ਰਾਜ ਟੁੱਟਦੇ ਰਹਿਣ, ਇਸ ਵਿਚ ਹੀ ਉਸ ਨੂੰ ਆਪਣੀ ਸਰਦਾਰੀ ਕਾਇਮ ਰੱਖਣ ਵਿਚ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਵਿਚ ਦਖਲਅੰਦਾਜ਼ੀ ਦੇ ਵੇਲੇ ਵੱਧ ਮਿਲਣਗੇ ।

ਸੰਸਾਰ ਪੱਧਰ 'ਤੇ ਤੇਲ ਦੀ ਖਪਤ ਪ੍ਰਤੀ ਦਿਨ ਵਧਦੀ ਜਾ ਰਹੀ ਸੀ ਜਿਸ ਵਿਚ ਹਰ ਸਾਲ ਲਗਭਗ 2% ਵਾਧਾ ਹੋ ਰਿਹਾ ਸੀ । ਅਮਰੀਕਾ ਵਿਚ ਤੇਲ ਦੀ ਜਿੰਨੀ ਖਪਤ ਸੀ ਉਹ ਉਸ ਦਾ ਲਗਭਗ 5.2 % ਤੇਲ ਸੰਸਾਰ ਮੰਡੀ ਵਿਚੋਂ ਖਰੀਦਦਾ ਸੀ । ਇਹ ਖਪਤ 2020 ਤੱਕ 65 ਤੋਂ 66 % ਤੱਕ ਵਧਣ ਦੀ ਸੰਭਾਵਨਾ ਸੀ ਅਮਰੀਕਾ ਇਸ ਦਾ ਇੰਤਜ਼ਾਮ ਪਹਿਲਾਂ ਹੀ ਕਰਨਾ ਚਾਹੁੰਦਾ ਸੀ । ਇਨ੍ਹਾਂ ਸਾਮਰਾਜੀ ਮੁਲਕਾਂ ਬਾਰੇ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਕਿਹਾ ਸੀ ਕਿ ਅੱਜ ਦੇ ਹਾਲਾਤ ਵਿਚ ਸਾਮਰਾਜਵਾਦ ਅਸਲ ਵਿਚ ਤੇਲ ਸਾਮਰਾਜਵਾਦ ਬਣ ਗਿਆ ਹੈ । ਭਾਵ ਜੇ ਤੇਲ ਹੈ ਤਾਂ ਸਭ ਕੁਝ ਹੈ । ਪਰ ਅਮਰੀਕਾ ਦੇ ਇਰਾਦੇ ਤੇਲ ਸਾਮਰਾਜਵਾਦ ਤੋਂ ਵੀ ਅੱਗੇ ਨਿਕਲ ਗਏ ਸਨ । ਹੁਣ ਤੇਲ ਮੰਡੀ 'ਤੇ ਕਬਜ਼ਾ ਕਰ ਕੇ ਵਿਸ਼ਵ ਆਰਥਿਕਤਾ 'ਤੇ ਗਲਬਾ ਪਾਉਣ ਦੀ ਤਾਕ ਵਿਚ ਸੀ । ਇਸ ਲਈ ਹੀ ਮੱਧ-ਪੂਰਬ ਦਾ ਨਕਸ਼ਾ ਬਦਲਣ ਪ੍ਰਤੀ ਖਾਹਿਸ਼ਮੰਦ ਸੀ ਅਤੇ ਫੌਜੀ ਤਾਕਤ ਨਾਲ ਵਿਸ਼ਵ ਪ੍ਰਬੰਧ ਦਾ ਪੁਨਰਗਠਨ ਕਰਨਾ ਚਾਹੁੰਦਾ ਸੀ । ਇਹ ਯੋਜਨਾ ਵਾਸ਼ਿੰਗਟਨ ਆਧਾਰਿਤ'ਥਿੰਕ ਟੈਂਕ' ਜਿਸ ਨੂੰ Project for new American Century (ਪੀ.ਐਨ.ਏ.ਸੀ) ਕਿਹਾ ਜਾਂਦਾ ਹੈ ਦੀ ਸੋਚ ਸੀ । ਇਸ ਦੀ ਸਪਸ਼ਟ ਨੀਤੀ ਇਹ ਵੀ ਸੀ ਕਿ ਵਿਕਸਤ ਉਦਯੋਗਿਕ ਦੇਸ਼ ਵੀ ਅਮਰੀਕਾ ਦੀ ਸਰਦਾਰੀ ਨੂੰ ਚਣੌਤੀ ਨਾ ਦੇ ਸਕਣ । ਪੀ.ਐਨ.ਏ.ਸੀ ਦੇ ਮੈਂਬਰਾਂ ਵਿਚ ਡਿੱਕ ਚੈਨੀ, ਡੋਨਾਲਡ ਰੁਮਜ਼ਫੀਲਡ, ਰਿਚਰਡ ਪਰਲ, ਪੌਲ ਵੌਲਫੋਵਿਟਜ਼, ਜਾਰਜ਼ ਡਬਲਿਊ ਬੁਸ਼ ਅਤੇ ਐਲੀਅਟ ਅਬਰਾਮ ਆਦਿ ਸ਼ਾਮਲ ਸਨ । ਇਹ ਸਾਰੇ ਲੋਕ ਅਮਰੀਕੀ ਸਤਾ ਦੇ ਸਿਖਰਲੇ ਡੰਡੇ 'ਤੇ ਬੈਠੇ ਸਨ । ਇਰਾਕ ਉਪਰ ਹਮਲੇ ਦੀ ਯੋਜਨਾ ਅਮਰੀਕੀ ਰੱਖਿਆ ਉਪ ਸਕੱਤਰ ਅਤੇ ਪੀ. ਐਨ. ਏ. ਸੀ. ਦੇ ਬਾਨੀ ਪੌਲ ਵੌਲਫੋਵਿਟਜ਼ ਦੇ ਦਿਮਾਗ ਦੀ ਕਾਢ ਸੀ ਜਿਹੜਾ ਇਰਾਕ ਨੂੰ ਲਗਭਗ ਇਕ ਦਹਾਕੇ ਤੋਂ ਅਮਰੀਕੀ ਕਬਜ਼ੇ ਅਧੀਨ ਲੈਣ ਦੀ ਮੁਹਿੰਮ ਚਲਾਉਦਾ ਆ ਰਿਹਾ ਸੀ । ਅਫਗਾਨਿਸਤਾਨ ਅੰਦਰ ਤਾਲੀਬਾਨ ਦਾ ਤਖਤਾ ਪਲਟਨ ਲਈ ਵੀ ਇਹੋ ਚਾਲਕ ਸ਼ਕਤੀ ਸੀ । ਅਸਲ ਵਿਚ ਜਾਰਜ ਡਬਲਿਊ ਬੁਸ਼ ਦੁਆਰਾ ਇਰਾਕ 'ਤੇ ਥੋਪੀ ਗਈ ਜੰਗ ਵੀ.ਪੀ.ਐਨ.ਏ.ਸੀ ਦੀਆਂ ਕੁਝ ਮਹੱਤਪੂਰਨ ਸਿਫਾਰਸ਼ਾ ਦਾ ਹੀ ਸਿੱਟਾ ਸੀ । ਜੰਗ ਤੋਂ ਮਗਰੋਂ ਇਨ੍ਹਾਂ ਦੀ ਵਿਚਾਰਧਾਰਾ ਦਾ ਏਜੰਡਾ ਤਾਂ ਇਹ ਵੀ ਸੀ ਕਿ ਸਯੁੰਕਤ ਰਾਸ਼ਟਰ ਸੰਘ ਵਿਚ ਕਰਾਂਤੀਕਾਰੀ ਤਬਦੀਲੀ ਕਰਨੀ,

ਇਰਾਨ ਅਤੇ ਸੀਰੀਆ ਵਿਚ ਹਕੂਮਤ ਤਬਦੀਲੀ ਤੋਂ ਮਗਰੋਂ ਫਰਾਂਸ ਅਤੇ ਜਰਮਨੀ ਨੂੰ ਕਾਬੂ ਕਰਨਾ । ਅਮਰੀਕੀ ਇਤਿਹਾਸ ਵਿਚ ਅਮਰੀਕਾ ਦਾ ਕੋਈ ਵੀ ਮੰਤਰੀ ਮੰਡਲ ਊਰਜਾ ਉਦਯੋਗ ਦੇ ਏਨਾ ਨੇੜੇ ਨਹੀਂ ਰਿਹਾ ਜਿੰਨਾ ਜੂਨੀਅਰ ਬੁਸ਼ ਦਾ ਮੰਤਰੀ ਮੰਡਲ ਸੀ। ਇਹ ਮੰਤਰੀ ਮੰਡਲ ਸੱਦਾਮ ਹੁਸੈਨ ਨੂੰ ਖਤਮ ਕਰ ਕੇ ਉਸ ਦੇ ਰਾਜ ਪ੍ਰੰਬਧ ਨੂੰ ਵੀ ਖਤਮ ਕਰ ਦੇਣਾ ਚਾਹੁੰਦਾ ਸੀ । ਜੂਨੀਅਰ ਬੁਸ਼ ਬਦਲੇ ਦੀ ਭਾਵਨਾ ਨਾਲ ਜੰਗ ਵਿਚ ਉਤਰਿਆ ਸੀ। ਉਸ ਦਾ ਉਦੇਸ਼ ਇਰਾਕੀ ਸਦਰ ਦਾ ਤਖਤ ਪਲਟਣਾ ਹੀ ਨਹੀਂ ਸੀ ਸਗੋਂ ਇਰਾਕੀ ਸਦਰ ਨੂੰ ਕਤਲ ਕਰਨ ਦੀ ਵਿਆਪਕ ਯੋਜਨਾ ਵੀ ਉਸ ਨੇ ਬਣਾ ਰੱਖੀ ਸੀ ਉਹ ਨਹੀਂ ਸੀ ਚਾਹੁੰਦਾ ਕਿ ਉਸ ਨੂੰ ਵੀ ਆਪਣੇ ਪਿਤਾ (ਸੀਨੀਅਰ ਬੁਸ਼) ਵਾਂਗ ਸ਼ਰਮਸ਼ਾਰ ਹੋਣਾ ਪਏ। ਇਸ ਲਈ ਹੀ ਉਸ ਨੇ ਇਰਾਕ ਅੰਦਰ ਖ਼ਤਰਨਾਕ ਹਥਿਆਰਾਂ ਨੂੰ ਜੰਗ ਦੇ ਮੁੱਦੇ ਵੱਜੋਂ ਵਿਸ਼ਵ ਅੱਗੇ ਪੇਸ਼ ਕੀਤਾ ਤਾਂ ਕਿ ਜਿੰਨੀ ਦੇਰ ਤੱਕ ਉਹ ਇਰਾਕੀ ਸਦਰ ਨੂੰ ਕਤਲ ਨਹੀਂ ਕਰਵਾ ਦੇਂਦਾ ਉਸ ਸਮੇਂ ਤੱਕ ਉਹ ਹਥਿਆਰਾਂ ਦੀ ਭਾਲ ਦੇ ਬਹਾਨੇ ਇਰਾਕ ਅੰਦਰ ਆਪਣੀਆਂ ਫੌਜਾਂ ਰੱਖ ਸਕੇ। ਭਾਵੇਂ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ (1980 ਤਕ) ਦੇ ਰਾਜਕਾਲ ਦੌਰਾਨ ਅਮਰੀਕਾ ਨੇ ਸਿਆਸੀ ਹੱਤਿਆਵਾਂ 'ਤੇ ਸਖਤ ਪਾਬੰਦੀ ਲਾਗੂ ਕੀਤੀ ਹੋਈ ਸੀ ਪਰ ਰੋਨਾਲਡ ਰੀਗਨ ਦੇ ਸ਼ਾਸ਼ਨ ਕਾਲ (1980 ਦੇ ਦਹਾਕੇ ਦੇ ਅੱਧ ਵਿਚ) ਸਮੇਂ ਸਿਆਸੀ ਦੁਸ਼ਮਣ ਨੂੰ ਮਾਰਨ ਲਈ ਅਮਰੀਕੀ ਬੰਬ ਵਰਤਣ ਨੂੰ ਮਾਨਤਾ ਮਿਲ ਗਈ ਸੀ। ਇਸੇ ਮਾਨਤਾ ਨੂੰ ਮੁੱਖ ਰੱਖ ਕੇ ਰੋਨਾਲਡ ਰੀਗਨ ਨੇ 1986 ਵਿਚ ਕਰਨਲ ਐਮ.ਗਦਾਫੀ ਦੇ ਘਰ 'ਤੇ ਬੰਬ ਵਰ੍ਹਾਉਣ ਦਾ ਹੁਕਮ ਦਿਤਾ ਤੇ ਫੇਰ ਸੀਨੀਅਰ ਬੁਸ਼ ਨੇ 1989 ਵਿਚ ਜਨਰਲ ਮੈਨੂਅਲ ਨੋਰੀਏਗਾ ਨੂੰ ਸੱਤਾ ਤੋਂ ਉਖਾੜ ਕੇ ਪਨਾਮਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਦੇ ਪੂਰਨਿਆਂ 'ਤੇ ਚਲਦਿਆਂ ਰਾਸ਼ਟਰਪਤੀ ਬਿਲ ਕਲਿੰਟਨ ਨੇ ਵੀ ਇਰਾਕੀ ਲੀਡਰਸ਼ਿਪ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਹੀਂ ਮਿਲੀ। ਇਸ ਤੋਂ ਮਗਰੋਂ ਜੂਨੀਅਰ ਬੁਸ਼ ਇਰਾਕੀ ਸਦਰ ਨੂੰ ਕਤਲ ਕਰਨ ਦਾ ਦ੍ਰਿੜ ਉਦੇਸ਼ ਲੈ ਕੇ ਇਰਾਕ ਵਿਚ ਉਤਰਿਆ ਪਰ ਅਮਰੀਕੀ ਲੋਕ ਨਰਾਜ਼ ਸਨ । ਉਨ੍ਹਾਂ ਦਾ ਕਹਿਣਾ ਸੀ ਕਿ ਅਮਰੀਕੀ ਰਾਸ਼ਟਰਪਤੀ ਜਾਰਜ਼ ਡਬਲਿਊ ਬੁਸ਼ ਨੇ ਇਰਾਕ 'ਤੇ ਹਮਲੇ ਪਿੱਛੇ ਮਾਰੂ ਹਥਿਆਰਾਂ ਨੂੰ ਨਸ਼ਟ ਕਰਨ ਦਾ ਉਦੇਸ਼ ਕਹਿ ਕੇ ਉਨਾਂ ਨੂੰ ਗੁੰਮਰਾਹ ਕੀਤਾ ਹੈ । ਪਰ ਬੁਸ਼ ਪ੍ਰਸ਼ਾਸਨ ਆਪਣੇ ਉਦੇਸ਼ ਨੂੰ ਹਰ ਹੀਲੇ ਪੂਰਾ ਕਰਨ ਲਈ ਉਤਾਵਲਾ ਸੀ । ਪੀ.ਐਨ.ਏ.ਸੀ ਤੋਂ ਪਹਿਲਾਂ ਹੀ ਅਮਰੀਕਾ ਦੀ ਇਕ ਕੱਟੜਵਾਦੀ ਜੱਥੇਬੰਦੀ 'ਹੈਰੀਟੇਜ਼ ਫਾਊਂਡੇਸ਼ਨ' ਨੇ ਤਾਂ ਆਪਣੀ ਇਕ ਰਿਪੋਰਟ 'ਸੱਦਾਮ ਪਿੱਛੋਂ ਖੁਸ਼ਹਾਲੀ ਦਾ ਰਾਹ'' ਵਿਚ ਅਮਰੀਕੀ ਸਰਕਾਰ ਨੂੰ ਕਿਹਾ ਸੀ ਕਿ ਉਹ ਇਰਾਕੀ ਲੋਕਾਂ ਦੀ ਸਰਪਰਸਤ ਵੱਜੋਂ ਕੰਮ ਕਰ ਸਕਦੀ ਹੈ । ਇਨ੍ਹਾਂ ਨੀਤੀਆਂ ਨੇ 'ਨਿਊ ਸੈਂਚੁਰੀ' ਦੀ ਸੋਚ ਵਾਲੇ ਲੋਕਾਂ ਨੂੰ ਅਮਰੀਕੀ ਪ੍ਰਸ਼ਾਸਨ ਵਿਚ ਭਾਰੂ ਕਰ ਦਿੱਤਾ । ਅਮਰੀਕੀ ਉਪ-ਰਾਸ਼ਟਰਪਤੀ ਡਿੱਕ ਚੈਨੀ, ਜੋ ਆਪਣੀ ਚੋਣ ਤੋਂ ਪਹਿਲਾਂ ਹੈਲੀਬਰਟਨ ਨਾਮੀ ਕੰਪਨੀ ਨੂੰ ਆਪ ਚਲਾਉਂਦਾ ਸੀ ਨੇ ਇਰਾਕ ਉਤੇ ਹਮਲੇ ਤੋਂ ਕੁਝ ਸਮਾਂ ਪਹਿਲਾਂ ਐਕਸ਼ਨ, ਮੋਬਿਲ,ਸੇਵਰਨ ਅਤੇ ਟੈਕਸਾਕੋ ਆਦਿ ਕੰਪਨੀਆਂ ਦੇ ਅਧਿਕਾਰੀਆਂ ਨਾਲ ਸੱਦਾਮ ਹੁਸੈਨ ਤੋਂ ਬਾਅਦ ਨਵੇਂ ਇਰਾਕ ਸਬੰਧੀ ਸਕੀਮਾ 'ਤੇ ਵਿਚਾਰ ਕੀਤਾ ਸੀ । ਇਸ ਨੇ ਇਕ ਦਸਤਾਵੇਜ਼ "ਇੱਕੀਵੀਂ ਸਦੀ ਦੀਆਂ

ਊਰਜਾ ਨਾਲ ਸਬੰਧਤ ਯੁੱਧਨੀਤਿਕ ਚਣੌਤੀਆਂ'' ਘੜਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਸ ਦਸਤਾਵੇਜ਼ ਵਿਚ ਬਿਨ੍ਹਾਂ ਕਿਸੇ ਹਿਚਕਚਾਹਟ ਕਿਹਾ ਗਿਆ ਸੀ ਕਿ ''ਅਮਰੀਕਾ ਨੂੰ ਇਰਾਕੀ ਤੇਲ ਖੇਤਰਾਂ ਤੱਕ ਪਹੁੰਚਣ ਲਈ ਕਿਸੇ ਵੀ ਫੌਜੀ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ।'' ਇਹ ਪ੍ਰਸ਼ਾਸਨ ਅਫਰੀਕਾ ਤੋਂ ਲੈ ਕੇ ਅਫਗਾਨਿਸਤਾਨ ਤੱਕ ਪੂਰੀ ਤੇਲ ਪੱਟੀ 'ਤੇ ਕਬਜ਼ਾ ਕਰਨ ਦਾ ਚਾਹਵਾਨ ਸੀ। ਇਸ ਲਈ 'ਹੈਰੀਟੇਜ਼ ਫਾਊਂਡੇਸ਼ਨ ਦੀ ਨੀਤੀ 'ਤੇ ਚੱਲਦਿਆਂ ਅਮਰੀਕਾ ਨੇ ਪਹਿਲਾਂ ਅਫਗਾਨਿਸਤਾਨ ਨੂੰ ਫੇਰੀ ਕੀਤਾ ਤੇ ਫਿਰ ਇਰਾਕ ਨੂੰ। ਇਸਰਾਈਲ ਪਹਿਲਾਂ ਹੀ ਉਸ ਦੇ ਪੰਜੇ ਵਿਚ ਸੀ। ਇਸ ਤਰ੍ਹਾਂ ਉਹ ਆਪਣੇ ਉਦੇਸ਼ ਮੁਤਾਬਕ ਮੱਧ ਪੂਰਬ 'ਤੇ ਆਪਣੀ ਸੋਟੀ ਰੱਖਣ ਵਿਚ ਸਫਲ ਹੋ ਗਿਆ।

ਤੇਲ ਵਪਾਰ ਨਾਲ ਜੁੜੇ ਅਮਰੀਕੀ ਪ੍ਰਸ਼ਾਸਨ ਬਾਰੇ ਵੀ ਥੋੜਾ ਚਾਨਣਾ ਪਾਉਣਾ ਮੈਂ ਜਰੂਰੀ ਸਮਝਦਾ ਹਾਂ। ਕੈਸਪੀਅਨ ਸਾਗਰ ਦੇ ਗੁਆਂਢੀ ਦੇਸ਼ਾਂ ਵਿਚ ਤੇਲ ਅਤੇ ਸਮੰਦਰੀ ਗੈਸ ਦੇ ਸਰੋਤਾਂ 'ਤੇ ਅਮਰੀਕਾ ਦਾ ਅਸਿੱਧਾ ਅਧਿਕਾਰ 2001 ਵਿਚ ਅਫਗਾਨਿਸਤਾਨ 'ਤੇ ਹਮਲੇ ਵੇਲੇ ਹੀ ਹੋ ਗਿਆ ਸੀ। 1991 ਵਿਚ ਇਰਾਕ 'ਤੇ ਹਮਲੇ ਦੌਰਾਨ ਅਮਰੀਕਾ ਨੇ ਆਪਣੇ ਉਦੇਸ਼ ਦੀ ਪੂਰਤੀ ਕਰਨ ਲਈ ਹੀ ਸਾਊਦੀ ਅਰਬ ਵਿਚੋਂ ਫੌਜਾਂ ਨਹੀਂ ਸੀ ਕੱਢੀਆਂ। ਤੇਲ ਅਤੇ ਕੁਦਰਤੀ ਸਰੋਤਾਂ 'ਤੇ ਮੁਕੰਮਲ ਕਬਜ਼ਾ ਕਰਨ ਲਈ ਹੀ ਅਮਰੀਕਾ ਨੇ ਇਰਾਕੀ ਹਮਲੇ ਦੌਰਾਨ ਇਰਾਨ, ਸੀਰੀਆ, ਲੀਬੀਆ ਅਤੇ ਉਤੱਰੀ ਕੋਰੀਆ ਨਾਲ ਸਬੰਧਾਂ ਵਿਚ ਖਿਚਾ ਪੈਦਾ ਕਰ ਦਿੱਤਾ। ਇਨ੍ਹਾਂ ਦੇਸ਼ਾਂ ਨੂੰ 'ਪਾਪ ਦੀ ਧੁਰੀ' ਦਾ ਨਾਂ ਦਿੱਤਾ। ਇਹ ਸਭ ਕੁਝ ਇਸ ਲਈ ਕੀਤਾ ਗਿਆ ਕਿ ਅੱਗੋਂ ਇਹ ਕੁਝ ਬੋਲਣ ਅਤੇ ਫਿਰ ਇਸ ਨੂੰ ਇਨ੍ਹਾਂ ਦਾ ਮੂੰਹ ਬੰਦ ਕਰਨ ਦਾ ਮੌਕਾ ਮਿਲੇ। ਅੱਜ ਜੇ ਇਰਾਨ ਨਾਲ ਪ੍ਰਮਾਣੂ ਮੁੱਦੇ 'ਤੇ ਸਬੰਧ ਖਿਚਾ ਪੂਰਨ ਬਣੇ ਹੋਏ ਹਨ ਤਾਂ ਇਸ ਦਾ ਪਿਛੋਕੜ ਵੀ ਇਹੋ ਹੀ ਹੈ ਕਿ ਕਿਸੇ ਤਰ੍ਹਾਂ ਇਰਾਨ ਨੂੰ ਜੰਗ ਲਈ ਤਿਆਰ ਕੀਤਾ ਜਾਵੇ ਤੇ ਆਪਣੇ ਉਦੇਸ਼ ਦੀ ਮੁੰਕਮਲ ਪ੍ਰਾਪਤੀ ਕੀਤੀ ਜਾਵੇ। ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਅਮਰੀਕਾ ਦੀ ਤੇਲ ਕੰਪਨੀ ਹਾਰਕਨ ਆਇਲ ਨਾਲ 1987 ਤੋਂ ਸਬੰਧਤ ਚਲੇ ਆ ਰਹੇ ਸਨ ਜੋ ਸਲਾਹਕਾਰ ਦੇ ਤੌਰ 'ਤੇ ਉਨ੍ਹਾਂ ਨੂੰ ਹਰ ਸਾਲ 80 ਹਜ਼ਾਰ ਡਾਲਰ ਅਤੇ ਹੋਰ ਤਰੀਕਿਆਂ ਨਾਲ 5 ਲੱਖ ਡਾਲਰ ਦਿੰਦੀ ਸੀ। ਸੀਨੀਅਰ ਬੁਸ਼ ਆਪਣੇ ਸਮੇਂ ਚੇਵਟੋਨ ਕੰਪਨੀ ਦੇ ਮਦਦਗਾਰ ਸਨ। ਇਸ ਕੰਪਨੀ ਨੇ ਚੋਣਾਂ ਸਮੇਂ ਸੀਨੀਅਰ ਬੁਸ਼ ਨੂੰ 5 ਲੱਖ ਡਾਲਰ ਦਾ ਸਹਿਯੋਗ ਦਿੱਤਾ ਸੀ। ਜਾਰਜ ਡਬਲਿਊ ਬੁਸ਼ ਦੇ ਉਪ-ਪ੍ਰਧਾਨ ਡਿੱਕ ਚੈਨੀ ਹੈਲੀਬਰਟਨ ਨਾਮੀ ਤੇਲ ਕੰਪਨੀ ਦੇ ਕਰਤਾ ਧਰਤਾ ਸਨ। 1990-94 ਵਿਚ ਇਨ੍ਹਾਂ ਨੇ ਹੀ ਰੱਖਿਆ ਮੰਤਰੀ ਦੀ ਹੈਸੀਅਤ ਵਿਚ ਅਮਰੀਕਾ ਦੀਆਂ ਪ੍ਰਮੁੱਖ ਤੇਲ ਕੰਪਨੀਆਂ ਦੇ ਸਬੰਧ ਪੱਛਮੀ ਏਸ਼ੀਆ ਅਤੇ ਕੈਸਪੀਅਨ ਸਾਗਰ ਦੇ ਦੇਸ਼ਾਂ ਦੇ ਹਾਕਮਾਂ ਨਾਲ ਸਥਾਪਤ ਕਰਾਏ ਸਨ। ਅਮਰੀਕਾ ਦੀ ਕੌਮੀ ਸੁਰੱਖਿਆ ਸਲਾਹਕਾਰ ਕੌਂਡਾਲੀਜਾ ਰਾਈਸ ਦਸ ਸਾਲ ਤੱਕ ਚੇਵਟਾਨ ਤੇਲ ਕੰਪਨੀ ਦੇ ਨਿਰਦੇਸ਼ਕ ਮੰਡਲ ਦੀ ਮੈਂਬਰ ਰਹੀ ਹੈ। ਵਣਜ ਸਕੱਤਰ ਡੋਨਲਡ ਸ਼ਾਰਪ ਡਰੀਲਿੰਗ ਨਾਮਕ ਤੇਲ ਕੰਪਨੀ ਦੇ ਨਿਰਦੇਸ਼ਕ ਮੰਡਲ ਦੇ ਮੈਂਬਰ ਰਹੇ ਸਨ। ਇਸੇ ਤਰ੍ਹਾਂ ਜਾਰਜ ਡਬਲਿਊ ਬੁਸ਼ ਦੇ ਆਰਥਿਕ ਸਲਾਹਕਾਰ ਲਾਰੈਂਸ ਲਿੰਡਸੇ ਐਨਰਾਨ ਕੰਪਨੀ ਦੇ ਤੇਲ ਵਪਾਰ ਉਦਯੋਗ ਵਿਚ ਸਲਾਹਕਾਰ ਸਨ। ਅਮਰੀਕੀ ਰੱਖਿਆ ਮੰਤਰੀ ਡੋਨਾਲਾਡ ਰੁਮਜ਼ਫੀਲਡ ਦੀ ਵੀ ਤੇਲ

ਕੰਪਨੀ ਵਿਚ ਵੱਡੀ ਹਿੱਸੇਦਾਰੀ ਸੀ । ਅਮਰੀਕੀ ਪ੍ਰਸ਼ਾਸਨ ਦੇ ਇਹ ਲੋਕ ਅੱਗੇ ਆਪਣੇ ਚਹੇਤਿਆਂ ਨੂੰ ਤੇਲ ਕੰਪਨੀਆਂ ਵਿਚ ਲਗਾ ਰਹੇ ਸਨ । ਯੁੱਧ ਤਾਂ ਅਜੇ ਜਾਰੀ ਸੀ । ਯੁੱਧ ਦੇ ਦੌਰਾਨ ਹੀ ਅਮਰੀਕੀ ਸਰਕਾਰ ਨੇ ਇਰਾਕ ਦੇ ਤੇਲ ਖੂਹਾਂ 'ਚ ਲੱਗੀ ਅੱਗ ਬੁਝਾਉਣ ਦਾ ਟੈਂਡਰ ਕੈਨਾਗ ਬਰਾਊਨ ਐਂਡ ਰੂਟ ਕੰਪਨੀ ਨੂੰ ਦੇ ਦਿੱਤਾ ਜੋ ਅਮਰੀਕੀ ਉਪ ਰਾਸ਼ਟਰਪਤੀ ਡਿੱਕ ਚੈਨੀ ਦੀ ਹੈਲੀਬਰਟਨ ਨਾਮੀ ਤੇਲ ਕੰਪਨੀ ਦੀ ਉਪ ਸ਼ਾਖਾ ਸੀ । 1991 ਵਿਚ ਤੇਲ ਖੂਹਾਂ ਵਿਚ ਲੱਗੀ ਅੱਗ ਨੂੰ ਬੁਝਾਉਣ ਦਾ ਠੇਕਾ ਹੈਲੀਬਰਟਨ ਤੇਲ ਕੰਪਨੀ ਨੂੰ ਦਿੱਤਾ ਗਿਆ ਸੀ । ਹੁਣ ਇਰਾਕ ਦੀ ਮੁੜ ਉਸਾਰੀ ਲਈ 18.6 ਬਿਲੀਅਨ ਡਾਲਰ ਦੇ ਠੇਕੇ ਇੱਕਲੇ ਪੈਂਟਾਗਨ ਦੀਆਂ ਚਹੇਤੀਆਂ ਕੰਪਨੀਆਂ ਨੂੰ ਦਿੱਤੇ ਗਏ ।

ਇਰਾਕ 'ਤੇ ਹਮਲਾ ਕਰਨ ਤੋਂ ਪਹਿਲਾਂ ਜੂਨੀਅਰ ਬੁਸ਼ ਨੇ ਇਰਾਕ ਵਿਰੁੱਧ ਆਪਣੇ ਜੰਗੀ ਮਨਸੂਬਿਆਂ ਨੂੰ "ਲੋਕ ਹਿੱਤਕਾਰੀ" ਦੱਸਦਿਆਂ ਕਿਹਾ ਸੀ, "ਸੱਦਾਮ ਹੁਸੈਨ ਤੋਂ ਬਗੈਰ ਇਰਾਕ ਜਮਹੂਰੀਅਤ ਦਾ ਚਾਨਣ ਮੁਨਾਰਾ ਹੋਵੇਗਾ । ਮੱਧ ਪੂਰਬ ਵਿਚ ਲੋਕਾਂ ਦੇ ਜੀਵਨ ਵਿਚ ਬਿਹਤਰੀ ਆਵੇਗੀ, ਇਰਾਕ ਦਾ ਤੇਲ ਇਰਾਕੀ ਲੋਕਾਂ ਲਈ ਰਾਖਵਾਂ ਰੱਖਿਆ ਜਾਵੇਗਾ, ਸੱਦਾਮ ਹੁਸੈਨ ਦਹਿਸ਼ਤਗਰਦਾਂ ਦੀ ਹਮਾਇਤ ਨਹੀਂ ਕਰ ਸਕੇਗਾ ਤੇ ਇਵੇਂ ਫਲਸਤੀਨ ਲਈ ਸੱਚੀ ਜਮਹੂਰੀਅਤ ਦਾ ਰਾਹ ਖੁਲ੍ਹੇਗਾ ।" ਉਸ ਦੀ ਇਹ ਲੋਕ ਹਿੱਤਕਾਰੀ ਨੀਤੀ 'ਕੌਮੀ ਰਣਨੀਤੀ' ਦਾ ਹੀ ਇਕ ਹਿੱਸਾ ਸੀ ਜਿਹੜੀ ਕਿ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਸੀ । ਅਮਰੀਕਾ ਚੀ ਇਹ ਜੰਗਜੂ ਨੀਤੀ ਉਸ ਦੀ 'ਆਰਥਿਕ ਨੀਤੀ' ਹੀ ਸੀ । ਉਸ ਦੀ ਇਸ ਜੰਗਜੂ ਨੀਤੀ ਦਾ ਮੁੱਖ ਉਦੇਸ਼ ਬਹੁ ਰਾਸ਼ਟਰੀ ਕੰਪਨੀਆਂ ਦੇ ਹਿੱਤਾਂ ਵਿਚ ਜਾਂਦਾ ਸੀ ਭਾਵ ਉਨਾਂ ਦਾ ਦੂਜੇ ਦੇਸ਼ਾਂ ਦੀਆਂ ਮੰਡੀਆਂ ਤੱਕ ਪਹੁੰਚ ਨੂੰ ਵਧਾਉਣਾ ਅਤੇ ਕੁਦਰਤੀ ਵਸੀਲੀਆਂ 'ਤੇ ਕਬਜ਼ਾ ਕਰਨਾ ਸੀ । ਇਹਨਾਂ ਨੀਤੀਆਂ ਦੇ ਤਹਿਤ ਹੀ ਅਮਰੀਕਾ ਦੀ ਇਕ ਵੱਡੀ ਤੇਲ ਕੰਪਨੀ ਯੂਨੀਕੋਲ ਦੇ ਮੀਤ ਪ੍ਰਧਾਨ ਨੇ 1998 ਵਿਚ ਅਫਗਾਨਿਸਤਾਨ ਅੰਦਰ ਗੈਸ ਪਾਈਪ ਲਾਈਨ ਪਾਉਣ ਦੀ ਸਕੀਮ ਬਣਾਈ ਸੀ । ਪਰ ਤਾਲੀਬਾਨ ਇਸ ਦੇ ਰਸਤੇ ਵਿਚ ਰੋੜਾ ਸਨ । ਇਸ ਲਈ ਉਸ ਤੇਲ ਕੰਪਨੀ ਨੇ ਅਮਰੀਕੀ ਸਰਕਾਰ ਤੋਂ ਤਾਲੀਬਾਨ ਸਰਕਾਰ (ਅਫਗਾਨਿਸਤਾਨ ਅੰਦਰ) ਨੂੰ ਬਦਲਣ ਦੀ ਮੰਗ ਕੀਤੀ । ਉਸ ਸਮੇਂ ਅਮਰੀਕਾ ਵਿਚ ਕਿਸੇ ਨੇ ਅਲ-ਕਾਇਦਾ ਨਾਂ ਸੁਣਿਆ ਤੱਕ ਵੀ ਨਹੀਂ ਸੀ । ਫਿਰ ਕੀ ਸੀ, ਗੈਸ ਦੇ ਅਫਗਾਨ ਸਰੋਤਾ ਨੂੰ ਅਧੀਨ ਕਰਨ ਲਈ ਅਮਰੀਕਾ ਨੇ ਲੰਮੀ ਯੋਜਨਾ ਤਿਆਰ ਕੀਤੀ । 11 ਸਤੰਬਰ 2001 ਦਾ ਬਹਾਨਾ ਲਗਾ ਕੇ ਅਫਗਾਨਿਸਤਾਨ 'ਤੇ ਧਾਵਾ ਬੋਲ ਦਿੱਤਾ । ਤੋਰਾ ਬੋਰਾ ਤੱਕ ਪਹਾੜੀਆਂ ਨੂੰ ਢਾਹ ਦਿੱਤਾ । ਤਾਲੀਬਾਨ ਰਾਜ ਪ੍ਰਬੰਧ ਨੂੰ ਬਦਲ ਦਿੱਤਾ । ਲੱਖਾਂ ਬੇਕਸੂਰ ਲੋਕ ਮੌਤ ਦੇ ਮੂੰਹ ਵਿਚ ਪਾ ਦਿੱਤੇ ਜਦ ਕਿ ਅਮਰੀਕਾ ਨੇ ਹੀ ਕਦੇ ਤਾਲੀਬਾਨ ਨੂੰ ਮਾਲੀ ਮਦਦ ਅਤੇ ਫੌਜੀ ਟ੍ਰੇਨਿੰਗ ਦੇ ਕੇ ਨਜ਼ੀਬਉਲਾ ਸਰਕਾਰ ਨੂੰ ਡੇਗਣ ਵਿਚ ਵਿਸ਼ੇਸ ਭੂਮਿਕਾ ਨਿਭਾਈ ਸੀ ਮੈ ਇਹ ਵੀ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਉਸ ਸਮੇਂ ਉਸਾਮਾ-ਬਿਨ ਲਾਦੇਨ ਦੇ ਤਾਲੀਬਾਨ ਅਤੇ ਅਮਰੀਕਾ ਨਾਲ ਚੰਗੇ ਸਬੰਧ ਸਨ । ਇਕ ਪ੍ਰਸਿੱਧ ਇਤਿਹਾਸਕਾਰ ਤੇ ਲੇਖਕ ਗੋਰੇ ਵਿਡਾਲ ਨੇ ਤਾਂ ਇਹ ਵੀ ਕਿਹਾ ਹੈ ਕਿ ਸੀਨੀਅਰ ਬੁਸ਼ ਦੇ ਵੱਖ ਵੱਖ ਤੇਲ ਕੰਪਨੀਆਂ 'ਚ ਕੰਮ ਕਰ ਰਹੇ ਬਿਨ ਲਾਦੇਨ ਦੇ ਪਰਿਵਾਰਕ ਮੈਬਰਾਂ ਨਾਲ ਚੰਗੇ ਅਤੇ ਡੂੰਘੇ ਸਬੰਧ ਰਹੇ ਹਨ । ਇਸੇ ਲੇਖਕ ਨੇ

ਜੰਗ ਸਮੇਂ ਹੀ ਪ੍ਰਕਾਸ਼ਤ ਕੀਤੀ ਆਪਣੀ ਇਕ ਪੁਸਤਕ ਵਿਚ 'ਤੇਲ ਲਈ ਖ਼ੂਨ ਨਾਲ ਲਿੱਬੜੇ ਯੁੱਧ ਦਾ ਸੁਪਨਾ ਕਿਵੇਂ ਦੇਖਿਆ ਗਿਆ' ਵਰਗੇ ਵਿਸ਼ੇ ਨੂੰ ਵਿਆਪਕ ਰੂਪ ਵਿਚ ਉਭਾਰਿਆ । ਉਨ੍ਹਾਂ ਇਹ ਵੀ ਦੱਸਿਆ ਕਿ ਸੀਨੀਅਰ ਬੁਸ਼ ਪੂਰੀ ਦੁਨੀਆਂ 'ਚ 164 ਕੰਪਨੀਆਂ 'ਤੇ ਮਾਲਕੀ ਹੱਕ ਰੱਖਣ ਵਾਲੇ ਕਾਰਟਾਈਲ ਗਰੁੱਪ ਦੇ ਅਧਿਕਾਰੀ ਹਨ ।

ਉਪਰੋਕਤ ਅਮਰੀਕੀ ਧੁਰੰਤਰਾਂ ਨੂੰ ਇਰਾਕ ਦੇ ਤੇਲ ਭੰਡਾਰ ਕਾਫੀ ਲੰਮੇ ਸਮੇਂ ਤੋਂ ਲਲਚਾ ਰਹੇ ਸਨ ਪਰ ਇਹਨਾਂ ਧੁਰੰਤਰਾਂ ਦੇ ਇਰਾਕੀ ਤੇਲ 'ਤੇ ਕਾਹਲੀ ਨਾਲ ਕਬਜ਼ੇ ਦਾ ਇਕ ਕਾਰਨ ਅਮਰੀਕੀ ਆਰਥਿਕਤਾ ਦਾ ਲੜਖੜਾ ਜਾਣਾ ਵੀ ਸੀ । ਇਸ ਲਈ ਹੁਣ ਜੰਗ ਛੇੜੇ ਤੋਂ ਬਗੈਰ ਇਨ੍ਹਾਂ ਦਾ ਸਰਨਾ ਹੀ ਨਹੀਂ ਸੀ । ਇਹ ਉਨ੍ਹਾਂ ਦੀ ਮਜ਼ਬੂਰੀ ਬਣ ਗਈ ਸੀ । ਫਰਾਂਸ ਦੇ ਵਪਾਰਕ ਪ੍ਰਤੀਨਿਧ ਹੈਨਰੀ ਬੇਰਾਂਜੇ ਨੇ 1918 ਵਿਚ ਕਿਹਾ ਸੀ " ਜਿਸ ਦਾ ਤੇਲ 'ਤੇ ਕੰਟਰੋਲ ਹੋਵੇਗਾ ਉਸ ਦਾ ਪੂਰੀ ਦੁਨੀਆਂ 'ਤੇ ਕੰਟਰੋਲ ਹੋਵੇਗਾ ਕਿਉਂਕਿ ਤੇਲ ਦੀ ਬਦੌਲਤ ਹੀ ਕੋਈ ਸਾਗਰਾਂ ਅਤੇ ਹਵਾ 'ਤੇ ਰਾਜ ਕਰੇਗਾ । ਤੇਲ ਦੀ ਕਮਾਈ ਨਾਲ ਸਾਰੇ ਲੋਕਾਂ ਨੂੰ ਆਰਥਿਕ ਰੂਪ ਵਿਚ ਕੰਟਰੋਲ ਕਰੇਗਾ । ਜਿਸ ਕੋਲ ਤੇਲ ਹੈ ਉਸ ਕੋਲ ਸਾਮਰਾਜ ਹੈ ।" ਅਮਰੀਕਾ ਦੀ ਆਰਥਿਕ ਸ਼ਾਖ ਦੇ ਲਗਾਤਾਰ ਨੀਚੇ ਆਉਣ ਕਾਰਨ 5 ਲੱਖ ਦੇ ਲਗਭਗ ਰੋਜ਼ਗਾਰ ਖਤਮ ਹੋ ਗਏ ਸਨ । ਉਤਪਾਦਨ ਦਾ ਗਰਾਫ ਵੀ ਨੀਚੇ ਵੱਲ ਖਿਸਕਣ ਲੱਗਾ । ਬੱਜਟ ਘਾਟਾ ਲਗਾਤਾਰ ਵਧਣ ਲੱਗਾ । ਟ੍ਰੇਡ ਸੈਂਟਰ 'ਤੇ ਹੋਏ ਹਮਲੇ ਤੋਂ ਮਗਰੋਂ ਯੂਰੋ ਦੇ ਮੁਕਾਬਲੇ ਡਾਲਰ ਨੇ ਆਪਣੀ ਕੀਮਤ 20 % ਗਵਾ ਲਈ । ਜਦੋਂ ਜਾਰਜ ਬੁਸ਼ ਨੇ ਸੱਦਾਮ ਹੁਸੈਨ ਨੂੰ 48 ਘੰਟੇ ਵਿਚ ਇਰਾਕ ਛੱਡ ਕੇ ਚਲੇ ਜਾਣ ਲਈ ਹੁਕਮ ਦਿੱਤਾ ਸੀ ਇਸ ਤੋਂ ਤਿੰਨ ਦਿਨ ਪਹਿਲਾਂ ਹੀ ਅਮਰੀਕਾ ਦੀ ਯੇਲ ਯੂਨੀਵਰਸਟੀ ਦੇ ਅਰਥ ਸਾਸ਼ਤਰ ਦੇ ਪ੍ਰੋਫੈਸਰ ਫਰਿਟਜ਼ ਜਿਮਰਮਾਨ ਨੇ ਕਿਹਾ ਸੀ "ਇਹ ਲੜਾਈ ਅਸਲ ਵਿਚ ਅਮਰੀਕੀ ਮੁਦਰਾ 'ਡਾਲਰ' ਨੂੰ ਯੂਰਪੀ ਯੂਨੀਅਨ ਦੀ ਮੁਦਰਾ 'ਯੂਰੋ' ਤੋਂ ਬਚਾਉਣ ਲਈ ਲੜੀ ਜਾ ਰਹੀ ਹੈ ।" ਯੂਰੋ ਇਤਨੀ ਤੇਜੀ ਨਾਲ ਆਪਣਾ ਪ੍ਰਭਾਵ ਵਧਾ ਰਿਹਾ ਸੀ ਕਿ ਅੰਤਰਰਾਸ਼ਟਰੀ ਬਜ਼ਾਰ ਵਿਚ ਡਾਲਰ ਦੀ ਸ਼ਾਖ ਨੂੰ ਹੇਠਾਂ ਸੁੱਟ ਕੇ ਆਪ ਉਪਰ ਨੂੰ ਪੁਲਾਂਘਾ ਪੁੱਟਣ ਲੱਗਾ । ਜੇਕਰ ਯੂਰਪੀ ਯੂਨੀਅਨ ਦੇ ਨਾਲ ਸਾਊਦੀ ਅਰਬ, ਚੀਨ ਅਤੇ ਭਾਰਤ ਵੀ ਯੂਰੋ ਵਿਚ ਹੀ ਵਪਾਰ ਕਰਨ ਲੱਗ ਜਾਂਦੇ ਤਾਂ ਸੰਭਵ ਸੀ ਕਿ ਅਮਰੀਕੀ ਅਰਥ ਵਿਵਸਥਾ ਚੂਰ ਚੂਰ ਹੋ ਜਾਂਦੀ । ਯੂਰਪ ਵਿਚ ਇੰਗਲੈਂਡ ਅਤੇ ਨਾਰਵੇ ਹੀ ਯੂਰਪੀ ਯੂਨੀਅਨ ਤੋਂ ਬਾਹਰ ਸਨ । ਇਸ ਲਈ ਜਾਰਜ਼ ਡਬਲਿਊ ਬੁਸ਼ ਡਾਲਰ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਸਨ । ਕਿਉਂਕਿ ਤੇਲ ਦੀ ਖ੍ਰੀਦ ਵਿਚ ਡਾਲਰ ਹੀ ਅੰਤਰਰਾਸ਼ਟਰੀ ਮੁਦਰਾ ਮੰਨੀ ਜਾਂਦੀ ਸੀ । ਫ੍ਰਟਿਜ਼ ਜਿਮਰਮਾਨ ਦਾ ਕਹਿਣਾ ਸੀ ਕਿ "ਸਾਡਾ ਦੇਸ਼ (ਅਮਰੀਕਾ) ਅੱਜ ਡਰ ਅਤੇ ਝੂਠ ਦੇ ਸਹਾਰੇ ਚਲ ਰਿਹਾ ਹੈ ਅਤੇ ਜਾਰਜ਼ ਡਬਲਿਊ ਬੁਸ਼ ਅੱਜ ਇਨ੍ਹਾਂ ਦੋਹਾਂ ਦਾ ਹੀ ਸਹਾਰਾ ਲੈ ਰਹੇ ਹਨ । ਭਾਵੇਂ ਇਰਾਕ ਕੋਲ ਰਸਾਇਣਕ ਅਤੇ ਜੈਵਿਕ ਹਥਿਆਰ ਨਹੀਂ ਸਨ ਤਾਂ ਵੀ ਉਸ ਨੇ ਇਤਿਹਾਸ ਦੀ ਸਭ ਤੋਂ ਵੱਡੀ ਜੰਗੀ ਮਸ਼ੀਨਰੀ ਇਰਾਕੀ ਲੋਕਾਂ ਦੇ ਵਿਰੁੱਧ ਝੋਕ ਦਿੱਤੀ ਜਿਹੜੇ ਕਿ ਪਿਛਲੇ 12 ਸਾਲਾਂ ਤੋਂ ਭੋਜਨ ਅਤੇ ਦਵਾਈ ਦੀ ਘਾਟ ਕਾਰਨ ਪਹਿਲਾਂ ਹੀ ਕਮਜ਼ੋਰ ਹੋ ਚੁੱਕੇ ਸਨ । ਭਾਵੇਂ ਇਰਾਕ ਦੇ ਤੇਲ ਭੰਡਾਰਾਂ ਨੂੰ ਵੀ ਅਮਰੀਕਾ ਕਾਂ ਅੱਖ ਨਾਲ ਦੇਖ ਰਿਹਾ ਸੀ ਪਰ ਆਪਣੀ ਆਰਥਿਕਤਾ

ਨੂੰ ਬਣਾਈ ਰੱਖਣ ਲਈ ਉਹ ਆਰਥਿਕ ਸੰਘਰਸ਼ ਦੇ ਰਾਹ ਪੈ ਗਿਆ ਸੀ। ਇਹ ਯੂਰੋ ਅਤੇ ਡਾਲਰ ਦੇ ਵਿਚਕਾਰ ਨਾ ਨਜ਼ਰ ਆਉਣ ਵਾਲੀ ਜੰਗ ਸੀ। ਇਸ ਜੰਗ ਦੀ ਰਣਭੂਮੀ ਵੱਜੋਂ ਇਰਾਕ ਦੀ ਧਰਤੀ ਦੀ ਚੋਣ ਕੀਤੀ ਗਈ। ਆਰਥਿਕ ਮਾਮਲਿਆਂ ਦੇ ਮਾਹਿਰ ਜਿਊਫਰੀ ਹਰਡ ਦਾ ਕਹਿਣਾ ਸੀ "ਇਹ ਤੇਲ ਜਾਂ ਇਰਾਕ ਦੀ ਗੱਲ ਨਹੀਂ, ਇਹ ਵਿਸ਼ਵ 'ਤੇ ਆਰਥਿਕ ਗਲਬੇ ਲਈ ਅਮਰੀਕਾ ਅਤੇ ਯੂਰਪ ਦੀ ਅਸਿੱਧੀ ਟੱਕਰ ਸੀ। ਜਾਰਜ ਡਬਲਿਊ ਬੁਸ਼ ਇਰਾਕ ਖਿਲਾਫ ਜੰਗ ਕਰਨ ਲਈ ਕਿਉਂ ਤੁਲੇ ਹੋਏ ਸਨ ? ਉਨ੍ਹਾਂ ਦੇ ਪ੍ਰਸ਼ਾਸਨ ਨੇ ਇਰਾਕ ਵੱਲੋਂ ਉਠਾਏ ਗਏ ਹਰ ਸਾਰਥਕ ਕਦਮ ਨੂੰ ਰੱਦ ਕਿਉ ਕੀਤਾ ? ਅਸਲ ਵਿਚ ਜੇ ਅਮਰੀਕਾ ਇਰਾਕ ਖਿਲਾਫ ਜੰਗ ਨਾ ਛੇੜਦਾ ਤਾਂ ਉਸ 'ਤੇ ਵੱਡੇ ਆਰਥਿਕ ਪ੍ਰਭਾਵ ਪੈਂਦੇ ਸਨ। ਇਰਾਕ ਦੀ ਜੰਗ ਅਸਲ ਵਿਚ ਵਿਸ਼ਵ ਦੀ ਆਰਥਿਕ ਅਗਵਾਈ ਲਈ ਅਮਰੀਕਾ ਅਤੇ ਯੂਰਪ ਵਿਚਕਾਰ ਟੱਕਰ ਸੀ।"

ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਸ਼ੁਰੂ ਤੋਂ ਹੀ ਵਿਸ਼ਵ ਵਪਾਰ ਵਿਚ ਕੋਈ ਵਸਤੂ ਮਹੱਤਪੂਰਨ ਮਾਧਿਅਮ ਰਹੀ ਹੈ। ਕਦੇ ਸੋਨਾ, ਕਦੇ ਚਾਂਦੀ, ਕਦੇ ਕਣਕ ਜਾਂ ਕਪਾਹ ਆਦਿ। ਅੰਤਰਰਾਸ਼ਟਰੀ ਤੇਲ ਵਪਾਰ ਵਿਚ ਡਾਲਰ ਮੁਦਰਾ ਦੇ ਰੂਪ 'ਚ ਮਾਧਿਅਮ ਚਲਿਆ ਆ ਰਿਹਾ ਸੀ। ਡਾਲਰ ਨੂੰ ਮੁਦਰਾ ਦੇ ਰੂਪ ਵਿਚ ਅਮਰੀਕੀ ਰਾਸ਼ਟਰਪਤੀ ਫ੍ਰੈਂਕਲਿਨ ਰੂਜ਼ਵੈਲਟ ਅਤੇ ਸਾਉਦੀ ਅਰਬ ਦੇ ਸੁਲਤਾਨਇਬਨ ਸਾਉਦ ਨੇ ਤੇਲ ਵਪਾਰ ਦੇ ਮਾਧਿਅਮ ਵੱਜੋਂ ਮਨਜ਼ੂਰੀ ਦਿੱਤੀ ਸੀ। ਇਸ ਦੇ ਨਾਲ ਹੀ ਬ੍ਰੇਟੋਨ ਵੁਡਸ ਕਾਨਫਰੰਸ ਵਿਚ ਸੋਨੇ ਦੀ ਥਾਂ ਡਾਲਰ ਨੂੰ ਵਿਸ਼ਵ ਦੇ ਮਾਧਿਅਮ ਵਜੋਂ ਮਨਜ਼ੂਰੀ ਮਿਲ ਗਈ ਸੀ। ਇਸ ਨਾਲ ਵਟਾਂਦਰੇ ਵੱਜੋਂ ਜੋ ਸਥਾਨ ਸੋਨੇ ਨੂੰ ਹਾਸਲ ਸੀ ਉਹ ਹੁਣ ਡਾਲਰ ਨੂੰ ਮਿਲ ਗਿਆ ਸੀ। ਇਸ ਕਾਰਨ ਹੀ ਅਮਰੀਕਾ ਆਪਣੇ ਵੱਡੇ-ਵੱਡੇ ਘਰੇਲੂ ਅਤੇ ਅੰਤਰਰਾਸ਼ਟਰੀ ਘਾਟੇ ਨੂੰ ਪੂਰਾ ਕਰਨ ਵਿਚ ਸਫਲ ਰਿਹਾ। ਕਿਉਂਕਿ ਡਾਲਰ ਇਕ ਅਜਿਹੀ ਮੁਦਰਾ ਸੀ ਜਿਸ ਵਿਚ ਤੇਲ ਮਿਲਦਾ ਸੀ। ਇਸ ਲਈ ਅਮਰੀਕਾ ਤੇਲ ਵਪਾਰ ਦੀ ਮੁਦਰਾ ਦਾ ਉਤਪਾਦਕ ਬਣ ਗਿਆ। ਡਾਲਰ ਦੀ ਇਸ ਮਜ਼ਬੂਤੀ ਕਾਰਨ ਹੀ ਉਹ ਭਾਰੀ ਫੌਜੀ ਖਰਚ ਕਰ ਕੇ ਆਪਣੇ ਆਪ ਨੂੰ ਸਭ ਤੋਂ ਵੱਡੀ ਫੌਜੀ ਤਾਕਤ ਬਣਾਉਣ ਵਿਚ ਵੀ ਸਫਲ ਰਿਹਾ। ਯੂਰੋ ਦੇ ਵਿਸ਼ਵ ਵਪਾਰ ਵਿਚ ਆਉਣ ਕਾਰਨ ਡਾਲਰ ਦੇ ਰਸਤੇ ਵਿਚ ਵੱਡੀਆਂ ਚਣੌਤੀਆਂ ਆ ਰਹੀਆਂ ਸਨ। ਸਭ ਤੋਂ ਵੱਡੀ ਚਣੌਤੀ 1999 ਵਿਚ ਖੜੀ ਹੋ ਗਈ ਜਦੋਂ ਫਰਾਂਸ ਦੇ ਕਹਿਣ 'ਤੇ ਇਰਾਕੀ ਸਦਰ ਸੱਦਾਮ ਹੁਸੈਨ ਨੇ ਇਰਾਕੀ ਤੇਲ ਦਾ ਭੁਗਤਾਨ ਯੂਰੋ ਵਿਚ ਕਰਨਾ ਮੰਨ ਲਿਆ। ਇਸ ਨਾਲ ਇਰਾਕ ਨੂੰ ਵੱਡਾ ਲਾਭ ਹੋਇਆ ਤੇ ਬਾਕੀ ਤੇਲ ਉਤਪਾਦਕ ਦੇਸ਼ਾਂ ਦਾ ਧਿਆਨ ਇਰਾਕ ਵੱਲ ਖਿੱਚਿਆ ਗਿਆ। ਜਿਊਫਰੀ ਹਰਡ ਦੇ ਅਨੁਸਾਰ "ਇਰਾਨ ਵੀ ਤੇਲ ਦੀ ਵਿਕਰੀ ਦੇ ਮਾਮਲੇ ਵਿਚ ਯੂਰੋ ਵਲ ਰੁੱਖ ਕਰਨ ਦੇ ਮਾਮਲੇ ਵਿਚ ਸੋਚਣ ਲੱਗ ਪਿਆ ਸੀ। ਵੈਨਜ਼ੁਏਲਾ (ਵਿਸ਼ਵ ਦਾ ਚੌਥਾ ਸਭ ਤੋਂ ਵੱਡਾ ਤੇਲ ਉਤਪਾਦਕ ਦੇਸ਼) ਨੇ ਅਮਰੀਕਾ ਦੇ ਕੱਟੜ ਵਿਰੋਧੀ ਦੇਸ਼ ਕਿਊਬਾ ਨਾਲ ਤੇਲ ਵਪਾਰ ਸ਼ੁਰੂ ਕਰ ਦਿੱਤਾ ਸੀ। ਇਸੇ ਲਈ ਅਮਰੀਕਾ ਵੱਲੋਂ ਵੈਨਜ਼ੁਏਲਾ ਦੀ ਸਰਕਾਰ ਨੂੰ ਅਸਥਿਰ ਕਰਨ ਦੇ ਸਫਲ ਯਤਨ ਕੀਤੇ ਗਏ ਕਿਉਂਕਿ ਉਸ ਨੇ ਯੂਰੋ ਵੱਲੋਂ ਖੜਕਾਈ ਜਾ ਰਹੀ ਖਤਰੇ ਦੀ ਘੰਟੀ ਨੂੰ ਭਾਂਪ ਲਿਆ ਸੀ। ਇਸ ਲਈ ਜੇ ਉਹ ਕੋਈ ਫੋਰੀ ਕਦਮ ਨਾ ਚੁੱਕਦਾ ਤਾਂ ਅਮਰੀਕੀ

ਅਰਥਵਿਵਸਥਾ ਲਈ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਸਨ । ਯੂਰੋ ਦੀ ਚਣੌਤੀ ਨੂੰ ਸਮਝਦਿਆਂ ਹੀ ਅਮਰੀਕਾ ਨੇ ਅਫਗਾਨਿਸਤਾਨ ਦੀ ਲੜਾਈ ਤੋਂ ਤੁਰੰਤ ਆਪਣਾ ਧਿਆਨ ਮੋੜ ਕੇ ਇਰਾਕ 'ਤੇ ਕੇਂਦਰਿਤ ਕਰ ਦਿੱਤਾ । ਉਸ ਸੋਚਿਆ ਉਸਾਮਾ ਬਿਨ ਲਾਦੇਨ ਤੋਂ ਏਨਾ ਖਤਰਾ ਨਹੀਂ ਜਿੰਨਾ ਯੂਰੋ ਤੋਂ ਹੈ ਇਸ ਲਈ ਬਿਨ ਲਾਦੇਨ ਨੂੰ ਤੋਰਾਬੋਰ ਵਿਚ ਛੱਡ ਕੇ ਆਪਣੇ ਘੋੜੇ ਦੀਆਂ ਮੁਹਾਰਾਂ ਇਰਾਕ ਵੱਲ ਮੋੜ ਦਿੱਤੀਆਂ ਤਾਂ ਕਿ ਉਹ ਤੇਲ ਦਾ ਵਪਾਰ ਮੁੜ ਡਾਲਰ ਵਿਚ ਬਹਾਲ ਕਰਾ ਸਕੇ ।" ਇਸ ਤਰ੍ਹਾਂ ਜੰਗ ਦੇ ਪਿਛੋਕੜ ਬਾਰੇ ਡੂੰਘਾਈ ਵਿਚ ਜਾਣ ਤੋਂ ਮਗਰੋਂ ਇਹ ਗੱਲ ਵੀ ਆਪ ਮੁਹਾਰੇ ਉਭੱਰ ਕੇ ਬਾਹਰ ਆਉਂਦੀ ਹੈ ਕਿ ਜੰਗ, ਤੇਲ, ਵਪਾਰ ਵਿਚ ਡਾਲਰ ਦੀ ਚੌਧਰ ਬਹਾਲ ਕਰਨ ਲਈ ਲੜੀ ਗਈ ਸੀ ।

ਇਸ ਜੰਗ ਤੋਂ ਪਹਿਲਾਂ ਅਮਰੀਕਾ ਅਤੇ ਇਰਾਕ ਦੇ ਅਤੀਤ ਦੇ ਸਬੰਧਾਂ 'ਤੇ ਇਕ ਮਾਤਰ ਨਜ਼ਰ ਮਾਰਨ ਨਾਲ ਪਤਾ ਲਗਦਾ ਹੈ ਕਿ 1957 ਵਿਚ ਅਮਰੀਕਾ ਦੀ ਦਿਲਚਸਪੀ ਇਰਾਕ ਵੱਲ ਤੀਬਰਤਾ ਨਾਲ ਵੱਧਣ ਲੱਗ ਪਈ ਸੀ । ਇਸ ਦਾ ਕਾਰਨ ਇਰਾਕੀ ਤੇਲ ਤੋਂ ਇਲਾਵਾ ਇਰਾਕ ਵਿਚ ਸੋਵੀਅਤ ਯੂਨੀਅਨ ਦੇ ਵਧ ਰਹੇ ਪ੍ਰਭਾਵ ਨੂੰ ਰੋਕਣਾ ਵੀ ਸੀ । ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਆਈਜਨ ਹਾਵਰ ਨੇ 5 ਜਨਵਰੀ 1957 ਨੂੰ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ; "ਪੱਛਮੀ ਏਸ਼ੀਆ ਅੱਜ ਇਤਿਹਾਸ ਦੇ ਚੌਰਾਹੇ 'ਤੇ ਖੜ੍ਹਾ ਹੈ । ਇਸ ਤਰ੍ਹਾਂ ਲਗਦਾ ਹੈ ਕਿ ਸੋਵੀਅਤ ਹੁਕਮਰਾਨ ਇਥੇ ਆਪਣਾ ਪ੍ਰਭਾਵ ਵਧਾਉਣ ਲਈ ਉਤੇਜਿਤ ਹਨ । ਸਮਾਜਵਾਦ ਤੋਂ ਅੱਜ ਪੂਰੇ ਵਿਸ਼ਵ ਨੂੰ ਖਤਰਾ ਹੈ। ਇਸ ਲਈ ਪੱਛਮੀ ਏਸ਼ੀਆ ਦੇ ਕੁਝ ਦੇਸ਼ਾਂ ਨੂੰ ਸਾਨੂੰ ਆਰਥਿਕ ਸਹਾਇਤਾ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਸਵੰਤਰਤਾ ਨੂੰ ਕਾਇਮ ਰੱਖ ਸਕਣ । ਇਸ ਤਰ੍ਹਾਂ ਦੇ ਦੇਸ਼ ਨੂੰ ਜੇ ਕਰ ਸੈਨਿਕ ਸ਼ਕਤੀ ਦੀ ਲੋੜ ਹੈ ਤਾਂ ਅਮਰੀਕਾ ਸੈਨਿਕ ਸ਼ਕਤੀ ਵੀ ਆਰਪਿਤ ਕਰੇ । ਜੇ ਕਰ ਅਜਿਹੇ ਦੇਸ਼ ਸਪਸ਼ਟ ਰੂਪ ਵਿਚ ਆਪਣੀ ਸੀਮਾ 'ਤੇ ਖਤਰੇ ਬਾਰੇ ਦੱਸਣ ਤਾਂ ਅਮਰੀਕਾ ਹੋਰ ਕਿਸੇ ਪ੍ਰਕਾਰ ਦੀ ਸਹਾਇਤਾ ਦੇਣ ਬਾਰੇ ਵੀ ਸੋਚ ਸਕਦਾ ਹੈ ।" ਇਸ ਨੂੰ ਆਈਜਨ ਹਾਵਰ ਡਾਕਟਰੀਨ ਦਾ ਨਾਮ ਦਿੱਤਾ ਗਿਆ । ਸਭ ਤੋਂ ਪਹਿਲਾਂ ਇਸ ਸਿਧਾਂਤ ਤੋਂ ਪ੍ਰਭਾਵਿਤ ਹੋ ਕੇ ਇਰਾਕ ਨੇ ਅਮਰੀਕਾ ਦਾ ਦਰਵਾਜ਼ਾ ਖੜਕਾਇਆ । ਅਸਲ ਵਿਚ ਇਹ ਸਿਧਾਂਤ 'ਬਗਦਾਦ ਪੈਕਟ' ਦਾ ਹੀ ਇਕ ਜਵਾਬ ਸੀ ਜਿਹੜਾ ਕਿ ਸੋਵੀਅਤ ਨੇਤਾਵਾਂ ਨੇ ਇਰਾਕ ਨਾਲ ਕੀਤਾ ਸੀ । 8 ਅਪ੍ਰੈਲ 1957 ਨੂੰ ਇਕ ਹੋਰ ਘੋਸ਼ਣਾ ਪੱਤਰ ਰਾਂਹੀ ਦੋਹਾਂ ਦੇਸ਼ਾਂ ਨੇ ਕਿਸੇ ਵੀ ਸਮਾਜਵਾਦੀ ਦੇਸ਼ ਦੇ ਹਮਲੇ ਦੀ ਸਥਿਤੀ ਵਿਚ ਇਕ ਦੂਜੇ ਦੀ ਮਦਦ ਕਰਨ ਦਾ ਵਚਨ ਕੀਤਾ । ਪਰ ਇਰਾਕ ਨੇ ਅਮਰੀਕਾ ਦੀ ਰਹਿਮਤ 'ਤੇ ਜੀਣਾ ਸ਼ੁਰੂ ਕਰ ਦਿੱਤਾ । ਅਮਰੀਕਾ ਨੇ ਇਰਾਕ ਨੂੰ ਦਿੱਤੀ ਜਾਣ ਵਾਲੀ ਰਾਸ਼ੀ ਦੀ ਦਰ 22 ਲੱਖ ਤੋਂ ਵਧਾ ਕੇ 36 ਲੱਖ ਡਾਲਰ ਪ੍ਰਤੀ ਸਾਲ ਕਰ ਦਿੱਤੀ । 14 ਜੁਲਾਈ 1958 ਨੂੰ ਇਰਾਕ ਵਿਚ ਬਾਦਸ਼ਾਹਤ ਦਾ ਭੋਗ ਪੈ ਗਿਆ । ਇਸ ਨਾਲ ਆਈਜਨ ਹਾਵਰ ਸਿਧਾਂਤਾਂ ਨੂੰ ਬਹੁਤ ਧੱਕਾ ਲੱਗਿਆ । ਹੁਣ ਇਰਾਕ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਜਨਰਲ ਕਾਸਿਮ ਨੇ ਬਗ਼ਦਾਦ ਪੈਕਟ ਅਤੇ ਆਈਜਨ ਹਾਵਰ ਸਿਧਾਂਤਾਂ ਨੂੰ ਤਿਲਾਂਜਲੀ ਦੇ ਦਿੱਤੀ । ਲਗਭਗ 3 ਸਾਲ ਤੱਕ ਇਸ ਤਰ੍ਹਾਂ ਦੇ ਹੀ ਸਬੰਧ ਚੱਲਦੇ ਰਹੇ । ਮਿਸਰ ਨਾਲ ਤਣਾਪੂਰਨ ਸਬੰਧ ਹੋ ਜਾਣ ਨਾਲ ਇਰਾਕੀ ਪ੍ਰਧਾਨ ਮੰਤਰੀ ਜਨਰਲ ਕਾਸਿਮ ਫਿਰ ਅਮਰੀਕਾ ਵੱਲ ਝੁਕ ਗਿਆ । ਉਸ ਨੇ

ਫਿਰ 23 ਜਨਵਰੀ 1961 ਨੂੰ ਅਮਰੀਕਾ ਨਾਲ ਸੰਸਕ੍ਰਿਤਕ ਸਬੰਧ ਬਣਾ ਲਏ । ਇਸ ਤਰ੍ਹਾਂ ਸੰਸਕ੍ਰਿਤਕ ਸਬੰਧਾਂ ਨਾਲ ਵਿਗਿਆਨਕ ਸਬੰਧ ਵੀ ਕਾਇਮ ਹੋਣ ਲੱਗ ਪਏ । ਅਮਰੀਕਾ ਹਰ ਪੱਖ ਤੋਂ ਇਰਾਕ ਦੀ ਸਹਾਇਤਾ ਕਰਨ ਲੱਗਾ ਭਾਵੇਂ ਇਸ ਵਿਚ ਉਸ ਦਾ ਕੋਈ ਵੀ ਉਦੇਸ਼ ਛੁਪਿਆ ਹੋਇਆ ਸੀ ।

1968 ਦੇ ਇਰਾਕੀ ਇਨਕਲਾਬ ਤੋਂ ਮਗਰੋਂ ਉਪ ਰਾਸ਼ਟਰਪਤੀ ਬਣਦਿਆਂ ਹੀ ਸੱਦਾਮ ਹੁਸੈਨ ਨੇ ਸਭ ਤੋਂ ਪਹਿਲਾਂ ਅਰਬ ਜਗਤ ਦੀ ਪੂਰਣ ਅਜ਼ਾਦੀ ਅਤੇ ਖੁਸ਼ਹਾਲੀ ਦਾ ਪ੍ਰੋਗਰਾਮ ਉਲੀਕਿਆ । ਜਿਸ ਨੂੰ ਅਰਬ ਜਗਤ ਦੀ ਜਨਤਾ ਦੀ ਬਹੁ ਗਿਣਤੀ ਕੁਰਾਨ ਸ਼ਰੀਫ ਤੋਂ ਬਾਅਦ ਦੂਜੀ ਮਹਾਨ ਕਲਿਆਣਕਾਰੀ ਦਸਤਾਵੇਜ਼ ਮੰਨਦੀ ਹੈ ਅਤੇ ਉਸ ਦਸਤਾਵੇਜ਼ ਨੂੰ ਮਾਉ ਦੀ 'ਲਾਲ ਕਿਤਾਬ' (Red Book) ਵਾਂਗ ਆਦਰ ਸਹਿਤ ਪੜ੍ਹਦੀ ਹੈ । ਸੱਦਾਮ ਹੁਸੈਨ ਨੇ ਉਪ ਰਾਸ਼ਟਰਪਤੀ ਬਣਦਿਆਂ ਹੀ ਅਮਰੀਕਾ ਦੀਆਂ ਇਰਾਕ ਅੰਦਰ ਚਲ ਰਹੀਆਂ ਤੇਲ ਕੰਪਨੀਆਂ ਵਲ ਧਿਆਨ ਮੋੜਿਆ । ਇਨ੍ਹਾਂ ਤੇਲ ਕੱਢਣ ਵਾਲੀਆਂ ਕੰਪਨੀਆਂ ਦੀਆਂ ਮਸ਼ੀਨਾਂ ਨੂੰ ਅਮਰੀਕਾ ਨੇ ਹੀ ਆਧੁਨਿਕ ਮਸ਼ੀਨਾਂ ਦੀ ਮਦਦ ਨਾਲ ਲੈਸ ਕੀਤਾ ਹੋਇਆ ਸੀ । ਇਹ ਮਸ਼ੀਨਾਂ ਅਮਰੀਕਾ ਦੇ ਸਹਿਯੋਗ ਅਤੇ ਸੁਰੱਖਿਆ ਨਾਲ ਹੀ ਚਲ ਰਹੀਆਂ ਸਨ । ਅਮਰੀਕਾ ਦੀ ਸਹਾਇਤਾ ਨਾਲ ਇਰਾਕ ਤੇਜੀ ਨਾਲ ਤਰੱਕੀ ਕਰਨ ਲੱਗਿਆ । ਪਰ ਇਰਾਕੀ ਸਰਕਾਰ ਨੇ ਵਿਸ਼ਵਾਸ਼ਘਾਤ ਦੀਆਂ ਸਾਰੀਆਂ ਹੱਦਾਂ ਟੱਪਦੇ ਹੋਏ 'Exxon ਅਤੇ Mobil ਨਾਂ ਦੀਆਂ ਦੋ ਕੰਪਨੀਆਂ ਦਾ ਰਾਸ਼ਟਰੀਕਰਨ ਕਰ ਦਿੱਤਾ । ਇਰਾਕੀ ਸਰਕਾਰ ਦਾ ਦੋਸ਼ ਸੀ ਕਿ ਅਮਰੀਕਾ ਨੇ ਜੰਗ ਵਿਚ ਇਸਰਾਈਲ ਦਾ ਸਾਥ ਦੇ ਕੇ ਅਰਬ ਜਗਤ ਦਾ ਦਿਲ ਦੁਖਾਇਆ ਹੈ । ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਇਰਾਕ ਆਪਣੀਆਂ ਤੇਲ ਕੰਪਨੀਆਂ ਤੋਂ ਅਮਰੀਕਾ ਨੂੰ ਕੁਝ ਵੀ ਨਹੀਂ ਦੇ ਸਕਦਾ । ਪਰ ਅਮਰੀਕਾ ਨੇ ਫਿਰ ਵੀ ਇਰਾਕ ਨਾਲ ਆਪਣੇ ਸਬੰਧ ਖਰਾਬ ਨਹੀਂ ਕੀਤੇ । ਡਾਲਰ ਦੀ ਦਿਨੋ ਦਿਨ ਵਧਦੀ ਜਾ ਰਹੀ ਕੀਮਤ ਨੇ ਇਰਾਕ ਨੂੰ ਉਸ ਤੋਂ ਦੂਰ ਵੀ ਨਹੀਂ ਹੋਣ ਦਿੱਤਾ । ਉਸ ਨੇ ਅਮਰੀਕਾ ਨੂੰ ਕਿਹਾ ਕਿ ਉਹ ਤੇਲ ਕੱਢਣ ਵਾਲੀ ਆਪਣੀ ਤਕਨਾਲੋਜੀ ਵਾਪਸ ਨਾ ਲਵੇ । ਅਮਰੀਕਾ ਨੇ ਇਹ ਗੱਲ ਵੀ ਮੰਨ ਲਈ । ਇਸ ਤਰ੍ਹਾਂ ਲਗਭਗ ਦੋ ਸਾਲ ਬੀਤ ਗਏ । ਪਰ ਉਦੋਂ ਇਰਾਕੀ ਜਿਆਦਤੀਆਂ ਦੀ ਹੱਦ ਸਿਖਰ 'ਤੇ ਪਹੁੰਚ ਗਈ ਅਤੇ ਅਮਰੀਕਾ ਦੇ ਸਬਰ ਦੀ ਵੀ, ਜਦੋਂ ਇਰਾਕ ਨੇ ਅਮਰੀਕਾ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਇਸਰਾਈਲ ਨਾਲ ਆਪਣੇ ਰਿਸ਼ਤਿਆਂ 'ਤੇ ਫਿਰ ਤੋਂ ਵਿਚਾਰ ਕਰੇ ਅਤੇ ਇਰਾਨ ਪ੍ਰਤੀ ਆਪਣੀ ਹਮਦਰਦੀ ਦਾ ਰੁੱਕ ਛੱਡ ਦੇਵੇ । ਇਸ ਸਮੇਂ ਤੱਕ ਇਰਾਕ ਉਤੇ ਸੱਦਾਮ ਹੁਸੈਨ ਦਾ ਪ੍ਰਭਾਵ ਕਾਫੀ ਵਧ ਗਿਆ ਸੀ । ਉਸ ਨੇ ਇਕੋ ਰਟ ਸ਼ੁਰੂ ਕਰ ਦਿੱਤੀ ਕਿ ਅਮਰੀਕਾ ਆਪਣਾ ਰਵੱਈਆ ਠੀਕ ਕਰੇ ਅਤੇ ਸਾਡੇ ਅੰਦਰੂਨੀ ਮਾਮਲਿਆਂ ਵਿਚ ਦਿਲਚਸਪੀ ਨਾ ਲਵੇ । ਅਮਰੀਕਾ ਅਤੇ ਸੱਦਾਮ ਹੁਸੈਨ ਦਰਮਿਆਨ ਮੱਤਭੇਦ ਦਾ ਕਾਰਨ ਇਹ ਵੀ ਸੀ ਕਿ ਅਮਰੀਕਾ ਚਾਹੁੰਦਾ ਸੀ ਕਿ ਜਦੋਂ ਵੀ ਸੱਦਾਮ ਹੁਸੈਨ ਗੱਲ ਕਰੇ, ਆਪਣੇ ਮੁਲਕ ਦੀ ਕਰੇ । ਜਦੋਂ ਕਿ ਸੱਦਾਮ ਹੁਸੈਨ ਅਮਰੀਕਾ ਨੂੰ ਸਾਰੀ ਅਰਬ ਦੁਨੀਆਂ 'ਤੇ ਆਪਣੇ ਰਿਸ਼ਤਿਆਂ ਨੂੰ ਆਪਣੇ ਅਨੁਸਾਰ ਰੱਖਣ ਲਈ ਮਜ਼ਬੂਰ ਕਰਨਾ ਚਾਹੁੰਦਾ ਸੀ ।

ਇਕ ਸਮੇਂ ਇਰਾਨ ਦਾ ਰਜਾ ਸ਼ਾਹ ਪਹਿਲਵੀ ਅਮਰੀਕਾ ਦਾ ਮਿੱਤਰ ਸੀ ਅਤੇ ਇਰਾਕੀ ਸਦਰ ਸੱਦਾਮ ਹੁਸੈਨ ਦਾ ਦੁਸ਼ਮਣ । ਅਮਰੀਕਾ ਨੇ ਇਰਾਨ ਦੇ ਧਾਰਮਿਕ ਇਨਕਲਾਬ ਤੋਂ ਪਹਿਲਾਂ ਕਸਿੰਜਰ ਨੀਤੀ ਰਾਂਹੀ ਇਰਾਕੀ ਕੁਰਦਾਂ ਨੂੰ ਸੱਦਾਮ ਹੁਸੈਨ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ । ਉਸ ਨੇ ਰਜਾ ਸ਼ਾਹ ਪਹਿਲਵੀ ਰਾਂਹੀ ਕੁਰਦਾਂ ਨੂੰ ਇਕ ਲੱਖ ਏ.ਕੇ. 47 ਅਤੇ ਡੇਢ ਕਰੋੜ ਡਾਲਰਾਂ ਦੇ ਬਾਰੂਦ ਤੇ ਗੋਲੀ ਸਿੱਕਾ ਦੇ ਕੇ ਸੱਦਾਮ ਹੁਸੈਨ ਦੇ ਵਿਰੁੱਧ ਖੜਾ ਕਰ ਦਿੱਤਾ । ਸੱਦਾਮ ਹੁਸੈਨ ਅਮਰੀਕਾ ਦੀ ਇਸ ਨੀਤੀ ਨਾਲ ਹੈਰਾਨ ਹੋ ਗਿਆ । ਪਰ ਉਹ ਵੀ ਜਿੱਦੀ ਸੀ । ਉਸ ਨੇ ਕੁਰਦਾਂ 'ਤੇ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਸ਼ੁਰੂ ਕਰ ਦਿੱਤੇ । ਇਰਾਕ ਵਿਚ ਖਾਨਜੰਗੀ ਵਰਗੀ ਹਾਲਤ ਪੈਦਾ ਹੋ ਗਈ। ਜਲਦੀ ਹੀ ਇਰਾਨ ਵਿਚ ਰਜਾ ਸ਼ਾਹ ਪਹਿਲਵੀ ਦੀ ਸਰਕਾਰ ਬਦਲ ਗਈ । ਆਇਤਉਲਾ ਖੁਮੈਨੀ ਦੀ ਨਵੀਂ ਸਰਕਾਰ ਅਮਰੀਕਾ ਵਿਰੋਧੀ ਸੀ । ਇਸ ਲਈ ਹੁਣ ਅਮਰੀਕਾ ਇਰਾਨ ਸਰਕਾਰ ਰਾਂਹੀ ਕੁਰਦਾਂ ਦੀ ਸਹਾਇਤਾ ਨਹੀਂ ਕਰ ਸਕਦਾ ਸੀ । ਉਸ ਨੇ ਕੁਰਦਾਂ ਤੋਂ ਹੱਥ ਪਿੱਛੇ ਖਿੱਚ ਲਏ । ਇਸ ਤੋਂ ਉਲਟ ਸੱਦਾਮ ਹੁਸੈਨ ਸਰਕਾਰ ਨੂੰ ਸਹਾਇਤ ਦੇਣੀ ਅਰੰਭ ਕਰ ਦਿੱਤੀ । ਉਸ ਦਾ ਭਾਵ ਸੀ ਕਿ ਕਿਸੇ ਤਰੀਕੇ ਇਰਾਕ ਵਿਚ ਘੋਲ ਚਲਦਾ ਰਹੇ । ਭਾਵੇਂ ਉਹ ਕੁਰਦਾਂ ਨੂੰ ਸਹਾਇਤਾ ਪ੍ਰਦਾਨ ਕਰੇ ਭਾਵੇਂ ਸੱਦਾਮ ਹੁਸੈਨ ਨੂੰ । ਉਹ ਤਾਂ ਕਿਸੇ ਵੀ ਤਰੀਕੇ ਇਰਾਕ ਵਿਚ ਘੋਲ ਚਾਹੁੰਦਾ ਸੀ ਤੇ ਇਹ ਸੱਦਾਮ-ਕੁਰਦ ਘੋਲ ਚਲਦਾ ਰਿਹਾ । ਖਾੜੀ ਦੀ ਜੰਗ ਤੋਂ ਪਹਿਲਾਂ ਸੀਨੀਅਰ ਬੁਸ਼ ਨੇ ਸੱਦਾਮ ਹੁਸੈਨ ਨੂੰ ਤਿੰਨ ਅਰਬ ਡਾਲਰ ਦੀ ਸਹਾਇਤਾ ਦਿੱਤੀ ਸੀ । ਜਿਸ ਦੇ ਫਲਸਰੂਪ ਸੱਦਾਮ ਹੁਸੈਨ ਨੇ ਇਰਾਕ ਵਿਚ ਸਰਬਨਾਸਕ ਬਾਰੂਦੀ ਰਸਾਇਣਕ ਅਤੇ ਕਿਟਾਣੂਆਂ ਦੇ ਸਾਸ਼ਤਰ ਤਿਆਰ ਕੀਤੇ ਤੇ ਇਹੋ ਹਥਿਆਰ ਕੁਰਦਾਂ ਵਿਰੁੱਧ ਵਰਤੇ। ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਉਸ ਦਾ ਦੇਸ਼ ਦੋ ਭਾਗਾਂ ਵਿਚ ਵੰਡਿਆ ਜਾਵੇ। ਉਧਰ ਅਮਰੀਕਾ ਆਪਣੀ 'ਕੌਮੀ ਰਣਨੀਤੀ' ਦੇ ਤਹਿਤ ਸੀਰੀਆ, ਤੁਰਕੀ, ਇਰਾਨ ਅਤੇ ਇਰਾਕ ਵਿੱਚੋਂ ਕੁਰਦਾਂ ਦੇ ਇਲਾਕੇ ਨੂੰ ਇੱਕਠਾ ਕਰ ਕੇ ਕੁਰਦਿਸਤਾਨ ਬਣਾਉਣ ਦਾ ਇਰਾਦਾ ਧਾਰੀ ਬੈਠਾ ਸੀ । ਇਸੇ ਲਈ ਪਿਛਲੇ ਲੰਮੇ ਅਰਸੇ ਤੋਂ ਉਹ ਪੱਛਮੀ ਏਸ਼ੀਆ ਵਿਚ ਕੁਝ ਇਸੇ ਤਰ੍ਹਾਂ ਦਾ ਵਾਤਾਵਰਨ ਉਸਾਰਦਾ ਆ ਰਿਹਾ ਸੀ। ਦੂਜੇ ਪਾਸੇ ਅਰਬ ਦੇਸ਼ਾਂ ਵਿਚ ਸੱਦਾਮ ਹੁਸੈਨ ਨਾਲੋਂ ਮਾਡਰੇਟ ਹੋਰ ਕੋਈ ਅਰਬ ਹਾਕਮ ਨਹੀਂ ਸੀ । ਔਰਤਾਂ ਦੀ ਸਥਿਤੀ ਇਰਾਕ ਵਿਚ ਸੱਦਾਮ ਹੁਸੈਨ ਦੀ ਬਦੌਲਤ ਸਾਰੇ ਅਰਬ ਦੇਸ਼ਾਂ ਵਿੱਚੋਂ ਵਧੀਆ ਸੀ । ਅਯਾਸ਼ ਸ਼ੇਖ ਤਾਂ ਅਮਰੀਕਾ ਨੂੰ ਪਸੰਦ ਸਨ ਕਿਉਂਕਿ ਉਹ ਅਮਰੀਕਾ ਦੀਆਂ ਕਠਪੁਤਲੀਆਂ ਸਨ । ਇਸ ਤੋਂ ਉਲਟ ਸੱਦਾਮ ਹੁਸੈਨ, ਲੀਬੀਆ ਦਾ ਕਰਨਲ ਗੱਦਾਫੀ, ਸੀਰੀਅਨ ਹਾਕਮ ਅਤੇ ਫਲਸਤੀਨੀ ਯਾਸਰ ਅਰਾਫਾਤ ਅਮਰੀਕਾ ਨੂੰ ਇਸ ਲਈ ਰੜਕਦੇ ਸਨ ਕਿਉਂਕਿ ਇਹ ਅਮਰੀਕਾ ਦੇ ਮਨਸੂਬਿਆਂ ਨੂੰ ਸਮਝਦੇ ਸਨ । ਹਰ ਪੱਖ ਤੋਂ ਸੁਚੇਤ ਸਨ । ਅਰਬਾਂ ਦੀ ਅਣਖ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਸਨ । ਇਸੇ ਲਈ ਅਮਰੀਕਾ ਅਤੇ ਇਸਰਾਈਲ ਦਾ ਮਨੋਰਥ ਇਨ੍ਹਾਂ ਲੀਡਰਾਂ ਨੂੰ ਖਤਮ ਕਰਨਾ ਸੀ । ਇਨ੍ਹਾਂ ਲੀਡਰਾਂ ਨੂੰ ਜਨਮ ਦੇਣ ਵਾਲਾ ਵੀ ਅਮਰੀਕਾ ਦਾ ਹੱਥਠੋਕਾ ਇਸਰਾਈਲ ਹੀ ਸੀ ਜਿਸ ਨੇ ਸੱਤਰਵਿਆਂ ਵਿਚ ਅਰਬਾਂ ਨੂੰ ਲਗਾਤਾਰ ਦੋ ਜੰਗਾਂ ਵਿਚ ਸ਼ਰਮਨਾਕ ਹਾਰ ਦਿੱਤੀ ਸੀ । ਇਸ ਤਰ੍ਹਾਂ ਜਿਥੇ ਅਮਰੀਕਾ ਇਨ੍ਹਾਂ ਅਰਬ ਲੀਡਰਾਂ ਨੂੰ ਖਤਮ ਕਰਨ ਉਤੇ ਤੁਲਿਆ

ਹੋਇਆ ਸੀ ਉਥੇ ਇਹ ਲੀਡਰ ਵੀ ਇਸਰਾਈਲ ਨੂੰ ਖਤਮ ਕਰਨ ਉਤੇ ਤੁਲੇ ਹੋਏ ਸਨ । ਇਨ੍ਹਾਂ ਲੀਡਰਾਂ ਨੂੰ ਖਤਮ ਕਰਨ ਲਈ ਅਮਰੀਕਾ ਨੇ ਸਤੰਬਰ 2002 ਵਿਚ ਇਕ ਵਿਰਾਟ ਯੋਜਨਾ ਤਿਆਰ ਕੀਤੀ । ਇਹ ਯੋਜਨਾ ਜੁਨੀਅਰ ਬੁਸ਼ ਪ੍ਰਸ਼ਾਸਨ ਦੇ ਨੀਤੀ ਘਾੜਿਆ ਵੱਲੋਂ ਤਿਆਰ ਕੀਤੀ ਗਈ ਕੌਮੀ ਰਣਨੀਤੀ ਸਬੰਧੀ ਰਿਪੋਰਟ (Report on National Strategy) 'ਤੇ ਅਧਾਰਿਤ ਸੀ । ਅਮਰੀਕਾ ਦੇ ਪ੍ਰਸਿਧ ਬੁੱਧੀਜੀਵੀ ਨੌਮ ਚੌਮਸਕੀ ਦੇ ਅਨੁਸਾਰ ਇਸ ਨੀਤੀ ਵਿਚ ਕਿਹਾ ਗਿਆ ਸੀ ਕਿ "ਅਮਰੀਕਾ ਸਰਵਉਚ ਹੈ ਅਤੇ 21 ਵੀਂ ਸਦੀ ਵਿਚ ਵੀ ਉਹ ਆਪਣੀ ਸਰਵਉਚਤ" ਬਣਾਈ ਰੱਖੇਗਾ ਭਾਵੇਂ ਇਸ ਲਈ ਉਸ ਨੂੰ ਤਾਕਤ ਦੀ ਵਰਤੋਂ ਕਿਉਂ ਨਾ ਕਰਨੀ ਪਵੇ । ਜੇ ਕਰ ਅਮਰੀਕਾ ਦੇ ਰਾਹ ਵਿਚ ਇਸ ਸਬੰਧੀ ਕਿਸੇ ਵੀ ਚਣੌਤੀ ਬਣਨ ਦੀ ਸੰਭਾਵਨਾ ਹੋਵੇ ਤਾਂ ਅਮਰੀਕਾ ਉਸ ਨੂੰ ਅਮਲੀ ਤੌਰ 'ਤੇ ਚਣੌਤੀ ਬਣਨ ਤੋਂ ਪਹਿਲਾਂ ਹੀ ਤਬਾਹ ਕਰ ਦੇਵੇਗਾ ।" ਨੌਮ ਚੌਮਸਕੀ ਦੇ ਅਨੁਸਾਰ"21 ਵੀਂ ਸਦੀ ਵਿਚ ਆਪਣੀ ਸਰਦਾਰੀ ਬਣਾਈ ਰੱਖਣ ਲਈ ਇਹ ਅਮਰੀਕਾ ਦੇ ਸਤਾਧਾਰੀਆਂ ਦਾ ਸਿਧਾਤਾਂ ਸੀ । ਕੌਮੀ ਰਣਨੀਤੀ ਸਬੰਧੀ ਰਿਪੋਰਟ ਵਿਚ ਇਨ੍ਹਾਂ ਸਿਧਾਤਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ । ਇਨ੍ਹਾਂ ਸਿਧਾਤਾਂ ਦੇ ਅਨੁਸਾਰ ਇਰਾਕ 'ਤੇ ਹਮਲਾ ਕਰ ਕੇ ਇਸ ਨੀਤੀ ਨੂੰ ਅਮਲੀ ਰੂਪ ਦਿੱਤਾ ਗਿਆ । ਇਸ ਤਜ਼ਰਬੇ ਲਈ ਅਮਰੀਕਾ ਨੇ ਯੂ.ਐਨ.ਓ. ਦੁਆਰਾ ਲਗਾਈਆਂ ਗਈਆਂ ਬੰਧਸ਼ਾ ਕਾਰਨ ਭੰਨੇ ਹੋਏ ਇਰਾਕ ਦੇਸ਼ ਦੀ ਚੋਣ ਕੀਤੀ ।" ਇਸ ਬੁੱਧੀਜੀਵੀ ਨੇ ਤਾਂ ਇਹ ਵੀ ਕਿਹਾ ਸੀ ਕਿ 'ਪਿਛਲੀ ਅੱਧੀ ਸਦੀ ਵਿਚ ਖਾਸ ਤੌਰ ਤੇ ਅਮਰੀਕਾ ਨੇ ਪੂਰੀ ਦੁਨੀਆਂ ਦੇ ਜ਼ਿਆਦਾਤਰ ਹਿੱਸਿਆ ਵਿਚ ਆਪਣੀ ਤਾਕਤ ਦੀ ਪਰਖ ਕੀਤੀ ਹੈ, ਜਿਸ ਨਾਲ ਵੱਡੀ ਗਿਣਤੀ ਵਿਚ ਲੋਕ ਪੀੜਤ ਹੋਏ ਹਨ ।'

ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਦੀ ਇੱਛਾ ਸੀ ਕਿ ਅਮਰੀਕਾ ਅਤੇ ਇਰਾਕ ਵਿਚਕਾਰ ਜੰਗ ਨਾ ਹੋਵੇ । ਸੰਯੁਕਤ ਰਾਸ਼ਟਰ ਨੇ ਵੀ ਯਤਨ ਕੀਤੇ ਕਿ ਜੰਗ ਟਲ ਜਾਵੇ । ਬਹੁਤ ਸਾਰੇ ਦੇਸ਼ਾਂ ਵਿਚ ਜੰਗ ਵਿਰੋਧੀ ਮੁਜ਼ਾਹਾਰੇ ਹੋਏ । ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਆਪਣੀ ਪਾਰਟੀ ਦੇ 199 ਸੰਸਦੀ ਮੈਂਬਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ । ਇਰਾਕ ਦੇ ਮਾਮਲਿਆਂ ਬਾਰੇ ਮੰਤਰੀ ਰੌਬਿਨ ਕੁੱਕ, ਸਿਹਤ ਮੰਤਰੀ ਫਿਲਿਪ ਹੰਟ ਅਤੇ ਅੰਦਰੂਨੀ ਮਾਮਲਿਆ ਦੇ ਮੰਤਰੀ ਜਾਨ ਡੈਨਹਮ ਨੇ (ਲੜਾਈ ਦੇ ਵਿਰੋਧ ਵਿਚ) ਅਸਤੀਫੇ ਦੇ ਦਿੱਤੇ । ਇਸ ਸਭ ਕੁਝ ਨੂੰ ਅੱਖੋਂ ਪਰੋਖੇ ਕਰਦੇ ਹੋਏ ਅਮਰੀਕੀ ਪ੍ਰਸ਼ਾਸਨ ਆਪਣੀਆਂ ਨੀਤੀਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਦ੍ਰਿੜ ਸੀ । ਉਸ ਦੀ ਸਥਿਤੀ ਸੱਪ ਦੇ ਮੂੰਹ ਵਿਚ ਕੋਹੜ ਕ੍ਰਿਲੀ ਵਾਲੀ ਹੋ ਗਈ ਸੀ । ਉਹ ਵਿਸ਼ਵ ਲੰਬੜਦਾਰੀ ਦੇ ਸਿਰ ਤੋਂ ਖਿਸਕਦੇ ਜਾ ਰਹੇ ਤਾਜ ਨੂੰ ਸਿੱਧਾ ਕਰਨਾ ਚਾਹੁੰਦਾ ਸੀ । ਦੂਜੇ ਪਾਸੇ ਇਰਾਕ ਭਾਵੇ ਪਿਛਲੇ 12 ਬਰਸ ਦੀਆਂ ਆਰਥਿਕ ਪਾਬੰਦੀਆਂ ਨੇ ਭੰਨਿਆ ਪਿਆ ਸੀ ਤਾਂ ਵੀ ਇਰਾਕੀ ਸਦਰ ਸੱਦਾਮ ਹੁਸੈਨ ਜਿੱਦੀ, ਹਠੀ ਅਤੇ ਉਚ ਇੱਛਾਵਾਂ ਦੇ ਕਾਰਨ ਸਿਰ ਨਹੀਂ ਝੁਕਾ ਰਿਹਾ ਸੀ, ਨਾ ਇਰਾਕੀ ਜਨਤਾ ਅਮਰੀਕਾ ਅੱਗੇ ਝੁਕਣ ਲਈ ਤਿਆਰ ਸੀ । ਕਿਸੇ ਵੀ ਛੋਟੇ ਜਹੇ ਝੌਂਕੇ ਨਾਲ ਸੁਲਘਦੀ ਅੱਗ ਕਿਸੇ ਵੀ ਪਲ ਭਾਂਬੜ ਬਣ ਸਕਦੀ ਸੀ ।

ਠੀਕ ਉਤੇ ਤਰ੍ਹਾਂ ਜਿਵੇਂ ਕੋਈ ਕਹੇ'ਤੂੰ ਆਟਾ ਗੁੰਨਦੀ ਹਿੱਲਦੀ ਕਿਉਂ ਏ' ਅਮਰੀਕਾ

ਨੇ ਇਰਾਕੀ ਸਦਰ ਸੱਦਾਮ ਹੁਸੈਨਤੇ ਦੋਸ਼ ਮੜ ਦਿੱਤਾ ਕਿ "ਉਸ ਨੇ ਸਯੁੰਕਤ ਰਾਸ਼ਟਰ ਹਥਿਆਰ ਨਰੀਖਣ ਟੀਮ ਨੂੰ ਸਹਿਯੋਗ ਨਹੀਂ ਦਿੱਤਾ । ਉਸ ਨੇ ਆਪਣੇ ਮਹਿਲਨੁਮਾ ਬੰਕਰਾਂ ਵਿਚ ਹਥਿਆਰ ਲਕੋਏ ਹੋਏ ਹਨ ਜਿਨ੍ਹਾਂ ਤੋਂ ਪੂਰੇ ਵਿਸ਼ਵ ਨੂੰ ਖਤਰਾ ਹੈ । ਇਹ ਵੀ ਦੋਸ਼ ਲਗਾਇਆ ਕਿ ਇਰਾਕੀ ਸਦਰ ਇਰਾਕੀ ਜਨਤਾ 'ਤੇ ਅਤਿਆਚਾਰ ਕਰਦਾ ਹੈ । ਇਸ ਤੋਂ ਪਹਿਲਾਂ ਕਿ ਇਰਾਕ ਦੁਨੀਆਂ ਲਈ ਖਤਰਾ ਬਣ ਜਾਵੇ, ਉਸ ਦੇ ਪ੍ਰਮਾਣੂ, ਜੈਵਿਕ ਅਤੇ ਰਸਾਇਣਕ ਹਥਿਆਰਾਂ ਨੂੰ ਨਸ਼ਟ ਕੀਤਾ ਜਾਣਾ ਅਤੇ ਇਰਾਕ ਨੂੰ ਸੱਦਾਮ ਹੁਸੈਨ ਦੇ ਤਾਨਾਸ਼ਾਹੀ ਸ਼ਾਸਨ ਤੋਂ ਮੁਕਤ ਕਰਵਾਉਣਾ ਜਰੂਰੀ ਹੈ ।" ਫਿਰ ਕੀ ਸੀ ਇਰਾਕ ਦੀ ਧਰਤੀ ਨੂੰ ਸੱਦਾਮ ਹੁਸੈਨ ਤੋਂ ਮੁਕਤ ਕਰਾਉਣ ਲਈ ਇਰਾਕ ਦੀ ਧਰਤੀ 'ਤੇ ਦਿਲ ਖੋਲ੍ਹ ਕੇ ਯੂਰੇਨੀਅਮ ਦੀ ਵਰਤੋਂ ਕੀਤੀ ਗਈ । ਵਿਗਿਆਨਕਾਂ ਦੇ ਅਨੁਮਾਨ ਅਨੁਸਾਰ ਇਰਾਕ ਦੀ ਧਰਤੀ 'ਤੇ ਮਣਾਮੂੰਹੀਂ ਵਿਸਫੋਟਕ ਪਦਾਰਥਾਂ ਦੇ ਫੂਕਣ ਤੋਂ ਮਗਰੋਂ ਇਥੇ 900 ਟਨ ਰੇਡੀਅਮ ਪਦਾਰਥ ਜੰਗ ਤੋਂ ਮਗਰੋਂ ਛੱਡ ਦਿਤੇ ਗਏ । ਜਿਸ ਨਾਲ 9 ਲੱਖ ਮੌਤਾ ਹੋਣ ਦਾ ਖਤਰਾ ਪੈਦਾ ਹੋ ਗਿਆ । ਰੇਡੀਅਮ ਪਦਾਰਥਾਂ ਦੇ ਫੈਲੇ ਪ੍ਰਦੂਸ਼ਣ 'ਤੇ ਕੰਟਰੋਲ ਕਰਨ ਲਈ 350 ਅਰਬ ਪੌਂਡ ਤੋਂ ਵੀ ਵਧ ਖਰਚ ਦਾ ਅਨੁਮਾਨ ਲਗਾਇਆ ਗਿਆ । ਹਮਲਾਵਰ ਦੇਸ਼ਾਂ ਦੇ ਜਿਥੇ 6000 ਦੇ ਲਗਭਗ ਸੈਨਿਕ ਮਾਰੇ ਗਏ ਉਥੇ ਉਨ੍ਹਾਂ ਦੇ ਸੈਨਿਕਾਂ ਨੂੰ ਵੀ ਅਨੇਕਾਂਰੋਗ ਲੱਗ ਗਏ। ਇੱਕਲੇ ਅਮਰੀਕਾ ਦੇ ਇਕ ਲੱਖ ਤੋਂ ਵੱਧ ਸੈਨਿਕ ਸਾਹ ਦੇ ਰੋਗਾਂ ਨਾਲ ਪੀੜਤ ਹੋ ਗਏ । ਇਸ ਦੀ ਖੋਜ ਕਰਨ ਵਾਲੇ ਵਿਗਿਆਨਕਾਂ ਨੂੰ ਅਮਰੀਕਾ ਨੇ ਸਜਾਵਾਂ ਦਿੱਤੀਆਂ ਅਤੇ ਹੋਰਨਾਂ ਨੂੰ ਗੰਭੀਰ ਸਿੱਟੇ ਭੁਗਤਣ ਦੀ ਚਿਤਾਵਨੀ ਦਿੱਤੀ । ਸੱਦਾਮ ਹੁਸੈਨ ਭਾਵੇਂ ਹੀ ਪਕੜਿਆ ਗਿਆ । ਉਸ ਦੀ ਸੈਨਾ ਹਾਰ ਗਈ । ਪਰ ਇਹ ਇਰਾਕੀ ਲੋਕਾਂ ਦੀ ਹਾਰ ਨਹੀਂ ਸੀ । ਅਮਰੀਕਾ ਇਰਾਕੀ ਲੋਕਾਂ ਦੀ ਅਜ਼ਾਦੀ ਦੇ ਬਹਾਨੇ ਵੀ ਉਨ੍ਹਾਂ ਦਾ ਦਿਲ ਨਹੀਂ ਜਿੱਤ ਸਕਿਆ । ਇਰਾਕੀ ਸਦਰ ਨੂੰ ਫਾਂਸੀ ਦੇਣ ਲਈ ਕੁਲ ਮਿਲਾ ਕੇ ਬੁਸ਼ ਪ੍ਰਸ਼ਾਸਨ ਨੇ 500 ਅਰਬ ਡਾਲਰ ਖਰਚ ਕਰ ਦਿੱਤੇ । ਜੰਗ ਤੋਂ ਮਗਰੋਂ ਵੀ ਉਸ ਦਾ ਆਪਣੀਆਂ ਫੌਜਾਂ ਅਤੇ ਹਥਿਆਰਾਂ 'ਤੇ ਰੋਜ਼ਾਨਾ 177 ਮਿਲੀਅਨ ਡਾਲਰ ਖਰਚਾ ਹੋਣ ਲੱਗਾ । ਧਨ ਦਾ ਖਰਚ ਤਾਂ ਆਪਣੀ ਜਗ੍ਹਾ ਰਿਹਾ ਪਰ ਜੰਗ ਵਿਚ ਮਰਨ ਵਾਲੇ ਫੌਜੀਆਂ ਦੀਆਂ ਲਾਸ਼ਾਂ ਦੀ ਗਿਣਤੀ ਜਿਸ ਤਰ੍ਹਾਂ ਵਧੀ ਉਸ ਤੋਂ ਅਮਰੀਕੀ ਜਨਤਾ ਵੀ ਤਰਾਹ-ਤਰਾਹ ਕਰਨ ਲੱਗ ਪਈ। ਇਰਾਕ ਵਿਚ ਲੜਨ ਵਾਲੇ ਅਤੇ ਆਪਣੀਆਂ ਜਾਨਾਂ ਗੁਆਉਣ ਵਾਲੇ ਇਨ੍ਹਾਂ ਅਮਰੀਕੀ ਫੌਜੀਆਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਉਹ ਆਖਰ ਲੜ ਕਿਉਂ ਰਹੇ ਹਨ । ਵੀਅਤਨਾਮ ਦੀ ਜੰਗ ਦੀ ਤਰ੍ਹਾਂ ਉਨਾਂ ਵਿਚ ਆਮ ਧਾਰਨਾ ਇਹ ਬਣ ਗਈ ਕਿ ਉਹ ਇਸ ਲੜਾਈ ਨੂੰ ਜਿੱਤ ਨਹੀਂ ਸਕਦੇ । ਉਨ੍ਹਾਂ ਦੇ ਮਨ ਵਿਚ ਬੁਸ਼ ਅਤੇ ਉਨ੍ਹਾਂ ਦੇ ਸਮਰਥਕ ਲਿਬਰਮੈਨ ਵਰਗੇ ਜੰਗ ਦੇ ਸਮਰਥਕਾਂ ਪ੍ਰਤੀ ਨਫਰਤ ਪੈਦਾ ਹੋ ਗਈ । ਅਮਰੀਕੀ ਸੈਨੇਟਰ ਜੋਸਫ ਲਿਬਰਮੈਨ ਨੂੰ ਇਰਾਕ 'ਤੇ ਥੋਪੀ ਗਈ ਜੰਗ ਦਾ ਜਲਦੀ ਹੀ ਇਵਜ਼ਾਨਾ ਭੁਗਤਣਾ ਪਿਆ ਜਦੋਂ ਉਹ 'ਪ੍ਰਾਇਮਰੀ ਵਿਚ ਹੋਈਆਂ ਚੋਣਾ ਵਿਚ ਅਮਰੀਕੀ ਵੋਟਰਾਂ ਦੇ ਗੁੱਸੇ ਦਾ ਸ਼ਿਕਾਰ ਹੋ ਗਏ ਤੇ ਚੋਣ ਹਾਰ ਗਏ । ਕਿਉਂਕਿ ਵੋਟਰ ਉਨ੍ਹਾਂ ਤੋਂ ਇਸ ਗੱਲੋਂ ਨਰਾਜ਼ ਸਨ ਕਿ ਉਨ੍ਹਾਂ ਨੇ ਇਰਾਕ ਵਿਚ ਚਲਾਈ ਜਾ ਰਹੀ ਮਹਿੰਗੀ ਅਤੇ ਨਾਸਮਝੀ ਵਾਲੀ ਜੰਗ ਵਿਚ ਜਾਰਜ ਬੁਸ਼ ਦਾ ਸਮਰਥਨ ਦਿੱਤਾ ਸੀ । 2003 ਵਿਚ

ਇਰਾਕ ਉਤੇ ਹਮਲਾ ਕਰਨ ਦੇ ਬਹਾਨੇ ਨੂੰ ਸਹੀ ਸਿੱਧ ਕਰਨ ਲਈ ਬੁਸ਼-ਚੈਨੀ ਰੁਮਜ਼ਫੀਲਡ ਦੀ ਤਿਕੜੀ ਨੇ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਸਨ ਜੋ ਆਖਰ ਵਿਚ ਗਲਤ ਸਿੱਧ ਹੋਈਆਂ । ਇਰਾਕ ਵਿਚ ਕਠਪੁਤਲੀ ਸਰਕਾਰ ਬਣਾਉਣ ਦੀ ਤੁੱਕ ਬਾਰੇ ਵੀ ਉਹ ਕੋਈ ਤਸੱਲੀਬਖਸ ਸਬੂਤ ਨਹੀਂ ਦੇ ਸਕੇ । ਅਮਰੀਕੀ ਸੈਨਿਟ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਸੱਦਾਮ ਹੁਸੈਨ ਅਤੇ ਅਲ- ਕਾਇਦਾ ਦਾ ਆਪਸ ਵਿਚ ਕੋਈ ਸਬੰਧ ਨਹੀਂ ਸੀ ਜਿਸ ਦੀ ਸ਼ੱਕ ਦੇ ਅਧਾਰ 'ਤੇ ਇਰਾਕ 'ਤੇ ਹਮਲਾ ਕੀਤਾ ਗਿਆ ਸੀ । ਭਾਵੇਂ ਸੱਦਾਮ ਹੁਸੈਨ ਕੋਈ ਫਰਿਸ਼ਤਾ ਨਹੀਂ ਸੀ । ਉਹ ਕਠੋਰ ਤਾਨਾਸ਼ਾਹ ਸੀ ਪਰ ਜਿਸ ਤਰ੍ਹਾਂ ਨਾਲ ਜਾਰਜ਼ ਬੁਸ਼ ਨੇ ਉਸ ਨੂੰ ਸਤਾ ਤੋਂ ਲਾਂਭੇ ਕੀਤਾ ਉਸ ਨੇ ਜਹਾਦੀ ਅੱਤਵਾਦ ਨੂੰ ਹੀ ਵਧਾਇਆ ਕਿਉਕਿ ਇਸ ਹਮਲੇ ਨਾਲ ਮੁਸਲਿਮ ਦੇਸ਼ਾਂ ਨੂੰ ਇਰਾਕ ਨਾਲ ਹਮਦਰਦੀ ਪੈਦਾ ਹੋ ਗਈ। ਬ੍ਰਿਟੇਨ ਵਿਚ ਕੀਤੇ ਗਏ ਇਕ ਸਰਵੇ ਦੌਰਾਨ 44 ਫੀਸਦੀ ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਜਾਰਜ਼ ਬੁਸ਼ ਨੂੰ "ਭਿਆਨਕ ਨੇਤਾ" ਕਰਾਰ ਦਿੱਤਾ । 77 ਫੀਸਦੀ ਲੋਕਾਂ ਨੇ ਅਮਰੀਕਾ ਨੂੰ 'ਵਿਸ਼ਵ ਲਈ ਆਸ ਦੀ ਕਿਰਨ' ਮੰਨਣ ਤੋਂ ਇਨਕਾਰ ਕਰ ਦਿੱਤਾ । ਇਸ ਅਭਾਗੇ ਦੇਸ਼ ਵਿਚ ਅਮਰੀਕੀ ਫੌਜੀਆਂ ਦੇ ਹਮਲਿਆਂ ਰਾਂਹੀ ਜਿਥੇ ਅੱਬੂ ਗਰੇਬ ਦੀਆਂ ਜੇਲਾਂ ਵਿਚ ਨਾਜੀ ਢੰਗ ਦੇ ਅੱਤਿਆਚਾਰ ਕੀਤੇ ਗਏ ਉਥੇ ਬਲਤਕਾਰ ਅਤੇ ਹੱਤਿਆ ਦਾ ਸਿਲਸਿਲਾ ਵੀ ਚੱਲਿਆ । ਅਮਰੀਕੀ ਫੌਜਾਂ ਤਾਂ ਇਰਾਕੀਆਂ ਦਾ ਜੀਵਨ ਸੁਖੀ ਬਣਾਉਣ ਦੇ ਨਾਂ ਉਤੇ ਭੇਜੀਆਂ ਗਈਆਂ ਸਨ ਪਰ ਇਹ ਇਕ ਤ੍ਰਾਸਦੀ ਹੀ ਸੀ ਕਿ 'ਅਖੋਤੀ ਮੁਕਤੀਦਾਤਾ' ਹੀ ਉਨਾਂ ਦੇ ਦੁਸ਼ਮਣ ਬਣ ਗਏ । ਅਮਰੀਕੀ ਕਾਨੂੰਨੀ ਮਾਹਿਰ ਅਤੇ ਪ੍ਰੋਫੈਸਰ ਐਸ. ਕਾਹਨ ਅਨੁਸਾਰ "ਬੇਵਜ੍ਹਾ ਹੱਤਿਆ ਕਰਨਾ ਅਮਰੀਕੀ ਜੰਗੀ ਐਕਟ ਦੇ ਤਹਿਤ ਜੰਗੀ ਅਪਰਾਧ ਹੈ.....ਬੁਸ਼-ਚੈਨੀ-ਰੁਮਜ਼ਫੀਲਡ ਨੇ ਜਾਣ ਬੁੱਝ ਕੇ ਇਰਾਕ 'ਤੇ ਜੰਗ ਥੋਪੀ ਇਸ ਲਈ ਇਨ੍ਹਾਂ ਤੋਂ ਉਥੇ ਹੋਏ ਜੰਗੀ ਅਪਰਾਧਾਂ ਲਈ ਹਿਸਾਬ ਮੰਗਿਆ ਜਾਵੇ । "ਨਿਊਯਾਰਕ ਟਾਈਮਜ਼' ਦੇ ਮਾਰੀਨ ਡੋਡ ਨੇ ਤਾਂ ਅਮਰੀਕੀ ਹਮਲੇ ਨੂੰ ਇਥੋਂ ਤੱਕ ਕਹਿ ਦਿੱਤਾ ਸੀ "ਇਹ ਹਮਲਾ ਜਿਹੜਾ ਕਿ ਅਮਰੀਕਾ ਨੂੰ ਹੋਰ ਪਸੰਦੀਦਾ ਬਣਾਉਣ ਲਈ ਕੀਤਾ ਗਿਆ ਸੀ ਉਸ ਨੇ ਸਾਨੂੰ ਹੋਰ ਜਿਆਦਾ ਘਿਰਣਾ ਦਾ ਪਾਤਰ ਬਣਾ ਦਿੱਤਾ । ਇਹ ਹਮਲਾ ਵੀਅਤਨਾਮ ਦੀ ਜੰਗ ਤੋਂ ਬਾਅਦ ਲੱਗੇ ਕਲੰਕ ਨੂੰ ਧੋਣ ਦੇ ਮਕਸਦ ਨਾਲ ਕੀਤਾ ਗਿਆ ਸੀ ਪਰ ਇਸ ਨੇ ਉਸ ਕਲੰਕ ਨੂੰ ਧੋਣ ਦੀ ਬਜਾਏ ਮੁੜ ਉਭਾਰ ਦਿੱਤਾ ।" ਇਸ ਵਿਚ ਕੋਈ ਸ਼ੱਕ ਨਹੀਂ ਕਿ ਇਰਾਕ ਅਤੇ ਅਫਗਾਨਿਸਤਾਨ ਉਤੇ ਹੋਏ ਹਮਲੇ ਦਾ ਮਕਸਦ ਉਥੇ ਅੱਤਵਾਦ ਦੀ ਸਮਾਪਤੀ ਦੱਸਿਆ ਗਿਆ ਸੀ ਪਰ ਉਥੇ ਹਾਲਤ ਹੋਰ ਵਿਗੜ ਗਏ । ਥਿੰਕ ਟੈਂਕ ਦੀ ਦੋਸ਼ ਭਰਪੂਰ ਰਣਨੀਤੀ ਨੇ ਲੋਕਾਂ ਦੇ ਜ਼ਖਮ ਭਰਨ ਦੀ ਬਜਾਏ ਅੱਤਵਾਦ ਨੂੰ ਵਧਾਉਣ ਅਤੇ ਹੋਰ ਜਿਆਦਾ ਅੱਤਵਾਦੀ ਰੰਗਰੂਟਾਂ ਦੀ ਭਰਤੀ ਨੂੰ ਹੀ ਬੜਾਵਾ ਦਿੱਤਾ ਹੈ । ਜੰਗ ਤੋਂ ਮਗਰੋਂ ਭਾਵੇਂ ਇਰਾਕ ਦਾ ਕੋਈ ਵਾਰਸ ਨਹੀਂ ਸੀ ਪਰ ਫਿਰ ਵੀ ਇਰਾਕੀ ਲੋਕ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦੀਆਂ ਫੌਜਾਂ ਨੂੰ ਇਰਾਕ ਵਿਚੋਂ ਬਾਹਰ ਕੱਢਣ ਲਈ ਉਤਾਵਲੇ ਸਨ । ਭਾਵੇਂ ਉਹ ਕੁਰਦ ਹੋਣ, ਸੁੰਨੀ ਜਾਂ ਸ਼ੀਆ । ਅਮਰੀਕਾ ਦੇ ਐਕਸ ਮੇਰਾਈਨ ਲੈਵਿਸ ਐਮ. ਸਾਈਮਨਜ਼ ਜਿਸ ਨੇ ਵੀਅਤਨਾਮ ਦੀ ਜੰਗ ਬਾਰੇ ਬਹੁਤ ਕੁਝ ਲਿਖਿਆ ਸੀ, ਇਰਾਕ ਦੀ ਧਰਤੀ 'ਤੇ ਲੜੀ ਗਈ ਜੰਗ ਬਾਰੇ ਕਿਹਾ ਸੀ, "ਵੀਅਤਨਾਮ

ਦੀ ਜੰਗ ਵਾਂਗ ਇਹ ਜੰਗ ਵੀ ਜਿੱਤੀ ਨਹੀਂ ਜਾਵੇਗੀ । ਮੇਰੇ ਖਿਆਲ ਵਿਚ ਅਸੀਂ ਇਰਾਕ ਵਿਚ ਜਾ ਕੇ ਵੱਡੀ ਗਲਤੀ ਕੀਤੀ ਹੈ । ਮੈਨੂੰ ਡਰ ਹੈ ਕਿ ਇਥੋਂ ਨਿਕਲਣ ਦਾ ਕੋਈ ਵਧੀਆ ਰਸਤਾ ਨਹੀਂ ਹੈ\ਵੀਅਤਨਾਮ ਦੀ ਤਰ੍ਹਾਂ ਅਮਰੀਕਨ ਇਰਾਕ ਨੂੰ ਸਮਝ ਨਹੀਂ ਸਕੇ । ਸੱਚਾਈ ਤਾਂ ਇਹ ਹੈ ਕਿ ਇਰਾਕ 'ਤੇ ਹਮਲਾ ਕਰਨ ਤੋਂ ਪਹਿਲਾਂ ਇਰਾਕ ਅੱਤਵਾਦੀਆਂ ਦਾ ਸਥਾਨ ਨਹੀਂ ਸੀ ਪ੍ਰੰਤੂ ਅੱਜ ਅਸੀਂ ਇਸ ਨੂੰ ਅਜਿਹਾ ਬਣਾ ਰਹੇ ਹਾਂ । ਇਰਾਕ ਨੂੰ ਛੱਡਣ ਤੋਂ ਚੰਗਾ ਰਾਹ ਹੋਰ ਕੋਈ ਨਹੀਂ ਕਿਉਂਕਿ ਜੇ ਅਮਰੀਕਾ ਉਥੇ ਰਹਿੰਦਾ ਹੈ ਤਾਂ ਉਥੇ ਅੱਤਵਾਦੀ ਗਤੀਵਿਧੀਆਂ ਜਾਰੀ ਰਹਿਣਗੀਆਂ । ਜੇ ਉਥੋਂ ਨਿਕਲਦਾ ਹੈ ਤਾਂ ਅੰਤਕਵਾਦੀ ਗਤੀਵਿਧੀਆਂ ਦੇ ਕਾਰਨ ਪੂਰੇ ਇਰਾਕ ਵਿਚ ਗ੍ਰਹਿ ਯੁੱਧ ਛਿੜ ਜਾਵੇਗਾ ਜਿਸ ਨਾਲ ਇਰਾਕ ਦੇ ਟੁਕੜੇ-ਟੁਕੜੇ ਹੋ ਜਾਣਗੇ ਤੇ ਇਰਾਕ ਦੇ ਟੁੱਟਣ ਨਾਲ ਇਰਾਨ, ਤੁਰਕੀ ਅਤੇ ਸੀਰੀਆ ਜਿਹੜੇ ਲੋਕਤੰਤਰ ਦੀ ਹਾਮੀ ਭਰਦੇ ਹਨ, ਉਹ ਆਪਣਾ ਵਾਅਦਾ ਤੋੜ ਦੇਣਗੇ । ਜੇ ਕਰ ਅਮਰੀਕਾ ਇਰਾਕ ਵਿਚ ਲੋਕਤੰਤਰ ਸਥਾਪਤ ਕਰਨ ਲਈ ਗੰਭੀਰ ਹੈ ਤਾਂ ਉਥੇ ਜੰਗ ਕਰਨ ਲਈ ਇਸ ਦੀਆਂ ਦੋ ਪੁਸ਼ਤਾਂ ਲੱਗ ਜਾਣਗੀਆਂ ਭਾਵ 40 ਸਾਲ ।" ਇਸ ਤੋਂ ਇਲਾਵਾ ਇੰਗਲੈਂਡ ਦੇ ਟੋਰੀ ਐਮ.ਪੀ ਬੋਰਿਸ ਜਾਨਸਨ ਦੇ ਜੰਗ ਤੋਂ ਤਿੰਨ ਸਾਲ ਮਗਰੋਂ ਦੇ ਬਿਆਨ ਅਨੁਸਾਰ, "ਇਰਾਕ ਦੀ ਜੰਗ ਨੂੰ ਅੱਤਵਾਦ ਵਿਰੁੱਧ ਸਘੰਰਸ਼ ਦਾ ਇਕ ਅੰਗ ਦੱਸਿਆ ਗਿਆ ਸੀ ਪਰ ਹੁਣ ਇਹ ਇਕ ਝੂਠ ਵਾਂਗ ਸਿੱਧ ਹੋ ਰਿਹਾ ਹੈ । ਇਸ ਜੰਗ ਤੋਂ ਹੋਰ ਜੋ ਕੁਝ ਵੀ ਹਾਸਲ ਹੋਵੇ ਪਰ ਇਕ ਗੱਲ ਅਸੀ ਕਦੇ ਨਹੀਂ ਭੁੱਲ ਸਕਾਂਗੇ ਕਿ ਇਰਾਕ ਦੀ ਜੰਗ ਝੂਠ ਦੀ ਨੀਂਹ 'ਤੇ ਲੜੀ ਗਈ ਸੀ ।" ਕਿਉਂਕਿ ਕਿਸੇ ਵੀ ਵੱਡੀ ਇਤਿਹਾਸਕ ਤਬਦੀਲੀ ਲਈ ਸਭ ਤੋਂ ਜਿਆਦਾ ਪ੍ਰਭਾਵਸ਼ਾਲੀ ਤੇ ਮਹੱਤਪੂਰਨ ਭੂਮਿਕਾ ਲੋਕਾਂ ਦੀ ਹੁੰਦੀ ਹੈ, ਪੈਸੇ ਅਤੇ ਹਥਿਆਰਾਂ ਦਾ ਹਿੱਸਾ ਬਾਅਦ ਵਿਚ ਆਉਦਾ ਹੈ । ਇਸੇ ਲਈ ਤਾਂ ਲੱਖਾਂ ਕੋਸ਼ਿਸ਼ਾ ਦੇ ਬਾਵਜੂਦ ਅਮਰੀਕਾ ਆਪਣੇ ਗੁਆਂਢੀ ਲਤੀਨੀ ਅਮਰੀਕਾ ਦੇ ਲੋਕਾਂ ਨੂੰ ਦਬਾ ਨਹੀਂ ਸਕਿਆ । ਕੋਰੀਆ, ਕੰਪੂਚੀਆ ਤੇ ਵੀਅਤਨਾਮ ਵਿਚੋਂ ਭੱਜਿਆ । ਠੀਕ ਇਸੇ ਤਰ੍ਹਾਂ ਹੀ ਉਸ ਨੇ ਇਰਾਕੀ ਲੋਕਾਂ ਦੀ ਦੇਸ਼ ਭਗਤੀ ਅੱਗੇ ਝੁਕਦੇ ਹੋਏ ਉਨ੍ਹਾਂ ਨਾਲ ਸ਼ਾਂਤੀ ਵਾਰਤਾ ਸ਼ੁਰੂ ਕਰ ਦਿੱਤੀ । ਜਿਸ ਵਿਚ ਅਮਰੀਕਾ ਵੱਲੋਂ ਸੀਨੀਅਰ ਮਿਲਟਰੀ ਅਫਸਰ, ਇੰਟੈਲੀਜੈਂਸ ਅਫਸਰ, ਅਮਰੀਕੀ ਕਾਂਗਰਸ ਦੇ ਸਿਵਲ ਅਫਸਰ ਅਤੇ ਬਗਦਾਦ ਵਿੱਚਲੇ ਅਮਰੀਕੀ ਸਫਾਰਤਖਾਨੇ ਦੇ ਪ੍ਰਤੀਨਿਧੀ ਸ਼ਾਮਲ ਹੋਏ । ਦੂਜੇ ਪਾਸੇ ਇਰਾਕ ਦੇ ਗੁਰੀਲਾ ਯੁੱਧ ਦੇ ਪ੍ਰਤੀਨਿਧੀ ਜਿਨ੍ਹਾਂ ਵਿਚ ਅਨਸਾਰ ਅਲ-ਕਾਇਦਾ ਸੁੰਨਾ, ਇਰਾਕ ਦੀ ਇਸਲਾਮਿਕ ਆਰਮੀ, ਇਰਾਕੀ ਲਿਬਰੇਸ਼ਨ ਆਰਮੀ ਤੇ ਇਸ ਤੋਂ ਇਲਾਵਾ ਇਰਾਕ ਦੇ ਹੋਰ ਛੋਟੇ ਛੋਟੇ ਧੜੇ ਸ਼ਾਮਲ ਸਨ । ਪਹਿਲੇ ਗੇੜ ਦੀ ਗੱਲਬਾਤ ਇਰਾਕ ਦੇ ਉਤੱਰ ਵਿਚ ਬਾਲਦ ਦੇ ਨੇੜੇ ਦੀਆਂ ਪਹਾੜੀਆਂ ਵਿਚ ਸਮਰਵਿਲਾ ਵਿਖੇ 3 ਜੂਨ 2005 ਨੂੰ ਕੀਤੀ ਗਈ ।

ਕਾਂਡ - 8

ਮੈਸੋਪੋਟਾਮੀਆ ਦਾ ਸੋਗ-II

ਅਮਰੀਕਾ ਨੇ ਇਰਾਕੀ ਸਰਕਾਰ 'ਤੇ ਇਹ ਦੋਸ਼ ਲਗਾ ਕੇ ਕਿ ਉਹ ਹਥਿਆਰ ਨਰੀਖਣ ਟੀਮ ਨੂੰ ਸਹਿਯੋਗ ਨਹੀਂ ਦੇ ਰਹੀ 17 ਮਾਰਚ 2003 ਨੂੰ ਖਾੜੀ ਖੇਤਰ ਵਿਚ ਆਪਣੇ ਹੋਰ ਸੈਨਿਕ ਭੇਜ ਦਿੱਤੇ ਇਸ ਵਿਚ ਅਮਰੀਕੀ ਨੇਵੀ ਸੈਨਿਕਾਂ ਦੀ ਗਿਣਤੀ ਜ਼ਿਆਦਾ ਸੀ । ਜੰਗੀ ਬੇੜੇ 'ਚ ਸਮੁੰਦਰੀ ਜਹਾਜ਼ ਜੋ ਕਿ ਲੰਮੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਲੈਸ ਸਨ ਨੂੰ ਵੀ ਖਾੜੀ ਵੱਲ ਰਵਾਨਾ ਕਰ ਦਿੱਤਾ । ਇਨ੍ਹਾਂ ਮਿਜ਼ਾਈਲਾਂ ਨਾਲ ਇਰਾਕ ਦੇ ਮਹੱਤਵ ਪੂਰਨ ਟਿਕਾਣਿਆ 'ਤੇ ਹਮਲਾ ਕੀਤਾ ਜਾਣਾ ਸੀ। ਅਮਰੀਕੀ ਰੱਖਿਆ ਵਿਭਾਗ ਨੇ ਵੀ ਸਮੁੰਦਰੀ ਜਹਾਜ਼ਾਂ ਦੀ ਰੱਖਿਆ ਲਈ ਪਣਡੁੱਬੀਆਂ ਨੂੰ ਤੁਰੰਤ ਖਾੜੀ ਵੱਲ ਰਵਾਨਾ ਹੋਣ ਦੇ ਆਦੇਸ਼ ਦੇ ਦਿੱਤੇ । ਉਧਰ ਜਿਥੇ ਅਮਰੀਕੀ ਰਾਸ਼ਟਰਪਤੀ ਜਾਰਜ਼ ਡਬਲਿਊ ਬੁਸ਼ ਇਰਾਕ ਖਿਲਾਫ ਕਾਰਵਾਈ ਕਰਨ ਲਈ ਵਿਸ਼ਵ ਦੇ ਦੇਸ਼ਾਂ ਨੂੰ ਆਪਣੇ ਵੱਲ ਕਰਨ ਲਈ ਭੱਜ-ਨੱਠ ਕਰ ਰਹੇ ਸਨ ਉਥੇ ਉਸ ਦੇ ਆਪਣੇ ਹੀ ਦੇਸ਼ ਵਿਚ ਜੰਗ ਵਿਰੋਧੀ ਪ੍ਰਦਸ਼ਨ ਲਗਾਤਾਰ ਹੋ ਰਹੇ ਸਨ । ਇਰਾਕ 'ਤੇ ਹਮਲੇ ਦੀਆਂ ਤਿਆਰੀਆਂ ਨੂੰ ਦੇਖਦਿਆਂ ਚਿੱਲੀ ਦੇ ਰਾਸ਼ਟਰਪਤੀ ਰਿਕਾਰਡੋ ਨੇ ਇਰਾਕ ਨੂੰ ਤਿੰਨ ਹਫਤਿਆਂ ਦਾ ਹੋਰ ਸਮਾਂ ਦਿੱਤੇ ਜਾਣ ਦੀ ਅਮਰੀਕਾ ਨੂੰ ਅਪੀਲ ਕੀਤੀ ਪਰ ਅਮਰੀਕੀ ਰਾਸ਼ਟਰਪਤੀ ਜ਼ਾਰਜ ਡਬਲਿਊ ਬੁਸ਼ ਨੇ ਉਸ ਦੀ ਅਪੀਲ ਖਾਰਜ ਕਰ ਦਿੱਤੀ । ਉਧਰ ਤੁਰਕੀ ਨੇ ਆਪਣੇ ਦੇਸ਼ ਵਿਚ ਅਮਰੀਕੀ ਫੌਜਾਂ ਨੂੰ ਉਤਰਨ ਦੀ ਪ੍ਰਵਾਨਗੀ ਨਾ ਦਿੱਤੀ ਤੇ ਸਯੁੰਕਤ ਰਾਸ਼ਟਰ ਵੀ ਅਮਰੀਕਾ ਦੇ ਰਾਹ ਵਿਚ ਰੋੜਾ ਬਣ ਗਿਆ । ਜਾਰਜ਼ ਡਬਲਿਊ ਬੁਸ਼ ਨੇ ਐਲਾਨ ਕੀਤਾ ਕਿ ਬੇਸ਼ੱਕ ਸਯੁੰਕਤ ਰਾਸ਼ਟਰ ਉਸ ਦੀ ਮੁਹਿੰਮ ਦਾ ਸਮਰਥਨ ਕਰੇ ਜਾਂ ਨਾ ਕਰੇ, ਅਸੀਂ ਇਰਾਕ ਨੂੰ ਹਥਿਆਰ ਰਹਿਤ ਕਰਨ ਲਈ ਆਪਣੀ ਕਾਰਵਾਈ ਕਰ ਕੇ ਹੀ ਰਹਾਂਗੇ । ਜਦੋਂ ਕਿ ਦਬਾਅ ਵਿਚ ਆ ਕੇ ਇਰਾਕ ਨੇ ਕਾਫੀ ਮਿਜ਼ਾਈਲਾਂ ਨਸ਼ਟ ਕਰ ਦਿੱਤੀਆਂ ਸਨ ਅਤੇ ਸਯੁੰਕਤ ਰਾਸ਼ਟਰ ਹਥਿਆਰ ਨਰੀਖਕ ਮੁੱਖੀ ਹਾਂਸ ਬਲਿਕਸ ਨੇ 9 ਮਾਰਚ ਨੂੰ ਸੁਰੱਖਿਆ ਕੌਂਸਲ ਸਾਹਮਣੇ ਬਿਆਨ ਦਿੱਤਾ ਸੀ ਕਿ ਇਹ ਕਾਫੀ ਹੱਦ ਤੱਕ ਨਿਸ਼ਸ਼ਤਰੀਕਰਨ ਦਾ ਹੀ ਅਮਲ ਹੈ । ਪਰ ਅਮਰੀਕਾ ਨੇ ਅਮਨ ਦੇ ਸਾਰੇ ਰਾਹ ਬੰਦ ਕਰ ਕੇ ਜੰਗ ਨੂੰ ਪਹਿਲ ਦਿੱਤੀ । ਬ੍ਰਿਟੇਨ ਵਿਚ ਚਾਰ ਮੰਤਰੀਆਂ ਦੇ ਜੰਗ ਵਿਰੋਧੀ ਅਸਤੀਫੇ ਦੇਣ ਦੇ ਬਾਵਜੂਦ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਵੀ ਜੰਗ ਨੂੰ ਪਹਿਲ ਦਿੱਤੀ ।

ਆਪਣੇ ਹੱਕ ਵਿਚ ਹਮਾਇਤ ਜੁਟਾਉਣ ਦੀਆਂ ਸਮੂਹ ਕੋਸ਼ਿਸ਼ਾਂ ਵਿਚ ਅਸਫਲ ਰਹਿਣ ਤੋਂ ਬਾਅਦ ਅਮਰੀਕਾ ਨੇ ਯੂ.ਐਨ. ਸੁਰੱਖਿਆ ਕੌਂਸਲ ਨੂੰ ਲਾਂਭੇ ਕਰ ਕੇ ਯੁੱਧ ਦਾ ਬਿਗਲ ਵਜਾ ਦਿੱਤਾ । ਇਰਾਕੀ ਸਦਰ ਸੱਦਾਮ ਹੁਸੈਨ ਨੂੰ 48 ਘੰਟੇ ਵਿਚ ਆਪਣੇ ਦੋਨਾਂ

ਪੁੱਤਰਾਂ ਉਦੇ ਅਤੇ ਕੁਸੇ ਸਮੇਤ ਦੇਸ਼ ਛੱਡ ਜਾਣ ਦਾ ਅਲਟੀਮੇਟਮ ਦੇ ਦਿੱਤਾ । ਅਲਟੀਮੇਟਮ ਦੇਣ ਦੇ ਤੁਰੰਤ ਬਾਅਦਸਮੁੱਚੇ ਅਮਰੀਕਾ ਵਿਚ ਹਾਈ ਅਲਰਟ ਦਾ ਐਲਾਨ ਕਰ ਦਿੱਤਾ । ਦੇਸ਼ ਵਾਸੀਆਂ ਨੂੰ ਸਬੰਧੋਨ ਕਰਦੇ ਹੋਏ ਰਾਸ਼ਟਰਪਤੀ ਜਾਰਜ਼ ਡਬਲਿਊ ਬੁਸ਼ ਨੇ ਕਿਹਾ ਕਿ ਸੱਦਾਮ ਹੁਸੈਨ ਆਪਣੇ ਬੇਟਿਆ ਨਾਲ 48 ਘੰਟਿਆਂ ਅੰਦਰ -ਅੰਦਰ ਇਰਾਕ ਵਿੱਚੋਂ ਨਿਕਲ ਜਾਏ, ਨਹੀਂ ਅਮਰੀਕੀ ਹਮਲੇ ਦਾ ਸਾਹਮਣਾ ਕਰਨ ਲਈ ਤਿਆਰ ਰਹੇ । ਜੇ ਸੱਦਾਮ ਹੁਸੈਨ ਇਰਾਕ ਵਿਚੋਂ ਨਹੀਂ ਨਿਕਲਦਾ ਤਾਂ ਅਮਰੀਕਾ 48 ਘੰਟਿਆਂ ਬਾਅਦ ਕਿਸੇ ਸਮੇਂ ਵੀ ਇਰਾਕ 'ਤੇ ਹਮਲਾ ਕਰ ਸਕਦਾ ਹੈ । ਹਮਲੇ ਤੋਂ ਬਚਣ ਲਈ ਸੱਦਾਮ ਅਤੇ ਉਸ ਦੇ ਬੇਟਿਆਂ ਨੂੰ ਹਰ ਹਾਲਤ ਵਿਚ ਇਰਾਕ ਛੱਡਣਾ ਹੋਵੇਗਾ । ਇਸ ਤੋਂ ਇਨਕਾਰ ਕਰਨ ਦਾ ਨਤੀਜਾ ਫੌਜੀ ਕਾਰਵਾਈ ਹੋਵੇਗਾ। ਜਿਸ ਲਈ ਸਮੇਂ ਦਾ ਨਿਰਧਾਰਨ ਅਸੀਂ ਆਪ ਕਰਾਂਗੇ। ਦੇਸ਼ ਦੇ ਸਰਵਉਚ ਫੌਜੀ ਕਮਾਂਡਰ ਹੋਣ ਦੇ ਨਾਤੇ ਅਮਰੀਕਾ ਦੀ ਸੁਰੱਖਿਆ ਦੀ ਉਨ੍ਹਾਂ ਦੀ ਜਿੰਮੇਵਾਰੀ ਹੈ ਅਤੇ ਉਨ੍ਹਾਂ ਦਾ ਦੇਸ਼ ਆਪਣੀ ਪੂਰੀ ਤਾਕਤ ਨਾਲ ਇਰਾਕ ਨੂੰ ਹਥਿਆਰ ਰਹਿਤ ਕਰੇਗਾ । ਇਰਾਕੀ ਲੋਕਾਂ ਅਤੇ ਫੌਜ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਜੰਗ ਦੀ ਸੂਰਤ ਵਿਚ ਉਹ ਸੱਦਾਮ ਹੁਸੈਨ ਦਾ ਸਾਥ ਨਾ ਦੇਣ । ਉਹ ਤੇਲ ਦੇ ਖੂਹਾਂ ਨੂੰ ਅੱਗ ਨਾ ਲਾਉਣ ਅਤੇ ਸਮੂਹਿਕ ਤਬਾਹੀ ਵਾਲੇ ਹਥਿਆਰਾਂ ਦੀ ਵਰਤੋਂ ਦੇ ਹੁਕਮ ਦੀ ਪਾਲਣਾ ਨਾ ਕਰਨ ।

ਇਰਾਕ ਦੀ ਘੇਰਾਬੰਦੀ ਹੋਰ ਮਜ਼ਬੂਤ ਕਰ ਦਿੱਤੀ ਗਈ । ਹਜ਼ਾਰਾਂ ਟਾਮਹਾਕ ਕਰੂਜ ਮਿਜ਼ਾਈਲਾਂ ਨਾਲ ਲੈਸ ਜੰਗੀ ਜਹਾਜ਼ਾਂ ਅਤੇ ਪਣਡੁੱਬੀਆਂ ਨੂੰ ਭੂ-ਮੱਧ ਸਾਗਰ ਤੋਂ ਲਾਲ ਸਾਗਰ ਵੱਲ ਤਬਦੀਲ ਕਰ ਦਿੱਤਾ । ਇਰਾਕੀ ਸਕੱਡ ਮਿਜ਼ਾਈਲਾਂ ਅਤੇ ਰਸਾਇਣਕ ਅਤੇ ਜੈਵਿਕ ਹਥਿਆਰਾਂ ਨੂੰ ਜਿਨ੍ਹਾਂ ਤੋਂ ਅਮਰੀਕਾ ਨੂੰ ਡਰ ਸੀ ਅਤੇ ਇਨ੍ਹਾਂ ਹਥਿਆਰਾਂ ਦੀ ਪਿਛਲੇ 12 ਸਾਲਾ ਤੋਂ ਭਾਲ ਕਰਦਾ ਆ ਰਿਹਾ ਸੀ, ਤਹਿਸ ਨਹਿਸ ਕਰਨ ਲਈ ਅਮਰੀਕੀ ਫੌਜ ਦਾ ਇਕ ਅਤੀਅੰਤ ਮਜ਼ਬੂਤ ਦਸਤਾ ਉਤੱਰੀ ਇਰਾਕ ਵਿਖੇ ਤਾਇਨਾਤ ਕਰ ਦਿੱਤਾ । ਅਮਰੀਕੀ ਜੰਗੀ ਬੇੜੇ ਯੂ.ਐਸ.ਐਸ. ਇਬਰਾਹਮ ਲਿੰਕਨ ਅਤੇ ਯੂ ਐਸ.ਐਸ. ਕਿਟੀ ਹਾਕ ਨੂੰ ਫਾਰਸ ਦੀ ਖਾੜੀ ਵਿਚ ਤਾਇਨਾਤ ਕਰ ਦਿੱਤਾ । ਅਪ੍ਰੇਸ਼ਨ ਇਰਾਕੀ ਫਰੀਡਮ ਲਈ ਚੱਲੇ ਇਮਬੈਡਿਡ ਜਰਨਾਲਿਸਟਾਂ ਤੋਂ ਇਲਾਵਾ ਅਣਗਿਣਤ ਟੈਂਕ, ਸਮੁੰਦਰੀ ਬੇੜੇ, ਹੈਲੀਕਾਪਟਰ, ਬੰਬ, ਅਸਲਾ, ਗੈਸੀ ਨਕਾਬ, ਹਾਈ ਪ੍ਰੋਟੀਨ ਫੂਡ, ਟਾਇਲਟ ਪੈਪਰਾਂ ਨਾਲ ਭਰੇ ਹੋਏ ਜਹਾਜ਼, ਜਰਮ-ਨਾਸਕ ਦਵਾਈਆਂ, ਵਿਟਾਮਿਨ ਅਤੇ ਮਿਨਰਲ ਵਾਟਰ ਦੀਆਂ ਬੋਤਲਾਂ ਸਮੇਤ ਬਹੁਤ ਸਾਰੀ ਜੰਗੀ ਸਮੱਗਰੀ ਵੀ ਸੀ । ਅਮਰੀਕੀ ਆਰਮੀ, ਨੇਵੀ, ਏਅਰਫੋਰਸ ਅਤੇ ਮੈਰੀਨਜ਼ ਦੇ ਕਮਾਂਡਰ ਨਾਹਰੇ ਮਾਰ ਰਹੇ ਸਨ "ਇਰਾਕ ਨੂੰ ਮੁਕਤ ਕਰਵਾਕੇ ਹੀ ਰਹਾਂਗੇ ।"

ਇਰਾਕੀ ਸਦਰ ਸੱਦਾਮ ਹੁਸੈਨ ਨੇ ਅਮਰੀਕਾ ਦੇ ਅਲਟੀਮੇਟਮ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ "ਉਹ ਇਰਾਕ ਵਿਚ ਹੀ ਰਹਿਣਗੇ । ਇਰਾਕ ਉਤੇ ਹਮਲਾ ਕਰਨਾ ਅਮਰੀਕਾ ਦੀ ਬਹੁਤ ਵੱਡੀ ਭੁੱਲ ਹੋਵੇਗੀ । ਅਸੀਂ ਅਮਰੀਕੀ ਹਮਲੇ ਦਾ ਕਰਾਰਾ ਜਵਾਬ ਦੇਵਾਂਗੇ । ਇਰਾਕ ਦਾ ਹਰ ਨਾਗਰਿਕ ਅਮਰੀਕਾ ਨਾਲ ਲੋਹਾ ਲੈਣ ਲਈ ਤਿਆਰ ਹੈ । ਸਯੁੰਕਤ ਰਾਸ਼ਟਰ ਵਿਚ ਇਰਾਕ ਦੇ ਪ੍ਰਤੀਨਿਧੀ ਮਹੁੰਮਦ ਅਲ ਨੇ ਵੀ ਅਮਰੀਕੀ

ਅਲਟੀਮੇਟਮ ਨੂੰ ਰੱਦ ਕਰਦੇ ਹੋਏ ਕਿਹਾ ਕਿ ਬੁਸ਼ ਨੇ ਜੋ ਕੁਝ ਕਿਹਾ ਹੈ ਇਰਾਕੀ ਪੱਖ ਉਸ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ । ਸੱਦਾਮ ਹੁਸੈਨ ਨੇ ਖਾੜੀ ਵਿਚ ਜੰਗ ਦੇ ਹੁਕਮਾਂ ਦੀ ਉਡੀਕ ਕਰ ਰਹੇ ਤਿੰਨ ਲੱਖ ਅਮਰੀਕੀ ਅਤੇ ਬ੍ਰਿਟਿਸ਼ ਫੌਜੀਆਂ ਦਾ ਮੁਕਾਬਲਾ ਕਰਨ ਲਈ ਦੇਸ਼ ਨੂੰ ਚਾਰ ਹਿਸਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਫੌਜੀ ਜਰਨੈਲਾਂ ਦੀ ਕਮਾਂਡ ਵਿਚ ਦੇ ਦਿੱਤਾ । ਦੋਹਾਂ ਪਾਸਿਆਂ ਦੇ ਹਜ਼ਾਰਾਂ ਜਵਾਨਾਂ ਨੇ ਜੰਗੀ ਮੋਰਚੇ ਸੰਭਾਲ ਲਏ। ਅਲਟੀਮੇਟਮ ਦਾ ਸਮਾਂ 20 ਮਾਰਚ 2003 ਨੂੰ ਸਵੇਰੇ 4.15 ਵਜੇ ਖਤਮ ਹੋ ਗਿਆ। ਦੋਨਾਂ ਪਾਸੇ ਫੌਜਾਂ ਜੰਗੀ ਹੁਕਮ ਦੀ ਉਡੀਕ ਵਿਚ ਸਨ । ਰਾਸ਼ਟਰਪਤੀ ਜਾਰਜ਼ ਵਾਕਰ ਬੁਸ਼ ਨੇ ਜੰਗੀ ਕੌਂਸਲ ਦੀ ਤੁਰੰਤ ਐਮਰਜੈਂਸੀ ਮੀਟਿੰਗ ਬੁਲਾਈ ਜਿਸ ਵਿਚ ਰਾਸ਼ਟਰਪਤੀ ਤੋਂ ਇਲਾਵਾ ਸੁਰੱਖਿਆ ਸਲਾਹਕਾਰ ਕੌਂਡਾਲੀਜ਼ਾ ਰਾਈਸ, ਸੀ.ਆਈ.ਏ. ਦੇ ਡਾਇਰੈਕਟਰ ਜਾਰਜ ਟੇਨੈਟ, ਵਿਦੇਸ਼ ਮੰਤਰੀ ਕੌਲਿਨ ਪਾਵੈਲ, ਰੱਖਿਆ ਮੰਤਰੀ ਡੋਨਾਲਡ ਰੂਮਜ਼ਫੀਲਡ ਅਤੇ ਇਤਿਹਾਦੀ ਫੌਜਾਂ ਦੇ ਮੁੱਖੀ ਰਿਚਰਡ ਬੀ ਮਾਇਰਸ ਇਕੱਠੇ ਹੋਏ । ਇਨ੍ਹਾਂ ਨੇ ਤੁਰੰਤ ਇਰਾਕ 'ਤੇ ਹਮਲਾ ਕਰਨ ਦਾ ਫੈਸਲਾ ਲਿਆ । ਜਾਰਜ਼ ਡਬਲਿਊ ਬੁਸ਼ ਨੇ ਡੈਡ ਲਾਈਨ ਖਤਮ ਹੋਣ ਤੋਂ 95 ਮਿੰਟ ਮਗਰੋਂ ਟੋਨੀ ਫ੍ਰੈਂਕਸ ਨੂੰ ਬਗ਼ਦਾਦ 'ਤੇ ਹਵਾਈ ਹਮਲਾ ਕਰਨ ਦਾ ਹੁਕਮ ਦਿੱਤਾ । ਤੁਰੰਤ ਮਗਰੋਂ ਉਪ ਗ੍ਰਹਿਆਂ ਅਤੇ ਕੰਪਿਊਟਰਾਂ ਦੀ ਸਹਾਇਤਾ ਨਾਲ ਚੱਲਣ ਵਾਲੇ ਮਾਰੂ ਸਮਰਥਾ ਵਾਲੇ ਅਧੁਨਿਕ ਹਥਿਆਰ ਅਤੇ ਜੰਗੀ ਬੇੜੇ ਹਰਕਤ ਵਿਚ ਆ ਗਏ । ਜੰਗੀ ਬੇੜੇ ਯੂ.ਐਸ.ਐਸ. ਅਬਰਹਮ ਲਿੰਕਨ ਤੋਂ ਦੋ-ਦੋ ਹਜ਼ਾਰ ਪੌਂਡ ਦੇ ਭਾਰੇ ਬੰਬ ਜੰਗੀ ਜਹਾਜ਼ਾਂ ਵਿਚ ਫਿੱਟ ਕਰ ਕੇ ਬਗ਼ਦਾਦ ਵੱਲ ਤੋਰ ਦਿੱਤੇ । ਇਰਾਕ ਉਤੇ ਹਮਲੇ ਨੂੰ ਦੇਖਦਿਆਂ ਕੁਵੈਤ ਵਿਚੋਂ ਵਤਨ ਵਾਪਸ ਪਰਤਣ ਲਈ ਹਵਾਈ ਅੱਡਿਆਂ 'ਤੇ ਲੋਕਾਂ ਦੀ ਭੀੜ ਉਮੜ ਪਈ । ਜੰਗੀ ਬਿਗਲ ਸੁਣ ਕੇ ਚਾਰੇ ਪਾਸੇ ਭਗਦੜ ਮਚ ਗਈ । ਅਮਰੀਕਾ ਨੇ ਬੀ.1, ਬੀ.52, ਐਫ.117 ਜਿਹੜੇ ਕਿ ਵਿਸ਼ਵ ਦੇ ਸਭ ਤੋਂ ਖਤਰਨਾਕ ਜੰਗੀ ਲੜਾਕੂ ਮੰਨੇ ਜਾਂਦੇ ਹਨ ਬਗ਼ਦਾਦ 'ਤੇ ਹਵਾਈ ਹਮਲਾ ਕਰਨ ਲਈ ਉਡਾ ਦਿੱਤੇ । ਲਾਲ ਸਾਗਰ ਤੇ ਖਾੜੀ ਵਿਚਲੇ ਜੰਗੀ ਬੇੜਿਆਂ ਤੇ ਕਰੂਜ਼ ਮਿਜ਼ਾਇਲਾਂ ਨਾਲ ਬਗ਼ਦਾਦ ਵਿਚਲੇ ਮਹੱਤਵ ਪੂਰਨ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਾ । ਸਮੁੰਦਰ ਤੋਂ ਧਰਤੀ 'ਤੇ ਮਾਰ ਕਰਨ ਵਾਲੇ ਅਮਰੀਕੀ ਸਮੁੰਦਰੀ ਜਹਾਜ਼ ਜਿਨ੍ਹਾਂ ਵਿਚ ਯੂ.ਐਸ.ਐਸ. ਮੀਲੀਅਸ, ਯੂ. ਐਸ. ਐਸ. ਡੋਨਾਲਡ ਕੁੱਕ (Guided Missile Cruisers) ਯੂ.ਐਸ.ਐਸ. ਬੰਕਰ ਹਿੱਲ, ਯੂ. ਐਸ. ਐਸ. ਕਾਉਪੈਨਜ਼ (Guided Missile Cruisers), ਯੂ.ਐਸ. ਐਸ. ਮਾਊਟਪੈਲਰ ਅਤੇ ਯੂ.ਐਸ.ਐਸ. ਚੈਇਐਨੇ (Cheyenna) ਵੀ ਇਰਾਕ ਦੀ ਧਰਤੀ 'ਤੇ ਹਮਲੇ ਕਰਨ ਲੱਗੇ । ਬ੍ਰਿਟਿਸ਼ ਰਾਇਲ ਏਅਰ ਫੋਰਸ ਜਿਸ ਵਿਚ ਟਾਰਨੈਡੋ ਜੀ ਆਰ 4 ਸੁਪਰ ਸੋਨਿਕ ਬੰਬਾਰ ਵੀ ਸਨ, ਨੇ ਮਿਲ ਕੇ ਬਸਰਾ ਨੂੰ ਘੇਰ ਲਿਆ । ਬਸਰਾ ਤੋਂ ਖਾੜੀ ਵਿਚਲੇ ਇਰਾਕੀ ਤੇਲ ਖੂਹਾਂ ਦਾ ਕੰਟਰੋਲ ਕੀਤਾ ਜਾਂਦਾ ਸੀ ਤੇ ਬਸਰਾ ਇਰਾਕ ਦੀ ਅਰਥ ਵਿਵਸਥਾ ਵਿਚ ਵੱਡਾ ਯੋਗਦਾਨ ਪਾਉਂਦਾ ਸੀ । ਇਰਾਕ ਦੇ ਉਤੱਰ ਵੱਲ ਤੇਲ ਦੀ ਸਪਲਾਈ ਇਥੋਂ ਹੀ ਕੀਤੀ ਜਾਂਦੀ ਸੀ । ਇਸ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਬ੍ਰਿਟਿਸ਼ ਰਾਇਲ ਏਅਰ ਫੋਰਸ ਨੇ ਇਰਾਕ 'ਤੇ ਹਵਾਈ ਹਮਲੇ ਦੇ ਹੁਕਮ ਨੂੰ ਸੁਣਦਿਆਂ ਹੀ ਬਸਰਾ ਨੂੰ ਘੇਰ ਲਿਆ ਅਤੇ ਲਗਾਤਾਰ ਹਵਾਈ ਬੰਬਾਰੀ ਸ਼ੁਰੂ ਕਰ ਦਿੱਤੀ ।

ਅਮਰੀਕੀ ਜੰਗੀ ਬੇੜੇ ਯੂ.ਐਸ.ਐਸ. ਹੈਰੀ ਐਸ. ਟਰੂਮੈਨ ਤੋਂ ਇਰਾਕੀ ਠਿਕਾਣਿਆਂ 'ਤੇ ਬੰਬਾਰੀ ਕਰਨ ਲਈ ਜੰਗੀ ਜਹਾਜ਼ ਉਡਾਣਾ ਭਰਨ ਲੱਗੇ । ਭੂ- ਮੱਧ ਸਾਗਰ ਵਿਚ ਤਾਇਨਾਤ ਜੰਗੀ ਬੇੜੇ ਯੂ.ਐਸ.ਐਸ. ਥਿਓਡੋਰ ਰੂਜ਼ਵੈਲਟ ਅਤੇ ਖਾੜੀ ਫਾਰਸ ਵਿਚ ਤਾਇਨਾਤ ਜੰਗੀ ਬੇੜੇ ਯੂ.ਐਸ.ਐਸ. ਕਿੱਟੀ ਹਾਕ ਤੋਂ ਵੀ ਜੰਗੀ ਜਹਾਜ਼ ਐਫ-ਏ-18 ਸੀ. ਹਾਰਨੈਟ ਉਡਨ ਲੱਗੇ 101 ਵੀਂ ਏਅਰਬੋਰਨ ਡਵੀਜ਼ਨ ਦੀ ਤੀਜੀ ਬਰਗੇਡ ਕੰਬੈਟ ਟੀਮ ਦਾ ਟਰੱਕਾਂ ਤੇ ਬਖਤਰਬੰਦ ਗੱਡੀਆਂ ਦਾ ਕਾਫਲਾ ਇਰਾਕ ਦੀ ਸਰਹੱਦ ਵਲ ਵਧਣ ਲੱਗਾ । ਇਸ ਕਾਫਲੇ ਦੇ ਪਿੱਛੇ ਉਤੱਰੀ ਕੁਵੈਤ ਤੋਂ ਬ੍ਰਿਟਿਸ਼ ਬਖਤਰਬੰਦ ਗੱਡੀਆਂ ਦਾ ਕਾਫਲਾ ਆ ਰਿਹਾ ਸੀ । ਇਸ ਦੇ ਨਾਲ ਬ੍ਰਿਟਿਸ਼ ਈਂਧਨ ਵਾਹਨਾਂ ਦਾ ਕਾਫਲਾ ਆ ਰਿਹਾ ਸੀ ਤਾਂ ਕਿ ਬਖਤਰਬੰਦ ਗੱਡੀਆਂ ਵਿਚ ਤੇਲ ਸਪਲਾਈ ਹੋ ਸਕੇ । ਬਸਰਾ ਅਤੇ ਬਗਦਾਦ ਵਿਚ ਹੋ ਰਹੀ ਬੰਬਾਰੀ ਕਾਰਨ ਆਮ ਨਾਗਰਿਕ ਵੀ ਮਰ ਰਹੇ ਸਨ । ਬਗਦਾਦ ਵਿਚ ਸੱਦਾਮ ਹੁਸੈਨ ਦੇ ਮਹੱਲਾ ਨੂੰ ਵੀ ਨਿਸ਼ਾਨਾ ਬਣਾਇਆ ਗਿਆ । ਦੱਖਣੀ ਇਰਾਕ ਵਿਚ ਬਹੁਤ ਸਾਰੇ ਨਾਗਰਿਕਾਂ ਨੂੰ ਅਮਰੀਕੀ ਫੌਜੀਆਂ ਨੇ ਬੰਦੀ ਬਣਾ ਲਿਆ । ਦੱਖਣੀ ਇਰਾਕ ਵਿਚ ਬੰਬਾਰੀ ਕਾਰਨ ਤੇਲ ਦੇ ਕਈ ਖੂਹਾਂ ਨੂੰ ਅੱਗ ਲੱਗ ਗਈ ਇਰਾਕ ਦੇ ਸਾਰੇ ਮੁੱਖ ਸ਼ਹਿਰ ਇਕਦਮ ਬੰਬਾਰੀ ਦੀ ਲਪੇਟ ਵਿਚ ਆ ਗਏ । ਟਿਕਰੀਤ ਵਿਚ ਸੱਦਾਮ ਹੁਸੈਨ ਦੇ ਪੁੱਤਰ ਉਦੇ ਅਧੀਨ 'ਫਿਦਾਇਨਿ ਸੱਦਾਮ' ਦੇ ਅਰਧ ਸੈਨਿਕ ਬਲ ਵੀ ਆਪਣੀਆਂ ਏ.ਕੇ. 47 ਰਾਈਫਲਾਂ ਚੁੱਕ ਕੇ ਗਠਜੋੜ ਫੌਜ ਦਾ ਮੁਕਾਬਲਾ ਕਰਨ ਲਈ ਜੰਗ ਦੇ ਮੈਦਾਨ ਵਿਚ ਆ ਗਏ । ਇਨ੍ਹਾਂ ਦੇ ਨਾਲ ਹੋਰ ਦੇਸ਼ ਵਾਸੀਆਂ ਨੇ ਵੀ ਆਪਣੀ ਸਰਜ਼ਮੀ ਦੀ ਰਾਖੀ ਲਈ ਰਾਈਫਲਾਂ ਚੁੱਕ ਲਈਆਂ । ਇਸ ਤੋਂ ਬਲ ਮਿਲਣ 'ਤੇ ਇਰਾਕ ਦੀ 47 ਇਨਫੈਂਟਰੀ ਬ੍ਰਿਗੇਡ ਦੀ ਤੀਸਰੀ ਰੈਜੀਮੈਂਟ ਨੇ ਗਠਜੋੜ ਸੈਨਿਕਾਂ ਨੂੰ ਫਾਅ, ਬਸਰਾ, ਨਸੀਰੀਆ ਰੁਮੈਲਾ ਅਤੇ ਸਮਾਵਾ ਵਿਚੋਂ ਖਦੇੜ ਦਿੱਤਾ । ਪਰ ਉਮ ਕਾਸਰ ਵਿਚ ਗਠਜੋੜ ਅਤੇ ਇਰਾਕੀ ਫੌਜਾਂ ਵਿਚ ਘਮਾਸਾਣ ਦੀ ਲੜਾਈ ਸ਼ੁਰੂ ਹੋ ਗਈ । ਇਸੇ ਦੌਰਾਨ ਤੁਰਕੀ ਦੇ ਪ੍ਰਧਾਨ ਮੰਤਰੀ ਰੀਸੈਪ ਤਾਇਪ ਐਰਦੋਜਨ ਨੇ ਅਮਰੀਕੀ ਜਹਾਜ਼ਾਂ ਨੂੰ ਤੁਰਕੀ ਦੇ ਉਤੋਂ ਉਡਾਣਾ ਭਰਨ ਦੀ ਆਗਿਆ ਦੇ ਦਿੱਤੀ । ਇਸ ਨਾਲ ਅਮਰੀਕਾ ਨੇ ਇਰਾਕ ਦੇ ਉਤੱਰ ਵੱਲੋਂ ਵੀ ਜੰਗੀ ਫਰੰਟ ਖੋਲ੍ਹ ਦਿੱਤਾ । ਭਾਵੇਂ ਬਗਦਾਦ 'ਤੇ ਲਗਾਤਾਰ ਪੰਜ ਦਿਨਾਂ ਤੋਂ ਬੰਬਾਂ ਦਾ ਮੀਂਹ ਵਰਸਾਇਆ ਜਾ ਰਿਹਾ ਸੀ ਪਰ ਉਮ ਕਾਸਰ ਵਿਚ ਗਠਜੋੜ ਫੌਜਾਂ ਨੂੰ ਕਾਮਯਾਬੀ ਨਹੀਂ ਮਿਲ ਰਹੀ ਸੀ। ਇਥੇ ਜ਼ਖਮੀ ਹੋਏ ਗਠਜੋੜ ਫੌਜਾਂ ਦੇ ਸੈਨਿਕਾਂ ਨੂੰ ਇਲਾਜ ਲਈ ਵਿਸ਼ੇਸ਼ ਜਹਾਜ਼ ਰਾਂਹੀ ਜਰਮਨ ਲਿਜਾਇਆ ਜਾਣ ਲੱਗਾ । ਨਸੀਰੀਆ ਦੀ ਲੜਾਈ ਵਿਚ ਵੀ ਅਮਰੀਕੀ ਫੌਜਾਂ ਦੇ 12 ਸੈਨਿਕ ਲਾਪਤਾ ਹੋ ਗਏ । ਉਧਰ ਬਗਦਾਦ ਵਿਚ ਇਕ ਆਪਚੀ ਨੂੰ ਇਰਾਕੀ ਸੈਨਿਕਾਂ ਨੇ ਹੇਠਾਂ ਸੁੱਟ ਲਿਆ ਤੇ ਅਮਰੀਕੀ ਸੈਨਿਕਾਂ ਦਾ ਮਨੋਬਲ ਘੱਟ ਕਰਨ ਲਈ ਇਰਾਕ ਨੇ ਗ੍ਰਿਫਤਾਰ ਕੀਤੇ ਸੈਨਿਕਾਂ ਦੀਆਂ ਤਸਵੀਰਾਂ ਟੀ.ਵੀ 'ਤੇ ਦਿਖਾ ਦਿੱਤੀਆਂ । ਇਸ ਤੇ ਜਾਰਜ਼ ਵਾਕਰ ਬੁਸ਼ ਨੇ ਇਰਾਕੀ ਸਰਕਾਰ 'ਤੇ ਜਨੇਵਾ ਸਮਝੋਤੇ ਦੀ ਉਲਘੰਣਾ ਕਰਨ ਦਾ ਦੋਸ਼ ਲਗਾਇਆ । ਉਧਰ ਇਰਾਕੀ ਸਦਰ ਸੱਦਾਮ ਹੁਸੈਨ ਨੇ ਉਮ ਕਾਸਰ ਵਿਚ ਜਾ ਕੇ ਜਿਥੇ ਸਿਰਫ 120 ਇਰਾਕੀ ਸੈਨਿਕ ਗਠਜੋੜ ਫੌਜ ਦਾ ਮੁਕਾਬਲਾ ਕਰ ਰਹੇ ਸਨ ਦੀ ਵਿਸ਼ੇਸ ਤੌਰ 'ਤੇ ਪ੍ਰਸੰਸਾ ਕੀਤੀ । ਇਰਾਕ ਦੇ ਸੂਚਨਾ ਮੰਤਰੀ ਮੁਹੰਮਦ ਅਲ ਸਹਾਫ

ਨੇ ਵੀ ਇਨ੍ਹਾਂ ਸੈਨਿਕਾਂ ਦੀ ਪ੍ਰਸੰਸਾ ਕਰਦਿਆ ਕਿਹਾ "ਅਸੀਂ ਉਨ੍ਹਾਂ (ਅਮਰੀਕੀ ਫੌਜ) ਨੂੰ ਘੇਰ ਕੇ ਦਲਦਲ ਵਿਚ ਲੈਆਂਦਾ ਹੈ ਜਿਥੋਂ ਉਹ ਨਿਕਲ ਨਹੀਂ ਸਕਣਗੇ।" ਇਸ ਸਮੇਂ ਨਸੀਰੀਆ ਵਿਚ ਗਹਿਗੱਚ ਲੜਾਈ ਲੱਗੀ ਹੋਈ ਸੀ। ਜਿਹੜੀ ਪਿੱਛਲੇ ਤਿੰਨ ਦਿਨਾਂ ਤੋਂ ਲਗਾਤਾਰ ਜਾਰੀ ਸੀ। ਗਠਜੋੜ ਸੈਨਾਵਾਂ ਇੱਥੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ ਪ੍ਰੰਤੂ ਇਰਾਕੀ ਸੈਨਿਕਾਂ ਨੇ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੱਤੀ। ਗਠਜੋੜ ਫੌਜਾਂ ਨੇ ਕੋਬਰਾ ਹੈਲਕਿਾਪਟਰ ਅਤੇ ਟੈਂਕਾਂ ਦੀ ਮਦਦ ਨਾਲ ਭਾਰੀ ਗੋਲਾਬਾਰੀ ਕੀਤੀ। ਦੋਨਾਂ ਪਾਸੇ ਫੌਜਾਂ ਦਾ ਘਾਣ ਹੋ ਰਿਹਾ ਸੀ। ਅਮਰੀਕਾ ਨੇ ਇਸ ਤੋਂ ਤੰਗ ਆ ਕੇ 'ਆਇਲ ਫਾਰ ਫੂਡ' ਪ੍ਰੋਗਰਾਮਤਹਿਤ ਇਰਾਕ ਵਿਚ ਆਉਣ ਵਾਲੀ ਸਮੱਗਰੀ ਨੂੰ ਰੁਕਵਾ ਦਿੱਤਾ। ਇਰਾਕ ਨੇ ਗੁੱਸੇ ਵਿਚ ਆ ਕੇ ਅਮਰੀਕੀ ਫੌਜ ਦੇ ਕੁਵੈਤੀ ਠਿਕਾਣਿਆਂ ਉਤੇ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਉਧਰ ਅਮਰੀਕਾ ਨੇ ਵੀ ਬਗਦਾਦ 'ਤੇ ਬੰਬ ਬਰਸਾ-ਬਰਸਾ ਕੇ ਪੂਰੇ ਸ਼ਹਿਰ ਨੂੰ ਕਾਲੇ ਧੂੰਏ ਵਿਚ ਲਪੇਟ ਦਿੱਤਾ। ਇਹ ਬੰਬ ਲੇਜ਼ਰ, ਰਡਾਰ, ਉਪ ਗ੍ਰਹਿ ਅਤੇ ਵੀਡੀਓ ਕੈਮਰਿਆਂ ਨਾਲ ਨਿਰਦੇਸ਼ਤ ਸਨ। ਇਰਾਕੀ ਸੈਨਿਕਾਂ ਤੋਂ ਦੁੱਖੀ ਹੋ ਕੇ ਅਮਰੀਕੀ ਬੰਬਾਰਾਂ ਨੇ ਬਸਰਾ ਸ਼ਹਿਰ 'ਤੇ ਕਲਸਟਰ ਬੰਬਾਂ ਨਾਲ ਭਾਰੀ ਹਮਲੇ ਕੀਤੇ। ਅਮਰੀਕੀ ਫੌਜਾਂ ਇੰਨੇ ਗੁੱਸੇ ਵਿਚ ਆਈਆਂ ਹੋਈਆਂ ਸਨ ਕਿ ਇਨ੍ਹਾਂ ਦੇ ਰਸਤੇ ਵਿਚ ਜਿੱਥੇ ਕਿਤੇ ਵੀ ਇਰਾਕੀ ਸਦਰ ਸੱਦਾਮ ਹੁਸੈਨ ਦੇ ਕੰਧਾਂ 'ਤੇ ਬਣੇ ਹੋਏ ਚਿੱਤਰ ਆਉਂਦੇ ਉਸ ਨੂੰ ਟੈਂਕਾਂ ਨਾਲ ਚੂਰ ਚੂਰ ਕਰ ਦਿੰਦੇ ਅਤੇ ਆਪਣਾ ਗੁੱਸਾ ਹਲਕਾ ਕਰ ਲੈਂਦੇ। ਕਰੋਧਿਤ ਹੋਈਆਂ ਪੱਛਮੀ ਫੌਜਾਂ ਨੇ ਬਗਦਾਦ ਦੇ ਭੀੜ ਵਾਲੇ ਇਲਾਕੇ ਉਤੇ ਇੰਨੀ ਜ਼ੋਰਦਾਰ ਬੰਬਾਰੀ ਕੀਤੀ ਕਿ ਇਕੋ ਥਾਂ 50 ਇਰਾਕੀ ਨਾਗਰਿਕ ਮਾਰੇ ਗਏ ਅਤੇ ਅਨੇਕਾਂ ਜ਼ਖਮੀ ਹੋ ਗਏ। ਬਗਦਾਦ ਦਾ ਇਹ ਇਲਾਕਾ ਅਮਰੀਕੀ ਕਹਿਰ ਦੇ ਕਾਰਨ ਕਿਆਮਤ ਵਰਗਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਪੂਰਾ ਇਰਾਕਾ ਖੂਨ ਨਾਲ ਭਰ ਗਿਆ। ਗਲੀਆਂ ਵਿਚ ਵੀ ਖੂਨ ਵਗਣ ਲੱਗ ਪਿਆ। ਅਲਨਸੀਰ ਬਜ਼ਾਰ ਵਿਚ ਖੂਨ ਨਾਲ ਲਿਬੜੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ। ਜਿਨ੍ਹਾਂ ਵਿਚ ਔਰਤਾਂ, ਬੱਚੇ ਅਤੇ ਬਜ਼ੁਰਗ ਜਿਆਦਾ ਸਨ। ਲਾਸ਼ਾਂ ਦੇ ਟੁਕੜੇ ਹੋਣ ਕਾਰਨ ਇਨ੍ਹਾਂ ਦੀ ਕੋਈ ਪਹਿਚਾਣ ਨਹੀਂ ਸੀ ਹੋ ਰਹੀ। ਪੂਰਾ ਬਜ਼ਾਰ ਤਹਿਸ ਨਹਿਸ ਹੋ ਗਿਆ। ਇਸ ਤੋਂ ਮਗਰੋਂ ਅਮਰੀਕੀ ਫੌਜਾਂ ਦੇ ਜੰਗਜੂ ਜਹਾਜ਼ਾਂ ਨੇ ਬਗਦਾਦ 'ਤੇ ਲੇਜ਼ਰ ਗਾਈਡਡ ਮਿਜ਼ਾਈਲਾਂ ਦੇ ਹਮਲਿਆਂ ਨਾਲ ਬਹੁਤ ਸਾਰੀਆਂ ਸਰਕਾਰੀ ਇਮਾਰਤਾਂ ਬੇਹ ਬਣਾ ਦਿੱਤੀਆਂ। ਉਧਰ ਬ੍ਰਿਟਿਸ਼ ਫੌਜਾਂ ਨੇ ਮੋਸੁਲ 'ਤੇ ਹਵਾਈ ਹਮਲਾ ਕਰ ਕੇ ਕਹਿਰ ਬਰਸਾ ਦਿੱਤਾ। ਜ਼ਖਮੀਆਂ ਨੂੰ ਚੁਕਣ ਲਈ ਐਬੂਲੈਂਸ ਸੜਕਾਂ 'ਤੇ ਦੌੜਨ ਲੱਗੇ। ਇਸੇ ਸਮੇਂ ਦੌਰਾਨ ਨਜ਼ਫ ਨੇੜੇ ਅਮਰੀਕੀ ਬੰਬਾਰਾਂ ਨੇ ਸੱਦਾਮ ਹੁਸੈਨ ਦੀ ਵਿਸ਼ੇਸ਼ ਫੌਜ ਰਿਪਬਲੀਕਨ ਗਾਰਡਜ਼ 'ਤੇ ਹਮਲਾ ਕਰ ਕੇ ਲਗਭਗ 50 ਇਰਾਕੀ ਫੌਜੀ ਮਾਰ ਦਿੱਤੇ ਅਤੇ 20 ਇਰਾਕੀ ਬਖਤਰਬੰਦ ਗੱਡੀਆਂ ਨਸ਼ਟ ਕਰ ਦਿੱਤੀਆਂ। ਇਸੇ ਹਮਲੇ ਵਿਚ 101 ਵੀਂ ਏਅਰਬੋਰਨ ਡਵੀਜ਼ਨ ਦੇ 30 ਹੈਲੀਕਾਪਟਰਾਂ ਨੇ 40 ਮਿਜ਼ਾਈਲਾਂ ਸੁੱਟੀਆ ਅਤੇ 40 ਬੰਬ ਸੁੱਟੇ। ਇਨ੍ਹਾਂ ਆਮ ਲੋਕਾਂ 'ਤੇ ਹੋਏ ਮਿਜ਼ਾਈਲੀ ਹਮਲਿਆਂ ਕਾਰਨ ਅਰਬ ਅਤੇ ਯੂਰਪੀਨ ਦੇਸ਼ਾਂ ਵਿਚ ਅਮਰੀਕੀ ਲੜਾਈ ਵਿਰੁੱਧ ਰੋਸ ਦੀ ਲਹਿਰ ਦੌੜ ਗਈ। ਨਸੀਰੀਆ ਵਿਚ ਵੀ ਅਮਰੀਕੀ ਅਤੇ ਬ੍ਰਿਟਿਸ਼ ਫੌਜਾਂ ਨੇ 2-2 ਹਜ਼ਾਰ ਪੌਂਡ ਦੇ ਭਾਰੀ ਬੰਬ ਸੁੱਟੇ। ਜਲਦੀ ਹੀ

ਸਾਂਝੀਆਂ ਫੌਜਾਂ ਨੇ ਇਰਾਕ ਦੀ ਇਕੋ ਇਕ ਬੰਦਰਗਾਹ ਉਮਕਾਸਰ 'ਤੇ ਕਬਜ਼ਾ ਕਰ ਲਿਆ । ਬਗ਼ਦਾਦ ਤੋਂ ਲਗਭਗ 100 ਕਿ.ਮੀ. ਦੂਰ ਅਲ ਦੀਵਾਨੀਆ 'ਚ ਨੀਮ ਦਲਾਂ ਦੇ ਹਥਿਆਰਾਂ ਦੇ ਜਖ਼ੀਰੇ 'ਤੇ ਵੀ ਹਵਾਈ ਹਮਲਾ ਕਰ ਕੇ ਪੂਰਾ ਜਖ਼ੀਰਾ ਖਤਮ ਕਰ ਦਿੱਤਾ ਗਿਆ । ਬੰਬ ਦੇ ਫਟਣ ਕਾਰਨ ਜਖ਼ੀਰੇ 'ਚੋਂ ਨਿਕਲੇ ਧੂੰਏ ਦੇ ਗੁਬਾਰ ਨੇ ਅਕਾਸ਼ ਨੂੰ ਕਾਲਾ ਕਰ ਦਿੱਤਾ । ਇਸ ਦੇ ਨਾਲ ਹੀ ਗਠਬੰਧਨ ਸੈਨਾਂ ਨੂੰ ਬਗ਼ਦਾਦ ਦੇ ਰਸਤੇ ਵਿਚ ਰੇਗਿਸਤਾਨੀ ਤੂਫਾਨਾਂ ਦੇ ਵਿਚ ਬਸਰਾ, ਨਜ਼ਫ ਅਤੇ ਸੀਰੀਆ ਵਿਚ ਇਰਾਕੀ ਸੈਨਾਵਾਂ ਨਾਲ ਸਭ ਤੋਂ ਵੱਡੇ ਸੰਘਰਸ਼ ਦਾ ਮੁਕਾਬਲਾ ਵੀ ਕਰਨਾ ਪਿਆ । ਉਧਰ ਬਗ਼ਦਾਦ ਵੱਲ ਵਧ ਰਿਹਾ ਗਠਜੋੜ ਫੌਜਾਂ ਦਾ ਕਾਫਲਾ ਉਦੋਂ ਮੁਸੀਬਤ ਵਿਚ ਫਸ ਗਿਆ ਜਦੋਂ ਉਸ ਦੇ ਰਸਤੇ ਵਿਚ ਇਕ ਵੱਡਾ ਤੂਫਾਨ ਆ ਗਿਆ । ਇਸ ਲਈ ਕਾਫਲੇ ਨੂੰ ਇਕ ਦਮ ਰੋਕ ਦਿੱਤਾ ਗਿਆ ਅਤੇ ਅਮਰੀਕੀ ਜੰਗੀ ਬੇੜੇ ਥਿਉਡੋਰ ਰੂਜ਼ਵੈਲਟ ਤੋਂ ਉਡਾਣਾ ਭਰਨ ਵਾਲੇ ਸਾਰੇ ਲੜਾਕੂ ਵਿਮਾਨ ਰੋਕ ਦਿੱਤੇ । ਇਸੇ ਦੌਰਾਨ ਇਰਾਕੀ ਸੈਨਿਕਾਂ ਨੇ ਤੋਪ ਦੇ ਨਿਸ਼ਾਨੇ ਨਾਲ ਇਕ ਅਮਰੀਕੀ ਬੰਬਾਰ ਨੂੰ ਹੇਠਾ ਸੁੱਟ ਲਿਆ ਅਤੇ ਇਸ ਦੇ ਦੋਹਾਂ ਪਾਇਲਟਾਂ ਨੂੰ ਬੰਦੀ ਬਣਾ ਲਿਆ ।

ਅਮਰੀਕੀ ਕਮਾਡਰਾਂ ਨੇ ਖੁਰਾਕ ਅਤੇ ਫੌਜੀ ਸਪਲਾਈ ਵਿਚ ਆ ਰਹੀਆਂ ਰੁਕਾਵਟਾਂ ਤੇ ਸਖਤ ਇਰਾਕੀ ਵਿਰੋਧ ਨੂੰ ਦੇਖਦਿਆਂ ਆਪਣੀਆਂ ਫੌਜਾਂ ਦਾ ਉਤੱਰੀ ਇਰਾਕ ਵਿਚ ਬਗ਼ਦਾਦ ਵੱਲ ਵਧ ਰਿਹਾ ਕਾਫਲਾ ਰੋਕ ਦਿੱਤਾ ਕਿਉਂਕਿ ਅਮਰੀਕੀ ਅਤੇ ਬ੍ਰਿਟਿਸ਼ ਸਰਕਾਰ ਦੇ ਖੁਫੀਆ ਸੰਚਾਰ ਨੇ ਇਨ੍ਹਾਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਰਿਪਬਲੀਕਨ ਗਾਰਡ ਦੀ ਮਦੀਨਾ ਡਵੀਜ਼ਨ ਨੂੰ ਸੈਨਿਕ ਹਥਿਆਰ ਸੌਂਪ ਦਿੱਤੇ ਹਨ ਜੋ ਬਗ਼ਦਾਦ ਜਾਣ ਵਾਲੀਆਂ ਸੜਕਾਂ 'ਤੇ ਤਾਇਨਾਤ ਕਰ ਦਿੱਤੀ ਹੈ । ਮਦੀਨਾ ਡਵੀਜ਼ਨ ਨੂੰ ਬਗ਼ਦਾਦ ਦੀ ਰਾਖੀ ਕਰਨ ਦੇ ਮਾਮਲੇ ਨਾਲ ਇਰਾਕੀ ਸਦਰ ਨੇ ਅਮਰੀਕੀ ਫੌਜਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਜਦੋਂ ਲੜਾਕੂ ਫੌਜਾਂ ਬਗਦਾਦ ਵਿਚ ਦਾਖਲ ਹੋਣ ਸਮੇਂ ਲਾਲ ਰੇਖਾ ਨੂੰ ਪਾਰ ਕਰਨਗੀਆਂ ਤਾਂ ਇਥੇ ਇਹ ਫੌਜਾਂ ਮਾਰੀਆਂ ਜਾਣਗੀਆਂ । ਇਸ ਲਈ ਭੋਜਨ, ਸਪਲਾਈ ਰੁਕਾਵਟ, ਤੂਫਾਨ ਅਤੇ ਲਾਲ ਰੇਖਾ ਦੇ ਡਰ ਕਾਰਨ ਕਈ ਦਿਨਾਂ ਤੱਕ ਗਠਜੋੜ ਕਾਫਲਾ ਅੱਗੇ ਵਧਣ ਤੋਂ ਰੋਕੀ ਰੱਖਿਆ । ਜੰਗ ਸ਼ੁਰੂ ਹੋਣ ਤੋਂ ਪਹਿਲਾਂ ਵੀ ਅਮਰੀਕੀ ਖੁਫੀਆ ਏਜੰਸੀਆਂ ਨੇ ਰੱਖਿਆ ਵਿਭਾਗ ਨੂੰ ਇਨ੍ਹਾਂ ਔਕੜਾਂ ਬਾਰੇ ਸੂਚਿਤ ਕਰ ਦਿੱਤਾ ਸੀ। ਸੀ.ਆਈ.ਏ ਨੇ ਤਾਂ ਹਮਲਾ ਸ਼ੁਰੂ ਕਰਨ ਤੋਂ ਇਕ ਮਹੀਨਾ ਪਹਿਲਾਂ ਹੀ ਅਮਰੀਕੀ ਸਰਕਾਰ ਨੂੰ ਸੂਚਿਤ ਕੀਤਾ ਸੀ ਕਿ ਇਰਾਕੀ ਸਦਰ ਦੇ ਵਫਾਦਾਰ ਅਰਧ ਸੈਨਿਕ ਇਤਿਹਾਦੀ ਫੌਜਾਂ ਨੂੰ ਜ਼ਮੀਨੀ ਜੰਗ ਵਿਚ ਪ੍ਰੇਸ਼ਾਨ ਕਰ ਸਕਦੇ ਹਨ । ਇਸੇ ਲਈ ਅਮਰੀਕੀ ਇਨਫੈਂਨਟਰੀ ਦੇ ਕੂਚ ਨੂੰ ਰੋਕਣਾ ਪਿਆ । ਇਸ ਤੋਂ ਇਲਾਵਾ ਖੁਫੀਆ ਏਜੰਸੀਆਂ ਨੇ ਫਿਦਾਈਨ ਹਮਲਿਆਂ ਦੀ ਚਿਤਾਵਨੀ ਦਿੱਤੀ ਸੀ । ਇਸ ਚਿਤਾਵਨੀ ਨੂੰ ਭਾਵੇਂ ਅਮਰੀਕੀ ਫੌਜ ਦੀ ਇਕ ਹੋਰ ਖੁਫੀਆ ਏਜੰਸੀ ਨੈਸ਼ਨਲ ਗਰਾਊਂਡ ਇੰਟੈਲੀਜੈਂਸ ਸੈਂਟਰ ਨਾਲ ਸਾਂਝਾ ਕੀਤਾ ਗਿਆ ਪਰ ਇਸ ਵੱਲ ਬਹੁਤ ਵੱਡਾ ਧਿਆਨ ਨਾ ਦਿੱਤਾ ਕਿਉਂਕਿ ਅਮਰੀਕੀ ਫੌਜਾਂ ਦਾ ਬਹੁਤਾ ਕਰ ਕੇ ਰਿਪਬਲੀਕਨ ਗਾਰਡਾਂ ਅਤੇ ਸਮੂਹਿਕ ਤਬਾਹੀ ਵਾਲੇ ਹਥਿਆਰਾਂ ਵੱਲ ਧਿਆਨ ਕੇਂਦਰਿਤ ਰਿਹਾ । ਇਸੇ ਕਾਰਨ ਹੀ ਜਦੋਂ ਇਰਾਕੀ ਅਰਧ ਸੈਨਿਕ ਬਲ ਮੈਦਾਨ ਵਿਚ ਉਤਰੇ ਤਾਂ ਅਮਰੀਕੀ ਫੌਜੀ ਕਮਾਂਡਰ ਬਿਪਤਾ

ਵਿਚ ਫਸ ਗਏ । ਭਾਵੇਂ ਪੈਂਟਾਗਨ ਨੂੰ 'ਫਿਦਾਈਨ ਸੱਦਾਮ' ਅਰਧ ਸੈਨਿਕਾਂ ਬਾਰੇ ਵੀ ਪਹਿਲਾਂ ਹੀ ਸੂਚਨਾ ਮਿਲ ਚੁੱਕੀ ਸੀ ਪਰ ਤਾਂ ਵੀ ਇਨ੍ਹਾਂ ਦੇ ਹਮਲਿਆਂ ਨੂੰ ਅਮਰੀਕੀ ਫੌਜਾਂ ਰੋਕ ਨਹੀਂ ਸਕੀਆਂ । ਇਨ੍ਹਾਂ ਸੈਨਿਕਾਂ ਦੀ ਗਿਣਤੀ 50 ਹਜ਼ਾਰ ਦੇ ਲਗਭਗ ਸੀ ਇਹ ਸਾਦੇ ਕਪੜਿਆਂ ਵਿਚ ਰਹਿੰਦੇ ਸਨ ਅਤੇ ਗੁਰੀਲਾ ਯੁੱਧ ਦੇ ਮਾਹਰ ਸਨ । ਇਹ ਏ.ਕੇ.47 ਰਾਈਫਲਾਂ ਹਰ ਵੇਲੇ ਆਪਣੇ ਕੋਲ ਰੱਖਦੇ ਸਨ । ਇਨ੍ਹਾਂ ਨੇ ਹੀ ਤੇਜੀ ਨਾਲ ਬਗਦਾਦ ਵਲ ਵਧ ਰਹੀ ਬ੍ਰਿਟਿਸ਼ ਫੌਜ ਨੂੰ ਕਈ ਦਿਨਾਂ ਤੱਕ ਰੋਕੀ ਰੱਖਿਆ । ਅਮਰੀਕੀ ਕਮਾਂਡਰ ਵੀ ਇਨ੍ਹਾਂ ਦੇ ਹਮਲਿਆਂ ਤੋਂ ਬਹੁਤ ਪ੍ਰੇਸ਼ਾਨ ਹੋਏ ।

ਅਮਰੀਕੀ ਫੌਜਾਂ ਇਰਾਕ ਉਤੇ ਭਾਵੇਂ ਹਵਾਈ ਹਮਲੇ ਤੇਜੀ ਨਾਲ ਕਰ ਰਹੀਆਂ ਸਨ ਪਰ ਬਖਤਬੰਦ ਗੱਡੀਆਂ ਦੇ ਕਾਫਲੇ ਨੂੰ ਰੋਕ ਦਿੱਤਾ ਗਿਆ ਕਿਉਂਕਿ ਮੂਹਰਲੀਆਂ ਫੌਜੀ ਸਫਾਂ ਤੱਕ ਭੋਜਨ ਦੀ ਸਪਲਾਈ ਪੂਰੀ ਨਹੀਂ ਸੀ ਹੋ ਰਹੀ । ਪਹਿਲਾਂ ਇਨ੍ਹਾਂ ਫੌਜੀ ਸਫਾਂ ਨੂੰ ਪ੍ਰਤੀ ਫੌਜੀ ਜਿਥੇ ਭੋਜਨ ਦੇ ਤਿੰਨ ਪੈਕਟ ਦਿੱਤੇ ਜਾਂਦੇ ਸਨ ਹੁਣ ਸਿਰਫ ਇਕ ਪੈਕਟ ਹੀ ਦਿੱਤਾ ਜਾ ਰਿਹਾ ਸੀ । ਕਿਉਂਕਿ ਹੁਣ ਤੱਕ ਗਠਜੋੜ ਫੌਜਾਂ ਇਰਾਕ ਅੰਦਰ 300 ਕਿ.ਮੀ. ਦੂਰ ਤੱਕ ਦਾਖਲ ਹੋ ਚੁੱਕੀਆਂ ਸਨ । ਦੂਰੀ ਕਾਰਨ ਜਿਥੇ ਇਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਉਥੇ ਇਰਾਕੀ ਫੌਜੀ ਟੁਕੜੀਆਂ ਅਤੇ ਨੀਮ ਫੌਜੀ ਦਲਾਂ ਵੱਲੋਂ ਇਨ੍ਹਾਂ 'ਤੇ ਸਖਤ ਹਮਲੇ ਵੀ ਹੋ ਰਹੇ ਸਨ ।

ਅਮਰੀਕੀ ਰਾਸ਼ਟਰਪਤੀ ਜਾਰਜ਼ ਵਾਕਰ ਬੁਸ਼ ਅਤੇ ਰੱਖਿਆ ਮੰਤਰੀ ਡੋਨਾਲਡ ਰੁਮਜ਼ਫੀਲ 'ਤੇ ਉਂਗਲੀ ਉਠੱਣ ਲੱਗੀ । ਅਮਰੀਕਾ, ਇੰਗਲੈਂਡ ਸਮੇਤ ਪੂਰਾ ਵਿਸ਼ਵ ਇਸ ਗੱਲ ਤੋਂ ਹੈਰਾਨ ਸੀ ਕਿ ਬਗਦਾਦ ਨੂੰ ਫਤਿਹ ਕਰਨ ਜਾ ਰਹੇ ਅਮਰੀਕੀ ਫੌਜਾਂ ਦੇ ਕਾਫਲੇ ਨੂੰ ਰਸਤੇ ਵਿਚ ਕਿਉਂ ਰੋਕ ਦਿੱਤਾ ਗਿਆ । ਅਮਰੀਕੀ ਲੋਕਾਂ ਦਾ ਕਹਿਣਾ ਸੀ ਕਿ ਰੱਖਿਆ ਮੰਤਰੀ ਡੋਨਾਲਡ ਰੁਮਜ਼ਫੀਲਡ ਨੂੰ ਇਰਾਕ 'ਤੇ ਏਨੀ ਕਾਹਲੀ ਨਾਲ ਹਮਲਾ ਨਹੀਂ ਕਰਨਾ ਚਾਹੀਦਾ ਸੀ । ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਇਨ੍ਹਾਂ ਨੂੰ ਮੰਨਣੀਆਂ ਚਾਹੀਦੀਆਂ ਸਨ । ਇਨ੍ਹਾਂ ਨੇ ਇਰਾਕ ਵਿਰੋਧੀਆਂ ਅਤੇ ਇਸਰਾਈਲ ਏਜੰਸੀਆਂ ਦੀ ਇਹ ਗੱਲ ਮੰਨ ਕੇ ਕੇ ਇਰਾਕ 'ਤੇ ਹਮਲਾ ਕਰ ਦਿੱਤਾ ਕਿ ਹਮਲਾ ਹੁੰਦੇ ਸਾਰ ਇਰਾਕ ਵਿਚ ਸੱਦਾਮ ਵਿਰੋਧੀ ਵਿਦਰੋਹ ਪੈਦਾ ਹੋ ਜਾਵੇਗਾ ਅਤੇ ਇਰਾਕੀ ਸੈਨਾ ਕੁਝ ਹੀ ਦਿਨਾਂ ਵਿਚ ਗੋਡੇ ਟੇਕ ਦੇਵੀਗੀ। ਇਸ ਤਰ੍ਹਾਂ ਲੋਕੀ ਆਪਣੇ-ਆਪਣੇ ਵਿਚਾਰਾਂ ਨਾਲ ਵੱਖੋ ਵੱਖਰੀ ਸੋਚ ਨਾਲ ਜੰਗ ਬਾਰੇ ਸੋਚਣ ਲੱਗੇ । ਔਰਤਾਂ ਵੀ ਅਮਰੀਕੀ ਰਾਸ਼ਟਰਪਤੀ ਨੂੰ ਕੋਸਣ ਲੱਗੀਆਂ । ਉਹ ਇਸ ਗੱਲ ਤੋਂ ਦੁੱਖੀ ਸਨ ਕਿ ਅਮਰੀਕੀ ਸਿਰਫ ਤੇਲ 'ਤੇ ਕਬਜ਼ਾ ਕਰਨ ਲਈ ਮਾਰੇ ਜਾ ਰਹੇ ਸਨ ਨਾ ਕਿ ਇਰਾਕੀ ਲੋਕਾਂ ਦੀ ਅਜ਼ਾਦੀ ਲਈ । ਲੋਕੀ ਸਿੱਧੇ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਜੁਨੀਅਰ ਬੁਸ਼ ਨੂੰ ਦੋਸ਼ੀ ਸਮਝਣ ਲੱਗੇ। 'ਅਪ੍ਰੇਸ਼ਨ ਇਰਾਕੀ ਫਰੀਡਮ' ਨੂੰ ਬਗਦਾਦ ਵੱਲ ਲੈ ਕੇ ਜਾ ਰਿਹਾ ਕਾਫਲਾ ਜਿਹੜਾ ਕਿ 'ਦਾ ਪ੍ਰੋਜੈਕਟ ਫਾਰ ਏ ਨਿਊ ਅਮਰੀਕਨ ਸੈਂਚੁਰੀ' ਦੀ ਸੋਚ ਨਾਲ ਨੱਕੋ-ਨੱਕ ਭਰਿਆ ਹੋਇਆ ਸੀ, ਦੁਬਿਧਾ ਵਿਚ ਪੈ ਗਿਆ ਕਿਉਂਕਿ ਉਸ ਨੂੰ ਹੁਣ ਇਰਾਕੀ ਜੰਗ ਦੇ ਨਾਲ ਇਕ ਹੋਰ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜਿਹੜੀ ਕਿ ਖਤਰਨਾਕ ਮੋੜ ਧਾਰਨ ਕਰਦੀ ਜਾ ਰਹੀ ਸੀ । ਉਹ ਸੀ ਲੋਕਾਂ ਦੇ ਵਿਚਾਰਾਂ ਦੀ ਮਹਾਂਸ਼ਕਤੀ । ਇਸ ਮਹਾਂਸ਼ਕਤੀ ਤੋਂ ਡਰਦੇ ਹੋਏ ਅਮਰੀਕੀ ਰਾਸ਼ਟਰਪਤੀ ਜਾਰਜ਼

ਵਾਕਰ ਬੁਸ਼ ਬਗ਼ਦਾਦ ਦੇ ਕਿਲੇ ਨੂੰ ਜਲਦੀ ਤੋਂ ਜਲਦੀ ਫਤਿਹ ਕਰਨਾ ਚਾਹੁੰਦੇ ਸਨ। ਪਰ ਯੁੱਧ ਦੇ ਪੂਰੇ ਦਸ ਦਿਨ ਗੁਜਰ ਜਾਣ ਤੋਂ ਮਗਰੋਂ ਵੀ ਇਰਾਕੀ ਗੁਰੀਲੇ ਅਮਰੀਕੀ ਫੌਜਾਂ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਬਣੇ ਹੋਏ ਸਨ। ਪੈਂਟਾਗਨ ਨੇ ਤਾਂ ਇਹ ਵੀ ਸੋਚਿਆ ਸੀ ਕਿ ਜ਼ਿਆਦਤਰ ਇਰਾਕੀ ਸੈਨਿਕ ਬਿਨ੍ਹਾਂ ਲੜੇ ਹੀ ਆਤਮ ਸਮਰਪਣ ਕਰ ਦੇਣਗੇ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੇ ਇਰਾਕ 'ਚ ਢਾਈ ਲੱਖ ਪਰਚੇ ਵੀ ਸੁੱਟੇ। ਪਰ ਸਾਰਾ ਕੁਝ ਇਸ ਦੇ ਉਲਟ ਹੋਇਆ। ਇਰਾਕੀ ਸੈਨਿਕਾਂ ਨੇ ਆਤਮ ਸਮਰਪਣ ਦੇ ਬਹਾਨੇ ਅਮਰੀਕੀ ਸੈਨਿਕਾਂ 'ਤੇਹਮਲੇ ਸ਼ੁਰੂ ਕਰ ਦਿੱਤੇ। ਇੱਥੋਂ ਤੱਕ ਕਿ ਹਸਪਤਾਲਾਂ ਵਿਚ ਦਾਖਲ ਇਰਾਕੀ ਸੈਨਿਕ ਵੀ ਅਮਰੀਕੀਆਂ 'ਤੇ ਹਮਲਾ ਕਰ ਦਿੰਦੇ। ਨਾਗਰਿਕਾਂ ਦੇ ਭੇਸ ਵਿਚ ਲੁਕੇ ਸੈਨਿਕ ਅਚਾਨਕ ਹੀ ਅਮਰੀਕੀ ਗਠਜੋੜ 'ਤੇ ਟੁੱਟ ਪੈਂਦੇ। ਅਮਰੀਕਾ ਦੀਆਂ ਜੰਗ ਪ੍ਰਤੀ ਕੀਤੀਆਂ ਸਾਰੀਆਂ ਭੱਵਿਖਬਾਣੀਆਂ ਅਤੇ ਖੁਫੀਆਂ ਰਿਪੋਰਟਾਂ ਗਲਤ ਸਿੱਧ ਹੋਣ ਲੱਗੀਆਂ। ਡੋਨਾਲਡ ਰੁਮਜ਼ਫੀਲਡ ਦੀ ਯੁੱਧ ਯੋਜਨਾ ਦੀ ਵੀ ਅਲੋਚਨਾ ਹੋਣ ਲੱਗੀ। ਗੱਠਜੋੜ ਸੈਨਾ ਦੇ ਜਰਨੈਲਾਂ ਵਿਚਕਾਰ ਜ਼ਮੀਨੀ ਲੜਾਈ ਬਾਰੇ ਆਪਸੀ ਮਤਭੇਦ ਹੋਣ ਲੱਗੇ। ਯੁੱਧ ਦੇ ਕਮਾਂਡਰ ਟੋਮੀ ਫ੍ਰੈਂਕਸ ਕੋਲ ਇੰਨੇ ਸੈਨਿਕ ਨਹੀਂ ਸਨ ਜਿਹੜੇ ਬਗਦਾਦ ਵੱਲ ਵਧਦੇ ਸੈਨਿਕਾਂ ਦੀ ਥਾਂ ਲੈ ਸਕਣ। ਖੁਫੀਆਂ ਏਜੰਸੀਆਂ ਅਨੁਸਾਰ ਢਾਈ ਲੱਖ ਸੈਨਿਕ ਇਸ ਯੁੱਧ ਲਈ ਕਾਫੀ ਸਨ ਪਰ ਇਨ੍ਹਾਂ ਦੀ ਗਿਣਤੀ ਕਾਫੀ ਘੱਟ ਮਹਿਸੂਸ ਹੋਣ ਲੱਗੀ। ਜਨਰਲ ਫ੍ਰੈਂਕਸ ਅਤੇ ਡੋਨਾਲਡ ਰੁਮਜ਼ਫੀਲਡ ਵਿਚਕਾਰ ਸੈਨਿਕਾਂ ਦੀ ਗਿਣਤੀ ਨੂੰ ਲੈ ਕੇ ਬਹਿਸ ਹੋਣ ਲੱਗ ਪਈ।

ਇਨ੍ਹਾਂ ਸਾਰੀਆਂ ਗਲਤੀਆਂ 'ਚੋਂ ਉਭਰਨ ਅਤੇ ਸਮੱਸਿਆਵਾਂ ਦੇ ਹੱਲ ਲਈ ਗਠਜੋੜ ਫੌਜਾਂ ਨੇ ਆਪਣੇ ਆਪ ਨੂੰ ਫਿਰ ਤੋਂ ਸਗੰਠਤ ਕੀਤਾ। ਉਸ ਨੇ ਉਤੱਰੀ ਇਰਾਕ ਵਿਚ ਲਗਭਗ ਇਕ ਹਜ਼ਾਰ ਛਾਤਾਬਰਦਾਰ ਫੌਜੀ ਉਤਾਰ ਦਿੱਤੇ ਤਾਂ ਕਿ ਉਤੱਰ ਵਲੋਂ ਵੀ ਇਰਾਕੀ ਸੈਨਾ 'ਤੇ ਦਬਾਅ ਪਾਇਆ ਜਾ ਸਕੇ। ਡੋਨਾਲਡ ਰੁਮਜ਼ਫੀਲਡ ਨੇ ਸੈਨਿਕਾਂ ਦੀ ਗਿਣਤੀ ਵਿਚ ਵੀ ਵਾਧਾ ਕਰ ਦਿੱਤਾ। ਹੁਣ ਪੋਲੈਂਡ ਦੇ ਵੀ ਸੈਨਿਕ ਯੁੱਧ ਵਿਚ ਪ੍ਰਵੇਸ਼ ਕਰ ਗਏ। ਭਾਵੇਂ ਗਠਜੋੜ ਫੌਜਾਂ ਨੇ ਇਰਾਕੀ ਸੈਨਾਂ ਦਾ ਧਿਆਨ ਵੰਡਣ ਲਈ ਉਤਰੀ ਇਰਾਕ ਵਿਚ ਨਵੇਂ ਮੋਰਚੇ ਤੋਂ ਮੋਸੂਲ ਅਤੇ ਕਿਰਕੁਕ 'ਤੇ ਜ਼ੋਰਦਾਰ ਹਮਲੇ ਸ਼ੁਰੂ ਕਰ ਦਿੱਤੇ ਸਨ। ਪਰ ਜਿਵੇਂ ਜਿਵੇਂ ਗਠਜੋੜ ਫੌਜਾਂ ਬਗ਼ਦਾਦ ਵਲ ਅਤੇ ਹੋਰ ਤੇਲ ਉਤਪਾਦਨ ਖੇਤਰਾਂ ਵੱਲ ਵਧਣ ਲੱਗੀਆਂ, ਇਰਾਕੀ ਫੌਜਾਂ ਨੇ ਵੀ ਜਵਾਬੀ ਹਮਲੇ ਤੇਜ ਕਰ ਦਿੱਤੇ। ਗੁਰੀਲਾ ਜੰਗ ਵਿਚ ਅਸਫਲ ਹੋਈ ਗਠਜੋੜ ਫੌਜ ਨੂੰ ਸੈਟੇਲਾਈਟ ਅਤੇ ਹਵਾਈ ਵਸੀਲਿਆਂ ਰਾਂਹੀ ਅੱਗੇ ਵਧਣ ਲਈ ਰਸਤਾ ਦਿਖਾਇਆ ਜਾਣ ਲੱਗਾ ਪਰ ਤੇਲ ਖੂਹਾਂ ਨੂੰ ਲੱਗੀ ਅੱਗ ਦੇ ਧੂੰਏਂ ਕਾਰਨ ਸੈਨਾਂ ਨੂੰ ਅੱਗੇ ਵਧਣ ਵਿਚ ਕਠਿਨਾਈ ਆ ਰਹੀ ਸੀ। ਉਧਰ ਫਿਦਾਈਨ ਸੈਨਿਕਾਂ ਨੇ ਪੇਂਡੂ ਲੋਕਾਂ ਦਾ ਰੂਪ ਧਾਰ ਕੇ ਫਰਜੀ ਆਤਮਸਮਰਪਣ ਕਰਨਾ ਸ਼ੁਰੂ ਕਰ ਦਿੱਤਾ। ਇਸ ਆਤਮ ਸਮਰਪਣ ਦੇ ਉਹਲੇ ਉਹ ਗਠਜੋੜ ਸੈਨਾ 'ਤੇ ਹਮਲਾ ਕਰ ਕੇ ਉਨਾਂ ਨੂੰ ਭੱਬਲਭੂਸੇ ਵਿਚ ਪਾ ਦਿੰਦੇ। ਇਨ੍ਹਾਂ ਦੇ ਆਤਮਘਾਤੀ ਹਮਲਿਆਂ ਨੇ ਯੁੱਧ ਨੂੰ ਨਵਾਂ ਮੋੜ ਦੇ ਦਿੱਤਾ। ਇਸ ਨਾਲ ਥਾਂ ਥਾਂ ਅਮਰੀਕੀ ਸੈਨਿਕਾਂ ਦੇ ਮਾਰੇ ਜਾਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਅਮਰੀਕੀ ਫੌਜਾਂ ਨੇ ਤੰਗ ਆ ਕੇ ਬਗਦਾਦ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਤੋਂ

ਇਲਾਵਾ ਇਰਾਕੀ ਸਦਰ ਸੱਦਾਮ ਹੁਸੈਨ ਅਤੇ ਉਸ ਦੇ ਪੁੱਤਰ ਕੁੱਸੇ ਦੇ ਮਹਿਲਾਂ ਨੂੰ ਵੀ ਸਿੱਧੇ ਤੌਰ 'ਤੇ ਹਵਾਈ ਬੰਬਾਰੀ ਦਾ ਨਿਸ਼ਾਨਾ ਬਣਾ ਲਿਆ । ਇਨ੍ਹਾਂ ਹਮਲਿਆਂ ਨੇ ਇਰਾਕੀਆਂ ਨੂੰ ਏਕਤਾ ਦੇ ਸੂਤਰ ਵਿਚ ਬੰਨ ਦਿੱਤਾ । ਉਨ੍ਹਾਂ ਅੰਦਰ ਦੇਸ਼ ਪਿਆਰ ਦੀ ਭਾਵਨਾ ਦਾ ਜ਼ਜਬਾ ਇੰਨਾਂ ਪਰਬਲ ਹੋ ਗਿਆ ਕਿ ਛੋਟੇ ਛੋਟੇ ਬੱਚਿਆਂ ਨੇ ਵੀ ਗਲੀਆਂ ਬਜ਼ਾਰਾਂ ਵਿਚ ਅਮਰੀਕੀ ਸੈਨਾਂ ਦੇ ਵਿਰੋਧ ਵਿਚ ਕਲਾਸ਼ਨੀਕੋਵ ਰਾਈਫਲਾਂ ਚੁੱਕ ਲਈਆਂ। ਦੇਸ਼ ਦੇ ਲੋਕ ਆਪਣੀ ਆਪਣੀ ਦੁਸ਼ਮਣੀ ਨੂੰ ਭੁਲਾ ਕੇ ਜੰਗ ਵਿਚ ਜਖਮੀ ਹੋਏ ਲੋਕਾਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਸੁਰੱਖਿਅਤ ਥਾਵਾਂ 'ਤੇ ਲਿਜਾਣ ਲੱਗੇ । ਜਖਮੀਆਂ ਦੇ ਸਰੀਰ 'ਚੋਂ ਵਗ ਰਹੀਆਂ ਖੂਨ ਦੀ ਤਤੀਰੀਆਂ ਨੂੰ ਆਪਣੇ ਕਪੜੇ ਉਤਾਰ ਕੇ ਆਪ ਸਾਫ ਕਰਦੇ । ਕੋਈ ਵੀ ਵਿਅਕਤੀ ਜਿਹੜਾ ਵੀ ਇਨ੍ਹਾਂ ਦੇ ਆਪਸੀ ਪਿਆਰ, ਅਪਣੱਤ ਅਤੇ ਇਨ੍ਹਾਂ ਦੀ ਦੇਸ਼ ਪ੍ਰੇਮ ਦੀ ਭਾਵਨਾ ਨੂੰ ਦੇਖਦਾ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ, 'ਧੰਨ ਹਨ ਇਹ ਇਰਾਕੀ ਲੋਕ, ਜਿਹੜੇ ਅਮਰੀਕੀ ਬੰਬਾਂ ਦੀ ਮਾਰ ਤਾਂ ਝੱਲਦੇ ਹਨ ਪਰ ਦੇਸ਼ ਨਹੀਂ ਛੱਡਦੇ । ਇਨ੍ਹਾਂ ਦੀ ਦੇਸ਼ ਪ੍ਰੇਮ ਦੀ ਭਾਵਨਾਂ ਨੇ ਹੀ ਸ਼ੀਆ ਅਤੇ ਕੁਰਦ ਲੋਕਾਂ ਨੂੰ ਅਮਰੀਕੀ ਫੌਜਾਂ ਦੇ ਆਵਗਨ 'ਤੇ ਸਵਾਗਤ ਕਰਨ ਤੋਂ ਰੋਕੀ ਰੱਖਿਆ । ਇਨ੍ਹਾਂ ਲੋਕਾਂ ਲਈ ਸੱਦਾਮ ਹੁਸੈਨ ਭਾਵੇਂ ਅੱਤਿਆਚਾਰੀ ਤਾਨਾਸ਼ਾਹ ਸੀ ਪਰ ਇਹ ਇਸ ਗੱਲ ਨੂੰ ਵੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਅਮਰੀਕਾ ਇਥੇ ਖਾਨਾਜੰਗੀ ਕਰਵਾ ਕੇ ਅਰਾਜਿਕਤਾ ਫੈਲਾ ਦੇਵੇਗਾ ਤੇ ਇਸਨੂੰ ਦਬਾਉਣ ਦੇ ਬਹਾਨੇ ਇਥੋਂ ਦੇ ਤੇਲ ਸਰੋਤਾਂ ਦੀ ਲੁੱਟ ਕਰਦਾ ਰਹੇਗਾ ਤੇ ਇਰਾਕ ਦੀ ਭੂਮੀ ਨੂੰ ਬਣਾ ਦੇਵੇਗਾ ਇਕ ਸ਼ਿਕਾਰਗਾਹ ।

ਅਮਰੀਕਾ ਅਤੇ ਇੰਗਲੈਂਡ ਦੀਆਂ ਸਾਝੀਆਂ ਫੌਜਾਂ ਆਤਮਘਾਤੀ ਹਮਲਿਆਂ ਤੋਂ ਬੁਰੀ ਤਰ੍ਹਾਂ ਬੁਖਲਾ ਗਈਆਂ ਕਿਉਂਕਿ ਔਰਤਾਂ ਵੀ ਆਤਮਘਾਤੀ ਦਸਤਿਆਂ ਵਿਚ ਦਾਖਲ ਹੋ ਗਈਆਂ ਸਨ । ਇਹ ਔਰਤਾਂ ਆਪਣੇ ਨਿਸ਼ਾਨੇ 'ਤੇ ਜਾਣ ਤੋਂ ਪਹਿਲਾਂ ਆਪਣੇ ਹੱਥ ਕੁਰਾਨ 'ਤੇ ਰੱਖ ਕੇ ਦੁਸ਼ਮਣ ਦੇ ਚੀਥੜੇ ਉਡਾਉਣ ਦੀ ਸਹੁੰ ਖਾਦੀਆਂ ਤੇ ਚਾਂਈ-ਚਾਂਈ ਜੰਗ ਦੇ ਮੈਦਾਨ ਵਲ ਚੱਲ ਪੈਂਦੀਆਂ । ਆਪਣੀ ਸਰਜ਼ਮੀ ਦੀ ਰਾਖੀ ਕਰਨ ਲਈ ਆਤਮਘਾਤੀ ਬੰਬ ਬਣ ਕੇ ਇਹ ਔਰਤਾਂ ਗਠਜੋੜ ਫੌਜਾਂ ਲਈ ਡਰਾਉਣੇ ਪਹਾੜ ਬਣ ਗਈਆਂ । ਇਨ੍ਹਾਂ ਆਤਮਘਾਤੀ ਹਮਲਿਆਂ ਕਾਰਨ ਬਰਤਾਨੀਆਂ ਵਿਚ ਚਿੰਤਾ ਦੀ ਲਹਿਰ ਦੌੜ ਗਈ । ਇਹ ਵੀ ਸੀ ਕਿ ਅਮਰੀਕੀ ਫੌਜਾਂ ਪਿਛਲੇ 16 ਸਾਲਾਂ ਤੋਂ ਲਗਾਤਾਰ ਲੜਦੀਆਂ ਹੋਈਆਂ ਥੱਕ ਗਈਆਂ ਸਨ। ਮਾਲੀ ਮੁਸ਼ਕਲਾਂ ਅਤੇ ਕੰਮ ਦੇ ਤਣਾਅ ਕਾਰਨ ਸੈਨਿਕਾਂ ਨੇ ਤੰਗ ਆ ਕੇ ਖੁਦਕੁਸ਼ੀ ਦਾ ਰਸਤਾ ਅਖਤਿਆਰ ਕਰ ਲਿਆ। ਹੁਣ ਤੱਕ 1200 ਤੋਂ ਵੀ ਵੱਧ ਸੈਨਿਕ ਆਤਮ ਹੱਤਿਆ ਕਰ ਚੁੱਕੇ ਸਨ। ਜੰਗ ਭਾਵੇਂ ਗਿਆਰਵੇਂ ਦਿਨ ਵਿਚ ਦਾਖਲ ਹੋ ਗਈ ਸੀ ਪਰ ਗਠਜੋੜ ਫੌਜਾਂ ਦਾ ਰੁਕਿਆ ਹੋਇਆ ਕਾਫਲਾ ਬਗਦਾਦ ਵਲ ਵਧਣ ਦਾ ਹੌਂਸਲਾ ਨਹੀਂ ਕਰ ਰਿਹਾ ਸੀ । ਬੁਖਲਾਏ ਅਤੇ ਘਬਰਾਏ ਅਮਰੀਕੀ ਸੈਨਿਕਾਂ ਵਿਚ ਭਗਦੜ ਮਚੀ ਹੋਈ ਸੀ । ਇਹਨਾਂ ਆਤਮਘਾਤੀ ਹਮਲਿਆਂ ਦੇ ਡਰ ਵੱਜੋਂ ਇਹ ਆਪਸੀ ਹਾਦਸਿਆਂ ਦਾ ਸ਼ਿਕਾਰ ਹੋਣ ਲੱਗੇ। ਇਰਾਕੀ ਫੌਜਾਂ ਨੇ ਅਮਰੀਕਾ ਦੀ 507ਵੀਂ ਮੈਂਟੀਨੈਂਸ ਬਟਾਲੀਅਨ ਦੀ ਸ਼ੇਸ਼ਵਾਨਾ ਜੋਨਸਨ ਨਾਂ ਦੀ ਇਕ ਔਰਤ ਸੈਨਿਕ ਨੂੰ ਜੰਗੀ ਕੈਦੀ ਬਣਾ ਲਿਆ । ਨਜ਼ਫ ਵਿਚ ਇਸੇ ਸਮੇਂ ਇਕ ਇਰਾਕੀ ਸਿਪਾਹੀ ਨੇ ਆਤਮਘਾਤੀ

ਬਣ ਕੇ ਇਕ ਅਮਰੀਕੀ ਕਾਰ ਦੇ ਚੀਥੜੇ ਉਡਾ ਦਿੱਤੇ ਜਿਸ ਵਿਚ ਅਮਰੀਕਾ ਦੇ ਚਾਰ ਸੈਨਿਕ ਮੌਕੇ 'ਤੇ ਹੀ ਮਾਰੇ ਗਏ । ਇਰਾਕ ਦੀ ਹਵਾਈ ਸੰਚਾਰ ਪ੍ਰਣਾਲੀ ਭਾਵੇਂ ਹੀ ਅਮਰੀਕਾ ਨੇ ਤਬਾਹ ਕਰ ਦਿੱਤੀ ਸੀ ਪਰ ਇਰਾਕ ਦੇ ਹਵਾਈ ਟਿਕਾਣਿਆਂ ਦਾ ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ । ਕਈ ਵਾਰ ਉਨ੍ਹਾਂ ਦੇ ਜੰਗੀ ਹਵਾਈ ਜਹਾਜ਼ ਬਿਨ੍ਹਾਂ ਬੰਬ ਸੁੱਟੇ ਹੀ ਵਾਪਸ ਆ ਜਾਂਦੇ ।

ਗਠਜੋੜ ਫੌਜਾਂ ਦੇ 49 ਸੈਨਿਕਾਂ ਨੂੰ ਇਰਾਕੀ ਸੈਨਿਕਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ 7 ਸੈਨਿਕਾਂ ਨੂੰ ਬੰਦੀ ਬਣਾ ਲਿਆ, 5 ਜਹਾਜ਼ ਹੇਠਾਂ ਸੁੱਟ ਲਏ । ਕਈ ਟੈਂਕ ਅਤੇ ਬਖਤਰਬੰਦ ਗੱਡੀਆਂ ਸਾੜ ਕੇ ਸੁਆਹ ਕਰ ਦਿੱਤੀਆਂ । ਉਮਕਾਸਰ ਬੰਦਰਗਾਹ 'ਤੇ ਭਾਵੇਂ ਹੀ ਅਮਰੀਕਾ ਨੇ ਕਬਜ਼ਾ ਕਰ ਲਿਆ ਸੀ ਪਰ ਗੁਰੀਲਿਆਂ ਨੇ ਉਨ੍ਹਾਂ ਦੇ ਨੱਕ ਵਿਚ ਦਮ ਕਰ ਰੱਖਿਆ ਸੀ । ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਵੱਖ ਵੱਖ ਸ਼ਹਿਰਾਂ ਵਿਚ ਵੀ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਇਨ੍ਹਾਂ ਗੁਰੀਲਿਆਂ ਨਾਲ ਲੜਨਾ ਪੈ ਰਿਹਾ ਸੀ । ਉਧਰ ਇਰਾਕ ਨੇ ਜੰਗੀ ਕੈਦੀਆਂ ਨੂੰ ਟੀ.ਵੀ ਤੇ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ । ਇਸ ਤੋਂ ਖਿਝ ਕੇ ਵਾਸ਼ਿੰਗਟਨ ਨੇ ਇਰਾਕ 'ਤੇ ਦੋਸ਼ ਲਗਾਇਆ ਕਿ ਇਰਾਕ ਜੰਗੀ ਕੈਦੀਆਂ ਨੂੰ ਟੀ.ਵੀ 'ਤੇ ਦਿਖਾ ਕੇ ਜਨੇਵਾ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ । ਖਫ਼ਾ ਹੋਏ ਅਮਰੀਕੀ ਕਮਾਂਡਰਾਂ ਨੇ ਆਤਮਘਾਤੀ ਹਮਲਿਆਂ ਦਾ ਟਾਕਰਾ ਕਰਨ ਲਈ ਯੋਜਨਾ ਤਿਆਰ ਕੀਤੀ । ਇਸ ਦੇ ਨਾਲ ਹੀ ਕੁਵੈਤ ਵਿਚ ਸੈਨਾ ਦੀ ਗਿਣਤੀ ਵਧਾ ਦਿੱਤੀ । ਅਮਰੀਕੀ ਕਮਾਂਡਰਾਂ ਅਤੇ ਸੈਨਿਕਾਂ ਨੇ ਸਾਰੀਆਂ ਕੌਮਾਂਤਰੀ ਸੰਧੀਆਂ ਅਤੇ ਅਹਿਦਨਾਮਿਆਂ ਨੂੰ ਤੋੜ ਕੇ ਇਰਾਕੀ ਗੁਰੀਲਿਆਂ ਅਤੇ ਆਤਮਘਾਤੀ ਦਸਤਿਆਂ 'ਤੇ ਕਾਬੂ ਪਾਉਣ ਲਈ ਬਗ਼ਦਾਦ 'ਤੇ ਹਵਾਈ ਹਮਲਿਆਂ ਦੀ ਧਾਰ ਨੂੰ ਤੇਜ਼ ਕਰਦੇ ਹੋਏ ਕਰੂਜ ਮਿਜ਼ਾਇਲਾਂ ਦੀ ਵਰਖਾ ਕਰ ਦਿੱਤੀ । ਨਜ਼ਫ ਨੇੜੇ ਸਿਵਲੀਅਨ ਲੋਕਾਂ ਦੀ ਸਵਾਰੀ ਗੱਡੀ ਨੂੰ ਵੀ ਨਾ ਬਕਸ਼ਿਆ । ਉਸ ਤੇ ਗੋਲੀਆਂ ਦੀ ਵਰਖਾ ਕਰ ਕੇ ਉਸ ਅੰਦਰਲੀਆਂ ਤਮਾਮ ਸਵਾਰੀਆਂ ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸਨ ਭੁੰਨ ਦਿੱਤੇ । ਨਜ਼ਫ, ਨਸੀਰੀਆ, ਬਸਰਾ ਅਤੇ ਅਬੁਲ ਖਾਸਿਬ ਵਿਚ ਦੋਨਾਂ ਸੈਨਾਵਾਂ ਵਿਚਕਾਰ ਘਮਸਾਨ ਦੀ ਜੰਗ ਛਿੜੀ ਹੋਈ ਸੀ । ਫਿਦਾਈਨ ਅਤੇ ਸਤਾਧਾਰੀ ਬਾਥ ਪਾਰਟੀ ਦੇ ਮੈਂਬਰਾਂ ਨੇ ਹਮਲਵਰਾਂ 'ਤੇ ਮੋੜਵਾਂ ਵਾਰ ਕਰ ਕੇ ਉਨ੍ਹਾਂ ਵਿਚ ਭਗਦੜ ਮਚਾ ਦਿੱਤੀ ਪਰ ਹਮਲਾਵਰ ਫੌਜਾਂ ਨੇ ਹਵਾਈ ਹਮਲਿਆਂ ਵਿਚ ਕਮੀ ਨਹੀਂ ਆਉਣ ਦਿੱਤੀ । ਉਹ ਬਗਦਾਦ ਤੋਂ ਸਿਰਫ 80 ਕਿ.ਮੀ ਦੀ ਦੂਰੀ 'ਤੇ ਸਨ । ਇਰਾਕੀ ਗੁਰੀਲਿਆਂ ਅਤੇ ਆਤਮਘਾਤੀਆਂ ਤੋਂ ਬਚਣ ਲਈ ਉਨ੍ਹਾਂ ਨੇ ਆਪਣੇ ਕੈਂਪਾ ਦੇ ਇਰਦ-ਗਿਰਦ ਖਾਈਆਂ ਪੁੱਟ ਦਿੱਤੀਆਂ ਅਤੇ ਬਾਰੂਦੀ ਸੁੰਰਗਾ ਬਣਾ ਲਈਆਂ। ਇਰਾਕੀ ਸਦਰ ਸੱਦਾਮ ਹੁਸੈਨ ਦਾ ਇਰਾਕੀ ਫੌਜ ਨਾਲੋਂ ਸਪੰਰਕ ਤੋੜਨ ਲਈ ਟਿਗਰਸ ਨਦੀ ਨੇੜੇ ਬਣੇ ਇਰਾਕੀ ਸੰਚਾਰ ਕੇਂਦਰ ਨੂੰ ਅਮਰੀਕੀ ਹਵਾਈ ਬੰਬਾਰਾਂ ਨੇ ਚੂਰ ਚੂਰ ਕਰ ਦਿੱਤਾ ਅਤੇ ਬਾਥ ਪਾਰਟੀ ਦੇ 200 ਵਰਕਰ ਮਾਰ ਦਿੱਤੇ । ਜਿਉਂ ਜਿਉਂ ਗਠਜੋੜ ਫੌਜਾਂ ਬਗਦਾਦ ਵੱਲ ਵਧ ਰਹੀਆਂ ਸਨ ਲੜਾਈ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਸੀ । ਬਗਦਾਦ ਸ਼ਹਿਰ ਦੇ ਬਾਹਰ ਰਿਪਬਲੀਕਨ ਗਾਰਡਾਂ ਦੁਆਰਾ ਬਣਾਇਆ ਸੁਰੱਖਿਆ ਘੇਰਾ ਕਮਜ਼ੋਰ ਕਰਨ ਲਈ ਇਨ੍ਹਾਂ 'ਤੇ ਬੰਬਾਂ ਦੀ ਵਰਖਾ ਲਗਾਤਾਰ ਜਾਰੀ ਸੀ । ਅਮਰੀਕੀ ਸੈਨਾ

ਦਾ 14 ਏ ਟਾਮ ਜੰਗੀ ਜਹਾਜ਼ 500 ਪੌਂਡ ਦੇ ਜੀ.ਬੀ.ਯੂ. ਬੰਬਾਂ ਨਾਲ ਬਗ਼ਦਾਦ ਸ਼ਹਿਰ 'ਤੇ ਵਰਖਾ ਕਰ ਰਿਹਾ ਸੀ । ਬਗ਼ਦਾਦ ਵਿਚ ਥਾਂ-ਥਾਂ ਤੋਂ ਉਠੇ ਧੂੰਏਂ ਦੇ ਗੁਬਾਰ ਅਤੇ ਅੱਗ ਦੇ ਭਾਂਬੜ ਅਕਾਸ਼ ਨੂੰ ਛੂਹਣ ਲੱਗੇ । ਉਧਰ ਬਸਰਾ ਸ਼ਹਿਰ ਦੇ ਆਲੇ ਦੁਆਲੇ ਗਹਿਗਚ ਲੜਾਈ ਲੱਗੀ ਹੋਈ ਸੀ । ਹਵਾਈ ਹਮਲਿਆਂ ਦੇ ਨਾਲ ਨਾਲ ਅਮਰੀਕੀ ਜ਼ਮੀਨੀ ਫੌਜ ਦੇ ਟੈਂਕਾਂ ਨੇ ਸ਼ਹਿਰ ਨੂੰ ਘੇਰਾ ਪਾਇਆ ਹੋਇਆ ਸੀ । ਅਨਾਜ ਅਤੇ ਪਾਣੀ ਦੀ ਘਾਟ ਕਾਰਨ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਸੀ । ਬੱਚੇ ਬੁੱਢੇ ਔਰਤਾਂ ਭੋਜਨ ਅਤੇ ਪਾਣੀ ਲਈ ਤੜਫ ਰਹੇ ਸਨ । ਇਸ ਨੂੰ ਦੇਖ ਕੇ ਕੁਵੈਤ ਤੋਂ ਪਾਣੀ ਦੀ ਨਾ ਮਾਤਰ ਸਪਲਾਈ ਕੀਤੀ ਜਾਣ ਲੱਗੀ । ਲੋਕਾਂ ਨੂੰ ਘਰ ਛੱਡ ਕੇ ਬਾਹਰ ਜਾਣ ਲਈ ਕੋਈ ਰਸਤਾ ਨਹੀਂ ਲੱਭ ਰਿਹਾ ਸੀ। ਹਿੰਦੀਆ ਅਤੇ ਨਸੀਰੀਆ ਵਿਚ ਵੀ ਖ਼ੂਨ ਵੀਟਵੀਂ ਜੰਗ ਜਾਰੀ ਸੀ । ਬਗ਼ਦਾਦ ਤੋਂ 80 ਕਿ.ਮੀ ਦੂਰ ਹਿੰਦੀਆ ਵਿਚ ਫਰਾਤ ਨਦੀ 'ਤੇ ਬਣੇ ਪੁਲ ਦੇ ਆਲੇ ਦੁਆਲੇ ਇਰਾਕੀ ਫੌਜਾਂ ਪੂਰੇ ਜਾਹੋ-ਜਲਾਲ ਨਾਲ ਲੜ ਰਹੀਆਂ ਸਨ । ਇਰਾਕੀ ਫੌਜਾਂ ਤੋਂ ਬਚਣ ਲਈ ਕਈ ਵਾਰ ਅਮਰੀਕੀ ਫੌਜਾਂ ਨੂੰ ਆਪਣੇ ਕੈਂਪਾਂ ਵੱਲ ਭੱਜਣਾ ਪੈਂਦਾ ਸੀ । ਨਸੀਰੀਆਂ ਵਿਚ ਲਗਾਤਾਰ ਇਕ ਹਫਤੇ ਤੋਂ ਚਲ ਰਹੀ ਘਮਸਾਣ ਦੀ ਲੜਾਈ ਵਿਚ ਬਹੁਤ ਸਾਰੇ ਨਾਗਰਿਕ ਮਾਰੇ ਗਏ । ਉਧਰ ਬਗਦਾਦ ਜਿਹੜਾ ਪਹਿਲਾਂ ਹੀ ਅੱਗ ਵਿਚ ਸੜ ਰਿਹਾ ਸੀ ਹਰ ਘੰਟੇ ਬਾਅਦ ਭਿਆਨਕ ਬੰਬਾਰੀ ਨਾਲ ਕੰਬ ਉਠੱਦਾ ਸੀ । ਕਰਬਲਾ ਵਿਚ ਵੀ ਹਵਾਈ ਬੰਬਾਰੀ ਕਾਰਨ 200 ਨਾਗਰਿਕਾਂ ਦੀ ਮੌਤ ਹੋ ਗਈ । ਇਸੇ ਦੌਰਾਨ ਇਰਾਕੀ ਤੋਪਚੀਆਂ ਨੇ ਬਗ਼ਦਾਦ ਵਿਚ ਅਮਰੀਕਾ ਦੇ ਇਕ ਹੈਲੀਕਾਪਟਰ ਅਤੇ 7 ਟੈਂਕਾਂ ਨੂੰ ਤਬਾਹ ਕਰ ਦਿੱਤਾ । ਜੰਗ ਪੂਰੇ ਇਰਾਕ ਵਿ ਪੂਰੇ ਜੋਬਨ 'ਤੇ ਫੈਲ ਚੁੱਕੀ ਸੀ । ਅਜਿਹਾ ਕੋਈ ਸ਼ਹਿਰ ਨਾ ਬਚਿਆ ਜਿਸ ਵਿਚ ਗਹਿਗੱਚ ਲੜਾਈ ਨਾ ਲੱਗੀ ਹੋਵੇ । ਦੋਵੇਂ ਪਾਸੇ ਮਨੁੱਖਤਾ ਦਾ ਘਾਣ ਹੋ ਰਿਹਾ ਸੀ । ਅਲ ਕਿਲਿਫ ਵਿਚ ਇਰਾਕੀਆਂ ਦੀਆਂ ਲਾਸ਼ਾਂ ਰੁਲ ਰਹੀਆਂ ਸਨ। ਅਮਰੀਕੀ ਫੌਜੀ ਉਨ੍ਹਾਂ ਦੇ ਪੈਰਾਂ ਦੇ ਜਿਥੇ ਠੁੱਡ ਮਾਰਦੇ ਹੋਏ ਰਫਲਾਂ ਤਾਣੀ ਅੱਗੇ ਨਿਕਲ ਜਾਂਦੇ ਉਥੇ ਇਰਾਕੀ ਲੋਕ ਭੁੱਖੇ ਪਿਆਸੇ ਅਤੇ ਅਮਰੀਕੀ ਬੰਬਾਂ ਦੀ ਮਾਰ ਅਤੇ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਮਰ ਰਹੇ ਸਨ । ਕੋਈ ਔਰਤ ਆਪਣੇ ਘਰ ਦੇ ਮਲਬੇ 'ਤੇ ਬੈਠੀ ਰੋ ਰਹੀ ਸੀ । ਕੋਈ ਕਿਸੇ ਤਾਬੂਤ ਕੋਲ ਬੈਠੀ ਰੋ ਰਹੀ ਸੀ । ਕੋਈ ਸਿਰ ਤੋਂ ਪੈਰਾਂ ਤੱਕ ਖ਼ੂਨ ਨਾਲ ਲੱਥ ਪੱਥ ਸੀ । ਕੋਈ ਵਿਅਕਤੀ ਖ਼ੂਨ ਨਾਲ ਲੱਥਪੱਥ ਕਿਸੇ ਅਣਜਾਣ ਬੱਚੀ ਨੂੰ ਲੈ ਕੇ ਕਿਸੇ ਸੁਰੱਖਿਅਤ ਥਾਂ ਵਲ ਦੌੜਿਆ ਜਾ ਰਿਹਾ ਸੀ ਅਤੇ ਕੋਈ ਮਾਂ ਆਪਣੇ ਬੱਚੇ ਲਈ ਤੜਫ ਰਹੀ ਸੀ ਤੇ ਕੋਈ ਬੱਚੀ ਆਪਣੀ ਮਾਂ ਲਈ । ਅਮਰੀਕੀ ਹਮਲੇ ਦੇ 14 ਵੇਂ ਦਿਨ ਵੀ ਘਮਸਾਨ ਜੰਗ ਜਾਰੀ ਸੀ । ਬਗ਼ਦਾਦ ਨੂੰ ਚਾਰੇ ਪਾਸੇ ਤੋਂ ਘੇਰਨ ਲਈ ਪੂਰਬ ਅਤੇ ਪੱਛਮ ਵਾਲੇ ਪਾਸੇ ਤੋਂ ਜ਼ਮੀਨੀ ਹਮਲਾ ਤੇਜ ਕਰ ਦਿੱਤਾ ਅਤੇ ਪਵਿੱਤਰ ਸ਼ਹਿਰ ਕਰਬਲਾ ਨੂੰ ਚਾਰੇ ਪਾਸੇ ਤੋਂ ਘੇਰ ਕੇ ਅੱਧੀ ਰਾਤ ਵੇਲੇ ਹਵਾਈ ਜਹਾਜ਼ਾਂ, ਆਪਚੇ ਹੈਲੀਕਾਪਟਰਾਂ, ਤੋਪਖਾਨੇ ਅਤੇ ਅਮਰੀਕੀ ਬਖਤਬੰਦ ਗੱਡੀਆਂ ਦੀ ਮਦਦ ਨਾਲ ਹਮਲਾ ਕਰ ਦਿੱਤਾ । ਰਾਤ ਦੇ ਹਮਲੇ ਵੇਲੇ ਸਾਰਾ ਅਕਾਸ਼ ਸੰਤਰੀ ਅਤੇ ਚਿੱਟੇ ਰੰਗ ਦੀ ਰੋਸ਼ਨੀ ਨਾਲ ਭਰ ਗਿਆ । ਗਠਜੋੜ ਫੌਜਾਂ ਨੇ ਬਗ਼ਦਾਦ ਦੇ ਪੱਛਮੀ ਸ਼ਹਿਰ ਕਰਬਲਾ 'ਤੇ ਕਬਜ਼ਾ ਕਰ ਕੇ ਉਥੇ 15000 ਫੌਜੀ ਤਾਇਨਾਤ ਕਰ ਦਿੱਤੇ । ਇਸ ਦੇ ਨਾਲ ਹੀ ਬਗ਼ਦਾਦ ਦੇ ਪੂਰਬ ਵਿਚ

ਅਲ-ਕੁੱਟ ਨੇੜੇ ਦਜ਼ਲਾ ਦਰਿਆ ਦੇ ਇਕ ਅਹਿਮ ਪੁਲ 'ਤੇ ਕਬਜ਼ਾ ਕਰ ਕੇ ਦੂਜੇ ਪਾਸਿਓਂ ਵੀ ਗਠਜੋੜ ਫੌਜਾਂ ਦੇ ਬਗਦਾਦ ਵਲ ਵਧਣ ਦਾ ਰਾਹ ਖੁੱਲ੍ਹ ਗਿਆ । ਕਰਬਲਾ ਅਤੇ ਕੁੱਟ ਸ਼ਹਿਰਾਂ 'ਤੇ ਕਬਜ਼ਾ ਕਰ ਕੇ ਇੱਥੋਂ ਵਾਧੂ ਫੌਜ ਨੂੰ ਅਮਰੀਕਾ ਨੇ ਬਗਦਾਦ ਵੱਲ ਵਧ ਰਹੀ ਫੌਜ ਨਾਲ ਤੋਰ ਦਿੱਤਾ । ਬਗਦਾਦ ਯੂਨੀਵਰਸਿਟੀ ਨੇੜੇ ਅਮਰੀਕਾ ਵਲੋਂ ਕੀਤੀ ਤਾਬੜਤੋੜ ਬੰਬ ਵਰਖਾ ਨਾਲ ਕਈ ਥਾਂ ਇੰਨੀਆਂ ਡੂੰਘੀਆਂ ਖਾਈਆਂ ਪੁੱਟੀਆਂ ਗਈਆਂ ਕਿ ਇਹ ਪਾਣੀ ਤੋਂ ਸੱਖਣੇ ਤਲਾਵਾਂ ਦਾ ਰੂਪ ਧਾਰਨ ਕਰ ਗਈਆਂ । ਭਿਆਨਕ ਬੰਬਾਂ ਦੀ ਮਾਰ ਇੰਨੀ ਜਿਆਦਾ ਸੀ ਕਿ ਲੋਕੀ ਮਲਬੇ ਦਾ ਰੂਪ ਧਾਰਨ ਕਰ ਚੁੱਕੇ ਘਰਾਂ ਨੂੰ ਛੱਡ ਕੇ ਸੁਰੱਖਿਅਤ ਥਾਂਵਾਂ ਵੱਲ ਭੱਜਣ ਲੱਗ ਪਏ । ਪਰ ਸੁਰੱਖਿਅਤ ਥਾਵਾਂ ਵਲ ਵੀ ਕਿਵੇਂ ਜਾਂਦੇ ਉਨ੍ਹਾਂ ਦੇ ਅੱਗੇ ਰਸਤੇ ਵਿਚ ਗਠਜੋੜ ਫੌਜਾਂ ਦੇ ਸੈਨਿਕ ਹਥਿਆਰਾਂ ਨਾਲ ਲੈਸ ਹੋਏ ਖੜੇ ਸਨ । ਕੋਈ ਕਿਸੇ ਪਾਸੇ ਭੱਜ ਕੇ ਨਹੀਂ ਜਾ ਸਕਦਾ ਸੀ । ਮਸ਼ਕਾਂ ਬੰਨਣ ਦੇ ਬਾਵਜੂਦ ਰਿਵਾਲਰ ਦੀ ਨੋਕ 'ਤੇ ਇਨ੍ਹਾਂ ਦੀ ਤਲਾਸ਼ੀ ਲਈ ਜਾਂਦੀ ਸੀ । ਇਸ ਤੋਂ ਪਹਿਲਾਂ ਕਿ ਉਹ ਅੱਗੇ ਜਾਣ ਉਨ੍ਹਾਂ ਵੱਲ ਹਥਿਆਰ ਸਿੱਧੇ ਕਰ ਦਿੱਤੇ ਜਾਂਦੇ ਸਨ । ਪਹਿਲਾਂ ਇਨ੍ਹਾਂ ਦੇ ਹੱਥ ਖੜੇ ਕਰਵਾਏ ਜਾਂਦੇ ਸਨ । ਫਿਰ ਇਨ੍ਹਾਂ ਤੋਂ ਪਰੇਡ ਕਰਵਾਈ ਜਾਂਦੀ ਸੀ ਤੇ ਪੂਰੀ ਤਰ੍ਹਾਂ ਤਲਾਸ਼ੀ ਲੈ ਕੇ ਇਨ੍ਹਾਂ ਨੂੰ ਜਲੀਲ ਕਰਨ ਤੋਂ ਮਗਰੋਂ ਹੀ ਜਾਣ ਦਿੱਤਾ ਜਾਂਦਾ ਸੀ । ਕਿਸੇ ਨੇ ਛੋਟੇ ਛੋਟੇ ਭੁੱਖਣ ਭਾਣੇ ਬੱਚਿਆਂ ਦੀ ਉਂਗਲ ਪਕੜੀ ਹੋਈ ਸੀ । ਕੋਈ ਬੱਚਿਆਂ ਨੂੰ ਕੁੱਛੜ ਚੁੱਕ ਜੋ ਹੱਥ ਲੱਗਿਆ, ਸਿਰ ਤੇ ਰੱਖ ਪੰਡਕੋਲੀ ਸੁਰੱਖਿਅਤ ਥਾਂ ਵੱਲ ਵਾਹੋ-ਦਾਹ ਦੌੜੀ ਜਾ ਰਹੀ ਸੀ । ਕਿਸੇ ਦੀ ਲੱਤ ਟੁੱਟੀ ਕਿਸੇ ਦੀ ਬਾਂਹ, ਕੋਈ ਖੂਨ ਨਾਲ ਲੱਥ ਪੱਥ ਹੋਇਆ ਲੰਮਾ ਪਿਆ ਸੀ । ਹਸਪਤਾਲਾਂ ਦੇ ਅੰਦਰ ਅਤੇ ਬਾਹਰ ਜ਼ਖਮੀ ਤੇ ਲੂਲੇ- ਲੰਗਤੇ ਕਰਾਹ ਰਹੇ ਸਨ । ਇਰਾਕੀ ਸੈਨਿਕ ਜਿਹੜੇ ਜੰਗ ਵਿਚ ਜ਼ਖਮੀ ਹੋ ਗਏ ਅਮਰੀਕੀ ਸੈਨਿਕ ਉਨ੍ਹਾਂ ਦੀਆਂ ਬਾਹਵਾਂ ਪਿੱਛੇ ਨੂੰ ਬੰਨ ਕੇ ਹਸਪਤਾਲਾਂ ਦੇ ਅੱਗੇ ਸੁੱਟ ਦਿਆ ਕਰਦੇ ਸਨ । ਪਰ ਦਵਾਈ ਬੂਟੀ ਦਾ ਨਾਂ ਤੱਕ ਨਹੀਂ ਸੀ । ਇਨ੍ਹਾਂ ਜਖਮੀਆਂ ਨਾਲ ਉਸ ਵੇਲੇ ਹੋਰ ਵੀ ਅਣਹੋਣੀ ਹੋ ਗਈ ਜਦੋਂ ਜਨੇਵਾ ਸੰਧੀਆਂ ਅਤੇ ਮਨੁੱਖੀ ਅਧਿਕਾਰਾਂ ਨੂੰ ਕੁਚਲ ਕੇ ਗਠਜੋੜ ਫੌਜਾਂ ਨੇ ਇਨ੍ਹਾਂ ਨੂੰ ਧੂਅ- ਘੜੀਸ ਕੇ ਹਸਪਤਾਲਾਂ 'ਚੋਂ ਬਾਹਰ ਖਿੱਚ ਲਿਆ ਤੇ ਪ੍ਰਚਾਰ ਕੀਤਾ ਕਿ ਇਨ੍ਹਾਂ ਇਰਾਕੀ ਸੈਨਿਕਾਂ ਨੇ ਆਤਮਸਮਰਪਣ ਕਰ ਦਿੱਤਾ । ਇਨ੍ਹਾਂ ਜਖਮੀਆਂ ਵਿੱਚੋਂ ਬਹਤਿਆਂ ਨੂੰ ਫੜ ਕੇ ਜੰਗੀ ਕੈਦੀ ਦੇ ਰੂਪ ਵਿਚ ਦਿਖਾਇਆ ਗਿਆ । ਬਗਦਾਦ ਸ਼ਹਿਰ ਦੇ ਇਕ ਹਸਪਤਾਲ ਨੂੰ ਤਾਂ ਮਲਬੇ ਵਿਚ ਹੀ ਬਦਲ ਦਿੱਤਾ ਗਿਆ ਜਿਥੇ ਇਰਾਕੀ ਸੈਨਿਕਾਂ ਦੇ ਲੁਕੇ ਹੋਣ ਦਾ ਸ਼ੱਕ ਸੀ । ਪੂਰੇ ਇਰਾਕ ਵਿਚ ਇੰਝ ਲੱਗਦਾ ਸੀ ਜਿਵੇਂ ਪਰਲੋਂ ਆ ਗਈ ਹੋਵੇ । ਹਜ਼ਾਰਾਂ ਔਰਤਾਂ ਦੇ ਸੁਹਾਗ ਜੰਗ ਦੀ ਭੇਂਟ ਚੜ ਗਏ । ਵਿਧਵਾ ਹੋਈਆਂ ਇਹ ਔਰਤਾਂ ਜਿਨ੍ਹਾਂ ਦੇ ਬੱਚੇ ਵੀ ਜੰਗ ਵਿਚ ਮਾਰੇ ਗਏ ਸੁਰਖੁਰੂ ਹੋ ਕੇ ਆਪਣੀ ਸਰਜ਼ਮੀ ਦੀ ਰਾਖੀ ਕਰਨ ਲਈ ਕਲਾਸ਼ਨੀਕੋਵ ਹੱਥਾਂ ਵਿਚ ਲੈ ਕੇ ਜੰਗੇ ਮੈਦਾਨ ਵਿਚ ਤੁਰ ਪਈਆਂ। ਨਣਦਾਂ-ਭਰਜਾਈਆਂ, ਮਾਵਾਂ ਤੇ ਧੀਆਂ ਨੇ ਜੰਗ ਵੱਲ ਚਾਲੇ ਪਾ ਦਿੱਤੇ । ਆਪਣੀ ਆਬਰੂ ਲਈ ਇਨ੍ਹਾਂ ਔਰਤਾਂ ਨੇ ਜੰਗ ਵਿਚ ਆਪਣੀ ਬਲੀ ਦੇ ਦਿੱਤੀ ।

ਜੰਗ ਖਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਸੀ । ਇਤਿਹਾਦੀ ਫੌਜਾਂ, ਬ੍ਰਿਗੇਡੀਅਰ ਜਨਰਲ ਵਿਨਸੈਂਟ ਬਰੂਕਸ ਦੀ ਕਮਾਨ ਹੇਠ ਬਗਦਾਦ ਵੱਲ ਵਧਦੀਆਂ ਜਾ ਰਹੀਆਂ ਸਨ

ਪਰ ਇਹ ਪੈਂਡਾ ਐਨਾ ਸੋਖਾ ਨਹੀਂ ਸੀ । ਅਲ ਕੁੱਟ ਨੇੜੇ ਅਮਰੀਕੀ ਫੌਜਾਂ ਨੂੰ ਇਰਾਕੀ ਡਵੀਜ਼ਨਾਂ ਨੇ ਪਿੱਛੇ ਹਟਣ ਲਈ ਮਜ਼ਬੂਰ ਕਰ ਦਿੱਤਾ । ਉਧਰ ਬਸਰਾ ਸ਼ਹਿਰ 'ਤੇ ਕਬਜ਼ਾ ਕਰਨ ਲਈ ਬਰਤਾਨਵੀ ਫੌਜਾਂ ਪੂਰੀ ਵਾਹ ਲਾ ਰਹੀਆਂ ਸਨ ਜਿਥੇ 1000 ਦੇ ਲਗਭਗ ਫਿਦਾਈਨ ਇਨ੍ਹਾਂ ਬਰਤਾਨਵੀਂ ਫੌਜਾਂ ਨੂੰ ਰੋਕੀ ਖੜੇ ਸਨ । ਬਗਦਾਦ ਭਾਵੇਂ ਬੰਬਾਂ ਨਾਲ ਬੁਰੀ ਤਰ੍ਹਾਂ ਹਿੱਲ ਗਿਆ ਸੀ ਪਰ ਇਰਾਕੀ ਸੈਨਾ ਨੇ ਬਗਦਾਦ ਵੱਲ ਆ ਰਹੇ ਇਕ ਐਫ. ਏ-18 ਸੀ ਹੌਰਨੈਟਲੜਾਕੂ ਜਹਾਜ਼ ਨੂੰ ਹੇਠਾਂ ਸੁੱਟ ਲਿਆ । ਅਲ-ਕਾਰਖ ਜਿਲ੍ਹੇ 'ਤੇ ਕਬਜ਼ਾ ਕਰਨ ਲਈ ਅਮਰੀਕੀ ਫੌਜਾਂ ਨੇ ਇਕੋ ਰਾਤ ਵਿਚ 40 ਸਮਾਰਟ ਬੰਬ ਸੁੱਟੇ । ਸੱਦਾਮ ਹੁਸੈਨ ਫਿਦਾਈਨ ਦੇ ਗੁਰੀਲੇ ਜਿਹੜੇ ਨਸੀਰੀਆ ਵਿਚ ਗਠਜੋੜ ਫੌਜਾਂ 'ਤੇ ਲੁਕਵੇਂ ਵਾਰ ਕਰ ਰਹੇ ਸਨ ਉਨ੍ਹਾਂ ਨੂੰ ਵੀ ਅਮਰੀਕੀ ਫੌਜਾਂ ਨੇ ਤਿੱਤਰ ਬਿੱਤਰ ਕਰ ਦਿੱਤਾ। ਹੁਣ ਨਸੀਰੀਆ ਤੋਂ ਇਲਾਵਾ ਨਜ਼ਫ 'ਤੇ ਵੀ ਅਮਰੀਕੀ ਫੌਜਾਂ ਭਾਰੂ ਹੋ ਗਈਆਂ ਸਨ । ਅਮਰੀਕੀ ਵਿਸਫੋਟ ਇੰਨੇ ਧਮਾਕੇਦਾਰ ਸਨ ਕਿ ਇਨ੍ਹਾਂ ਵਿਸਫੋਟਾਂ ਨਾਲ ਬਹੁਤ ਸਾਰੇ ਨਾਗਰਿਕਾਂ ਦੇ ਜਿਨ੍ਹਾਂ ਵਿਚ ਬੱਚੇ ਵੀ ਸਨ ਪੇਟ ਦੀਆਂ ਆਦਰਾਂ ਬਾਹਰ ਆ ਜਾਂਦੀਆਂ ਸਨ। ਇਸ ਤਰ੍ਹਾਂ ਦਾ ਪੈਂਡਾ ਤਹਿ ਕਰਦੀਆਂ ਹੋਈਆਂ ਅਮਰੀਕੀ ਅਤੇ ਬਰਤਾਨੀਆਂ ਦੀਆਂ ਸਾਝੀਆਂ ਫੌਜਾਂ ਬਗਦਾਦ ਸ਼ਹਿਰ ਤੋਂ 20 ਕਿ.ਮੀ ਦੂਰ ਸੱਦਾਮ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚਗਈਆਂ ਤੇ ਬੰਬਾਂ ਦੇ ਧਮਾਕਿਆਂ ਨਾਲ ਅੱਡੇ ਨੂੰ ਅੱਗ ਲਗਾ ਦਿੱਤੀ । ਜਿਸ ਕਾਰਨ ਅਨੇਕਾਂ ਲੋਕ ਮਾਰੇ ਗਏ । 1000 ਤੋਂ ਵੱਧ ਅਮਰੀਕੀ ਸੈਨਾਵਾਂ ਨੇ ਇਸ ਨੂੰ ਘੇਰਾ ਪਾ ਲਿਆ। ਪਰ ਗਠਜੋੜ ਫੌਜਾਂ ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਖਤਰੇ ਤੋਂ ਡਰ ਕੇ ਸੁੰਘ-ਸੁੰਘ ਕੇ ਅੱਗੇ ਨੂੰ ਪੈਰ ਧਰ ਰਹੀਆਂ ਸਨ । ਇਨ੍ਹਾਂ ਹਥਿਆਰਾਂ ਦੇ ਡਰ ਕਾਰਨ ਉਨ੍ਹਾਂ ਦੇ ਮਖੌਟੇ ਪਹਿਨਾਏ ਗਏ ਸਨ। ਉਨ੍ਹਾਂ ਦੇ ਸਰੀਰ ਦਾ ਕੋਈ ਅੰਗ ਨੰਗਾ ਨਹੀਂ ਸੀ। ਤੀਜੀ ਇਨਫੈਂਟਰੀ ਡਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਬਲੰਟ ਨੇ 20000 ਸੈਨਿਕਾਂ ਦੀ ਮਦਦ ਦੇ ਘੋਲ ਨਾਲ ਬਗਦਾਦ ਵੱਲ ਜਾਣ ਵਾਲੇ ਦੱਖਣੀ ਰਾਹ 'ਤੇ ਕਬਜਾ ਕਰ ਲਿਆ । ਇਸ ਬੰਬਾਰੀ ਨਾਲ ਸਮੁੱਚੇ ਬਗਦਾਦ ਵਿਚ ਬਲੈਕ ਆਊਟ ਹੋ ਗਿਆ । ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸੀਵਰੇਜ ਪ੍ਰਣਾਲੀ ਨੂੰ ਤਹਿਸ ਨਹਿਸ ਕਰ ਦਿੱਤਾ । ਚਾਰੇ ਪਾਸੇ ਗੰਦੀ ਬੋ ਫੈਲ ਗਈ । ਉਧਰ ਉਤਰੀ ਇਰਾਕ ਦੇ ਮੋਸੂਲ ਸ਼ਹਿਰ 'ਤੇ ਪਿਛਲੇ ਕਈ ਦਿਨਾਂ ਤੋਂ ਅਮਰੀਕਾ ਹਮਾਇਤੀ ਕੁਰਦ ਅਤੇ ਇਰਾਕੀ ਸੈਨਾਵਾਂ ਵਿਚ ਭਾਰੀ ਸੰਘਰਸ਼ ਚਲ ਰਿਹਾ ਸੀ। ਅਮਰੀਕੀ ਫੌਜਾਂ ਅਤੇ ਕੁਰਦ ਇਥੇ ਹਾਵੀ ਹੋ ਗਏ । ਇਥੋਂ ਅਮਰੀਕੀ ਫੌਜਾਂ ਦਾ ਕਾਫਲਾ ਤੇਲ ਨਾਲ ਨੱਕੋ ਨੱਕ ਭਰੇ ਕਿਰਤਕ ਸ਼ਹਿਰ ਵਲ ਰਵਾਨਾ ਹੋ ਗਿਆ । ਦੂਜੇ ਪਾਸੇ ਬਗਦਾਦ 'ਤੇ ਕਬਜ਼ੇ ਨੂੰ ਲੈ ਕੇ ਆਰ ਪਾਰ ਦੀ ਜੰਗ ਜਾਰੀ ਸੀ । ਸੱਦਾਮ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵੀ ਘਮਸਾਣ ਦੀ ਜੰਗ ਹੋ ਰਹੀ ਸੀ । ਇਸ ਅੱਡੇ ਨੂੰ ਅਮਰੀਕੀ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਇਰਾਕੀ ਸੈਨਾਵਾਂ ਪੂਰੇ ਜ਼ੋਸ ਵਿਚ ਲੜ ਰਹੀਆਂ ਸਨ। ਆਤਮਘਾਤੀ ਦਸਤਿਆਂ ਨੇ ਵੀ ਅਮਰੀਕੀ ਫੌਜਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਜਮਾਲੀ ਨਾਮ ਦੀ ਇਕ ਔਰਤ ਨੇ ਆਤਮਘਾਤੀ ਬੰਬ ਬਣ ਕੇ ਅਚਾਨਕ ਹੀ ਅਮਰੀਕੀ ਸੈਨਾ 'ਤੇ ਹਮਲਾ ਕਰ ਦਿੱਤਾ ਜਿਸ ਦੇ ਸਿੱਟੇ ਵੱਜੋਂ ਅਮਰੀਕਾ ਦੇ ਚਾਰ ਸੈਨਿਕ ਇਕੋ ਥਾਂ ਮਾਰੇ ਗਏ । ਗੁੱਸੇ ਵਿਚ ਆਈਆਂ ਗੱਠਜੋੜ ਫੌਜਾਂ ਨੇ ਬਗਦਾਦ ਵਿਚ 1000 ਇਰਾਕੀ

ਸੈਨਿਕ ਮਾਰ ਦਿੱਤੇ । ਉਪਰੋਂ ਵਰਦੇ ਬੰਬਾਂ ਦੇ ਮੀਂਹ ਦੀ ਮਦਦ ਨਾਲ ਅਮਰੀਕੀ ਫੌਜ ਦਾ ਕਾਫਲਾ ਜਿਸ ਵਿਚ 20 ਟੈਂਕ ਅਤੇ ਦਸ ਬਖਤਰਬੰਦ ਗੱਡੀਆਂ ਵੀ ਸਨ ਬਗਦਾਦ ਸ਼ਹਿਰ ਦੇ ਨਜ਼ਦੀਕ ਪਹੁੰਚ ਗਿਆ । ਬਗਦਾਦ ਦੇ ਚਾਰੇ ਪਾਸੇ 20 ਕਿ.ਮੀ ਤੱਕ ਘਮਸਾਣ ਦੀ ਜੰਗ ਸ਼ੁਰੂ ਹੋ ਗਈ । ਅਮਰੀਕੀ ਸੈਨਿਕ ਵਾਰ ਵਾਰ ਨਵੇਂ ਮੋਰਚੇ ਬਣਾ ਕੇ ਇਨ੍ਹਾਂ ਦੀ ਓਟ ਲੈ ਕੇ ਗੋਲੀਆਂ ਵਰਸਾਉਦੇ ਹੋਏ ਘੁਟਣਿਆਂ ਭਾਰ ਅੱਗੇ ਵਧਣ ਲੱਗੇ । ਉਧਰ ਸੱਦਾਮ ਕੌਮਾਤਰੀ ਹਵਾਈ ਅੱਡੇ ਤੋਂ ਇਰਾਕੀ ਸੈਨਿਕਾਂ ਨੇ ਅਮਰੀਕੀ ਫੌਜਾਂ ਨੂੰ ਪਿੱਛੇ ਧੱਕ ਦਿੱਤਾ ਅਤੇ ਅਮਰੀਕੀ ਫੌਜਾਂ ਅੱਬੂ ਗਰੇਬ ਦੇ ਇਕ ਸਥਾਨ 'ਤੇ ਘੇਰ ਲਈਆਂ । ਇਥੋਂ ਦੋਹਾਂ ਪਾਸਿਆਂ ਤੋਂ ਗੋਲਿਆਂ ਦੀ ਵਰਖਾ ਹੋਣ ਲੱਗੀ । ਹਵਾਈ ਅੱਡੇ ਦੇ ਕੋਲ ਅਲ ਫਰਾਤ ਅਤੇ ਅਲ ਰਦਵਾਨੀਆ ਜਿਲ੍ਹਿਆਂ ਵਿਚ ਅਮਰੀਕੀ ਹਮਲੇ ਕਾਰਨ ਅਨੇਕਾਂ ਲੋਕ ਮਾਰੇ ਗਏ । ਬਗਦਾਦ ਦੇ ਦੱਖਣ ਪੂਰਬ-ਪੱਛਮ ਦੇ ਬਾਹਰੀ ਇਲਾਕਿਆਂ ਵਿਚ ਸਾਰੀ ਰਾਤ ਮਿਜ਼ਾਈਲਾਂ ਦੇ ਜ਼ਬਰਦਸਤ ਧਮਾਕੇ ਅਤੇ ਤੋਪਾਂ ਦੇ ਗੋਲਿਆਂ ਨੇ ਲੋਕਾਂ ਨੂੰ ਸ਼ਹਿਰ ਵਿਚੋਂ ਭੱਜਣ ਲਈ ਮਜ਼ਬੂਰ ਕਰ ਦਿੱਤਾ । ਬਗਦਾਦ ਦੇ ਬਾਹਰੀ ਇਲਾਕਿਆਂ ਵਿਚੋਂ ਗਠਜੋੜ ਫੌਜਾਂ ਦੇ ਹਥਿਆਰ ਬੰਦ ਸੈਨਿਕ ਆਤਮ ਸਮਰਪਣ ਕਰਨ ਵਾਲੇ ਨਾਗਰਿਕਾਂ ਨੂੰ ਹੱਥ ਉਪਰਵੱਲ ਕਰਵਾ ਕੇ ਆਪਣੇ ਕੈਂਪਾਂ ਵਿਚ ਲੈ ਜਾਂਦੇ । ਜਿਨ੍ਹਾਂ ਨੂੰ ਅਬੂ ਗਰੇਬ ਦੀ ਜੇਲ ਵਿਚ ਬੰਦ ਕਰ ਦਿੱਤਾ ਜਾਂਦਾ । ਇਸ ਨੂੰ ਦੇਖ ਕੇ ਇਰਾਕੀ ਸਰਕਾਰ ਨੇ ਰਾਤੀਂ 6 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਰਾਜਧਾਨੀ ਤੋਂ ਬਾਹਰ ਆਉਣ ਜਾਣ 'ਤੇ ਪਾਬੰਦੀ ਲਗਾ ਦਿੱਤੀ ਤਾਂ ਕਿ ਕੋਈ ਵੀ ਗੈਰ ਇਰਾਕੀ ਰਾਜਧਾਨੀ ਵਿਚ ਪ੍ਰਵੇਸ਼ ਨਾ ਕਰ ਸਕੇ । ਅਮਰੀਕਾ ਨੇ ਹਵਾਈ ਅੱਡੇ 'ਤੇ ਇਰਾਕੀ ਫੌਜਾਂ ਦੇ ਜ਼ੋਰ ਨੂੰ ਦੇਖਦਿਆਂ ਆਪਣੀ ਫੌਜਾਂ ਦੀ ਗਿਣਤੀ ਵਧਾ ਕੇ 7000 ਕਰ ਦਿੱਤੀ । ਇਸ ਦੇ ਨਾਲ ਕਰਬਲਾ ਬਸਰਾ ਅਤੇ ਹੋਰ ਮੁੱਖ ਸ਼ਹਿਰਾਂ 'ਤੇ ਕਬਜੇ ਨੂੰ ਲੈ ਕੇ 18ਵੇਂ ਦਿਨ ਤੱਕ ਵੀ ਦੋਨਾਂ ਸੈਨਾਵਾਂ ਵਿਚ ਘੋਰ ਯੁੱਧ ਚਲਦਾ ਰਿਹਾ । ਬਗਦਾਦ ਨੇੜੇ ਹੋਣ ਵਾਲੇ ਯੁੱਧ ਵਿਚ ਅਮਰੀਕੀ ਸੈਨਾਂਵਾਂ ਵੀ ਜਖਮੀ ਹੋਣ ਲੱਗੀਆਂ । ਅਮਰੀਕੀ ਆਪਣੇ ਜਖਮੀ ਸਾਥੀਆਂ ਨੂੰ ਵਰ੍ਹਦੀਆਂ ਗੋਲੀਆਂ ਵਿਚੋਂ ਚੁੱਕ ਕੇ ਕਾਹਲੀ ਕਾਹਲੀ ਸੁਰੱਖਿਅਤ ਥਾਂ ਵੱਲ ਲੈ ਜਾਂਦੇ ਜਿੱਥੇ ਉਨ੍ਹਾਂ ਜਖਮੀਆਂ ਦਾ ਇਲਾਜ਼ ਕੀਤਾ ਜਾਂਦਾ । ਅਮਰੀਕੀ ਅਤੇ ਬਰਤਾਨਵੀ ਸੈਨਾਵਾਂ ਇਸ ਗੱਲੋਂ ਦੁਖੀ ਸਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਆਸ ਦੇ ਮੁਤਾਬਿਕ ਸਫਲਤਾ ਨਹੀਂ ਮਿਲ ਰਹੀ ਸੀ । ਉਹ ਜਿਸ ਯੁੱਧ ਨੂੰ 3 ਦਿਨ ਵਿਚ ਖਤਮ ਕਰ ਦੇਣਾ ਚਾਹੁੰਦੇ ਸਨ ਉਹ ਯੁੱਧ 18 ਵੇਂ ਦਿਨ ਵਿਚ ਪ੍ਰਵੇਸ਼ ਕਰ ਚੁੱਕਾ ਸੀ । ਬਗਦਾਦ ਦੇ ਬਾਹਰੀ ਇਲਾਕੇ ਵਿਚ ਗੱਠਜੋੜ ਸੈਨਾਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ । ਇਤਿਹਾਦੀ ਫੌਜਾਂ ਦੇ ਇਕ ਟੈਂਕ ਚਾਲਕ ਨੂੰ ਇਨ੍ਹਾਂ ਗੁੱਸਾ ਆਇਆ ਕਿ ਉਸ ਨੇ ਬਗਦਾਦ ਦੇ ਬਾਹਰੀ ਖੇਤਰ ਵਿਚ ਇਰਾਕੀ ਰੀਪਬਕੀਲਨ ਗਾਰਡ ਦੇ ਡਵੀਜ਼ਨ ਹੈਡਕੁਆਟਰ ਨੇੜੇ ਲੱਗੇ ਇਰਾਕੀ ਸਦਰ ਸੱਦਾਮ ਹੁਸੈਨ ਦੇ ਬੁੱਤ ਨੂੰ ਟੈਂਕ ਨਾਲ ਚਕਨਾਚੂਰ ਕਰ ਕੇ ਆਪਣੇ ਅੰਦਰਲੇ ਗੁੱਸੇ ਨੂੰ ਸ਼ਾਂਤ ਕੀਤਾ । ਅਮਰੀਕੀ ਸੈਨਿਕ ਪੂਰੀ ਤਰ੍ਹਾਂ ਬੁਖਲਾਹਟ ਤੇ ਗੁੱਸੇ ਵਿਚ ਆਏ ਹੋਏ ਸਨ ਕਿਉਂਕਿ ਕਿਸੇ ਵੀ ਸ਼ਹਿਰ ਵਿਚ ਅਜੇ ਤੱਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਫਲਤਾ ਨਹੀਂ ਮਿਲੀ ਸੀ । ਪਰ ਸੱਦਾਮ ਹਵਾਈ ਅੱਡੇ 'ਤੇ ਖੂਨੀ ਜੰਗ ਮਗਰੋਂ ਗੱਠਜੋੜ ਫੌਜਾਂ ਨੇ ਇਸ 'ਤੇ ਕਬਜ਼ਾ ਕਰ ਲਿਆ । ਰੀਪਬਲੀਕਨ ਗਾਰਡ ਦੇ ਅਨੇਕਾਂ ਸੈਨਿਕਾਂ ਨੂੰ ਬੰਦੀ ਬਣਾ ਲਿਆ ।

ਉਨ੍ਹਾਂ ਦੇ ਬਦਨ ਤੋਂ ਕਪੜੇ ਉਤਾਰ ਕੇ ਪਿੱਠ 'ਤੇ ਪੱਕੇ ਨੰਬਰ ਲਗਾ ਦਿਤੇ ਗਏ ਜਿਹੜੀ ਕਿ ਜਨੇਵਾ ਸਮਝੌਤੇ ਦੀ ਖੁਲ੍ਹੇਆਮ ਉਲੰਘਣਾ ਸੀ । ਇਨ੍ਹਾਂ ਨੂੰ ਅੱਬੂ ਗਰੇਬ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ । ਉਧਰ ਕਰਬਲਾ ਸ਼ਹਿਰ 'ਤੇ ਕਬਜ਼ਾ ਕਰ ਕੇ 70 ਆਰਮਰ ਦੀ ਦੂਜੀ ਬਟਾਲੀਅਨ ਨੂੰ ਇਥੇ ਸਥਾਪਤ ਕਰ ਦਿੱਤਾ । ਸੱਦਾਮ ਕੌਮਾਂਤਰੀ ਹਵਾਈ ਅੱਡੇ ਅਤੇ ਕਰਬਲਾ 'ਤੇ ਕਬਜ਼ਾ ਕਰਨ ਤੋਂ ਮਗਰੋਂ ਗੱਠਜੋੜ ਫੌਜਾਂ ਦਾ ਹੌਂਸਲਾ ਵਧ ਗਿਆ ਤੇ ਕਾਫਲਾ ਬਗਦਾਦ ਵੱਲ ਸਿੱਧਾ ਹੋ ਗਿਆ । ਬਸਰਾ 'ਤੇ ਵੀ ਖੂਨ ਵੀਟਵੀਂ ਜੰਗ ਤੋਂ ਮਗਰੋਂ 19 ਵੇਂ ਦਿਨ ਬਰਤਾਨਵੀ ਫੌਜਾਂ ਨੇ ਕਬਜ਼ਾ ਕਰ ਲਿਆ । ਇਥੇ ਬਰਤਾਨਵੀ ਸੈਨਾਵਾਂ ਦੀ ਸੁਰੱਖਿਆ ਲਈ ਹੈਲੀਕਾਪਟਰ ਅਤੇ ਜੰਗੀ ਜਹਾਜ਼ ਲਗਾਤਾਰ ਅਕਾਸ਼ ਵਿਚ ਉਡਾਰੀਆਂ ਭਰਨ ਲੱਗੇ ਅਤੇ ਟੈਂਕ ਬਸਰਾ ਦੇ ਇਰਦ-ਗਿਰਦ ਗੇੜੇ ਕੱਢਣ ਲੱਗੇ । ਇਥੋਂ ਫਾਲਤੂ ਬਰਤਾਨਵੀ ਸੈਨਾ ਨੂੰ ਬਗਦਾਦ ਵੱਲ ਜਾਣ ਵਾਲੇ ਕਾਫਲੇ ਨਾਲ ਭੇਜ ਦਿੱਤਾ ।

ਇਰਾਕੀ ਸਦਰ ਸੱਦਾਮ ਹੁਸੈਨ ਨੇ 40 ਲੱਖ ਦੀ ਅਬਾਦੀ ਵਾਲੇ ਬਗਦਾਦ ਸ਼ਹਿਰ ਦੀ ਸੁਰੱਖਿਆ ਦੇ ਪ੍ਰਬੰਧ ਵਜੋਂ ਪੂਰੇ ਸ਼ਹਿਰ ਦੇ ਆਲੇ ਦੁਆਲੇ ਬਿਜਲੀ ਦੀਆਂ ਤਰਾਂ ਦੀ ਵਾੜ ਲਗਾ ਦਿਤੀ ਸੀ ਤਾਂ ਕਿ ਅਮਰੀਕੀ ਤੋਪਖਾਨੇ ਦੇ ਅੱਗੇ ਵਧਣ ਦੀ ਰਫਤਾਰ ਨੂੰ ਘੱਟ ਕੀਤਾ ਜਾ ਸਕੇ । ਰੇਤ ਦੇ ਟਿੱਬਿਆਂ ਨੂੰ ਟੈਂਕਾਂ ਰਾਂਹੀ ਪਾਰ ਕਰਨਾ ਵੀ ਅਮਰੀਕੀ ਥਲ ਸੈਨਾਵਾਂ ਲਈ ਰੋੜਾ ਬਣਿਆ ਹੋਇਆ ਸੀ । ਬਿਜਲੀ ਦੀਆਂ ਤਰਾਂ ਤੋਂ ਇਲਾਵਾ ਸ਼ਹਿਰ ਦੇ ਇਰਦ -ਗਿਰਦ ਸੰਘਣੀ ਕੰਦੇਦਾਰ ਤਾਰ ਵੀ ਲਗਾਈ ਗਈ ਸੀ ਤਾਂ ਕਿ ਟੈਂਕ ਛੱਡ ਕੇ ਭੱਜਣ ਵਾਲੇ ਗੱਠਜੋੜ ਸੈਨਿਕਾਂ ਲਈ ਰੁਕਾਵਟ ਪੈਦਾ ਕੀਤੀ ਜਾ ਸਕੇ । ਇਸ ਦੇ ਨਾਲ ਹੀ ਬਗਦਾਦ ਦੇ ਬਾਹਰੀ ਖੇਤਰ ਵਿਚ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਬਾਰੂਦੀ ਸੁੰਰਗਾਂ ਵਿਛਾਈਆਂ ਗਈਆਂ ਸਨ । ਦੱਖਣ ਵਾਲੇ ਪਾਸੇ ਡੂੰਘੀਆਂ ਖਾਈਆਂ ਪੁੱਟੀਆਂ ਗਈਆਂ ਸਨ ਤਾਂ ਕਿ ਜਦੋਂ ਵੀ ਅਮਰੀਕੀ ਬੰਬਾਰ ਇੱਥੇ ਅਹਿਮ ਟਿਕਾਣਿਆਂ 'ਤੇ ਹਮਲਾ ਕਰਨ ਲਈ ਆਉਣ ਉਸ ਸਮੇਂ ਇਨ੍ਹਾਂ ਖਾਈਆਂ ਨੂੰ ਤੇਲ ਨਾਲ ਭਰ ਕੇ ਇਥੇ ਅੱਗ ਲਗਾਈ ਜਾ ਸਕੇ ਅਤੇ ਇਨ੍ਹਾਂ ਲੜਾਕੂ ਜਹਾਜ਼ਾਂ ਨੂੰ ਧੂੰਏਂ ਦੀ ਦੀਵਾਰ ਬਣਾ ਕੇ ਰੋਕਿਆ ਜਾ ਸਕੇ । ਕਿਲੇਨੁਮਾ ਟਿਕਾਣਿਆਂ 'ਤੇ ਤੋਪਖਾਨਾ ਅਤੇ ਟੈਂਕ ਰੱਖੇ ਗਏ ਸਨ ਤਾਂ ਕਿ ਇਥੋਂ ਜੰਗੀ ਹਵਾਈ ਜਹਾਜ਼ਾਂ ਨੂੰ ਫੁੰਡਿਆ ਜਾ ਸਕੇ । ਪੂਰਬ ਵਾਲੇ ਪਾਸੇ ਸਪੈਸ਼ਲ ਰਿਪਬਲੀਕਨ ਗਾਰਡਜ਼ ਲਗਾਏ ਗਏ ਸਨ ਜਿਨ੍ਹਾਂ ਦੀ ਗਿਣਤੀ ਲਘਭਗ 25000 ਸੀ । ਪਰ ਬਗਦਾਦ ਦੇ ਕਿਲੇ ਨੂੰ ਫਤਿਹ ਕਰਨ ਆਏ ਗੱਠਜੋੜ ਦੇ ਸੈਨਿਕ ਆਪਣੇ ਰਾਹ ਵਿਚ ਆਉਣ ਵਾਲੀ ਹਰ ਰੁਕਾਵਟ ਨੂੰ ਜੰਗੀ ਬੰਬਾਰਾਂ ਨਾਲ ਭੰਨਦੇ ਹੋਏ ਬਗਦਾਦ ਦੀਆਂ ਕੁੰਧਰਾ ਤੱਕ ਜਾ ਪਹੁੰਚੇ। ਉਨ੍ਹਾਂ ਨੇ ਬਗਦਾਦ ਨੂੰ ਆਉਂਦੇ ਸਾਰੇ ਰਸਤਿਆਂ 'ਤੇ ਨਾਕੇ ਲਗਾ ਦਿੱਤੇ ਤਾਂ ਜੋ ਇਰਾਕੀ ਫੌਜਾਂ ਦੀ ਨਕਲੋ ਹਰਕਤ ਨੂੰ ਰੋਕਿਆ ਜਾ ਸਕੇ । ਇਸੇ ਦੌਰਾਨ ਅਮਰੀਕਾ ਦੇ ਲੈਫਟੀਨੈਂਟ ਕਰਨਲ ਪੀਟਰ ਬੇਅਰ ਨੇ 65 ਅਮਰੀਕੀ ਟੈਂਕਾਂ ਅਤੇ 40 ਲੜਾਕੂ ਹਵਾਈ ਬੰਬਾਰਾਂ ਦੀ ਮਦਦ ਨਾਲ ਇਰਾਕੀ ਸਦਰ ਦੇ ਦੋ ਮੁੱਖ ਮਹੱਲਾਂ 'ਤੇ ਕਬਜ਼ਾ ਕਰ ਲਿਆ । ਇਸ ਤੋਂ ਮਗਰੋਂ ਗੱਠਜੋੜ ਫੌਜਾਂ ਬਗਦਾਦ ਦੇ ਉਤੱਰੀ ਪੱਛਮੀ ਖੇਤਰਾਂ ਵਿਚ ਘੁਸ ਗਈਆਂ। ਬਗਦਾਦ ਵਿਚ ਰਸ਼ੀਦ ਹਵਾਈ ਅੱਡੇ 'ਤੇ ਵੀ ਅਮਰੀਕੀ ਫੌਜਾਂ ਨੇ ਧਾਵਾ ਬੋਲ ਦਿੱਤਾ । ਇਥੇ ਕਬਜ਼ਾ ਕਰਨ ਤੋਂ ਤੁਰੰਤ ਬਾਅਦ ਇਨ੍ਹਾਂ ਲੈਸਬੰਦ ਫੌਜੀਆਂ ਨੇ ਨੇੜੇ ਦੇ ਘਰਾਂ ਵੱਲ

ਹਥਿਆਰ ਸਿੱਧੇ ਕਰ ਦਿੱਤੇ ਅਤੇ ਘਰਾਂ ਦੀ ਤਲਾਸ਼ੀ ਲੈਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਸ਼ਹਿਰ ਵਿਚ ਦਾਖਲ ਹੋਣ ਵਾਲੇ ਮੁੱਖ ਜਮਹੂਰੀਆ ਪੁਲ 'ਤੇ ਕਬਜ਼ੇ ਨੂੰ ਲੈ ਕੇ ਅਮਰੀਕੀ ਅਤੇ ਇਰਾਕੀ ਸੈਨਿਕਾਂ ਵਿਚਕਾਰ ਅਜੇ ਵੀ ਗਹਿਗੱਚ ਲੜਾਈ ਲੱਗੀ ਹੋਈ ਸੀ। ਇਥੇ ਅਮਰੀਕੀ ਬੰਬਾਰਲਗਾਤਾਰ ਬੰਬ ਬਰਸਾ ਰਹੇ ਸਨ ਤਾਂ ਕਿ ਇਥੋਂ ਇਰਾਕੀ ਫੌਜਾਂ ਨੂੰ ਖਦੇੜ ਕੇ ਇਸ ਪੁਲ 'ਤੇ ਕਬਜ਼ਾ ਕੀਤਾ ਜਾ ਸਕੇ। ਉਧਰ ਇਰਾਕੀ ਸਦਰ ਸੱਦਾਮ ਹੁਸੈਨ ਦੇ ਮਹੱਲ 'ਤੇ ਮੁੜ ਕਬਜ਼ਾ ਕਰਨ ਲਈ ਇਰਾਕੀ ਗੱਠਜੋੜ ਸੈਨਿਕਾਂ 'ਤੇ ਜ਼ੋਰਦਾਰ ਹਮਲੇ ਕਰ ਰਹੇ ਸਨ ਪਰ ਉਨ੍ਹਾਂ ਨੂੰ ਦੁਬਾਰਾ ਕਬਜ਼ਾ ਲੈਣ ਵਿਚ ਸਫਲਤਾ ਨਹੀਂ ਮਿਲੀ। ਅਮਰੀਕੀ ਸੈਨਿਕਾਂ ਨੂੰ ਅੱਗੇ ਵਧਣ ਲਈ ਥਾਂ ਥਾਂ ਇਰਾਕੀ ਸੈਨਿਕਾਂ ਨਾਲ ਸਖਤ ਟੱਕਰ ਲੈਣੀ ਪੈ ਰਹੀ ਸੀ। ਇਸ ਲਈ ਇਕ ਪੂਰੇ ਦਿਨ ਵਿਚ ਅਮਰੀਕੀ ਸੈਨਿਕ ਸਿਰਫ ਤਿੰਨ ਕਿ.ਮੀ. ਹੀ ਅੱਗੇ ਵਧ ਸਕੇ। ਇਕ ਲੰਮੇ ਸੰਘਰਸ਼ ਤੋਂ ਮਗਰੋਂ ਅਮਰੀਕਾ ਦੀ ਤੀਜੀ ਇਨਫੈਂਟਰੀ ਡਵੀਜਨ ਦੇ ਮੇਜਰ ਮਿਸ਼ੇਲ ਬਰਮਿੰਘਮ ਨੇ ਬਗਦਾਦ ਵਿਚਲੇ ਟੈਲੀਵੀਜ਼ਨ ਟਰਾਂਸਮੀਟਰਾਂ 'ਤੇ ਹਮਲਾ ਕਰ ਕੇ ਇਸ ਨੂੰ ਤਬਾਹ ਕਰ ਦਿੱਤਾ। ਇਓ ਸਮੇਂ ਦੌਰਾਨ ਕਿਸੇ ਸੂਹੀਏ ਨੇ 7 ਅਪ੍ਰੈਲ ਨੂੰ ਅਮਰੀਕੀ ਫੌਜਾਂ ਦੇ ਮੁੱਖੀ ਟੌਮੀ ਫ੍ਰੈਂਕਸ ਨੂੰ ਖ਼ਬਰ ਦਿੱਤੀ ਕਿ ਸੱਦਾਮ ਹੁਸੈਨ ਆਪਣੇ ਦੋਵੇਂ ਪੁੱਤਰਾਂ ਨਾਲ ਬਗਦਾਦ ਵਿਚ ਅਲਮਨਸੂਰ ਦੇ ਨੇੜੇ ਕੋਈ ਮੀਟਿੰਗ ਕਰ ਰਹੇ ਹਨ। ਗੱਠਜੋੜ ਫੌਜਾਂ ਦੇ ਮੁੱਖੀ ਟੌਮੀ ਫ੍ਰੈਂਕਸ ਨੇ ਤੁਰੰਤ ਦੂਜੀ ਬ੍ਰਿਗੇਡ ਦੇ ਯੂ. ਐਸ. ਬੀ-1ਬੀ ਬੰਬਾਰ ਹਮਲਾ ਕਰਨ ਲਈ ਭੇਜ ਦਿੱਤੇ। ਇਨ੍ਹਾਂ ਬੰਬਾਰਾਂ ਨੇ ਉਸ ਇਮਾਰਤ ਤੇ 4 ਬੰਬ ਸੁੱਟੇ ਜਿਨ੍ਹਾਂ ਦਾ ਭਾਰ ਪ੍ਰਤੀ ਬੰਬ 900 ਕਿ.ਗ੍ਰਾ. ਸੀ। ਇਹ ਬੰਬਾਰ ਹਮਲਾ ਇਨ੍ਹਾਂ ਭਿਆਨਕ ਸੀ ਕਿ ਬੰਬਾਂ ਨੇ ਇਮਾਰਤ ਨੂੰ ਚੂਰ ਚੂਰ ਕਰਕੇ ਧਰਤੀ ਵਿਚ 18 ਫੁੱਟ ਡੂੰਘਾ ਟੋਆ ਪੁੱਟ ਦਿੱਤਾ। ਤਿੰਨ ਇਮਾਰਤਾਂ ਤਬਾਹ ਹੋ ਗਈਆਂ। ਜਿਨ੍ਹਾਂ ਵਿਚੋਂ ਇਕ ਵੀ ਵਿਅਕਤੀ ਜਿੰਦਾ ਨਹੀਂ ਬਚਿਆ। ਇਰਾਕੀ ਸਦਰ ਅਤੇ ਉਸ ਦੇ ਪੁੱਤਰਾਂ ਦਾ ਵੀ ਮੌਕੇ 'ਤੇ ਕੋਈ ਪਤਾ ਨਹੀਂ ਲੱਗਿਆ ਕਿ ਇਸ ਹਮਲੇ ਵਿਚ ਮਾਰੇ ਗਏ ਜਾਂ ਬਚ ਨਿਕਲ ਗਏ। ਇਸ ਤੋਂ ਤੁਰੰਤ ਮਗਰੋਂ ਅਮਰੀਕੀ ਫੌਜਾਂ 'ਤੇ ਵੱਡਾ ਜਵਾਬੀ ਹਮਲਾ ਕਰਨ ਲਈ ਇਰਾਕੀ ਫੌਜ ਅਤੇ 'ਸੱਦਾਮ ਫਿਦਾਈਨ' ਦੇ ਅਰਧ ਸੈਨਿਕ ਬੱਸਾਂ ਅਤੇ ਟਰੱਕਾਂ 'ਤੇ ਸਵਾਰ ਹੋ ਕੇ ਸ਼ਹਿਰ ਦੇ ਵੱਖ ਵੱਖ ਥਾਵਾਂ 'ਤੇ ਪੁੱਜ ਗਏ ਅਤੇ ਤੁਰੰਤ ਅਮਰੀਕੀ ਟੈਂਕਾਂ ਨੂੰ ਰੋਕਣ ਲਈ ਅਹਿਮ ਥਾਵਾਂ 'ਤੇ ਪੁਜ਼ੀਸਨਾ ਲੈ ਲਈਆਂ। ਅਮਰੀਕੀ ਫੌਜ ਦੇ ਕੈਪਟਨ ਫਿਲਿਪ ਵੁਲਫੋਰਡ ਨੂੰ ਜਿਉਂ ਹੀ ਇਨ੍ਹਾਂ ਸੈਨਿਕਾਂ ਦਾ ਪਤਾ ਲੱਗਿਆ ਉਸ ਨੇ ਤੁਰੰਤ ਫਾਇਰਿੰਗ ਦਾ ਹੁਕਮ ਦੇ ਦਿੱਤਾ। ਇਰਾਕੀ ਸੈਨਿਕ ਵੀ ਫੁਰਤੀ ਕਰ ਕੇ ਉਚੀਆਂ ਇਮਾਰਤਾਂ ਦੀਆਂ ਛੱਤਾਂ 'ਤੇ ਜਾ ਚੜੇ ਤੇ ਅਮਰੀਕੀ ਸੈਨਿਕਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਥੋੜੀ ਦੇਰ ਮਗਰੋਂ ਹੀ ਹੋਰ ਇਰਾਕੀ ਸੈਨਿਕ ਅਤੇ ਨਾਗਰਿਕ 20 ਬੱਸਾਂ ਅਤੇ ਟਰੱਕਾਂ 'ਤੇ ਸਵਾਰ ਹੋ ਕੇ ਦਜ਼ਲਾ ਦਰਿਆ ਦੇ ਪਾਰ ਪੁੱਜ ਗਏ। ਇਰਾਕੀਆਂ ਨੇ ਆਪਣੀ ਸਰਜ਼ਮੀ ਦੀ ਰਾਖੀ ਲਈ ਸਿਰ ਧੜ ਦੀ ਆਖਰੀ ਬਾਜੀ ਲਾ ਦਿੱਤੀ। ਖੂਨ ਨਾਲ ਲੱਥ ਪੱਥ ਹੋਏ ਇਰਾਕੀਆਂ ਨੇ ਅਮਰੀਕੀ ਟੈਂਕਾਂ ਨੂੰ ਇਕ ਵਾਰ ਤਾਂ ਪਿੱਛੇ ਮੁੜਨ ਲਈ ਮਜ਼ਬੂਰ ਕਰ ਦਿੱਤਾ। ਅਮਰੀਕੀ ਥਲ ਸੈਨਾਂ ਅਤੇ ਟੈਂਕਾਂ ਨੂੰ ਪਿੱਛੇ ਮੁੜਦਿਆਂ ਦੇਖ ਕੇ ਅਮਰੀਕੀ ਹਵਾਈ ਜੰਗਜੂਆਂ ਨੇ ਇਰਾਕੀ ਸੈਨਿਕਾਂ 'ਤੇ ਹਵਾ ਵਿਚੋਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਇਸ ਨਾਲ ਪਿੱਛੇ

ਮੁੜ ਰਹੀ ਅਮਰੀਕੀ ਟੈਂਕਾਂ ਦੀ ਫੌਜ ਨੂੰ ਰਾਹਤ ਮਿਲ ਗਈ । ਵੱਡੀ ਮੁਸ਼ਕਿਲ ਨਾਲ ਅਮਰੀਕੀ ਥਲ ਸੈਨਾ ਅਤੇ ਹਵਾਈ ਬੰਬਾਰਾਂ ਨੇ ਇਰਾਕੀਆਂ ਨੂੰ ਠੱਲ ਪਾਈ । ਇੰਨੇ ਸਮੇਂ ਵਿਚ ਅਮਰੀਕੀ ਸੈਨਿਕ ਰਸ਼ੀਦ ਅੱਡੇ ਤੋਂ ਗੱਠਜੋੜ ਫੌਜ ਦੀਆਂ ਟੁਕੜੀਆਂ ਨਾਲ ਜਾ ਰਲੇ ਜਿਹੜੀਆਂ ਕਿ ਸ਼ਹਿਰ ਦੇ ਕੇਂਦਰ ਵਿਚ ਲੜ ਰਹੀਆਂ ਸਨ । ਅਮਰੀਕੀ ਸੈਨਾਵਾਂ ਨੇ ਹੁਣ ਬਗ਼ਦਾਦ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ । ਸ਼ਹਿਰ ਦੇ ਕੇਂਦਰ ਵਿਚ ਵੀ ਸੈਨਾਵਾਂ ਪਹੁੰਚ ਚੁੱਕੀਆਂ ਸਨ । ਹਜ਼ਾਰਾਂ ਸੈਨਿਕ ਪੂਰਬ ਵਾਲੇ ਪਾਸੇ ਤੋਂ ਰਾਜਧਾਨੀ ਵਿਚ ਦਾਖਲ ਹੋ ਗਏ। ਸ਼ਹਿਰ ਦੇ ਕੇਂਦਰ ਵਿਚ ਅਮਰੀਕੀ ਟੈਂਕਾਂ ਨੇ ਦਜ਼ਲਾ ਦਰਿਆ ਦੇ ਪੁਲ 'ਤੇ ਵੀ ਕਬਜ਼ਾ ਕਰ ਲਿਆ ਸੀ । ਚਾਰੇ ਪਾਸੇ ਖਲਬਲੀ ਮਚ ਗਈ । ਇਸ ਆਪੋ-ਧਾਪੀ ਵਿਚ ਕੋਈ ਕਿਸੇ ਦੀ ਪਰਵਾਹ ਨਹੀਂ ਕਰ ਰਿਹਾ ਸੀ । ਚਾਰੇ ਪਾਸਿਓਂ ਚਲ ਰਹੇ ਗੋਲਿਆਂ ਦੀਆਂ ਅਵਾਜ਼ਾਂ ਆਉਣ ਲੱਗੀਆਂ । ਥਾਂ-ਥਾਂ ਇਮਾਰਤਾਂ ਨੂੰ ਅੱਗ ਲੱਗ ਗਈ । ਲੋਕੀ ਸ਼ਹਿਰ ਤੋਂ ਬਾਹਰ ਨੂੰ ਦੌੜਨ ਲੱਗਾ ਕਿਸੇ ਨੇ ਆਪਣੇ ਬੱਚਿਆਂ ਦੀ ਉਂਗਲ ਫੜਨ ਦੀ ਪ੍ਰਵਾਹ ਨਾ ਕੀਤੀ । ਸਭ ਨੂੰ ਆਪੋ ਆਪਣੀ ਜਾਨ ਪਿਆਰੀ ਹੋ ਗਈ ।

ਬਗ਼ਦਾਦ ਦੇ ਅੰਦਰ ਅਤੇ ਬਾਹਰ ਗੱਠਜੋੜ ਫੌਜਾਂ ਦੇ ਦਬਾਅ ਨੂੰ ਦੇਖਦੇ ਹੋਏ ਅਮਰੀਕੀ ਰਾਸ਼ਟਰਪਤੀ ਜਾਰਜ਼ ਵਾਕਰ ਬੁਸ਼ ਅਤੇ ਇੰਗਲੈਂਡ ਦੇ ਪ੍ਰਧਾਨ ਟੋਨੀ ਬਲੇਅਰ ਨੇ ਉਤਰੀ ਆਇਰਲੈਂਡ ਵਿਖੇ ਬੈਲਫਾਸਟ ਦੇ ਨੇੜੇ ਹਿਲਜ਼ਬੋਰੇ ਦੇ ਮੈਦਾਨ ਵਿਚ ਇਰਾਕ ਦੇ ਨਵ ਨਿਰਮਾਣ ਸਬੰਧੀ ਸਾਂਝੀ ਬੈਠਕ ਕੀਤੀ । ਇਸ ਬੈਠਕ ਵਿਚ ਆਇਰਲੈਂਡ ਦੇ ਪ੍ਰਧਾਨ ਮੰਤਰੀ ਬਰਟੀ ਅਹਿਰਨ ਨੇ ਵੀ ਨਾ ਮਾਤਰ ਭੂਮਿਕਾ ਨਿਭਾਈ । ਭਾਵੇਂ ਇਰਾਕੀ ਸਦਰ ਦੇ ਮਾਰੇ ਜਾਣ ਦਾ ਕੋਈ ਪਤਾ ਨਹੀਂ ਸੀ ਲੱਗਿਆ । ਪਰ ਬਗਦਾਦ ਅੰਦਰ ਗੱਠਜੋੜ ਫੌਜਾਂ ਦੇ ਦਾਖਲੇ ਵੇਲੇ ਹੀ ਜਾਰਜ਼ ਡਬਲਿਊ ਬੁਸ਼ ਅਤੇ ਟੋਨੀ ਬਲੇਅਰ ਨੇ ਇਰਾਕ ਦੇ ਨਵ-ਨਿਰਮਾਣ ਦੀ ਗੱਲ ਸ਼ੁਰੂ ਕਰ ਦਿੱਤੀ । ਗਜ਼ਬ ਦੀ ਗੱਲ ਤਾਂ ਇਹ ਸੀ ਕਿ ਪਹਿਲਾਂ ਇਰਾਕ ਨੂੰ ਤਬਾਹ ਕਰ ਦਿੱਤਾ ਗਿਆ । ਤਬਾਹ ਕਰਨ ਤੋਂ ਮਗਰੋਂ ਇਸ ਦੇ ਨਵ-ਨਿਰਮਾਣ ਅਤੇ ਨਵੀ ਸਰਕਾਰ ਦੇ ਗਠਨ ਸਬੰਧੀ ਤੁਰੰਤ ਗਲਬਾਤ ਕੀਤੀ ਗਈ । ਪਰ ਅਸਲ ਵਿਚ ਇਹ ਇਰਾਕ ਦੇ ਨਵ-ਨਿਰਮਾਣ ਦੀ ਗੱਲ ਨਹੀਂ ਸੀ । ਇਸ ਦਾ ਅਸਲ ਮਕਸਦ ਤਾਂ ਇਰਾਕ ਵਿਚ ਆਪਣੇ ਭਾਈਵਾਲਾਂ ਨੂੰ ਵੱਡੇ ਠੇਕੇ ਦੇਣਾ ਸੀ ਤੇ ਇਰਾਕ ਦੇ ਨਵ -ਨਿਰਮਾਣ ਦਾ ਫੈਸਲਾ ਕਰਨਾ ਸੀ । ਪਰ ਬੁਸ਼-ਬਲੇਅਰ ਮੀਟਿੰਗ ਵਿਚ ਦੋਨਾਂ ਮੁਖੀਆਂ ਦੇ ਆਪਾ ਵਿਰੋਧੀ ਵਿਚਾਰ ਉਭੱਰ ਕੇ ਬਾਹਰ ਆ ਗਏ । ਅਮਰੀਕਾ ਚਾਹੁੰਦਾ ਸੀ ਕਿ ਇਰਾਕ ਵਿਚ ਯੂ.ਐਨ.ਓ. ਰਾਂਹੀ ਭੇਜੀ ਜਾਣ ਵਾਲੀ ਮਦਦ ਵਿਚ ਬਹੁਤਾ ਹਿੱਸਾ ਉਸ ਦਾ ਹੋਣ ਕਾਰਨ ਇਰਾਕ ਦੀ ਪੁਨਰ ਉਸਾਰੀ ਦਾ ਕੰਮ ਸਿਰਫ ਉਸ ਨੂੰ ਹੀ ਸੌਂਪਿਆ ਜਾਵੇ । ਇਨ੍ਹਾਂ ਦੇ ਮਤਭੇਦਾਂ ਨੇ ਇਹ ਗੱਲ ਉਭਾਰ ਦਿੱਤੀ ਕਿ ਇਰਾਕ ਉਤੇ ਹਮਲੇ ਦਾ ਮੂਲ ਕਾਰਨ ਇਨ੍ਹਾਂ ਦੋਹਾਂ ਤਾਕਤਾਂ ਦੇ ਅੰਦਰੂਨੀ ਸੰਕਟ ਸਨ । ਇਸੇ ਲਈ ਇਰਾਕ ਨੂੰ ਤਬਾਹ ਕਰਨ ਤੋਂ ਮਗਰੋਂ ਦੋਵੇਂ ਤਾਕਤਾਂ ਲੁੱਟ ਦੇ ਮਾਲ ਵਿਚੋਂ ਹਿੱਸਾ ਵੰਡਣ ਲਈ ਆਪੋ ਆਪਣੇ ਪੈਂਤੜੇ ਮੱਲ ਬੈਠੀਆਂ । ਭਾਵੇਂ ਕੁਝ ਵੀ ਹੋਵੇ ਦੋਨਾਂ ਲੀਡਰਾਂ ਨੇ ਤੁਰੰਤ ਹੰਗਾਮੀ ਮੀਟਿੰਗ ਬੁਲਾ ਕੇ ਵਿਸ਼ਵ ਦੇ ਬਾਕੀ ਦੇਸ਼ਾਂ ਨੂੰ ਇਹ ਦੱਸ ਦਿੱਤਾ ਕਿ ਉਨ੍ਹਾਂ ਦੀ ਮਰਜੀ ਤੋਂ ਬਿਨ੍ਹਾਂ ਕੋਈ ਵੀ ਹੋਰ ਦੇਸ਼ ਇਰਾਕ ਦੀ ਪੁਨਰ ਉਸਾਰੀ ਦੀ ਗੱਲ ਨਹੀਂ ਕਰ ਸਕਦਾ ।

ਇਰਾਕੀ ਸਦਰ ਅਤੇ ਉਸ ਦੇ ਦੋਹਾਂ ਪੁੱਤਰਾਂ ਦਾ ਕੋਈ ਅਤਾ-ਪਤਾ ਨਹੀਂ ਸੀ ਪਰ ਬਗ਼ਦਾਦ 'ਤੇ ਕਬਜ਼ੇ ਨੂੰ ਲੈ ਕੇ ਦੋਨਾਂ ਪਾਸੇ ਸਿਰਧੜ ਦੀ ਬਾਜੀ ਲੱਗੀ ਹੋਈ ਸੀ । ਇਧਰ ਉਧਰ ਬੇ-ਪਛਾਣ ਲਾਸ਼ਾਂ ਖਿਲਰੀਆਂ ਪਈਆਂ ਸਨ । ਮੌਤ ਤੋਂ ਬੇਪ੍ਰਵਾਹ ਹੋਏ ਇਰਾਕੀ, ਅਮਰੀਕੀ ਟੈਂਕਾਂ ਅੱਗੇ ਆ ਕੇ ਮਰ ਰਹੇ ਸਨ । ਇਸੇ ਸਮੇਂ ਦੌਰਾਨ ਅਮਰੀਕੀ ਟੈਂਕਾਂ ਅਤੇ ਬਖਤਰਬੰਦ ਗੱਡੀਆਂ ਦਾ ਇਕ ਹੋਰ ਕਾਫਲਾ ਦੱਖਣ-ਪੂਰਬ ਦੇ ਰਸਤਿਉਂ ਹੁੰਦੇ ਹੋਏ ਇਰਾਕੀਆਂ ਨੂੰ ਚੀਰਦਾ ਉਨ੍ਹਾਂ ਦੀਆਂ ਛਾਤੀਆਂ ਉਪਰੋਂ ਦੀ ਲੰਘਦਾ ਹੋਇਆ ਬਗ਼ਦਾਦ ਦੇ ਕੇਂਦਰ ਵਿਚ ਪਹੁੰਚਣ ਵਿਚ ਸਫਲ ਹੋ ਗਿਆ । ਇਥੇ ਲੱਗੇ ਇਰਾਕੀ ਸਦਰ ਸੱਦਾਮ ਹੁਸੈਨ ਦੇ ਬੁੱਤ ਨੂੰ ਹੇਠਾਂ ਸੁੱਟ ਕੇ ਇਰਾਕੀ ਲੋਕਾਂ ਦੀ ਅਜ਼ਾਦੀ ਦੀ ਘੋਸ਼ਣਾ ਕੀਤੀ ਗਈ। ਭਾਵੇਂ ਕਈ ਥਾਵਾਂ 'ਤੇ ਇਰਾਕੀ ਅਜੇ ਵੀ ਅਮਰੀਕੀ ਫੌਜਾਂ ਨੂੰ ਸਖਤ ਟੱਕਰ ਦੇ ਰਹੇ ਸਨ ਪਰ ਅਮਰੀਕੀ ਫੌਜਾਂ ਇਰਾਕ ਦੇ ਹਰ ਸ਼ਹਿਰ 'ਤੇ ਹੁਣ ਹਾਵੀ ਹੋ ਚੁੱਕੀਆਂ ਸਨ । ਜੇ ਉਨ੍ਹਾਂ ਨੂੰ ਖਤਰਾ ਸੀ ਤਾਂ ਉਹ ਇਰਾਕੀ ਸਦਰ ਸੱਦਾਮ ਹੁਸੈਨ ਦੇ ਜੱਦੀ ਪਿੰਡਟਿਕਰੀਤ ਤੋਂ। ਉਨ੍ਹਾਂ ਨੂੰ ਸ਼ੱਕ ਸੀ ਕਿ ਇਰਾਕੀ ਸਦਰ ਉਥੇ ਜਾ ਕੇ ਉਨ੍ਹਾਂ ਉਤੇ ਹਮਲੇ ਦੀ ਕੋਈ ਅਗਲੀ ਯੋਜਨਾ ਬਣਾਉਣ ਲੱਗ ਪਿਆ ਹੋਵੇਗਾ । ਬਗ਼ਦਾਦ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿਚੋਂ ਬਹੁਤ ਸਾਰੇ ਇਰਾਕੀ ਸੈਨਿਕ ਕਾਬੂ ਕਰ ਲਏ । ਬਗ਼ਦਾਦ ਦੇ ਕੋਲ ਹੀ ਸਈਅਦ ਮੁਹੰਮਦ ਦੀ ਲੜਾਈ 'ਚੋਂ ਵੀ ਅਮਰੀਕੀ ਮੈਰੀਨਜ਼ ਨੇ ਇਰਾਕੀ ਸੈਨਿਕਾਂ ਨੂੰ ਫੜ ਕੇ ਬੰਧਕ ਬਣਾ ਲਿਆ । ਉਨ੍ਹਾਂ ਦੇ ਕਪੜੇ ਉਤਾਰ ਦਿੱਤੇ ਅਤੇ ਹੱਥ ਪਿੱਛੇ ਬੰਨ ਕੇ ਉਨਾਂ ਦੀਆਂ ਮਸ਼ਕਾ ਬੰਨ ਦਿੱਤੀਆਂ । ਅਮਰੀਕੀ ਮੈਰੀਨਜ਼ ਉਨ੍ਹਾਂ ਨੂੰ ਢਾਹ ਕੇ ਉਨ੍ਹਾਂ ਨਾਲ ਪਸ਼ੂਆਂ ਵਰਗਾ ਸਲੂਕ ਕਰਦੇ । ਬੂਟਾਂ ਦੇ ਠੱਡ ਮਾਰ ਕੇ ਉਨਾਂ ਨੂੰ ਜ਼ਲੀਲ ਕਰਦੇ ਅਤੇ ਆਪਣੇ ਕੈਂਪਾਂ ਵਿਚ ਲੈ ਜਾਂਦੇ । ਅੱਬੂ ਗਰੇਬ ਦੀ ਜੇਲ ਵਿਚ ਤਾਂ ਕੈਦੀਆਂ ਨਾਲ ਇੰਨਾ ਬੁਰਾ ਸਲੂਕ ਕੀਤਾ ਜਾਂਦਾ ਸੀ ਕਿ ਉਨ੍ਹਾਂ ਨੂੰ ਅਲਫ ਨੰਗਾ ਕਰਕੇ ਉਨ੍ਹਾਂ ਦੀਆਂ ਮਸ਼ਕਾਂ ਬੰਨ ਦਿੱਤੀਆਂ ਜਾਂਦੀਆਂ । ਉਨ੍ਹਾਂ ਦਾ ਕੁੱਤਿਆ ਤੋ ਸ਼ਿਕਾਰ ਕਰਵਾਇਆ ਜਾਂਦਾ । ਇਥੋਂ ਤੱਕ ਕਿ ਉਨ੍ਹਾਂ ਦਾ ਆਪਸੀ ਯੋਨ ਸ਼ੋਸ਼ਣ ਵੀ ਕਰਵਾਇਆ ਜਾਂਦਾ । ਇਸ ਸਬੰਧ ਵਿਚ ਮਗਰੋਂ ਗਿਆਰਾਂ ਅਮਰੀਕੀ ਸੈਨਿਕਾਂ ਨੂੰ ਅਮਰੀਕੀ ਫੌਜ ਦੀ ਜ਼ਿਊਰੀ ਵੱਲੋਂ ਸਜਾ ਸੁਣਾਈ ਗਈ ਸੀ । ਜਿਸ ਵਿਚ ਇਕ ਔਰਤ ਕਰਮਚਾਰੀ ਵੀ ਸੀ ।

ਬਗ਼ਦਾਦ ਨੂੰ ਫਤਿਹ ਕਰਨ ਤੋਂ ਮਗਰੋਂ ਤਲਾਸ਼ੀਆਂ ਅਤੇ ਲੁੱਟਾ-ਖੋਹਾਂ ਦਾ ਦੌਰ ਸ਼ੁਰੂ ਹੋ ਗਿਆ । ਅਮਰੀਕੀ ਸੈਨਿਕਾਂ ਨੇ ਹਰ ਘਰ ਅਤੇ ਇਮਾਰਤ ਦੀ ਤਲਾਸ਼ੀ ਲੈਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ । ਕਈ ਵਾਰ ਇਮਾਰਤਾਂ ਦੇ ਅੰਦਰੋਂ ਅਮਰੀਕੀ ਸੈਨਿਕਾਂ 'ਤੇ ਰਾਕਟਾਂ ਨਾਲ ਹਮਲਾ ਵੀ ਕਰ ਦਿੱਤਾ ਜਾਂਦਾ । ਇਸ ਲਈ ਗੱਠਜੋੜ ਫੌਜੀ ਦਸਤਿਆਂ ਦੀ ਸੁਰੱਖਿਆਂ ਦੇ ਲਈ ਇਨ੍ਹਾਂ ਨਾਲ ਅਮਰੀਕੀ ਟੈਂਕ ਵੀ ਚੱਲ ਰਹੇ ਸਨ। ਇਹ ਅਮਰੀਕੀ ਦਸਤੇ ਪੂਰੀ ਤਰ੍ਹਾਂ ਖਤਰਨਾਕ ਹਥਿਆਰਾਂ ਨਾਲ ਲੈਸ ਸਨ । ਸ਼ਹਿਰ ਵਿਚ ਇਧਰ-ਉਧਰ ਅਮਰੀਕੀ ਟੈਂਕਾਂ ਅਤੇ ਬਖਤਰਬੰਦ ਗੱਡੀਆਂ ਹੀ ਨਜ਼ਰ ਆ ਰਹੀਆਂ ਸਨ । ਹਰ ਘਰ ਦੀ ਇਮਾਰਤ ਦੇ ਦਰਵਾਜ਼ੇ ਅਤੇ ਤਾਕੀਆਂ ਜਾਂ ਹੋਰ ਜਿਥੇ ਵੀ ਕੋਈ ਰਸਤਾ ਮਿਲਦਾ ਇਕ ਦਮ ਪੁਜੀਸ਼ਨਾ ਲੈ ਲੈਂਦੇ ਅਤੇ ਇਮਾਰਤ ਦਾ ਕੋਨਾ ਛਾਣ ਮਾਰਦੇ। ਆਪਣੀ ਹਿਫਾਜਤ ਨੂੰ ਦੇਖਦਿਆਂ ਸਭ ਤੋਂ ਪਹਿਲਾਂ ਬੰਦੀ ਬਣਾਏ ਇਰਾਕੀ ਨਾਗਰਿਕ ਨੂੰ ਇਮਾਰਤ ਅੰਦਰ

ਭੇਜਿਆ ਜਾਂਦਾ ਤਾਂ ਕਿ ਅੰਦਰੋਂ ਕਿਸੇ ਹਮਲੇ ਦੀ ਸੂਰਤ ਵਿਚ ਆਪਣਾ ਬਚਾਓ ਕੀਤਾ ਜਾ ਸਕੇ । ਅਮਰੀਕੀ ਮੈਰੀਨਜ਼ ਇੰਨ੍ਹੇ ਗੁੱਸੇ ਵਿਚ ਸਨ ਕਿ ਜਿਥੇ ਵੀ ਇਨ੍ਹਾਂ ਨੂੰ ਸੱਦਾਮ ਹੁਸੈਨ ਦੀ ਫੋਟੋ (ਤਸਵੀਰ) ਮਿਲਦੀ ਉਸ ਨੂੰ ਗੋਲੀਆਂ ਮਾਰ ਕੇ ਛਲਨੀ ਕਰ ਦਿੰਦੇ । ਬਗਦਾਦ ਤੋਂ ਦਸ ਮੀਲ ਦੂਰ ਪੂਰਬ ਵੱਲੋਂ ਵੀ ਅਮਰੀਕੀ ਮੈਰੀਨਜ਼ ਨੇ ਰਿਪਬਲੀਕਨ ਗਾਰਡਾਂ ਵੱਲੋਂ ਛੱਡੀਆਂ ਗਈਆਂ ਤੋਪਾਂ ਕੋਲੋਂ ਹਥਿਆਰ ਭਾਲਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ । ਇਹ ਮੁਹਿੰਮ ਇੰਨੀ ਬਰੀਕੀ ਨਾਲ ਖੇਤਾਂ ਵਿਚ ਹਥਿਆਰਾਂ ਦੀ ਭਾਲ ਕਰਨ ਲੱਗੀ ਜਿਵੇਂ ਕੋਈ ਬਹੁਤ ਛੋਟੀ ਚੀਜ਼ ਗੁੰਮ ਹੋ ਗਈ ਹੋਵੇ । ਉਤੱਰੀ ਇਰਾਕੀ ਸ਼ਹਿਰ ਮੋਸੂਲ ਜਿਹੜਾ ਕਿ ਇਰਾਕ ਦਾ ਤੀਜਾ ਸਭ ਤੋਂ ਵੱਡਾ ਸ਼ਹਿਰ ਸੀ ਇਥੇ ਵੀ ਅਮਰੀਕੀ ਅਤੇ ਕੁਰਦ ਫੌਜਾਂ ਦਾ ਕਬਜ਼ਾ ਹੋ ਚੁੱਕਾ ਸੀ ਪਰ ਇਮਾਰਤਾਂ ਜੰਗ ਦੇ 22 ਵੇਂ ਦਿਨ ਵੀ ਸੜ ਰਹੀਆਂ ਸਨ । ਉਧਰ ਉਤਰੀ ਇਰਾਕ ਦੇ ਕਸਬੇ ਅਲਤੁਨ ਕਪੂਰੀ ਵਿਖੇ ਅਮਰੀਕੀ ਫੌਜੀ ਅਜੇ ਵੀ ਪੁਜ਼ੀਸ਼ਨ ਸੰਭਾਲੀ ਬੈਠੇ ਸਨ ਜਿਥੇ ਇਨ੍ਹਾਂ ਨੂੰ ਇਰਾਕੀਆਂ ਦੀ ਸਖਤ ਟੱਕਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਪਰ ਬਗਦਾਦ ਵਿਚੋਂ ਹਜ਼ਾਰਾਂ ਹੀ ਇਰਾਕੀ ਸੈਨਿਕਾਂ ਨੇ ਮੋਰਚੇ ਛੱਡ ਦਿੱਤੇ । ਉਨ੍ਹਾਂ ਦੇ ਮੋਰਚੇ ਛੱਡਦਿਆਂ ਹੀ ਬਗਦਾਦ ਵਿਚ ਹਫੜਾਦਫੜੀ ਵਾਲਾ ਮਹੌਲ ਬਣ ਗਿਆ । ਲੁਟੇਰਿਆਂ ਨੇ ਮੰਤਰਾਲਿਆਂ ਦੀਆਂ ਇਮਾਰਤਾਂ ਨੂੰ ਅੱਗ ਲੱਗਾ ਦਿੱਤੀ । ਸਰਕਾਰੀ ਇਮਾਰਤਾਂ ਅਤੇ ਸੱਦਾਮ ਹੁਸੈਨ ਦੇ ਆਲੀਸ਼ਾਨ ਮਹਿਲਾਂ ਨੂੰ ਵੀ ਅੱਗ ਦੀ ਭੇਂਟ ਚੜ੍ਹਾ ਦਿੱਤਾ। ਅਮਨ ਕਾਨੂੰਨਾਂ ਦੀ ਕੋਈ ਚੀਜ਼ ਨਹੀਂ ਸੀ । ਇਥੇ ਤੱਕ ਕਿ ਵਿਦੇਸ਼ੀ ਦੂਤਘਰ ਵੀ ਲੁੱਟ ਲਏ । ਲੋਕ ਟਰੱਕਾਂ ਵਿਚ ਲੱਦ ਕੇ ਲੁੱਟ ਦੇ ਮਾਲ ਨੂੰ ਲੈ ਕੇ ਜਾ ਰਹੇ ਸਨ । ਪਰ ਅਮਰੀਕੀ ਅਤੇ ਬਰਤਾਨਵੀ ਫੌਜਾਂ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖ ਰਹੀਆਂ ਸਨ । ਉਹ ਅਜੇ ਇਰਾਕੀ ਦਸਤਿਆਂ ਨਾਲ ਨਜਿੱਠ ਰਹੇ ਸਨ । ਉਨ੍ਹਾਂ ਨੇ ਇਸ ਮਾਮਲੇ ਵਿਚ ਚੁੱਪ ਸਾਧੀ ਹੋਈ ਸੀ । ਇਰਾਕੀ ਜੰਗੀ ਕੈਦੀਆਂ ਨੂੰ ਬਗਦਾਦ ਵਿਚੋਂ ਪਕੜ ਕੇ ਅਮਰੀਕੀ ਫੌਜ ਦੀ ਤੀਜੀ ਪਿਆਦਾ ਡਵੀਜ਼ਨ ਦੇ ਹੈਂਡਕੁਆਟਰ 'ਤੇ ਲਿਜਾਇਆ ਜਾਂਦਾ ਜਿਥੇ ਜਾ ਕੇ ਇਨ੍ਹਾਂ ਇਰਾਕੀ ਜੰਗੀ ਕੈਦੀਆਂ ਦੀਆਂ ਮਸ਼ਕਾਂ ਬੰਨੀਆਂ ਜਾਂਦੀਆਂ ਸਨ । ਉਧਰ ਹਸਪਤਾਲਾਂ ਵਿਚ ਜ਼ਖਮੀਆਂ ਦੀ ਇੰਨੀ ਬੁਰੀ ਹਾਲਤ ਸੀ ਕਿ ਉਨ੍ਹਾਂ ਨੂੰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਮਰਦੇ ਦੇਖ ਉਨ੍ਹਾਂ ਦੇ ਸਬੰਧੀ ਸੋਗ ਗ੍ਰਸਤ ਉਨ੍ਹਾਂ ਕੋਲ ਬੈਠੇ ਸਨ । ਪਰ ਕਈਆਂ ਦਾ ਤਾਂ ਕੋਈ ਸੋਗ ਕਰਨ ਵਾਲਾ ਬਚਿਆ ਹੀ ਨਹੀਂ ਸੀ । ਬਹੁਤ ਸਾਰੇ ਜ਼ਖਮੀ ਪਾਣੀ ਖੁਣੋਂ ਮਰ ਰਹੇ ਸਨ । ਹਸਪਤਾਲਾਂ ਵਿਚ ਦਵਾਈ ਜਾਂ ਹੋਰ ਕਿਸੇ ਸਹੂਲਤ ਦਾ ਕੋਈ ਪ੍ਰਬੰਧ ਨਹੀਂ ਸੀ। ਲੋਕੀ ਇੱਥੋਂ ਵੀ ਦਵਾਈਆਂ ਚੋਰੀ ਕਰ ਕੇ ਲੈ ਗਏ । ਲੋਕਾਂ ਨੇ ਸਕੂਲਾਂ ਦੇ ਫਰਨੀਚਰ ਨੂੰ ਵੀ ਨਾ ਬਖਸਿਆ । ਉਥੇ ਵੀ ਭੰਨ ਤੋੜ ਕਰ ਦਿੱਤੀ । ਬਗਦਾਦ ਦੇ ਸੈਂਟਰਲ ਬੈਂਕ ਵਿਚ ਭੜਕੀ ਭੀੜ ਨੇ ਅੱਗ ਲਗਾ ਦਿੱਤੀ । ਹਜ਼ਾਰਾਂ ਦਿਨਾਰਾਂ ਦੇ ਨੋਟ ਸਾੜ ਕੇ ਸੁਆਹ ਕਰ ਦਿੱਤੇ।

ਲੁਟੇਰਿਆਂ ਨੇ ਬਗਦਾਦ ਦੇ ਮਿਊਜ਼ੀਅਮ 'ਚ ਵੀ ਲੁੱਟ ਮਾਰ ਕਰ ਕੇ ਖਤਦੁਮ ਮਚਾ ਦਿੱਤਾ । ਇਹ ਲੁੱਟ ਮਾਰ ਅਮਰੀਕੀ ਫੌਜ ਦੇ ਬਿਲਕੁਲ ਅੱਖੀਂ ਦੇਖਦਿਆਂ ਕੀਤੀ ਗਈ । ਉਸ ਨੂੰ ਇਹ ਸੀਨ ਤਮਾਸ਼ਾ ਲੱਗ ਰਿਹਾ ਸੀ ਜਦੋਂ ਕਿ ਇੱਥੇ 7000 ਸਾਲ ਪੁਰਾਣਾ ਸਾਂਭਿਆ ਹੋਇਆ ਮੈਸੋਪੋਟਾਮੀਆ ਦੀ ਸੱਭਿਅਤਾ ਦਾ ਅਨਮੋਲ ਵਿਰਸਾ ਸੀ । ਇਥੇ ਬਹੁਤ

ਸਾਰੀਆਂ ਬਹੁਮੁੱਲੀਆਂ ਅਤੇ ਦੁਰਲਭ ਵਸਤੂਆਂ ਤਬਾਹ ਕਰ ਦਿੱਤੀਆਂ । ਮੋਸੂਲ ਸ਼ਹਿਰ 'ਤੇ ਗੱਠਜੋੜ ਦੇ ਕਬਜ਼ੇ ਮਗਰੋਂ ਇਥੇ ਵੀ ਲੋਕਾਂ ਨੇ ਲੁੱਟ ਮਚਾ ਦਿੱਤੀ । ਬਹੁਤ ਸਾਰੀਆਂ ਇਮਾਰਤਾਂ ਅਤੇ ਬੈਂਕਾਂ ਨੂੰ ਲੁੱਟ ਲਿਆ ਗਿਆ ਪਰ ਗੱਠਜੋੜ ਫੌਜਾਂ ਨੇ ਇਨ੍ਹਾਂ ਲੁੱਟਾਂ ਖੋਹਾਂ ਕਰਨ ਵਾਲੇ ਲੋਕਾਂ ਨੂੰ ਰੋਕਣ ਦਾ ਨਾਂ ਤੱਕ ਨਹੀਂ ਲਿਆ । ਪੂਰੇ ਦੇਸ਼ ਵਿਚ ਅਰਾਜਕਤਾ ਵਾਲਾ ਮਹੌਲ ਪੈਦਾ ਹੋ ਗਿਆ । ਲੋਕਾਂ ਦੇ ਆਪਸੀ ਲੜਾਈ ਝਗੜੇ ਸ਼ੁਰੂ ਹੋ ਗਏ ਜਿਵੇਂ ਖਨਾਜੰਗੀ ਲੱਗੀ ਹੋਵੇ । ਲੁਟੇਰਿਆਂ ਨੇ ਟਿਗਰਿਸ ਨਦੀ 'ਤੇ ਸੱਦਾਮ ਹੁਸੈਨ ਦੇ ਆਲੀਸ਼ਾਨ ਮਹੱਲ 'ਅਲ ਸੱਦਾਮ' ਵਿਚ ਵੀ ਭਾਰੀ ਲੁੱਟ ਮਚਾਈ । ਬਹੁਤ ਕੀਮਤੀ ਵਸਤੂਆਂ ਅਤੇ ਫਰਨੀਚਰ ਗੋਰੀਆਂ ਫੌਜਾਂ ਦੀਆਂ ਅੱਖਾਂ ਸਾਹਮਣੇ ਲੁਟੇਰੇ ਇੱਥੋਂ ਲੁੱਟ ਕੇ ਲੈ ਗਏ ।

ਇਸ ਲੁੱਟ-ਖਸੁੱਟ ਨੂੰ ਅਮਰੀਕੀ ਅਤੇ ਬਰਤਾਨਵੀ ਫੌਜਾਂ ਨੇ ਇਰਾਕੀਆਂ ਦੀ ਕਿਸਮਤ ਉਤੇ ਛੱਡ ਦਿੱਤਾ ਤੇ ਆਪ ਬਗਦਾਦ ਤੋਂ 145 ਕਿ.ਮੀ. ਦੂਰ ਉਤੱਰ ਦਿਸ਼ਾ ਵਿਚ ਸੱਦਾਮ ਹੁਸੈਨ ਦੇ ਜੱਦੀ ਸ਼ਹਿਰ ਟਿਕਰੀਤ ਵੱਲ ਆਪਣੇ ਕਾਫਲੇ ਦੀਆਂ ਮੁਹਾਰਾਂ ਮੋੜ ਦਿੱਤੀਆਂ । ਕਿਉਂਕਿ ਅਜੇ ਤੱਕ ਵੀ ਇਥੇ ਸੱਦਾਮ ਹੁਸੈਨ ਪੱਖੀ ਲੋਕਾਂ ਦਾ ਅਧਿਕਾਰ ਸੀ । ਸੱਦਾਮ ਹੁਸੈਨ ਦਾ ਜੱਦੀ ਸ਼ਹਿਰ ਹੋਣ ਦੇ ਨਾਲ ਨਾਲ ਇਹ ਰਿਪਬਲੀਕਨ ਗਾਰਡ ਦਾ ਹੈਡੱਕੁਆਟਰ ਵੀ ਸੀ । ਜਦੋਂ ਟਿਕਰੀਤ ਵਿਚ ਲੋਕਾਂ ਨੂੰ ਅਮਰੀਕੀ ਫੌਜਾਂ ਦੇ ਆਉਣ ਦੀ ਸੂਹ ਮਿਲੀ ਉਨ੍ਹਾਂ ਤੁਰੰਤ ਆਪਣੇ ਏ.ਕੇ. 47 ਅਤੇ ਰਿਵਾਲਵਰ ਉਠਾ ਲਏ ਤੇ ਕਰੋ ਜਾਂ ਮਰੋ ਦੀ ਨੀਤੀ ਨਾਲ ਪੁਜੀਸ਼ਨਾਂ ਸੰਭਾਲ ਲਈਆਂ । ਅਮਰੀਕੀ ਹਵਾਈ ਸੈਨਾਂ ਨੇ ਇੱਕਠੇ ਚਾਰ ਕੋਬਰਾ ਹੈਲੀਕਾਪਟਰ ਟਿਕਰੀਤ ਵੱਲ ਭੇਜ ਦਿੱਤੇ ਜਿਨ੍ਹਾਂ ਨੇ ਸ਼ਹਿਰ 'ਤੇ ਮਸ਼ੀਨਗੱਨਾਂ ਨਾਲ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ । ਥੋੜੀ ਦੇਰ ਮਗਰੋਂ ਹੀ ਕਿਰਕੁਕ ਹੁੰਦੇ ਹੋਏ 20 ਟੈਂਕ ਵੀ ਟਿਕਰੀਤ ਵਿਚ ਦਾਖਲ ਹੋ ਗਏ । ਇਨ੍ਹਾਂ ਨੇ ਸ਼ਹਿਰ ਨੂੰ ਘੇਰਾ ਪਾ ਲਿਆ । ਇਨ੍ਹਾਂ ਦੇ ਸ਼ਹਿਰ ਪਹੁੰਚਣ ਤੋਂ ਪਹਿਲਾਂ ਅਮਰੀਕੀ ਹੈਲੀਕਾਪਟਰਾਂ ਨੇ ਸ਼ਹਿਰ 'ਤੇ ਭਾਰੀ ਬੰਬਾਰੀ ਕੀਤੀ ਅਤੇ ਨਾਲ ਹੀ ਟੈਂਕਾਂ ਨੇ ਬੰਬ ਬਰਸਾਉਣੇ ਸ਼ੁਰੂ ਕਰ ਦਿੱਤੇ । ਇਸ ਨੂੰ ਆਖਰੀ ਲੜਾਈ ਸਮਝਦਿਆਂ ਰਿਪਬਲੀਕਨ ਗਾਰਡ ਅਤੇ 'ਸੱਦਾਮ ਫਿਦਾਈਨ' ਦੇ ਅਰਧ ਸੈਨਿਕਾਂ ਨੇ ਅਮਰੀਕੀ ਥਲ ਸੈਨਾਂ ਨੂੰ ਖਦੇੜਨ ਲਈ ਪੂਰੀ ਵਾਹ ਲਾਈ ਪਰ ਅਮਰੀਕੀ ਟੈਂਕ ਉਨ੍ਹਾਂ ਨੂੰ ਮਿੱਧ ਕੇ ਅੱਗੇ ਵਧਣ ਲੱਗੇ । ਇਕ ਵੱਡੇ ਸੰਘਰਸ਼ ਤੋਂ ਮਗਰੋਂ ਅਮਰੀਕੀ ਫੌਜੀ ਬ੍ਰਿਗੇਡੀਅਰ ਜਨਰਲ ਵਿਨਸੈਂਟ ਬਰੂਕਸ ਦੀ ਕਮਾਨ ਹੇਠ ਸੱਦਾਮ ਹੁਸੈਨ ਦੇ ਮਹੱਲ ਵਿਚ ਦਾਖਲ ਹੋ ਗਏ ਅਤੇ ਇਰਾਕ ਦੇ ਆਖਰੀ ਗੜ ਨੂੰ ਫਤਿਹ ਕਰ ਕੇ ਇਥੇ ਵੀ ਅਮਰੀਕੀ ਝੰਡਾ ਗੱਡ ਦਿੱਤਾ । ਸੱਦਾਮ ਹੁਸੈਨ ਦੇ ਖੇਤਰੀ ਕਮਾਂਡਰਾਂ ਨੇ ਅਮਰੀਕੀ ਫੌਜਾਂ ਦਾ ਮੁਕਾਬਲਾ ਨਾ ਕਰ ਕੇ ਆਤਮ ਸਮਰਪਣ ਕਰ ਦਿੱਤਾ ਸੀ । ਇਸ ਲਈ ਇਰਾਕੀ ਸੈਨਾਂ ਦੀ ਵਾਗਡੋਰ ਸੰਭਾਲਣ ਵਾਲਾ ਕੋਈ ਨਹੀਂ ਸੀ ਜੋ ਇਸ ਨੂੰ ਲੜਨ ਦਾ ਹੁਕਮ ਦੇ ਸਕਦਾ । ਇਹ ਤਾਂ ਇਰਾਕੀ ਲੋਕਾਂ ਦੀ ਦੇਸ਼ ਭਗਤੀ ਅਤੇ ਆਪਣੀ ਸਰਜ਼ਮੀ ਲਈ ਪਿਆਰ ਸੀ ਕਿ ਉਹ 20 ਮਾਰਚ 2003 ਤੋਂ ਲਗਾਤਾਰ 9 ਅਪ੍ਰੈਲ 2003 ਤੱਕ ਅਮਰੀਕਾ ਦੇ ਅਤਿਆਧੁਨਿਕ ਹਥਿਆਰਾਂ ਤੋਂ ਨਿਕਲੇ ਬੰਬਾਂ ਨੂੰ ਆਪਣੇ ਜਿਸਮ ਉਤੇ ਝੱਲਦੇ ਉਨ੍ਹਾਂ ਦਾ ਮੁਕਾਬਲਾ ਕਰਦੇ ਰਹੇ । 9 ਅਪ੍ਰੈਲ ਤੋਂ ਮਗਰੋਂ ਵੀ ਉਨ੍ਹਾਂ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੂੰ ਇਰਾਕ ਵਿਚ ਸੁੱਖ ਦੀ ਨੀਂਦ ਨਹੀਂ ਸੋਣ ਦਿੱਤਾ । ਬਗਦਾਦ ਦੇ ਸਪੈਸ਼ਲ

ਰਿਪਬਲੀਕਨ ਗਾਰਡਜ਼ ਦੇ ਮੁਖੀ ਜਨਰਲ ਅਲ ਟਿਕਰੀਤੀ ਵੱਲੋਂ ਵੀ ਅਮਰੀਕਾ ਤੋਂ ਲੱਖਾਂ ਡਾਲਰ ਲੈ ਕੇ ਆਪਣੇ ਜਵਾਨਾਂ ਨੂੰ ਅਮਰੀਕਾ ਵਿਰੁੱਧ ਹਥਿਆਰ ਨਾ ਚਲਾਉਣ ਦਾ ਆਦੇਸ਼ ਦੇ ਦਿੱਤਾ । ਸੱਦਾਮ ਹੁਸੈਨ ਦੇ ਮਤਰਏ ਭਰਾਵਾਂ ਨੇ ਵੀ ਜੰਗ ਸਮੇਂ ਵਿਸ਼ਵਾਸਘਾਤ ਕੀਤਾ। ਇਸ ਤੋਂ ਇਲਾਵਾ ਇਸ ਦੇ ਪੁੱਤਰਾਂ ਦੇ ਅਤਿਆਚਾਰੀ ਹੋਣ ਕਾਰਨ ਆਮ ਜਨਤਾ ਇਨ੍ਹਾਂ ਦੇ ਰਵੱਈਏ ਤੋਂ ਖੁਸ਼ ਨਹੀਂ ਸੀ । ਸੱਦਾਮ ਹੁਸੈਨ ਦੇ ਨੇੜਲੇ ਆਦਮੀਆਂ ਨੇ ਵੀ ਅਮਰੀਕਾ ਨਾਲ ਅੰਦਰਖਾਤੇ ਗੁਪਤ ਸੌਦੇਬਾਜੀਆਂ ਕਰ ਰੱਖੀਆਂ ਸਨ । ਇਸ ਤਰ੍ਹਾ ਅੰਦਰ ਖਾਤੇ ਉਹ ਆਪਣੇ ਭਾਈਚਾਰੇ ਤੋਂ ਵੱਖ ਹੋ ਚੁੱਕਾ ਸੀ ।

ਟਿਕਰੀਤੀ ਨੂੰ ਫਤਿਹ ਕਰਨ ਉਪਰੰਤ ਇਕ ਦਮ ਅਮਰੀਕਾ ਨੇ ਇਕ ਰਿਟਾਇਰਡ ਲੈਫਟੀਨੈਂਟ ਜੈਮਾ ਗਾਰਨਰ ਨੂੰ ਇਰਾਕ ਦਾ ਕਰਤਾ ਧਰਤਾ ਬਣਾ ਦਿੱਤਾ । ਨਾਲ ਹੀ ਇਸ ਨੂੰ ਇਰਾਕ ਦੀ ਪੁਨਰ ਉਸਾਰੀ ਦਾ ਕੰਮ ਵੀ ਸੌਂਪ ਦਿੱਤਾ ਅਤੇ ਇਰਾਕੀ ਤੇਲ ਮੰਤਰਾਲਾ, ਰੱਖਿਆ, ਗ੍ਰਹਿ, ਵਿਦੇਸ਼ ਅਤੇ ਯੋਜਨਾ ਮੰਤਰਾਲੇ ਸਿੱਧੇ ਤੌਰ 'ਤੇ ਅਮਰੀਕਾ ਦੇ ਅਧੀਨ ਕਰ ਦਿੱਤੇ । ਬਗਦਾਦ ਦੀਆਂ ਸੜਕਾਂ 'ਤੇ ਅਮਰੀਕੀ ਫੌਜੀ ਗਸ਼ਤ ਕਰਨ ਲੱਗੇ । ਕਿਤੇ ਕਿਤੇ ਇਰਾਕੀਆਂ ਨਾਲ ਇਨ੍ਹਾਂ ਦੀਆਂ ਤਿੱਖੀਆਂ ਝੜਪਾਂ ਵੀ ਹੋ ਜਾਂਦੀਆਂ । ਅਮਰੀਕੀ ਅਤੇ ਬਰਤਾਨਵੀ ਫੌਜਾਂ ਅੱਗੇ ਹੁਣ ਦੋ ਵੱਡੀਆਂ ਮੁਸੀਬਤਾਂ ਸਨ । ਸਭ ਤੋਂ ਵੱਡੀ ਮੁਸੀਬਤ ਸੀ ਇਰਾਕੀ ਸਦਰ ਸੱਦਾਮ ਹੁਸੈਨ ਦੀ ਭਾਲ । ਦੂਜਾ ਪਿਛਲੇ ਇਕ ਹਫਤੇ ਤੋਂ ਇਰਾਕ ਵਿਚ ਫੈਲੀ, ਲੁੱਟਮਾਰ ਅਤੇ ਹੁੱਲੜਬਾਜ਼ੀ ਨੂੰ ਕਾਬੂ ਕਰਨਾ । ਭਾਵੇਂ ਇਹ ਹੁੱਲੜਬਾਜੀ ਅਮਰੀਕੀ ਫੌਜਾਂ ਨੇ ਆਪ ਹੀ ਫੈਲਾਈ ਸੀ । ਕਿਸੇ ਨੂੰ ਰੋਕਿਆ ਤੱਕ ਨਹੀਂ । ਪਹਿਲਾਂ ਇਸ ਨੂੰ ਸਿਖਰ ਤੱਕ ਵੱਧਣ ਦਿੱਤਾ । ਆਪਣੀਆਂ ਅੱਖਾਂ ਸਾਹਮਣੇ ਇਰਾਕੀ ਪੁਰਾਤਨ ਸੱਭਿਆਚਾਰ ਦੀ ਲੁੱਟ ਹੁੰਦੀ ਦੇਖੀ, ਬੈਂਕ ਲੁੱਟ ਹੁੰਦੇ ਦੇਖੇ । ਇਮਾਰਤਾਂ ਨੂੰ ਲੁੱਟਦੇ ਅਤੇ ਅੱਗ ਲਾਉਂਦੇ ਹੋਏ ਦੇਖੇ । ਅਰਾਜਕਤਾ ਦੇ ਹਨੇਰੇ ਵਿਚ ਗੋਰੀਆਂ ਫੌਜਾਂ ਦੇ ਸੈਨਿਕਾਂ ਨੇ ਇਰਾਕੀ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ । ਉਨ੍ਹਾਂ ਨੂੰ ਵੇਸਵਾਬਾਜੀ ਦਾ ਧੰਦਾ ਅਪਨਾਉਣ ਲਈ ਮਜ਼ਬੂਰ ਕੀਤਾ ਗਿਆ । ਬਹੁਤ ਸਾਰੀਆਂ ਲੜਕੀਆਂ ਨੂੰ ਜ਼ਬਰਦਸਤੀ ਨਾਲ ਬਾਹਰਲੇ ਦੇਸ਼ਾਂ ਵਿਚ ਵੇਸਵਾਗਮਨੀ ਦੇ ਅੱਡਿਆਂ 'ਤੇ ਭੇਜ ਦਿੱਤਾ ਤਾਂ ਕਿ ਇਹ ਲੜਕੀਆਂ ਉਥੋਂ ਇਸ ਧੰਦੇ ਦੀ ਮੁਹਾਰਤ ਹਾਸਲ ਕਰ ਸਕਣ ਅਤੇ ਮੁੜ ਇਰਾਕ ਵਿਚ ਆ ਕੇ ਇਸ ਧੰਦੇ ਨੂੰ ਅਪਣਾ ਲੈਣ ਤਾਂ ਕਿ ਗੱਠਜੋੜ ਸੈਨਿਕਾਂ ਦੀ ਕਾਮਵਾਸਨਾ ਪੂਰੀ ਕੀਤੀ ਜਾ ਸਕੇ । ਇਸ ਤਰ੍ਹਾਂ ਇਰਾਕ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਗਿਆ । ਅਮਰੀਕੀ ਅਤੇ ਬ੍ਰਿਟਿਸ਼ ਫੌਜੀਆਂ ਨੇ ਇਰਾਕ ਨੂੰ ਪੂਰੀ ਤਰ੍ਹਾਂ ਨਾਲ ਥਾਈਲੈਂਡ ਬਣਾਉਣ ਦੀ ਕੋਸ਼ਿਸ਼ ਕੀਤੀ । ਭਾਵੇਂ ਹੀ ਜੰਗ ਤੋਂ ਕਈ ਸਾਲਾਂ ਮਗਰੋਂ ਕੁਝ ਅਮਰੀਕੀ ਸੈਨਿਕਾਂ 'ਤੇ ਇਰਾਕੀ ਔਰਤਾਂ 'ਤੇ ਲਿੰਗੀ ਸ਼ੋਸ਼ਣ ਸਬੰਧੀ ਮੁੱਕਦਮੇ ਚਲਾ ਕੇ ਸਜਾਵਾਂ ਦਿੱਤੀਆਂ ਗਈਆਂ ਪਰ ਉਸ ਸਮੇਂ ਤੱਕ ਤਾਂ ਇਰਾਕੀ ਮਾਨਸਿਕਤਾਂ ਨੂੰ ਮਧੋਲ ਦਿੱਤਾ ਗਿਆ ਸੀ । ਪੂਰੇ ਵਿਸ਼ਵ ਨੂੰ ਇਰਾਕ ਅੰਦਰ ਫੈਲਦੀ ਅਰਾਜਕਤਾ ਦਿਖਾਈ । ਇਹ ਸਾਰਾ ਕੁਝ ਇਸ ਲਈ ਕੀਤਾ ਗਿਆ ਤਾਂ ਕਿ ਇਸ ਨੂੰ ਸ਼ਾਂਤ ਕਰਨ ਦੇ ਬਹਾਨੇ ਇਰਾਕ ਵਿਚ ਆਪਣੀਆਂ ਫੌਜਾਂ ਨੂੰ ਵਧ ਸਮੇਂ ਤੱਕ ਰੱਖਿਆ ਜਾਵੇ । ਇਸ ਗੱਲ ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਆਪ ਕਿਹਾ ਸੀ ਕਿ ਉਥੇ ਇੰਨੀ ਅਰਾਜਕਤਾ ਫੈਲ ਚੁੱਕੀ ਹੈ ਕਿ ਇਸ ਨੂੰ ਸ਼ਾਂਤ ਕਰਨ

ਲਈ ਗੱਠਜੋੜ ਫੌਜਾਂ ਨੂੰ ਲੰਮਾ ਸਮਾਂ ਉਥੇ ਰਹਿਣਾ ਪਵੇਗਾ । ਜਿਥੇ ਇਰਾਕ ਦੇ ਹਰ ਚੱਪੇ ਚੱਪੇ 'ਤੇ ਅਮਰੀਕਾ ਨੇ ਹਥਿਆਰਾਂ ਦੀ ਭਾਲ ਅਰੰਭ ਕਰ ਦਿੱਤੀ ਉਥੇ ਸੱਦਾਮ ਹੁਸੈਨ ਨੂੰ ਫੜਨ ਲਈ ਵੀ ਉਹ ਤਰਲੋ ਮੱਛੀ ਹੋ ਰਹੇ ਸਨ । ਸੱਦਾਮ ਹੁਸੈਨ 7 ਅਪ੍ਰੈਲ 2003 ਤੋਂ ਹੀ ਲਾਪਤਾ ਸੀ । ਇਹ ਵੀ ਨਹੀਂ ਪਤਾ ਸੀ ਕਿ ਉਹ ਬੰਬਾਂ ਦੀ ਮਾਰ ਹੇਠ ਮਾਰਿਆ ਗਿਆ ਹੈ ਜਾਂ ਨਹੀਂ । ਉਸ ਨੂੰ ਫੜਾਉਣ ਵਾਲੇ ਨੂੰ 25 ਮਿਲੀਅਨ ਡਾਲਰ ਇਨਾਮ ਰੱਖਿਆ ਗਿਆ ਸੀ । ਜੂਨੀਅਰ ਬੁਸ਼ ਨੇ ਵੀ ਆਪਣੇ ਪਿਤਾ ਸੀਨੀਅਰ ਬੁਸ਼ ਵਾਂਗ ਇਰਾਕ 'ਤੇ ਹਮਲਾ ਕਰਕੇ ਇਰਾਕ ਦਾ ਅਥਾਹ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਇਸ ਦੂਜੀ ਖਾੜੀ ਜੰਗ ਵਿਚ 21 ਦਿਨਾਂ ਵਿਚ ਲਗਭੱਗ 10000 ਇਰਾਕੀ ਨਾਗਰਿਕ ਅਤੇ 8000 ਸੈਨਿਕ ਮਾਰੇ ਗਏ, ਲੱਖਾ ਲੋਕ ਜਖ਼ਮੀ ਹੋਏ, ਲੱਖਾਂ ਹੀ ਘਰੋਂ ਬੇ ਘਰ ਹੋ ਗਏ । ਹਜ਼ਾਰਾਂ ਇਮਾਰਤਾਂ ਢਹਿ ਢੇਰੀ ਕਰ ਦਿੱਤੀਆਂ । ਇਰਾਕ ਦੀ 3% ਖੇਤੀ ਯੋਗ ਭੂਮੀ ਇਕ ਵਾਰ ਫੇਰ ਬੰਬਾਂ ਨਾਲ ਛਲਣੀ ਕਰ ਦਿੱਤੀ । ਪਰ ਅਮਰੀਕਾ ਦਾ ਗੁੱਸਾ ਅਜੇ ਵੀ ਠੰਡਾ ਨਹੀਂ ਹੋ ਰਿਹਾ ਸੀ। ਕਿਉਂਕਿ ਇਰਾਕ ਵਿਚ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੇ ਖਤਰਨਾਕ ਰਸਾਇਣਕ ਅਤੇ ਜੈਵਿਕ ਹਥਿਆਰ ਨਹੀਂ ਮਿਲੇ ਸਨ । ਜਿਨ੍ਹਾਂ ਦੀ ਗੱਲ ਆਖ ਕੇ ਉਸ ਨੇ ਯੂ.ਐਨ.ਓ. ਅਤੇ ਸੰਸਾਰ ਭਾਈਚਾਰੇ ਦੀ ਸਹਿਮਤੀ ਤੋਂ ਬਗੈਰ 20 ਮਾਰਚ 2003 ਨੂੰ ਇਰਾਕ 'ਤੇ ਮੁੜ ਹਮਲਾ ਕੀਤਾ ਸੀ । ਅਮਰੀਕਾ ਨੇ ਸੱਦਾਮ ਹੁਸੈਨ ਦੇ ਗ੍ਰਿਫਤਾਰੀ ਵਰੰਟ ਜਾਰੀ ਕਰ ਦਿੱਤੇ। ਉਸ 'ਤੇ ਇਲਜ਼ਾਮ ਲਗਾਇਆ ਗਿਆ ਕਿ ਇਸ ਨੇ 1980 ਵਿਚ ਇਰਾਨ 'ਤੇ ਹਮਲਾ ਕੀਤਾ ਸੀ, ਦੂਜਾ ਇਲਜ਼ਾਮ ਸੀ ਕਿ ਇਸ ਨੇ 1990 ਵਿਚ ਕੁਵੈਤ 'ਤੇ ਹਮਲਾ ਕਰ ਕੇ ਇਸ 'ਤੇ ਕਬਜ਼ਾ ਕਰ ਲਿਆ ਸੀ । ਤੀਜਾ ਇਲਜ਼ਾਮ ਇਹ ਸੀ ਕਿ ਸੱਦਾਮ ਹੁਸੈਨ ਨੇ ਕੁਰਦਾਂ ਖਿਲਾਫ ਰਸਾਇਣਕ ਹਥਿਆਰਾਂ ਦੀ ਵਰਤੋਂ ਕੀਤੀ ਸੀ । ਚੌਥਾ ਇਲਜ਼ਾਮ ਸੀ ਕਿ ਉਸ ਨੇ ਇਰਾਕ ਵਿਚ ਬਹੁਦਲੀ ਲੋਕਤੰਤਰ ਦੀ ਇਜਾਜ਼ਤ ਨਹੀਂ ਦਿੱਤੀ ਸੀ ਅਤੇ ਉਸ ਦੀ ਬਾਥ ਪਾਰਟੀ ਨੇ ਡੰਡੇ ਦੇ ਜ਼ੋਰ ਨਾਲ ਹਕੂਮਤ ਕੀਤੀ ਸੀ । ਉਸ 'ਤੇ ਇਹ ਵੀ ਦੋਸ਼ ਲਗਾਇਆ ਗਿਆ ਕਿ ਉਸ ਕੋਲ ਸਮੂਹਿਕ ਤਬਾਹੀ ਦੇ ਹਥਿਆਰ ਸਨ, ਜਿਨ੍ਹਾਂ ਤੋਂ ਪੂਰੀ ਦੁਨੀਆਂ ਖਾਸ ਕਰ ਕੇ ਅਮਰੀਕਾ ਨੂੰ ਪੂਰਾ ਖਤਰਾ ਪੈਦਾ ਹੋ ਗਿਆ ਸੀ ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੱਦਾਮ ਹੁਸੈਨ ਨੇ ਆਪਣੀ ਹਕੂਮਤ ਦੇ ਵਿਰੋਧ ਨੂੰ ਸਿਰ ਨਹੀਂ ਸੀ ਚੁੱਕਣ ਦਿੱਤਾ ਅਤੇ ਉਸ ਨੇ ਆਪਣੀ ਹਕੂਮਤ ਦੇ ਵਿਰੋਧੀਆਂ ਪ੍ਰਤੀ ਬੇਰਹਿਮੀ ਵਰਤੀ । ਇੰਨਾਂ ਕੁਝ ਹੋਣ 'ਤੇ ਵੀ ਉਸ ਦੇ ਦੁਸ਼ਮਣ ਇਸ ਗੱਲ ਦਾ ਖੰਡਨ ਨਹੀਂ ਕਰ ਸਕਦੇ ਸਨ ਕਿ ਇਰਾਕ ਤਰੱਕੀ ਦੀ ਰਾਹ 'ਤੇ ਅੱਗੇ ਵਧ ਰਿਹਾ ਸੀ । ਸਿਖਿਆ ਵਿਚ ਲਿੰਗੀ ਬਰਬਾਰੀ ਅਤੇ ਆਪਣਾ ਮਨਚਾਹਿਆ ਪੇਸ਼ਾ ਅਪਨਾਉਣ ਦੀ ਛੋਟ ਦਿੱਤੀ ਗਈ ਸੀ । ਇਸਲਾਮੀ ਕੱਟੜਵਾਦ ਨੂੰ ਇਰਾਕ ਵਿਚ ਸਿਰ ਨਹੀਂ ਸੀ ਉਠਾਉਣ ਦਿੱਤਾ । ਇਰਾਕੀ ਸਦਰ ਦਾ ਸਭ ਤੋਂ ਉਦਾਰਣਯੋਗ ਕੰਮ ਇਹ ਸੀ ਕਿ ਉਸ ਨੇ ਵਿਸ਼ਵ ਦੇ ਸਭ ਤੋਂ ਤਾਕਤਵਰ ਸੈਨਿਕ ਉਦਯੋਗਿਕ ਸਮੂਹ ਸਾਹਮਣੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ ਇਸ ਕਾਰਨ ਹੀ ਇਰਾਕ ਨੂੰ ਅਮਰੀਕਾ ਦਾ ਕਹਿਰ ਝੱਲਣਾ ਪਿਆ । 1991 ਤੋਂ 2003 ਤੱਕ ਅਮਰੀਕਾ ਇਰਾਕ ਦੇ ਹਰ ਸ਼ਹਿਰ 'ਤੇ ਬੰਬ ਬਰਸਾਉਂਦਾ ਰਿਹਾ ਜਿਥੇ ਚਾਹੁੰਦਾ ਜਦੋਂ ਮਰਜੀ ਉਹ ਇਰਾਕੀਆਂ ਉਤੇ ਹਵਾ ਵਿਚੋਂ ਬੰਬ ਸੁੱਟ ਕੇ ਚਲਾ ਜਾਂਦਾ।

7 ਅਪ੍ਰੈਲ 2003 ਨੂੰ ਅਮਰੀਕੀ ਬੰਬਾਰਾਂ ਨੇ ਸੱਦਾਮ ਹੁਸੈਨ ਅਤੇ ਉਸ ਦੇ ਪੁੱਤਰਾਂ 'ਤੇ ਬੰਬਾਰੀ ਕਰਨ ਤੋਂ ਮਗਰੋਂ ਇਰਾਕ ਦਾ ਕੋਨਾ ਕੋਨਾ ਛਾਣ ਦਿੱਤਾ । ਪਰ ਸੱਦਾਮ ਹੁਸੈਨ ਦਾ ਕੋਈ ਪਤਾ ਨਾ ਲੱਗਿਆ । ਅਮਰੀਕਾ ਚਾਹੁੰਦਾ ਸੀ ਭਾਵੇਂ ਉਸ ਦੀ ਮਰੇ ਦੀ ਖ਼ਬਰ ਹੀ ਪਤਾ ਲੱਗ ਜਾਵੇ ਪਰ ਅਸਲ ਹੋਵੇ । ਪੂਰੇ ਅੱਠ ਮਹੀਨੇ ਗੁਜਰ ਗਏ ਅਮਰੀਕੀ ਸੂਹੀਆ ਏਜੰਸੀਆਂ ਨੂੰ ਸੱਦਾਮ ਹੁਸੈਨ ਦੀ ਭਾਲ ਕਰਦਿਆਂ । ਇਕ ਦਿਨ (ਇਕ ਅਰਬੀ ਅਖ਼ਬਾਰ ਅਨੁਸਾਰ) ਸੱਦਾਮ ਹੁਸੈਨ ਦੇ ਹੀ ਅੰਗ ਰੱਖਿਅਕ ਜਨਰਲ ਮੁਹੰਮਦ ਇਬਰਾਹੀਮ ਉਮਰ ਅਲ-ਮੁਸਲਿਤ ਨੇ 25 ਮਿਲੀਅਨ ਡਾਲਰ ਦੇ ਇਨਾਮ ਦੇ ਲਾਲਚ ਵਿਚ ਆ ਕੇ ਆਪਣੇ ਹੀ ਰਾਸ਼ਟਰਪਤੀ ਨੂੰ ਬੇਹੋਸ਼ੀ ਵਾਲੀ ਦਵਾਈ ਦੇ ਦਿੱਤੀ ਅਤੇ ਇਸ ਤੋਂ ਤੁਰੰਤ ਮਗਰੋਂ ਅਮਰੀਕੀ ਫੌਜਾਂ ਨੂੰ ਉਸ ਦੀ ਸੂਚਨਾ ਦੇ ਦਿੱਤੀ ਜਿਸ ਤੋਂ ਤੁਰੰਤ ਮਗਰੋਂ ਗੱਠਜੋੜ ਫੌਜਾਂ ਨੇ ਉਸ ਦੇ ਜੱਦੀ ਸ਼ਹਿਰ ਟਿਕਰੀਤ ਦੇ ਨੇੜੇ ਅਲਦਵਾਰ ਨੂੰ ਘੇਰਾ ਪਾ ਲਿਆ । ਅਮਰੀਕਾ ਦੀ ਚੌਥੀ ਇਨਫੈਂਟਰੀ ਡਵੀਜ਼ਨ ਦੇ ਫੌਜੀ ਕਮਾਂਡਰ ਲੈਫਟੀਨੈਂਟ ਜਨਰਲ ਰਿਕਾਰਡੋ ਸਾਂਚੇਜ਼ ਨੇ ਆਪਣੀ ਫੌਜੀ ਟੁਕੜੀ ਦੀ ਸਹਾਇਤਾ ਨਾਲ 14 ਦਸੰਬਰ 2003 ਨੂੰ ਬਿਨਾਂ ਕੋਈ ਗੋਲੀ ਚਲਾਏ ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ । ਉਸ ਨੂੰ ਉਥੋਂ ਬਗਦਾਦ ਹਵਾਈ ਅੱਡੇ 'ਤੇ ਇਕ ਸੈਲ ਵਿਚ ਲਿਜਾਇਆ ਗਿਆ ਜਿਥੇ ਕਿ ਪਹਿਲਾਂ ਹੀ ਹੋਰ ਬਹੁਤ ਸਾਰੇ ਇਰਾਕੀ ਜੰਗੀ ਕੈਦੀਆਂ ਨੂੰ ਰੱਖਿਆ ਗਿਆ ਸੀ । ਇੱਥੇ ਉਸ ਉਤੇ ਜੰਗੀ ਅਪ੍ਰਾਧੀ ਹੋਣ ਦਾ ਮੁੱਕਦਮਾ ਦਰਜ ਕੀਤਾ ਗਿਆ । ਹੋਸ਼ ਵਿਚ ਆਉਣ ਉਪਰੰਤ ਉਸ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਸਰਕਾਰ ਕੋਲ ਵਿਆਪਕ ਤਬਾਹੀ ਦੇ ਹਥਿਆਰ ਸਨ ਤਾਂ ਉਨ੍ਹਾਂ ਦ੍ਰਿੜਤਾ ਨਾਲ ਕਿਹਾ, "ਨਹੀਂ ਬਿਲਕੁਲ ਨਹੀਂ, । ਇਨ੍ਹਾਂ ਹਥਿਆਰਾਂ ਦਾ ਸੁਪਨਾ ਅਮਰੀਕਾ ਨੂੰ ਹੀ ਆਇਆ ਸੀ । ਉਸ ਨੂੰ ਸਾਡੇ ਨਾਲ ਜੰਗ ਵਿਢਣ ਲਈ ਬਹਾਨਾ ਚਾਹੀਦਾ ਸੀ, ਇਸ ਲਈ ਉਹਨੇ ਹਥਿਆਰਾਂ ਨੂੰ ਬਹਾਨਾ ਬਣਾ ਲਿਆ ।" ਫੇਰ ਉਨ੍ਹਾਂ ਨੂੰ ਪੁੱਛਿਆ ਗਿਆ "ਜੇ ਤੁਹਾਡੇ ਕੋਲ ਵਿਆਪਕ ਤਬਾਹੀ ਦੇ ਹਥਿਆਰ ਨਹੀਂ ਸਨ ਤਾਂ ਤੁਸੀ ਸੰਯੁਕਤ ਰਾਸ਼ਟਰ ਦੇ ਹਥਿਆਰ ਨਰੀਖਕਾਂ ਨੂੰ ਹਰ ਥਾਂ ਜਾਂਚ ਕਰਨ ਦੀ ਆਗਿਆ ਕਿਉਂ ਨਹੀਂ ਦਿੱਤੀ ?" ਇਸ ਤੇ ਸੱਦਾਮ ਹੁਸੈਨ ਨੇ ਜਵਾਬ ਦਿੱਤਾ, "ਅਸੀਂ ਨਹੀਂ ਸੀ ਚਾਹੁੰਦੇ ਕਿ ਉਹ ਰਾਸ਼ਟਰਪਤੀ ਭਵਨ ਵਿਚ ਜਾਣ ਅਤੇ ਸਾਡੇ ਪਰਿਵਾਰ ਦੀਆਂ ਨਿੱਜੀ ਗੱਲਾਂ ਤੋਂ ਵੀ ਪਰਦਾ ਚੁੱਕ ਦੇਣ ।" ਅਮਰੀਕਾ ਅਧੀਨ ਚਲਾਈ ਗਈ ਸ਼ੀਆ ਲੋਕਾਂ ਦੀ ਗੈਰ ਕਾਨੂੰਨੀ ਨਿਆਂਇਕ ਹਿਰਾਸਤ ਵਿਚ ਉਸ ਨੂੰ ਬੰਦ ਕਰ ਦਿੱਤਾ। ਇਸ ਗੈਰ ਕਾਨੂੰਨੀ ਅਦਾਲਤ ਦਾ ਜੱਜ ਇਕ ਕੁਰਦ ਲਗਾਇਆ ਗਿਆ ਕਿਉਂਕਿ ਸੱਦਾਮ ਹੁਸੈਨ 'ਤੇ ਕੁਰਦਾਂ ਨੂੰ ਕਤਲ ਕਰਨ ਦਾ ਦੋਸ਼ ਲਗਾਇਆ ਗਿਆ ਸੀ । ਇਸ ਲਈ ਉਹ ਹੁਣ ਕਾਲ ਕੋਠੜੀ ਵਿਚ ਬੰਦ ਸੀ । ਇਰਾਕ ਵਿਚ ਖਾਨਜੰਗੀ ਸ਼ੁਰੂ ਹੋ ਗਈ। ਅਮਰੀਕਾ ਵੀ ਇਹੋ ਚਾਹੁੰਦਾ ਸੀ । ਬਹੁਤ ਸਾਰੇ ਇਲਾਕੇ ਬਾਗੀਆਂ, ਵੱਖ-ਵੱਖ ਜੱਥੇਬੰਦੀਆਂ ਅਤੇ ਜ਼ਰਾਈਮ ਪੇਸ਼ਾ ਅੰਸ਼ਾ ਦੇ ਰਸੂਖ ਹੇਠ ਆ ਚੁੱਕੇ ਸਨ । ਇਰਾਕ ਵਿਚ ਸਿਰਫ ਸੱਦਾਮ ਹਕੂਮਤ ਦੇ ਲੋਕ ਜਾਂ ਬਾਥ ਪਾਰਟੀ ਦੇ ਵਫਾਦਾਰ ਹੀ ਐਂਗਲੋ-ਅਮਰੀਕਨ ਫੌਜਾਂ ਵਿਰੁੱਧ ਨਹੀਂ ਲੜ ਰਹੇ ਸਨ ਸਗੋਂ ਕੁਰਦਸ਼, ਵਾਹਾਬੀ ਸੁੰਨੀ ਮੁਸਲਿਮ ਕਮੇਟੀ ਦੇ ਗੁਰੀਲੇ, ਸ਼ੀਆ ਇਸਲਾਮਿਕ ਗਰੁੱਪ ਅਤੇ ਇਰਾਕੀ ਲਿਬਰੇਸ਼ਨ ਫਰੰਟ ਆਦਿ ਕਈ ਸਗੰਠਨ ਅਮਰੀਕੀ ਫੌਜਾਂ ਨਾਲ ਲੋਹਾ ਲੈਣ ਲੱਗੇ ਹੋਏ ਸਨ । ਇਨ੍ਹਾਂ

ਇਸਲਾਮਿਕ ਗੁੱਟਾਂ ਨੇ ਗੁਰੀਲੇ ਹਮਲਿਆਂ ਨਾਲ ਅਮਰੀਕਾ ਦੇ ਨੱਕ ਵਿਚ ਦਮ ਕਰ ਦਿੱਤਾ ਸੀ । ਮਨੁੱਖੀ ਬੰਬ ਬਣਨ ਵਿਚ ਮਾਹਿਰ ਇਨ੍ਹਾਂ ਲੋਕਾਂ ਨੇ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਇਸਾਈ ਫੌਜਾਂ ਨੂੰ ਆਪਣੇ ਦੇਸ਼ ਵਿਚੋਂ ਬਾਹਰ ਕੱਢਣ ਲਈ ਆਪਸੀ ਨੇੜਤਾ ਵਧਾ ਲਈ ਅਤੇ ਅਮਰੀਕਾ ਦੀ ਹਾਲਤ ਵੀਅਤਨਾਮ ਤੋਂ ਵੀ ਤਰਸਯੋਗ ਕਰ ਦਿੱਤੀ । ਭਾਵੇਂ ਪੱਛਮੀ ਸੈਨਾਵਾਂ ਵੱਲੋਂ ਕੀਤੀਆਂ ਜਾਂਦੀਆਂ ਅੰਧਾਧੁੰਦ ਬੰਬਾਰੀਆਂ ਅਤੇ ਗੋਲਾਬਾਰੀਆਂ ਅਤੇ ਦੂਜੇ ਪਾਸੇ ਸੰਪਰਦਾਇਕ ਤਣਾਅ ਅਤੇ ਵੈਰ-ਵਿਰੋਧ ਕਾਰਨ ਹੁੰਦੇ ਵਿਸਫੋਟਾਂ ਅਤੇ ਆਤਮਘਾਤੀ ਹਮਲਿਆਂ ਕਾਰਨ ਇਰਾਕ ਵਿਚ ਔਸਤਨ ਸੌ ਵਿਅਕਤੀ ਹਰ ਰੋਜ਼ ਮਰ ਰਹੇ ਸਨ ਪਰ ਇਸ ਨਾਲ ਅਮਰੀਕੀ ਫੌਜਾਂ ਦੀ ਮੌਤਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਸੀ । ਅਮਰੀਕਾ ਅਤੇ ਬਰਤਾਨੀਆ ਆਪਣੇ ਆਪ ਨੂੰ ਇਰਾਕੀ ਦਲ-ਦਲ ਵਿਚ ਫਸੇ -ਫਸੇ ਮਹਿਸੂਸ ਕਰਨ ਲੱਗੇ । ਅਮਰੀਕਾ ਦੀ ਇਰਾਕ ਵਿਚ ਬਣਾਈ ਕਠਪੁਤਲੀ ਸਰਕਾਰ ਨਾ ਮਾਤਰ ਦੀ ਸਰਕਾਰ ਬਣ ਕੇ ਰਹਿ ਗਈ ਅਤੇ ਬਾਥ ਪਾਰਟੀ ਫਿਰ ਤੋਂ ਹਾਵੀ ਹੋਣ ਲੱਗੀ । ਜਾਰਜ਼ ਡਬਲਿਊ. ਬੁਸ਼ ਦੀ ਬਿੰਕ ਟੈਂਕ ਵਾਲੀ ਦੋਸ਼ ਭਰਪੂਰ ਰਣਨੀਤੀ ਲੋਕਾਂ ਦੇ ਜਖਮ ਭਰਨ ਦੀ ਬਜਾਏ ਅੱਤਵਾਦ ਦੇ ਸਮਰੱਥਕ ਵਧਾਉਣ ਅਤੇ ਹੋਰ ਜ਼ਿਆਦਾ ਅੱਤਵਾਦੀ ਰੰਗਰੂਟਾਂ ਦੀ ਭਰਤੀ ਵਿਚ ਹੀ ਸਹਾਇਕ ਸਿੱਧ ਹੋਈ । ਜੇ ਇਕ ਪਾਸੇ ਬਗਾਵਤ ਸੀ ਤਾਂ ਦੂਜੇ ਪਾਸੇ ਜਿਹਾਦ। ਦੋਹਾਂ ਦਾ ਖਤਰਨਾਕ ਮਿਸ਼ਰਣ ਬਣ ਗਿਆ। ਬਗਾਵਤਕਾਰੀ ਪੱਛਮੀ ਫੌਜਾਂ ਨੂੰ ਬਾਹਰ ਕੱਢ ਕੇ ਆਪ ਰਾਜ ਦੀ ਵਾਗਡੋਰ ਸਾਂਭਣਾ ਚਾਹੁੰਦੇ ਸਨ ਤੇ ਜਿਹਾਦੀ ਇਨ੍ਹਾਂ ਹਥਿਆਰਬੰਦ ਟੋਲਿਆਂ ਨਾਲੋਂ ਵੀ ਵਧ ਆਪਣੇ ਆਪ ਨੂੰ ਪ੍ਰਭਾਵਤ ਕਰਨਾ ਚਾਹੁੰਦੇ ਸਨ। ਓਸਾਮਾ-ਬਿਲ-ਲਾਦੇਨ ਦੇ ਨਾਇਬ ਅਲ-ਜਵਾਹਿਰੀ ਨੇ 2004 ਵਿਚ ਕਿਹਾ ਸੀ ਕਿ ਇਰਾਕ ਅਤੇ ਅਫਗਾਨਿਸਤਾਨ 'ਤੇ ਹਮਲਾ ਕਰਕੇ ਅਮਰੀਕਾ ਅਜਿਹੀ ਦਲਦਲ ਵਿਚ ਫਸ ਗਿਆ ਹੈ ਕਿ ਜੇਕਰ ਉਹ ਜੰਗ ਜਾਰੀ ਰੱਖਦਾ ਹੈ ਤਾਂ ਉਸ ਦਾ ਖੂਨ ਵਹਿੰਦਾ ਰਹੇਗਾ ਜੇ ਉਥੋਂ ਨਿਕਲਦਾ ਹੈ ਤਾਂ ਵਿਸ਼ਵ ਦੇ ਸਭ ਤੋਂ ਵੱਡੇ ਸੈਨਿਕ ਉਦਯੋਗਿਕ ਸਮੂਹ ਦਾ ਇਸਲਾਮੀਅਤ ਅੱਗੇ ਗੋਡੇ ਟੇਕਣ ਦੇ ਬਰਾਬਰ ਹੈ। ਅਲ-ਜਵਾਹਿਰੀ ਦੀ ਇਹ ਭਵਿੱਖਬਾਣੀ ਉਸ ਸਮੇਂ ਅਸਲੀਅਤ ਵਿਚ ਬਦਲ ਗਈ ਜਦੋਂ ਇਰਾਕ ਵਿਚ ਹਾਲਾਤ ਇੰਨੇ ਵਿਗੜ ਗਏ ਸਨ ਕਿ ਬਗ਼ਦਾਦ ਸਥਿਤ ਅਮਰੀਕਾ ਦੇ ਰਾਜਦੂਤ ਨੇ ਆਪਣੀ ਇਕ ਰਿਪੋਰਟ (ਜੁਲਾਈ 2006) ਵਿਚ ਟੁੱਟ ਰਹੇ ਇਰਾਕ ਦੀ ਦਰਦਨਾਕ ਦਾਸਤਾਂ ਦੀ ਤਸਵੀਰ ਅਮਰੀਕੀ ਰਾਸ਼ਟਰਪਤੀ ਨੂੰ ਇਉਂ ਭੇਜੀ "ਇਥੇ ਅਸਲੀ ਸ਼ਾਸ਼ਕ ਮਿਲੀਸ਼ੀਆ ਹੈ ਅਤੇ ਇਰਾਕੀ ਸਰਕਾਰ ਕਿਸੇ ਗਿਣਤੀ ਵਿਚ ਵੀ ਨਹੀਂ । ਤੁਸੀਂ ਭਾਵੇਂ ਜੋ ਮਰਜ਼ੀ ਦਾਵੇ ਕਰੋ ਇਥੇ ਬੰਬ ਧਮਾਕਿਆਂ ਅਤੇ ਹਿੰਸਾ ਦਾ ਸਿਲਸਿਲਾ ਚੱਲਦਾ ਹੀ ਰਹੇਗਾ। ਅਮਰੀਕੀ ਫੌਜੀਆਂ ਦੀਆਂ ਲਾਸ਼ਾਂ ਨੂੰ ਥੈਲਿਆਂ ਵਿਚ ਪਾ ਕੇ ਲਿਆਂਦੇ ਜਾਣ ਦਾ ਸਿਲਸਿਲਾ ਉਦੋਂ ਤੱਕ ਨਹੀਂ ਰੁਕੇਗਾ ਜਦੋਂ ਤੱਕ ਇਕ-ਇਕ ਫੌਜੀ ਇਰਾਕ ਨਹੀਂ ਛੱਡ ਦੇਦਾਂ ।"

ਅਮਰੀਕਾ ਦੇ 100 ਤੋਂ ਵੱਧ ਸੀ-ਲਾਈਟ ਹੈਲੀਕਾਪਟਰਾਂ ਨੂੰ ਇਰਾਕੀ ਗੁਰੀਲਿਆਂ ਨੇ ਨਿਸ਼ਾਨਾ ਬਣਾਇਆ ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ ਏ. ਐਚ.-64 ਅਪਾਚੇ ਅਤੇ ਓ.ਐਚ.-58 ਕਿਓਵਾ ਵਾਰੀਅਰ ਸਨ। ਇਨ੍ਹਾਂ ਹੈਲੀਕਾਪਟਰਾਂ ਦੀ ਕੀਮਤ 1400 ਮਿਲੀਅਨ ਡਾਲਰ ਤੋਂ ਵੀ ਜਿਆਦਾ ਸੀ। ਇਨ੍ਹਾਂ ਹੈਲੀਕਾਪਟਰਾਂ ਵਿਚ ਅਮਲੇ ਦੇ ਲਗਪਗ

300 ਮੈਂਬਰ ਮਾਰੇ ਗਏ। ਅਮਰੀਕੀ ਜਨਤਾ ਤਰਾਹ-ਤਰਾਹ ਕਰ ਉਠੀ । ਬ੍ਰਿਟੇਨ ਵਿਚ ਤਾਂ ਬਰਤਾਨਵੀਆਂ ਨੇ ਜਾਰਜ਼ ਡਬਲਿਉ. ਬੁਸ਼ ਨੂੰ 'ਭਿਆਨਕ' ਨੇਤਾ ਅਤੇ 'ਬਹੁਤ ਘਟੀਆ' ਨੇਤਾ ਕਰਾਰ ਦਿੱਤਾ । ਜਨੇਵਾ ਸਮਝੌਤਿਆਂ, ਕੌਮਾਂਤਰੀ ਸੰਧੀਆਂ ਅਤੇ ਮਨੁੱਖੀ ਅਧਿਕਾਰਾਂ ਨੂੰ ਕੁਚਲ ਕੇ ਅਮਰੀਕੀ ਫੌਜੀਆਂ ਨੇ ਇਰਾਕੀਆਂ ਉਤੇ ਹੱਦਾਂ ਬੰਨੇ ਟੱਪ ਕੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਅਰਾਜ਼ਕਤਾ ਫੈਲਾਉਣ ਲਈ ਗੋਰੀਆਂ ਫੌਜਾਂ ਨੇ ਇਰਾਕੀ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ । ਇਸ ਕੰਮ ਵਿਚ ਪੱਛਮੀ ਫੌਜਾਂ ਨੂੰ ਔਰਤ ਕਰਮਚਾਰੀ ਵੀ ਸਾਥ ਦੇ ਰਹੀਆਂ ਸਨ । ਨਾ-ਬਾਲਗ ਲੜਕੀਆਂ ਨਾਲ ਉਨ੍ਹਾਂ ਦੇ ਘਰ ਵਿਚ ਘੁਸ ਕੇ ਬਲਾਤਕਾਰ ਕਰਨ ਉਪਰੰਤ ਉਨ੍ਹਾਂ ਦੇ ਪਰਿਵਾਰਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਸੀ ਤਾਂ ਕਿ ਉਨ੍ਹਾਂ ਖਿਲਾਫ ਕੋਰਟ ਮਾਰਸ਼ਲ ਨਾ ਕੀਤਾ ਜਾਂ ਸਕੇ । ਬਲਾਤਕਾਰ ਅਤੇ ਹੱਤਿਆ ਦੇ ਦੋਸ਼ੀ ਪਾਏ ਗਏ 101ਵੀਂ ਯੂਨਿਟ ਦੇ ਜੇਮਸ ਪੀ. ਬਾਰਕਰ, ਪਾਲ ਈ.ਕਾਰਕਸ , ਜੇਸ ਵੀ. ਸਲੀਪ ਮੈਂਨ ਅਤੇ ਬ੍ਰਾਇਨ ਐਲ. ਹੋਵਾਰਡ ਤੇ ਹੋਰ ਬਹੁਤ ਸਾਰੇ ਦੋਸ਼ੀ ਜਿਨ੍ਹਾਂ ਵਿਚ ਔਰਤ ਸੈਨਿਕ ਵੀ ਸਨ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਪੱਛਮੀ ਫੌਜਾਂ ਦੇ ਜੁਲਮਾਂ ਤੋਂ ਤੰਗ ਆ ਕੇ ਇਰਾਕੀ ਲੋਕਾਂ ਨੇ ਆਪਣੇ ਦੇਸ਼ ਵਿਚੋਂ ਪਲਾਇਨ ਕਰਨਾ ਸ਼ੁਰੂ ਕਰ ਦਿੱਤਾ। ਸੋਲਾਂ ਲੱਖ ਲੋਕ ਦੌੜ ਕੇ ਦੂਜੇ ਦੇਸ਼ਾਂ ਵਿਚ ਚਲੇ ਗਏ। ਜਦ ਕਿ ਪੰਦਰਾਂ ਲੱਖ ਲੋਕ ਆਪਣੀ ਪੁਸ਼ਤੈਨੀ ਥਾਂ ਤੋਂ ਉਜੜ ਕੇ ਦੂਜੀਆਂ ਥਾਵਾਂ 'ਤੇ ਚਲੇ ਗਏ। ਇਕੱਲੇ ਜਾਰਡਨ ਵਿਚ ਹੀ ਸੱਤ ਲੱਖ ਇਰਾਕੀ ਸ਼ਰਨਾਰਥੀ ਸਨ। ਅਮਾਨ ਵਿਚ ਐਨੀ ਬੁਰੀ ਹਾਲਤ ਹੋ ਗਈ ਕਿ ਇਨ੍ਹਾਂ ਸ਼ਰਨਾਰਥੀਆਂ ਦੇ ਜਾਣ ਨਾਲ ਉਥੇ ਮਕਾਨਾਂ ਦੀਆਂ ਕੀਮਤਾਂ ਵਿਚ ਤਿੰਨ ਗੁਣਾ ਵਾਧਾ ਹੋ ਗਿਆ।

ਵਿਗੜਦੇ ਹਾਲਤਾਂ ਨੂੰ ਦੇਖ ਕੇ ਅਮਰੀਕੀ ਡੈਮੋਕਰੇਟਿਕ ਸੀਨੇਟਰ ਹੈਰੀ ਰੀਡ ਨੇ ਇਰਾਕ ਵਿਚ ਅਮਰੀਕੀ ਫੌਜੀਆਂ ਦੇ ਵਾਧੇ 'ਤੇ ਜ਼ੋਰ ਦਿੱਤਾ ਜਿਸ ਨੂੰ ਜਾਰਜ਼ ਡਬਲਿਉ. ਬੁਸ਼ ਨੇ ਮਨਜ਼ੂਰੀ ਦੇ ਦਿੱਤੀ । ਉਧਰ ਅਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਜਾਨ ਹਾਵਰਡ ਨੂੰ ਵੀ ਚਿੰਤਾਂ ਲੱਗੀ ਹੋਈ ਸੀ ਕਿਉਂਕਿ ਅਸਟ੍ਰੇਲੀਆ ਦੇ ਸੈਨਿਕ ਵੀ ਇਰਾਕ ਵਿਚ ਲੜ ਰਹੇ ਸਨ। ਉਹ ਵੀ ਇਹ ਗੱਲ ਨੂੰ ਸਵੀਕਾਰ ਕਰਨ ਲੱਗੇ ਕਿ "ਇਰਾਕ ਵਿਚ ਸਭ ਬੁਰਾ ਹੋ ਰਿਹਾ ਹੈ । ਇਸ ਯੁੱਧ ਦੇ ਭਿਆਨਕ ਨਤੀਜੇ ਨਿਕਲੇ ਹਨ ।" ਬ੍ਰਿਟਿਸ਼ ਆਰਮੀ ਚੀਫ ਸਰ ਰਿਚਰਡ ਡੈਨੇਟ (Sir Richard Dannat) ਵੀ ਇਸ ਗੱਲ ਨਾਲ ਸਹਿਮਤ ਹੋ ਗਏ ਕਿ ਬਸਰਾ ਅਤੇ ਹੋਰ ਖੇਤਰਾਂ ਵਿਚ ਗੱਠਜੋੜ ਫੌਜਾਂ ਸਿਰਫ ਆਤੰਕਵਾਦ ਪੈਦਾ ਕਰ ਰਹੀਆਂ ਹਨ । ਇਰਾਕ ਵਿਚ ਬ੍ਰਿਟੇਨ ਦੇ ਰਾਜਦੂਤ ਵਿਲੀਅਮ ਪੈਟੀ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਨੂੰ ਇਕ ਚਿੱਠੀ ਵਿਚ ਲਿਖਿਆ, "ਇਰਾਕ ਦੀ ਹਾਲਤ ਬਹੁਤ ਨਿਰਾਸ਼ਾਜਨਕ ਹੈ, ਉਥੇ ਪੱਛਮੀ ਨੀਤੀ ਅਸਫਲ ਹੋ ਚੁੱਕੀ ਹੈ, ਇਰਾਕ ਵਿਚ ਘਰੇਲੂ ਯੁੱਧ ਛਿੜ ਚੁੱਕਾ ਹੈ ।" ਆਮ ਜਨਤਾ ਨੂੰ ਜਦੋਂ ਇਸ ਚਿੱਠੀ ਬਾਰੇ ਪਤਾ ਲੱਗਾ ਤਾਂ ਇਰਾਕ ਵਿਚ ਅਮਰੀਕੀ ਫੌਜੀ ਅਫਸਰ ਜਨਰਲ ਜੌਹਨ ਅਬੀਜ਼ੇਡ ਅਤੇ ਅਮਰੀਕਨ ਫੌਜ ਦੇ ਮੁੱਖੀ (ਚੈਅਰਮੈਨ ਆਫ ਜਾਇੰਟ ਚੀਫ ਆਫ ਸਟਾਫ) ਜਨਰਲ ਪੀਟਰ ਪੇਸ ਨੇ ਵੀ ਇਸ ਗੱਲ ਨੂੰ ਸਵੀਕਾਰ ਕਰ ਲਿਆ । ਇਸੇ ਲਈ ਤਾਂ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਵੀ ਇਰਾਕੀ ਹਮਲੇ ਨੂੰ ਤਬਾਹਕੁਨ ਮੰਨਦੇ ਹੋਏ ਇਹ ਵੀ ਸਵੀਕਾਰ ਕਰਨ ਲੱਗੇ

ਕਿ "ਪੱਛਮੀ ਫੌਜਾਂ ਇਰਾਕ ਵਿਚ ਸੱਦਾਮ ਹੁਸੈਨ ਨੂੰ ਗੱਦੀ ਤੋਂ ਉਤਾਰਨ ਤੋਂ ਮਗਰੋਂ ਹਿੰਸਾ ਰੋਕਣ ਲਈ ਸ਼ਕਤੀਹੀਣ ਸਾਬਤ ਹੋਈਆਂ ਹਨ ਅਤੇ ਇਰਾਕ ਦੀ ਇਹ ਮੁਹਿੰਮ ਦੁਸ਼ਵਾਰ ਸਾਬਤ ਹੋਈ ਹੈ ।" ਅਮਰੀਕਾ ਅਤੇ ਬਰਤਾਨੀਆ ਵਿਚ ਇਰਾਕ ਦੀ ਨੀਤੀ ਘੜਨ ਵਾਲੇ ਸਭ ਤੋਂ ਉਪਰਲੇ ਪੱਧਰਾਂ ਵਿਚ ਨਿਰਾਸ਼ਾ ਦਾ ਮਾਹੌਲ ਪੈਦਾ ਹੋ ਗਿਆ । ਉਨ੍ਹਾਂ ਨੂੰ ਆਪਣੀ ਨੀਤੀ ਦੀ ਅਸਫਲਤਾ ਸਪੱਸ਼ਟ ਦਿਸਣ ਲੱਗੀ । ਇਰਾਕ ਦੀ ਇਸ ਆਤਮਘਾਤੀ ਲੜਾਈ ਨੇ ਅਫਗਾਨਿਸਤਾਨ 'ਤੇ ਵੀ ਆਪਣਾ ਪ੍ਰਭਾਵ ਪਾਇਆ । ਅਫਗਾਨਿਸਤਾਨ ਵਿਚ ਨਾਟੋ/ ਪੱਛਮੀ ਫੌਜਾਂ ਅਤੇ ਤਾਲੀਬਾਨਾਂ ਵਿਚ ਵੱਡੇ ਪੱਧਰ ਤੇ ਲੜਾਈ ਸ਼ੁਰੂ ਹੋ ਗਈ ਹੁਣ ਤਾਲੀਬਾਨੀਆਂ ਨੇ ਵੀ ਪੱਛਮੀ ਫੌਜਾਂ 'ਤੇ ਹਮਲਾ ਕਰਨ ਦੇ ਉਹ ਹੀ ਢੰਗ ਅਪਣਾ ਲਏ ਸਨ ਜੋ ਇਰਾਕ ਵਿਚ ਆਤਮਘਾਤੀ ਦਸਤੇ ਅਪਣਾ ਰਹੇ ਸਨ । ਅਫਗਾਨਿਸਤਾਨ ਵਿਚ ਅਜਿਹੇ ਆਤਮਘਾਤੀ ਬੰਬਾਂ ਨੇ ਨਾਟੋ ਫੌਜਾਂ ਦਾ ਵੱਡਾ ਨੁਕਸਾਨ ਕੀਤਾ । ਉਧਰ ਇਸਰਾਈਲ ਨੂੰ ਵੀ ਲਿਬਨਾਨ ਵਿਚ ਹਿਜਬੁਲਾ ਵਿਰੁੱਧ ਸਫਲਤਾ ਨਹੀਂ ਮਿਲ ਰਹੀ ਸੀ ਕਿਉਂਕਿ ਇਰਾਕੀ ਸ਼ੀਆ ਮੁਸਲਮਾਨ ਹਿਜਬੁਲਾ ਦਾ ਸਾਥ ਦੇ ਰਹੇ ਸਨ । ਇਸ ਤਰ੍ਹਾਂ ਮੱਧ ਪੂਰਬ ਦੀ ਦਲਦਲ ਵਿਚ ਅਮਰੀਕਾ ਬੁਰੀ ਤਰ੍ਹਾਂ ਫਸ ਚੁੱਕਾ ਸੀ । ਹਿਲੇਰੀ ਕਲਿੰਟਨ ਨੇ ਇਸ ਯੁੱਧ ਨੂੰ ਅਮਰੀਕੀ ਇਤਿਹਾਸ ਦੀ ਸਭ ਤੋਂ ਸ਼ਰਮਨਾਕ ਘਟਨਾ ਦੱਸਿਆ। ਉਸ ਦਾ ਕਹਿਣਾ ਸੀ ਕਿ ਅਮਰੀਕੀਆਂ ਦੀ ਜਿੰਦਗੀ ਨੂੰ ਦਾਅ 'ਤੇ ਲਾ ਕੇ ਖੜ੍ਹਾ ਕੀਤਾ ਗਿਆ ਇਹ ਇਕ ਰਾਜਨੀਤਕ ਸਟੰਟ ਸੀ।

ਅਮਰੀਕਾ ਵਿਚ ਸੈਨੇਟ ਦੀਆਂ ਚੋਣਾਂ ਸਿਰ 'ਤੇ ਸਨ । ਇਸ ਲਈ ਜਾਰਜ਼ ਡਬਲਿਊ. ਬੁਸ਼ ਜਲਦੀ ਤੋਂ ਜਲਦੀ ਸੱਦਾਮ ਹੁਸੈਨ ਦਾ ਕੰਡਾ ਕੱਢਣਾ ਚਾਹੁੰਦੇ ਸਨ । ਉਨ੍ਹਾਂ ਨੇ ਸੱਦਾਮ ਹੁਸੈਨ 'ਤੇ ਚੱਲ ਰਹੇ ਇਕ ਤਰਫਾ ਮੁਕੱਦਮੇ ਨੂੰ ਤੇਜ ਕਰਾ ਦਿੱਤਾ । ਅਮਰੀਕਾ ਨੇ ਸ਼ੀਆ ਭਾਈਚਾਰੇ ਨੂੰ ਗੁੰਮਰਾਹ ਕਰਕੇ ਉਨ੍ਹਾਂ ਦਾ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਸ਼ੀਆ ਪ੍ਰਧਾਨ ਮੰਤਰੀ ਨਿਯੁਕਤ ਕਰ ਕੇ ਫੌਜੀ ਨਿਆਂਇਕ ਅਥਾਰਟੀ ਦੇ ਦੋ ਮੁੱਖ ਜੱਜਾਂ ਨੂੰ ਇਸ ਲਈ ਕੱਢ ਦਿੱਤਾ ਕਿ ਉਨ੍ਹਾਂ ਨੇ ਅਮਰੀਕਾ ਦੇ ਕਹਿਣ 'ਤੇ ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ । ਸੱਦਾਮ ਹੁਸੈਨ ਦੇ ਤਿੰਨ ਵਕੀਲਾਂ ਦਾ ਕਤਲ ਕਰ ਦਿੱਤਾ ਅਤੇ ਬਾਕੀ ਵਕੀਲਾਂ ਨੂੰ ਇਰਾਕ ਵਿਚ ਵੜਨ ਦੀ ਇਜਾਜ਼ਤ ਹੀ ਨਹੀਂ ਦਿੱਤੀ ਗਈ ਸੀ । ਇਰਾਕੀ ਸਦਰ ਸੱਦਾਮ ਹੁਸੈਨ ਨੂੰ ਬਚਾਉਣ ਲਈ ਜਾਰਡਨ ਵਿਚ ਵੱਖ-ਵੱਖ ਦੇਸ਼ਾਂ ਦੇ 600 ਵਕੀਲ ਇਕੱਠੇ ਹੋਏ ਸਨ ਜਿਨ੍ਹਾਂ ਨੂੰ ਇਰਾਕ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ।

ਅਮਰੀਕਾ ਦੀਆਂ ਸੈਨੇਟ ਦੀਆਂ ਚੋਣਾ ਲਈ ਸਿਰਫ 24 ਘੰਟੇ ਦਾ ਸਮਾਂ ਬਾਕੀ ਸੀ। ਇਸ ਸਮੇਂ ਜਾਰਜ਼ ਡਬਲਿਊ. ਬੁਸ਼ ਨੂੰ ਆਪਣੀ ਇਰਾਕ ਸਬੰਧੀ ਨੀਤੀ ਤੇ ਅਮਰੀਕੀ ਜਨਤਾ ਦੇ ਘੋਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਇਸ ਸਥਿਤੀ ਵਿਚ ਅਮਰੀਕੀ ਰਾਸ਼ਟਰਪਤੀ ਨੇ ਅਮਰੀਕੀ ਜਨਤਾ ਨੂੰ ਆਪਣੇ ਵੱਲ ਖਿਚਣ ਲਈ ਇਰਾਕ ਦੇ ਗੱਦੀਓਂ ਲਾਹੇ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਇਰਾਕ ਵਿਚ ਬਣਾਈ ਗਈ ਗੈਰ ਕਾਨੂੰਨੀ ਇਕ ਤਰਫਾ ਅਦਾਲਤ ਤੋਂ 5 ਨਵੰਬਰ 2006 ਨੂੰ ਫਾਂਸੀ ਦੀ ਸਜ਼ਾ ਸੁਣਵਾ ਦਿੱਤੀ । ਅਦਾਲਤ ਨੇ 1982 ਵਿਚ ਸੱਦਾਮ ਹੁਸੈਨ 'ਤੇ ਕਾਤਲਾਨਾ ਹਮਲਾ ਕੀਤੇ ਜਾਣ ਤੋਂ ਬਾਅਦ

ਕੁਰਦਸਿਤਾਨ ਦੇ ਦੁਜੈਲ ਪਿੰਡ ਵਿਚ ਸ਼ੀਆ ਭਾਈਚਾਰੇ ਦੇ 148 ਮੁਸਲਮਾਨਾਂ ਦੀ ਸਮੂਹਿਕ ਹੱਤਿਆ ਕਰਨ ਦਾ ਉਸ ਨੂੰ ਦੋਸ਼ੀ ਕਰਾਰ ਦਿੱਤਾ । ਅਮਰੀਕਾ ਵੱਲੋਂ ਇਸ ਇਕਤਰਫਾ ਗੈਰ ਕਾਨੂੰਨੀ ਢੰਗ ਨਾਲ ਬਣਾਈ ਗਈ ਅਦਾਲਤ ਦਾ ਚੀਫ ਜਸਟਿਸ ਰਊਫ ਰਾਸ਼ਿਦ ਅਬਦੇਲ ਰਹਿਮਾਨ ਕੁਰਦ ਸੀ ਅਤੇ ਸੱਦਾਮ ਹੁਸੈਨ 'ਤੇ ਕੁਰਦਾਂ 'ਤੇ ਹੋਏ ਕਤਲ ਦਾ ਦੋਸ਼ ਸੀ ।

ਸੱਦਾਮ ਹੁਸੈਨ ਦੀ ਫਾਂਸੀ ਦੀ ਖ਼ਬਰ ਪੂਰੇ ਵਿਸ਼ਵ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਪਰ ਕਿਸੇ ਨੂੰ ਹੈਰਾਨੀ ਨਹੀਂ ਹੋਈ ਕਿਉਂਕਿ ਇਸ ਤੋਂ ਘੱਟ ਸਜ਼ਾ ਦੀ ਕਿਸੇ ਨੂੰ ਉਮੀਦ ਹੀ ਨਹੀਂ ਸੀ । ਪੂਰੇ ਵਿਸ਼ਵ ਵਿਚ ਹਲੱਚਲ ਮੱਚ ਗਈ । ਅਮਰੀਕਾ ਦੇ ਇਕ ਸਾਬਕਾ ਅਟਾਰਨੀ ਜਨਰਲ ਰੈਮਸੇ ਕਲਾਰਕ ਨੇ ਖੁਦ ਇਸ ਦਾ ਵਿਰੋਧ ਕੀਤਾ । ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਇਰਾਕ ਵਿਚ ਫਿਰਕੂ ਦੰਗੇ ਭੜਕ ਪਏ । ਅਮਰੀਕਾ ਦੇ ਨਿਉਯਾਰਕ ਸਥਿਤ ਮਨੁੱਖੀ ਅਧਿਕਾਰ ਕਮਿਸ਼ਨ ਨੇ ਖੁਦ ਫਾਂਸੀ ਦੀ ਸਜ਼ਾ ਦਾ ਵਿਰੋਧ ਕੀਤ । ਉਨ੍ਹਾਂ ਦਾ ਮੰਨਣਾ ਸੀ ਕਿ ਫਾਂਸੀ ਦੀ ਸਜ਼ਾ ਦੇਣ ਵਾਲੇ ਟ੍ਰਿਬਿਊਨਲ ਵਿਚ ਅਨੇਕਾਂ ਖਾਮੀਆਂ ਸਨ । ਇੰਟਰਨੈਸ਼ਨਲ ਜਸਟਿਸ ਪ੍ਰੋਗਰਾਮ ਦੇ ਮੈਂਬਰ ਨੇਹਲ ਭੁੱਟਾ ਨੇ ਵੀ ਕਿਹਾ, "ਦੁਜੈਲ ਟ੍ਰਇਲ ਵਿਚ ਮੌਲਿਕ ਤੌਰ ਤੇ ਫਾਂਸੀ ਦੀ ਸਜ਼ਾ ਦੇਣੀ ਨਿਆਂ ਸੰਗਤ ਨਹੀਂ ਸੀ । ਉਨ੍ਹਾਂ ਦਾ ਕਹਿਣਾ ਸੀ ਕਿ "ਟ੍ਰਿਬਿਊਨਲ ਨੇ ਇਰਾਕੀ ਲੋਕਾਂ ਨੂੰ ਨਿਆਂ ਦੇਣ ਦਾ ਇਕ ਮਹੱਤਪੂਰਨ ਮੌਕਾ ਖੁੰਝਾ ਦਿੱਤਾ ਹੈ । ਇਹ ਮੌਤ ਦੀ ਸਜ਼ਾ ਬਚਾਅ ਪੱਖ ਨੂੰ ਇਕ ਪਾਸੇ ਕਰਕੇ ਥੋਪੀ ਗਈ ਸੀ । ਕਿਉਂਕਿ ਬਚਾਅ ਪੱਖ ਦੇ ਤਿੰਨ ਵਕੀਲਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ 5 ਮੈਂਬਰੀ ਪੈਨਲ ਵਿਚੋਂ ਤਿੰਨ ਜੱਜ ਬਾਹਰ ਕੱਢ ਦਿੱਤੇ ਗਏ ਸਨ ਤੇ ਨਿਰਪੱਖ ਚੀਫ ਜੱਜ ਨੂੰ ਬਦਲ ਦਿੱਤਾ ਗਿਆ ਸੀ । ਟ੍ਰਿਬਿਊਨਲ ਆਪਣੇ ਪਹਿਲੇ ਟ੍ਰਇਲ ਵਿਚ ਹੀ ਫੇਲ ਹੋ ਗਿਆ ਸੀ ਜਦੋਂ ਇਰਾਕੀ ਸਰਕਾਰ ਨੇ ਵਿਸ਼ਵ ਪੱਧਰ ਦੇ ਤਜ਼ਰਬੇਕਾਰ ਜੱਜਾਂ ਅਤੇ ਵਕੀਲਾਂ ਨੂੰ ਸਿੱਧੇ ਤੌਰ 'ਤੇ ਕੰਮ ਦੀ ਪੈਰਵਾਈ ਕਰਨ ਤੋਂ ਰੋਕ ਦਿੱਤਾ ਸੀ ।" ਅਮਰੀਕਾ ਦੇ ਇਸ ਫੈਸਲੇ ਦੀ ਪੂਰੇ ਵਿਸ਼ਵ ਵਿਚ ਨਿੰਦਾ ਕੀਤੀ ਗਈ । ਇਹ ਇਤਿਹਾਸ ਦਾ ਪਹਿਲਾ ਮੌਕਾ ਸੀ ਜਦੋਂ ਕਿਸੇ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਸਮੇਂ ਇੰਨਾ ਵੱਡਾ ਵਾ-ਵੇਲਾ ਉਠਿਆ ਹੋਵੇ । ਪਰ ਅਮਰੀਕਾ ਦਾ ਕਠਪੁਤਲੀ ਸਰਕਾਰਾਂ ਬਣਾ ਕੇ ਕਿਸੇ ਨੂੰ ਇਸ ਤਰੀਕੇ ਨਾਲ ਇਕ ਪਾਸੜ ਫੈਸਲੇ ਨਾਲ ਫਾਂਸੀ ਦੇਣ ਦਾ ਇਹ ਪਹਿਲਾ ਮੌਕਾ ਨਹੀਂ ਸੀ । ਇਸ ਤੋਂ ਪਹਿਲਾਂ ਵੀ ਉਹ ਬਹੁਤ ਸਾਰੇ ਦੇਸ਼ਾਂ ਵਿਚ ਆਪਾ-ਵਿਰੋਧੀ ਸਰਕਾਰਾਂ ਦੇ ਮੁਖੀਆਂ ਨੂੰ ਕਤਲ ਕਰਵਾ ਚੁੱਕਾ ਸੀ ।

ਬੁਸ਼-ਬਲੇਅਰ ਟੋਲੀ ਨੇ ਬਿਲਕੁਲ ਇਸੇ ਤਰ੍ਹਾਂ ਕੀਤਾ ਸੀ ਯੂਗੋਸਲਾਵੀਆ ਦੇ ਰਾਸ਼ਟਰਪਤੀ ਸਲਾਵਦਾਨ ਮਿਲੋਸੇਵਿਚ ਨਾਲ, ਜਿਸ ਨੂੰ ਸਰਬੀਆ ਦੀ ਜਨਤਾ ਆਪਣਾ ਹੀਰੋ ਮੰਨਦੀ ਸੀ ਅਤੇ ਜਿਸ ਨੇ 77 ਦਿਨ ਤੱਕ ਨਾਟੋ ਦੇ ਹਵਾਈ ਹਮਲਿਆਂ ਦਾ ਜ਼ਬਰਦਸਤ ਮੁਕਾਬਲਾ ਕਰਕੇ ਬੁਸ਼-ਬਲੇਅਰ ਜੋੜੀ ਨੂੰ ਧੂੜ ਚਟਾ ਦਿੱਤੀ ਸੀ । ਉਨ੍ਹਾਂ ਨੂੰ ਰਾਸ਼ਟਰਪਤੀ ਦੇ ਆਹੁਦੇ ਤੋਂ ਹਟਾਉਣ ਲਈ ਜਾਰਜ਼ ਡਬਲਿਉ. ਬੁਸ਼ ਨੇ ਸਰਵੀਆ ਦੇ ਇਸਲਾਮਿਕ ਅੱਤਵਾਦੀਆਂ ਨੂੰ ਕੋਰੜਾਂ ਡਾਲਰ ਦੇ ਕੇ ਯੂਗੋਸਲਾਵੀਆ ਨੂੰ ਤੋੜਨ ਦੀ ਸਾਜ਼ਿਸ਼ ਰੱਚੀ ਤੇ ਫੇਰ ਜਦੋਂ ਮਿਲੋਸੇਵਿਚ ਨੇ ਨਾਟੋ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ

ਦਿੱਤਾ ਤੇ ਦੂਜੀ ਵਾਰ ਰਾਸ਼ਟਰਪਤੀ ਦੀ ਚੋਣ ਜਿੱਤ ਗਏ ਤਾਂ ਜਾਰਜ਼ ਡਬਲਿਉ ਬੁਸ਼ ਦੇ ਆਦੇਸ਼ 'ਤੇ ਉਨ੍ਹਾਂ ਨੂੰ ਅਮਰੀਕਾ ਦੇ ਜੰਗੀ ਹੈਲੀਕਾਪਟਰਾਂ ਰਾਂਹੀ ਬੈਲਗ੍ਰੇਡ ਤੋਂ ਉਡਾ ਕੇ ਹਾਲੈਂਡ ਵਿਚ ਸੰਯੁਕਤ ਰਾਸ਼ਟਰ ਅਪਰਾਧਿਕ ਨਿਆਂ ਅਥਾਰਟੀ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ । ਜਿਥੇ ਉਹ ਨਾ ਕੋਈ ਆਪਣਾ ਵਕੀਲ ਕਰ ਸਕੇ ਤੇ ਨਾ ਹੀ ਉਨ੍ਹਾਂ ਨੂੰ ਆਪਣੇ ਬਚਾਅ ਲਈ ਗਵਾਹ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ । ਉਨ੍ਹਾਂ ਦੀ ਇਸੇ ਤਰ੍ਹਾਂ ਹਾਲੈਂਡ ਦੀ ਜੇਲ੍ਹ ਵਿਚ ਹੱਤਿਆ ਕਰਵਾ ਦਿੱਤੀ ਗਈ ।

ਦਿਨ ਪ੍ਰਤੀ ਦਿਨ ਪੱਛਮੀ ਫੌਜਾਂ ਦੇ ਸੈਨਿਕ ਮਾਰੇ ਜਾ ਰਹੇ ਸਨ । ਮੌਤਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਸੀ । ਬੁਸ਼ ਦੀ ਰਣਨੀਤੀ ਫੇਲ ਹੋ ਚੁੱਕੀ ਸੀ । ਉਸ ਨੂੰ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਉਹ ਕੀ ਕਰੇ । ਉਸ ਦੀ ਇਰਾਕ ਵਿਚ ਲੋਕਤੰਤਰ ਰਾਜ ਪੈਦਾ ਕਰਨ ਦੀ ਸਕੀਮ ਵੀ ਬੁਰੀ ਤਰ੍ਹਾਂ ਅਸਫਲ ਹੋ ਗਈ ਸੀ । ਇਸੇ ਲਈ ਤਾਂ ਲੋਕਤੰਤਰ ਦੀ ਬਹਾਲੀ ਦੇ ਬਹਾਨੇ ਉਹ ਇਰਾਕ ਅਤੇ ਇਰਾਕੀਆਂ ਦਾ ਲਗਾਤਾਰ ਘਾਣ ਕਰਦਾ ਆ ਰਿਹਾ ਸੀ । ਬੁਸ਼-ਬਲੇਅਰ ਭਾਵੇਂ ਦੋ ਸਦੀਆਂ ਤੋਂ ਚਲੀ ਆ ਰਹੀ ਪੱਛਮੀ ਪ੍ਰਬਲਤਾ ਜਾਰੀ ਰੱਖਣ ਦੇ ਚੈਂਪੀਅਨ ਸਨ ਪਰ ਉਨ੍ਹਾਂ ਦੋਹਾਂ ਨੂੰ ਇਥੇ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਹੁਣ ਉਨ੍ਹਾਂ ਨੂੰ ਪੂਰਬ ਦੇ ਉਭਾਰ ਅਤੇ ਪੱਛਮ ਦੇ ਨਿਘਾਰ ਸਪੱਸ਼ਟ ਦਿਖਾਈ ਦੇਣ ਲੱਗੇ ਉਨ੍ਹਾਂ ਨੂੰ ਇਕਧਰੁਵੀ ਸੰਸਾਰਵਿਵਸਥਾ ਆਪਣੇ ਆਖਰੀ ਸਾਹ ਗਿਣ ਰਹੀ ਲੱਗ ਰਹੀ ਸੀ । ਕਿਉਂਕਿ ਹਿੰਸਾ ਸਿਰਫ ਇਰਾਕ ਤੱਕ ਹੀ ਸੀਮਤ ਨਹੀਂ ਰਹੀ ਸੀ ਸਗੋਂ ਇਸ ਨੇ ਸਾਰੇ ਮੱਧ ਪੂਰਬ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਜਾਰਜ਼ ਡਬਲਿਉ ਬੁਸ਼ ਦੀ ਹਰਮਨਪਿਆਰਤਾ ਦਾ ਗਰਾਫ ਜਿਸ ਤੇਜੀ ਨਾਲ ਗਿਰਦਾ ਜਾ ਰਿਹਾ ਸੀ ਉਸ ਦਾ ਲੁਕਵਾਂ ਦਬਾਉ ਉਸੇ ਤੇਜੀ ਨਾਲ ਉਹ ਸੱਦਾਮ ਹੁਸੈਨ ਦੇ ਮਕੱਦਮੇ 'ਤੇ ਪਾ ਰਿਹਾ ਸੀ । ਇਸ ਲਈ ਅਮਰੀਕਾ ਦੀ ਅੰਦਰੂਨੀ ਅਤੇ ਬਾਹਰੀ ਰਣਨੀਤੀ ਦੀ ਅਸਫਲਤਾ ਨੂੰ ਲੁਕਾਉਣ ਲਈ ਸੱਦਾਮ ਹੁਸੈਨ ਨੂੰ ਫਾਂਸੀ ਲਾਉਣਾ ਜ਼ਰੂਰੀ ਹੋ ਗਿਆ ਸੀ । ਇਹ ਵੀ ਸੀ ਕਿ ਬਿਨ-ਲਾਦੇਨ ਦੇ ਮਾਮਲੇ ਵਿਚ ਹੋਈ ਹੇਠੀ ਤੋਂ ਉਭਰਨ ਲਈ ਵੀ ਅਮਰੀਕਾ ਲਈ ਸੱਦਾਮ ਹੁਸੈਨ ਦਾ ਕਤਲ ਕਰਨਾ ਜ਼ਰੂਰੀ ਹੋ ਗਿਆ ਸੀ । ਇਸ ਲਈ ਅਮਰੀਕਾ ਸੱਦਾਮ ਹੁਸੈਨ ਦੀ ਮੌਤ ਨੂੰ ਆਪਣੀ ਜਨਤਾ ਸਾਹਮਣੇ ਪੇਸ਼ ਕਰਨਾ ਚਾਹੁੰਦਾ ਸੀ। ਜਿਵੇਂ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਐਟਮ ਬੰਬ ਸੁੱਟ ਕੇ ਅਮਰੀਕਾ ਨੇ ਦੂਜੇ ਵਿਸ਼ਵ ਯੁੱਧ ਦਾ ਅੰਤ ਕੀਤਾ ਸੀ ਉਹ ਠੀਕ ਉਸੇ ਤਰ੍ਹਾਂ ਸੱਦਾਮ ਹੁਸੈਨ ਨੂੰ ਫਾਂਸੀ ਲਗਵਾ ਕੇ ਇਰਾਕ ਯੁੱਧ ਦਾ ਅੰਤ ਕਰਨਾ ਚਾਹੁੰਦਾ ਸੀ । ਇਨ੍ਹਾਂ ਗੱਲਾਂ ਨੂੰ ਮੱਦੇਨਜ਼ਰ ਰੱਖਦਿਆਂ ਅਮਰੀਕਾ ਨੇ 29 ਦਸੰਬਰ 2006 ਨੂੰ ਸੱਦਾਮ ਹੁਸੈਨ ਨੂੰ ਇਰਾਕ ਵਿਚ ਆਪੇ ਬਣਾਈ ਨੂਰੀ ਅਲ-ਮਲੀਕੀ (ਇਰਾਕੀ ਪ੍ਰਧਾਨ ਮੰਤਰੀ) ਦੀ ਸਰਕਾਰ ਦੇ ਹਵਾਲੇ ਕਰ ਦਿੱਤਾ ਅਤੇ ਆਦੇਸ਼ ਦਿੱਤਾ ਕਿ ਇਸ ਨੂੰ 36 ਘੰਟੇ ਦੇ ਵਿਚ-ਵਿਚ ਫਾਂਸੀ ਲਗਾ ਦਿੱਤੀ ਜਾਵੇ । ਇਥੇ ਅਮਰੀਕਾ ਇਹ ਭੁੱਲ ਗਿਆ ਕਿ ਸੱਦਾਮ ਹੁਸੈਨ ਦੇ ਅੰਤ ਨਾਲ ਬੁਸ਼-ਬਲੇਅਰ ਯੁੱਗ ਦਾ ਵੀ ਅੰਤ ਹੋ ਜਾਵੇਗਾ ।

ਇਰਾਕ ਦੀ ਸ਼ੀਆ ਸਰਕਾਰ ਨੇ ਜਿਹੜੀ ਕਿ ਅਜੇ ਜਲਦੀ ਫਾਂਸੀ ਦੇਣ ਦੇ ਹੱਕ ਵਿਚ ਨਹੀਂ ਸੀ ਅਮਰੀਕਾ ਤੋਂ ਫਾਂਸੀ ਦੀ ਹਰੀ ਝੰਡੀ ਮਿਲਣ ਤੇ ਈਦ ਦੇ ਪਵਿੱਤਰ

ਤਿਉਹਾਰ ਦੀ ਵੀ ਪ੍ਰਵਾਹ ਨਹੀਂ ਕੀਤੀ ਜਦੋਂ ਕਿ ਪੂਰੇ ਵਿਸ਼ਵ ਵਿਚ ਈਦ ਦਾ ਪਵਿੱਤਰ ਤਿਉਹਾਰ ਮਨਾਉਣ ਦੀਆਂ ਤਿਆਰੀਆਂ ਪੂਰੇ ਜ਼ੋਰਾ 'ਤੇ ਚਲ ਰਹੀਆਂ ਸਨ ਪਰ ਅਮਰੀਕਾ ਦੇ ਦਬਾਅ ਪਾਉਣ 'ਤੇ 30 ਦਸੰਬਰ 2006 ਇਰਾਕੀ ਸਮੇਂ ਅਨੁਸਾਰ ਸਵੇਰੇ 6 ਵਜੇ ਅਮਰੀਕੀ ਫੌਜ ਦੀ ਮੌਜ਼ੂਦਗੀ ਵਿਚ ਸੱਦਾਮ ਹੁਸੈਨ ਨੂੰ ਉਨ੍ਹਾਂ ਦੀ ਹਕੂਮਤ ਦੌਰਾਨ ਸੈਨਿਕ ਖੁਫੀਆ ਵਿੰਗ ਦੇ ਬਗਦਾਦ ਅੰਦਰਲੇ ਹੈਡਕੁਆਟਰ ਵਿਚ ਫਾਂਸੀ ਦੇ ਦਿੱਤੀ । ਮੌਤ ਨੂੰ ਮਖੌਲਾਂ ਕਰਨ ਵਾਲੇ ਸੱਦਾਮ ਹੁਸੈਨ ਜਿਸ ਨਿਧੜਕ ਤਰੀਕੇ ਨਾਲ ਮੁੱਕਦਮੇ ਦੌਰਾਨ ਤੇ ਜਿਸ ਤਰੀਕੇ ਗਲ ਦੁਆਲੇ ਫਾਂਸੀ ਦਾ ਫੰਦਾ ਕਸੇ ਜਾਣ ਦੇ ਪਲ ਤਕ ਸਹਿਜ ਅਵਸਥਾ ਵਿਚ ਰਹੇ ਉਸ ਤੋਂ ਉਸ ਨੂੰ ਫਾਂਸੀ ਦੇਣ ਵਾਲੇ ਜਲਾਦ ਵੀ ਘਬਰਾ ਗਏ । ਜਲਾਦਾਂ ਨੇ ਆਮ ਕਾਲੇ ਕੱਪੜੇ, ਚਮੜੇ ਦੀਆਂ ਜੈਕਿਟਾਂ ਅਤੇ ਸਿਰਾਂ ਉਤੇ ਮਖੌਟੇ ਪਾਏ ਹੋਏ ਸਨ । ਸੱਦਾਮ ਹੁਸੈਨ ਨੇ ਫਾਂਸੀ ਮੌਕੇ ਆਪਣਾ ਮੂੰਹ ਢੱਕਣ ਤੋਂ ਇਨਕਾਰ ਕਰ ਦਿੱਤਾ । ਉਹ ਖੁੱਲ੍ਹੀਆਂ ਅੱਖਾਂ ਨਾਲ ਪੂਰੀ ਤਰ੍ਹਾਂ ਅਡੋਲ ਤੇ ਸ਼ਾਂਤ ਰਹੇ । ਉਨ੍ਹਾਂ ਦੇ ਚਿਹਰੇ 'ਤੇ ਕਿਸੇ ਕਿਸਮ ਦਾ ਕੋਈ ਤਣਾਅ ਜਾਂ ਘਬਰਾਹਟ ਨਹੀਂ ਸੀ । ਫਾਂਸੀ ਦੀ ਖ਼ਬਰ ਸੁਣਦਿਆਂ ਪੂਰਾ ਇਸਲਾਮੀ ਜਗਤ ਰੋਹ ਵਿਚ ਆ ਗਿਆ । ਜਿਸ ਸੱਦਾਮ ਨਾਲ ਬਹੁਤੇ ਮੁਸਲਮਾਨਾਂ ਦੀ ਹਮਦਰਦੀ ਨਹੀਂ ਵੀ ਸੀ ਉਹ ਵੀ ਅਮਰੀਕਾ ਦੇ ਇਸ ਧੱਕੇ ਨੂੰ ਇਸਲਾਮ ਵਿਰੁੱਧ ਧੱਕਾ ਸਮਝਣ ਲੱਗੇ। ਫਾਂਸੀ ਲਾਏ ਜਾਣ ਨਾਲ ਕੁਰਦਾਂ ਨੂੰ ਵੀ ਅਫਸੋਸ ਹੋਇਆ । ਉਹ ਸੋਚਣ ਲੱਗੇ ਕਿ ਫਾਂਸੀ ਕੁਰਦਾਂ ਦੇ ਕਤਲੇਆਮ ਬਦਲੇ ਨਹੀਂ ਸਗੋਂ ਅਮਰੀਕਾ ਨੇ ਆਪਣਾ ਮਨੋਰਥ ਪੂਰਾ ਕਰਨ ਲਈ ਦਿੱਤੀ ਸੀ । ਇਸ ਲਈ ਅੰਦਰੋਂ ਅੰਦਰੀ ਕੁਰਦ ਅਮਰੀਕਾ ਨੂੰ ਬੁਰਾ ਸਮਝਣ ਲੱਗੇ । ਫਾਂਸੀ ਦੀ ਸਾਰੀ ਯੋਜਨਾ ਅਮਰੀਕਾ ਵਿਚ ਬਣਾਈ ਗਈ ਸੀ । ਇਸ ਨੂੰ ਆਖਰੀ ਅੰਜ਼ਾਮ ਵੀ ਅਮਰੀਕਾ ਨੇ ਹੀ ਦਿੱਤਾ ਸੀ । ਇਸ ਲਈ ਈਦ ਦੇ ਪਵਿੱਤਰ ਤਿਉਹਾਰ ਨੂੰ ਦੇਖਦਿਆਂ ਵੀ ਫਾਂਸੀ ਦੇ ਸਮੇਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਸੀ । ਇਸ ਦਾ ਮੁੱਖ ਮਨੋਰਥ ਸ਼ੀਆ ਅਤੇ ਸੁੰਨੀ ਮੁਸਲਮਾਨ ਵਿਚ ਇਕ ਲੰਮੀ ਤੇ ਡੂੰਘੀ ਦਰਾੜ ਪੈਦਾ ਕਰਨਾ ਸੀ ਤਾਂ ਕਿ ਇਰਾਕ ਵਿਚ ਖਾਨਾ-ਜੰਗੀ ਨੂੰ ਹੋਰ ਬਲ ਮਿਲ ਸਕੇ ਅਤੇ ਇਰਾਕ ਦੇ ਟੁਕੜੇ ਹੋ ਜਾਣ । ਅਮਰੀਕਾ, ਇਰਾਕ ਵਿਚ ਜੋ ਹਾਸਲ ਕਰਨ ਚਾਹੁੰਦਾ ਸੀ ਭਾਵੇਂ ਉਸਨੇ ਉਹ ਹਾਸਲ ਕਰ ਲਿਆ। ਇਰਾਕੀ ਸਦਰ ਨੂੰ ਭਾਵੇਂ ਠਿਕਾਣੇ ਵੀ ਲਾ ਦਿੱਤਾ। ਇਰਾਕ ਦੀ ਇਲਾਕਾਈ ਚੁਣੌਤੀ ਖਤਮ ਕਰਕੇ ਬਾਥ ਪਾਰਟੀ ਦਾ ਗਲਾ ਵੀ ਘੁੱਟ ਦਿੱਤਾ ਪਰ ਅਮਰੀਕੀ ਫੌਜਾਂ ਇਰਾਕ ਵਿਚ ਹਿੰਸਾ 'ਤੇ ਕਾਬੂ ਪਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਹੋ ਗਈਆਂ।

30 ਦਸੰਬਰ 2006 ਨੂੰ ਈਦ ਦੇ ਪਵਿੱਤਰ ਤਿਉਹਾਰ ਤੋਂ ਇਕ ਦਿਨ ਪਹਿਲਾਂ ਸਵੇਰੇ 6 ਵਜੇ ਤੱਕ ਜਿਹੜਾ ਜਿੰਦਾ ਸੱਦਾਮ ਸੀ ਉਹ 6 ਵਜੇ ਤੋਂ ਮਗਰੋਂ ਸ਼ਹੀਦ ਸੱਦਾਮ ਬਣ ਗਿਆ ਤੇ ਸ਼ਹੀਦ ਸੱਦਾਮ ਇਤਿਹਾਸ ਦੇ ਪੰਨਿਆ 'ਤੇ ਅਮਰ ਹੋ ਗਿਆ ਇਹ ਫਾਂਸੀ ਨਹੀਂ ਸਗੋਂ ਪੂਰੇ ਇਰਾਕ ਅਤੇ ਪੂਰੀ ਇਰਾਕੀ ਸੱਭਿਅਤਾ ਦਾ ਸਾਮਰਾਜੀ ਪੱਛਮੀ ਤਾਕਤਾਂ ਵੱਲੋਂ ਕੀਤਾ ਗਿਆ ਅੰਤ ਸੀ । ਫਾਂਸੀ ਲਗਾਉਣ ਤੋਂ ਮਗਰੋਂ ਅਮਰੀਕਾ ਸ਼ਰਮਸਾਰ ਸੀ ਕਿਉਂਕਿ ਉਹ 1991 ਤੋਂ ਹੀ ਇਰਾਕ ਉਤੇ ਹਮਲੇ ਕਰਦਾ ਆ ਰਿਹਾ ਸੀ ਪਰ ਇਰਾਕੀ ਸਦਰ ਸੱਦਾਮ ਹੁਸੈਨ ਨੂੰ ਝੁਕਾਅ ਨਹੀਂ ਸੀ ਸਕਿਆ ਕਿਉਂਕਿ ਸੱਦਾਮ ਹੁਸੈਨ ਨੇ ਫਾਂਸੀ ਦੇ ਤਖਤ 'ਤੇ ਚੜ ਕੇ ਵੀ ਅਮਰੀਕਾ ਅੱਗੇ ਸਿਰ ਨਹੀਂ ਸੀ ਝੁਕਾਇਆ ਉਹ ਅਣਖ ਨਾਲ ਹੀ

ਜੀਵਿਆ ਤੇ ਅਣਖ ਨਾਲ ਹੀ ਫਾਂਸੀ ਨੂੰ ਚੁੰਮ ਗਿਆ । ਭਾਰਤ ਸਰਕਾਰ ਨੇ ਇਸ ਦੀ ਘੋਰ ਨਿੰਦਾ ਕੀਤੀ । ਭਾਰਤੀ ਮੁਸਲਿਮ ਭਾਈਚਾਰੇ ਵਿਚ ਇੰਨਾਂ ਰੋਸ ਫੈਲ ਗਿਆ ਕਿ ਇਨ੍ਹਾਂ ਨੇ ਤਾਂ ਸੱਦਾਮ ਹੁਸੈਨ ਨੂੰ ਫਾਂਸੀ ਦੇਣ ਵਾਲੇ ਅਮਰੀਕੀ ਰਾਸ਼ਟਰਪਤੀ ਜਾਰਜ਼ ਡਬਲਿਊ ਬੁਸ਼ ਦਾ ਸਿਰ ਕਲਮ ਕਰਨ ਵਾਲੇ ਵਿਅਕਤੀ ਨੂੰ ਇਕ ਕਰੋੜ ਰੁਪਏ ਇਨਾਮ ਹੀ ਰੱਖ ਦਿੱਤਾ। ਮਨੁੱਖੀ ਅਧਿਕਾਰ ਸੰਗਠਨ ਹਿਊਮਨ ਰਾਈਟਸ ਵਾਚ ਦੇ ਡਾਇਰੈਕਟਰ ਰਿਚਰਡ ਡਿਕਰ ਨੇ ਖੁਦ ਵੀ ਜਾਰਜ਼ ਡਬਲਿਊ ਬੁਸ਼ ਦੀ ਨਿੰਦਾ ਕੀਤੀ । ਉਸ ਨੇ ਕਿਹਾ ਕਿ "ਸ਼੍ਰੀ ਬੁਸ਼ ਨੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਨੂੰ ਪਲਟ ਕੇ ਰੱਖ ਦਿੱਤਾ ਹੈ ।" ਸੱਦਾਮ ਹੁਸੈਨ ਨੂੰ ਜਿਸ ਵਹਿਸ਼ੀਆਨਾ ਢੰਗ ਨਾਲ ਫਾਂਸੀ ਲਗਾਈ ਗਈ ਇਸ ਤੇ ਅਮਰੀਕੀ ਸੰਗਠਨ ਨੈਸ਼ਨਲ ਕੋਲੀਸ਼ਨ ਟੂ ਅਬਾਲਿਸ਼ ਡੈਥ ਪੈਨਾਲਟੀ ਵੱਲੋਂ ਅਮਰੀਕਾ ਦਾ ਖੁਲ੍ਹ ਕੇ ਵਿਰੋਧ ਕੀਤਾ ਗਿਆ। ਬੈਲਜ਼ੀਅਮ, ਇਟਲੀ ਅਤੇ ਅਮਰੀਕਾ ਦੇ ਕਈ ਹੋਰ ਸਹਿਯੋਗੀ ਦੇਸ਼ਾਂ ਨੇ ਫਾਂਸੀ ਦੀ ਸਜ਼ਾ ਦਾ ਵਿਰੋਧ ਕੀਤਾ ।

ਫਾਂਸੀ ਤੋਂ ਦੁਸਰੇ ਦਿਨ ਸਾਬਕਾ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਦੇਸ਼ ਦੇ ਉਤਰੀ ਹਿੱਸੇ ਵਿਚ ਸਥਿਤ ਉਨ੍ਹਾਂ ਦੇ ਜੱਦੀ ਪਿੰਡ ਅਲ-ਅਵਜਾ ਵਿਚ ਸਪੁਰਦ -ਏ-ਖਾਕ ਕਰ ਦਿੱਤਾ ਗਿਆ । ਇਥੇ ਹੀ ਉਨ੍ਹਾਂ ਦੇ ਦੋ ਪੁੱਤਰ ਉਦੇ ਅਤੇ ਕੁਸੇ ਜਿਹੜੇ ਕਿ 22 ਜੁਲਾਈ 2003 ਨੂੰ ਮੋਸੂਲ ਵਿਖੇ ਇਕ ਅਮਰੀਕੀ ਹਵਾਈ ਹਮਲੇ ਵਿਚ ਮਾਰੇ ਗਏ ਸਨ ਨੂੰ ਦਫਨਾਇਆ ਗਿਆ ਸੀ ।

ਸੱਦਾਮ ਹੁਸੈਨ ਇਕ ਮਹਾਨ ਰਾਸ਼ਟਰ ਨਿਰਮਾਤਾ ਅਤੇ ਕੌਮੀ ਉਸਰੱਈਆ ਸੀ । ਉਸਨੇ ਕਦੇ ਵੀ ਆਪਣੇ ਦੇਸ਼ ਦੀ ਪ੍ਰਬੰਧਕੀ ਮਸ਼ੀਨਰੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ । ਆਪਣੇ ਰਾਜਕਾਲ ਦੇ ਪਹਿਲੇ ਦਸ ਸਾਲਾਂ ਵਿਚ ਹੀ ਉਸ ਨੇ ਇਰਾਕੀ ਤੇਲ ਤੋਂ ਕਮਾਈ ਕਰ ਕੇ ਇਰਾਕ ਨੂੰ ਸੰਸਾਰ ਭਾਈਚਾਰੇ ਵਿਚ ਸਰਬਉੱਚ ਸਥਾਨ ਦਵਾਇਆ । ਇਰਾਕ ਦੀ ਉਨੱਤੀ ਅਤੇ ਨਵਨਿਰਮਾਣ ਵਿਚ ਉਸ ਦਾ ਹੀ ਹੱਥ ਸੀ ਉਹ ਰੂੜੀਵਾਦੀ ਨਹੀਂ ਸਗੋਂ ਇਕ ਪ੍ਰਗਤੀਸ਼ੀਲ ਵਿਅਕਤੀ ਸੀ । ਉਸ ਨੇ ਇਰਾਕੀ ਨਵਨਿਰਮਾਣ ਅਤੇ ਆਧੁਨੀਕਰਣ ਦੇ ਲਈ ਅਨੇਕ ਸਮਾਜਿਕ, ਸਿੱਖਿਆ ਸਬੰਧੀ ਅਤੇ ਆਰਥਿਕ ਸੁਧਾਰ ਕਰਕੇ ਇਰਾਕ ਵਿਚ ਅਦਭੁੱਤ ਪਰਿਵਤਨ ਕਰ ਕੇ ਇਸ ਦੀ ਕਾਇਆ ਪਲਟ ਦਿੱਤੀ । ਉਸ ਨੇ ਅਨੇਕ ਰੂੜੀਵਾਦੀ ਸਮਾਜਿਕ ਪ੍ਰਥਾਵਾਂ ਦਾ ਅੰਤ ਕਰ ਕੇ ਸਮਾਜ ਦਾ ਪੱਛਮੀਕਰਨ ਕਰਨ ਦਾ ਯਤਨ ਕੀਤਾ । ਵਿੱਦਿਆ ਨੂੰ ਉਤਸ਼ਾਹ ਦੇ ਕੇ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ । ਵਿਦੇਸ਼ਾਂ ਨਾਲ ਸਬੰਧ ਸਥਾਪਤ ਕਰਕੇ ਅੰਤਰਰਾਸ਼ਟਰੀ ਸਥਿਤੀ ਵਿਚ ਉਸ ਨੇ ਆਪਣੀ ਸਥਿਤੀ ਨੂੰ ਦ੍ਰਿੜ ਬਣਾਇਆ । ਉਸ ਨੇ ਅਮਰੀਕਾ ਵਰਗੀ ਸ਼ਕਤੀ ਨਾਲ ਮੱਥਾ ਲਾ ਕੇ ਅਮਰੀਕਾ ਨੂੰ ਇਹ ਦੱਸ ਦਿੱਤਾ ਸੀ ਕਿ ਅਮਰੀਕਾ ਕਿਸੇ ਹੋਰ ਦੇਸ਼ ਨੂੰ ਛੋਟਾ ਅਤੇ ਕਮਜ਼ੋਰ ਨਾ ਸਮਝੇ । ਫਾਂਸੀ ਦੇ ਤਖਤ 'ਤੇ ਚੜਨ ਤੋਂ ਪਹਿਲਾਂ ਪਹਿਲਾਂ ਹੀ ਉਹ ਅਮਰੀਕਾ ਨੂੰ ਇਰਾਕ ਦੇ ਇਹੋ-ਜਿਹੇ ਚੱਕਰਵਿਊ ਵਿਚ ਫਸਾ ਗਿਆ ਜਿੱਥੋਂ ਅਮਰੀਕਾ ਛੇਤੀ ਨਾਲ ਨਿਕਲ ਨਹੀਂ ਸਕਦਾ ਸੀ ।

1991 ਵਿਚ ਵਿਸ਼ਵ ਦੇ 29 ਦੇਸ਼ਾਂ ਨਾਲ ਜੰਗ ਕਰਨ ਤੋਂ ਮਗਰੋਂ ਉਸ ਨੂੰ 'ਸਲਾਹ-ਉਲ-ਦੀਨ ਅਯੂਬੀ' ਕਿਹਾ ਜਾਣ ਲੱਗਾ । ਅਰਬ ਉਸ ਦੀ ਫੋਟੋ ਨੂੰ ਆਪਣੇ ਘਰ

ਵਿਚ ਪਾ ਕੇ ਮਾਣ ਮਹਿਸੂਸ ਕਰਨ ਲੱਗੇ । ਵਿਸ਼ਵ ਵਿਚ ਕਿਸੇ ਨੇਤਾ ਦੀਆਂ ਇੰਨੀਆਂ ਤਸਵੀਰਾਂ ਜਾਂ ਪੇਂਟਿੰਗਜ਼ ਨਹੀਂ ਮਿਲਦੀਆਂ ਜਿੰਨੀਆਂ ਉਸ ਦੀਆਂ ਸਨ । ਉਸ ਦੀਆਂ ਇੰਨੀਆਂ ਪੇਂਟਿੰਗਜ਼ ਕਾਰਨ ਹੀ ਉਸ ਦਾ ਨਾਂ ਗਿੰਨੀਜ਼ ਬੁੱਕ ਵਿਚ ਦਰਜ਼ ਹੈ । ਗਰੀਬ ਕਿਸਾਨ ਪਰਿਵਾਰ ਵਿਚੋਂ ਉਠਕੇ ਅਮਰੀਕਾ ਅਤੇ ਇਸਰਾਈਲ ਨੂੰ ਚੈਲਿੰਜ਼ ਕਰਨ ਵਾਲੇ ਇਸ ਪਹਿਲੇ ਅਤੇ ਫਲਸਤੀਨ ਦੀ ਅਜ਼ਾਦੀ ਮੰਗਣ ਵਾਲੇ ਅਧੁਨਿਕ ਅਰਬ ਪ੍ਰਧਾਨ ਨੂੰ ਇਸਰਾਈਲ ਉਤੇ ਸਕੱਡ ਮਿਜ਼ਾਈਲਾਂ ਨਾਲ ਹਮਲਾ ਕਰਨ ਅਤੇ ਅਮਰੀਕਾ ਦੀ ਸਰਦਾਰੀ ਨਾ ਕਬੂਲਣ ਕਾਰਨ ਅਮਰੀਕਾ ਦੀ ਕਠਪੁਤਲੀ ਗੈਰਕਾਨੂੰਨੀ ਸ਼ਿਆ ਸਰਕਾਰ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ । ਫਾਂਸੀ ਲੱਗਣ ਤੋਂ ਕੁਝ ਸਮਾਂ ਪਹਿਲਾਂ ਉਸ ਨੇ ਕਿਹਾ ਸੀ, " ਇਰਾਕ ਅਮਰੀਕਾ ਲਈ ਵੀਅਤਨਾਮ ਨਾਲੋਂ ਵੱਡੀ ਕਬਰਗਾਹ ਸਾਬਤ ਹੋਵੇਗਾ । ਮੈਂ ਅਮਰੀਕੀਆਂ ਨੂੰ ਇਹ ਸਾਬਤ ਕਰ ਕੇ ਆਪਣੇ ਸਿਰਜਣਹਾਰ ਦੇ ਸਾਹਮਣੇ ਇਕ ਬਹਾਦਰ ਦਿਲ ਅਤੇ ਸਾਫ ਹੱਥਾ ਨਾਲ ਜਾ ਰਿਹਾ ਹਾਂ ਕਿ ਇਕ ਅਰਬ ਸ਼ਾਨਾਮੱਤੇ ਸਿਧਾਂਤਾ ਦੀ ਰਾਖੀ ਕਰਦਾ ਹੋਇਆ ਅਣਖ ਅਤੇ ਸ਼ਾਨ ਨਾਲ ਮਰਦਾ ਹੈ ।"

ਵਿਸ਼ਾਲ ਇਕਮੁੱਠ ਅਰਬਾਂ ਦਾ ਸੁਪਨਾ ਲੈਣ ਵਾਲੇ ਅਤੇ ਵਿਸ਼ਵ ਦੀਆਂ ਪੱਛਮੀ ਸਾਮਰਾਜੀ ਤਾਕਤਾਂ ਨਾਲ ਲੋਹਾ ਲੈਣ ਵਾਲੇ ਇਸ ਵਿਅਕਤੀ ਦਾ ਜਨਮ 28 ਅਪ੍ਰੈਲ 1937 ਨੂੰ ਬਗਦਾਦ ਦੇ ਉਤੱਰ ਵਿਚ ਟਿਕਰੀਤ ਦੇ ਨੇੜੇ ਅਲ-ਅਵਜਾ ਨਾਂ ਦੇ ਪਿੰਡ ਵਿਚ ਇਕ ਗਰੀਬ ਕਿਸਾਨ ਪਰਿਵਾਰ ਵਿਚ ਹੋਇਆ ਸੀ । ਜਨਮ ਤੋਂ ਪਹਿਲਾਂ ਹੀ ਪਿਤਾ ਦੀ ਮੌਤ ਹੋ ਗਈ। ਇਸ ਲਈ ਬਚਪਨ ਖੇਤਾਂ ਦੀਆਂ ਵੱਟਾਂ 'ਤੇ ਭੱਜਦੇ ਅਤੇ ਮਾਂ ਨਾਲ ਲਿਪਟਦਿਆਂ ਉਸ ਤੋਂ ਕਹਾਣੀਆਂ ਸੁਣਨ ਵਿਚ ਗੁਜਰਿਆ । ਮਾਂ ਨੇ ਕਹਾਣੀਆਂ ਰਾਂਹੀ ਉਸ ਨੂੰ ਦੱਸਿਆ ਕਿ ਕਿਸ ਤਰ੍ਹਾਂ 1941 ਵਿਚ ਰਾਸ਼ਿਦ ਅਲੀ ਗਿਲਾਨੀ ਦੀ ਅਗਵਾਈ ਵਿਚ ਹੋਏ ਇਨਕਲਾਬ ਵਿਚ ਉਸ ਦੇ ਮਾਮੇ ਅਗਰੇਜ਼ਾਂ ਨਾਲ ਲੜੇ ਅਤੇ ਬਾਕੀ ਪਰਿਵਾਰ ਨੇ ਵੀ ਵਧ ਚੜ੍ਹ ਕੇ ਹਿੱਸਾ ਪਾਇਆ । ਸਜ਼ਾ ਦੇ ਤੌਰ 'ਤੇ ਉਨ੍ਹਾਂ ਦੇ ਰਿਸਤੇਦਾਰਾਂ ਨੂੰ ਕਤਲ ਕਰਵਾ ਕੇ ਉਨ੍ਹਾਂ ਦੇ ਘਰਾਂ ਨੂੰ ਸਾੜ ਦਿੱਤਾ ਗਿਆ ਸੀ । ਮਾਂ ਦੀਆਂ ਕਹਾਣੀਆਂ ਸੁਣ ਕੇ, ਬਰਤਾਨਵੀ ਸਾਮਰਾਜ ਦੀ ਗੁਲਾਮੀ ਵਿਚ ਇਰਾਕ ਨੂੰ ਫਸਿਆ ਵੇਖ ਨੰਨ੍ਹੇ ਸੱਦਾਮ ਦੀ ਛਾਤੀ ਵਿਚ ਇਕ ਵੱਖਰੀ ਕਿਸਮ ਦਾ ਜੋਸ਼ ਤੜਫਣ ਲੱਗ ਪਿਆ । ਪਹਿਲੀ ਵਾਰ ਉਸ ਨੇ ਪੜਾਈ ਕਰਨ ਲਈ ਆਪਣੇ ਪਰਿਵਾਰ ਵਿਰੁੱਧ 8 ਸਾਲ ਦੀ ਉਮਰ ਵਿਚ ਬਗਾਵਤ ਕੀਤੀ । ਇਹ ਨੰਨ੍ਹੇ ਸੱਦਾਮ ਦਾ ਪਹਿਲਾ ਵਿਦਰੋਹ ਸੀ । ਉਸ ਦੀ ਦ੍ਰਿੜਤਾ ਅਤੇ ਇੱਛਾ ਸ਼ਕਤੀ ਨੇ ਉਸ ਨੂੰ ਸੰਘਰਸ਼ ਭਰੇ ਜੀਵਨ ਵਿਚੋਂ ਉਪਰ ਚੁੱਕ ਕੇ ਦੇਸ਼ ਦੇ ਰਾਸ਼ਟਰਪਤੀ ਦੇ ਇਕ ਸਰਵਉੱਚ ਆਹੁਦੇ 'ਤੇ ਪਹੁੰਚਾ ਦਿੱਤਾ । ਉਸ ਜ਼ਿੰਦਗੀ ਵਿਚ ਬੇਸ਼ੁਮਾਰ ਤਕਲੀਫਾਂ ਝੱਲੀਆਂ, ਜੱਫਰ ਜਾਲੇ ਪ੍ਰੰਤੂ ਕਦੇ ਹੌਂਸਲਾ ਨਹੀਂ ਹਾਰਿਆ । ਅਕਤੂਬਰ 1956 ਵਿਚ ਬਰਤਾਨੀਆ ਪੱਖੀ ਸ਼ਾਹੀ ਹਾਕਮਾਂ ਦੇ ਵਿਰੁੱਧ ਬਗਾਵਤ ਵਿਚ ਸ਼ਾਮਲ ਹੋ ਕੇ ਧਰਮ ਨਿਰਪੱਖ ਪਾਰਟੀ, ਬਾਥ ਪਾਰਟੀ ਵਿਚ ਸ਼ਾਮਲ ਹੋ ਗਏ । ਮਾਰਚ 1975 ਵਿਚ ਉਸ ਨੇ ਇਨਕਲਾਬੀ ਕਮਾਨ ਕੌਂਸਲ ਦੇ ਮੀਤ ਪ੍ਰਧਾਨ ਵੱਜੋਂ ਸ਼ਾਹ ਇਰਾਨ ਨਾਲ ਸਰਹੱਦੀ ਸਮਝੌਤਾ ਕਰ ਕੇ ਇਰਾਨ ਵੱਲੋਂ ਕੁਰਦਾਂ ਨੂੰ ਦਿੱਤੀ ਜਾਣ ਵਾਲੀ ਹਮਾਇਤ ਬੰਦ ਕਰਵਾ ਦਿੱਤੀ । 17 ਜੁਲਾਈ 1979 ਨੂੰ ਰਾਸ਼ਟਰਪਤੀ ਅਹਿਮਦ ਹੁਸੈਨ ਅਲ-ਬੱਕਰ ਵੱਲੋਂ

ਇਨਕਲਾਬੀ ਕਮਾਨ ਕੌਂਸਲ ਦੇ ਚੈਅਰਮੈਨ ਦੇ ਪਦ ਤੋਂ ਅਸਤੀਫਾ ਦੇਣ ਮਗਰੋਂ ਇਰਾਕ ਦੀ ਸਤਾ ਆਪਣੇ ਹੱਥ ਵਿਚ ਲੈ ਲਈ । ਹਰ ਖੇਤਰ ਵਿਚ ਵਿਕਾਸ ਕਾਰਜ ਸ਼ੁਰੂ ਕਰ ਕੇ ਆਪਣੇ ਲਈ 1981 ਵਿਚ 65 ਕਰੋੜ ਦੀ ਲਾਗਤ ਨਾਲ ਪੱਛਮੀ ਜਰਮਨੀ ਦੀ ਡੋਸਲ ਡੋਰਫ ਇੰਜਨੀਅਰਿੰਗ ਫਰਮ (Dosal Doraf Engineering Firm) ਤੋਂ 12 ਕਮਰਿਆਂ ਦਾ ਜ਼ਮੀਨਦੋਜ਼ ਬੰਕਰ ਬਣਵਾਇਆ ਇਹ ਬੰਕਰਨੁਮਾ ਮਹਿਲ ਬਗਦਾਦ ਵਿਚ ਪ੍ਰਮਾਣੂ ਬੰਬ ਦੇ ਪ੍ਰਭਾਵ ਤੋਂ ਰਹਿਤ ਧਰਤੀ ਦੇ 18 ਮੀ. ਅੰਦਰ ਬਣਾਇਆ ਗਿਆ ਸੀ । ਇਸ ਦੇ ਇਕ ਕਮਰੇ ਵਿਚ ਬੈਠ ਕੇ ਇਰਾਕੀ ਸਦਰ ਸੱਦਾਮ ਹੁਸੈਨ 24 ਟੈਲੀਵੀਜ਼ਨ ਸਕਰੀਨਾ ਰਾਂਹੀ ਆਪਣੇ ਦੇਸ਼ ਦੀ ਪ੍ਰਗਤੀ ਦੇਖਣ ਦੇ ਨਾਲ-ਨਾਲ ਉਨ੍ਹਾਂ ਨੂੰ ਸੰਬੋਧਨ ਵੀ ਕਰ ਸਕਦੇ ਸਨ । ਇਸ ਜ਼ਮੀਨਦੋਜ਼ ਬੰਕਰ ਵਿਚ ਰਹਿ ਕੇ ਇਨ੍ਹਾਂ ਨੇ 8 ਸਾਲ ਤੱਕ ਇਰਾਨ ਨਾਲ ਜੰਗ ਲੜੀ । ਇੱਥੋਂ ਹੀ ਦੁਨੀਆਂ ਦੀ ਸਰਵਉੱਚੋਂ ਮੰਨੀ ਜਾਣ ਵਾਲੀ ਮਹਾਂਸ਼ਕਤੀ ਅਮਰੀਕਾ ਅਤੇ ਉਸ ਦੇ 29 ਜੋਟੀਦਾਰਾਂ ਨਾਲ 1991 ਤੋਂ 2003 ਤੱਕ ਜੰਗ ਲੜੀ ।



ਭਗਤ ਸਿੰਘ ਸਰੋਆ

ਜੰਗਾਂ ਤੇ ਯੁੱਧਾਂ ਦੀਆਂ ਕਹਾਣੀਆਂ ਬਚਪਨ ਤੋਂ ਹੀ ਸੁਣਨ ਦਾ ਸ਼ੌਕ ਸੀ। ਇਸ ਲਈ ਇਤਿਹਾਸ ਮੇਰਾ ਮਨ ਭਾਉਂਦਾ ਵਿਸ਼ਾ ਬਣ ਗਿਆ। ਪੰਜਾਬ ਦੇ ਇਤਿਹਾਸਕ ਕਸਬੇ ਚਮਕੌਰ ਸਾਹਿਬ ਤੋਂ ਤਿੰਨ ਕਿ.ਮੀ. ਛਿਪਦੇ ਵੱਲ ਆਪਣੇ ਜੱਦੀ ਪਿੰਡ ਸੰਧੂਆਂ, ਤਹਿ ਚਮਕੌਰ ਸਾਹਿਬ ਜਿਲ੍ਹਾ ਰੋਪੜ (ਪੰਜਾਬ) ਤੋਂ ਪ੍ਰਾਇਮਰੀ ਸਿਖਿਆ ਪਾਸ ਕਰਕੇ ਪੌੜੀ ਦਰ ਪੌੜੀ ਈਰਾਨ-ਇਰਾਕ ਜੰਗ ਖਤਮ ਹੋਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਤਿਹਾਸ ਦੇ ਵਿਸ਼ੇ ਵਿੱਚ ਐਮ.ਏ.ਪਾਸ ਕੀਤੀ। ਮਧ-ਪੂਰਬ ਦੇ ਇਤਿਹਾਸ ਵਿੱਚ ਖਾਸ ਰੂਚੀ ਹੋਣ ਕਾਰਨ ਇੰਗਲੈਂਡ, ਫਰਾਂਸ ਰੂਸ, ਟਰਕੀ, ਜਰਮਨੀ, ਇਟਲੀ, ਪ੍ਰਸ਼ੀਆ ਅਤੇ ਆਸਟ੍ਰੀਆ ਆਦਿ ਦੇਸ਼ਾਂ ਦੇ ਇਤਿਹਾਸ ਨੂੰ ਬਹੁਤ ਸ਼ੌਕ ਨਾਲ ਪੜ੍ਹਿਆ। ਈਰਾਨ-ਇਰਾਕ ਜੰਗ ਮੀਡੀਆ ਰਾਹੀਂ ਪੜ੍ਹਨ ਤੋਂ ਮਗਰੋਂ ਇਰਾਕੀ ਸਦਰ ਸੱਦਾਮ ਹੁਸੈਨ ਦੇ ਨਾਂ ਤੋਂ ਜਾਣੂ ਹੋ ਗਿਆ। ਉਸ ਨੇ ਜਿਥੇ ਇਰਾਕ ਦੀ ਸਮਾਜਿਕ ਅਤੇ ਆਰਥਿਕ ਹਾਲਤ ਨੂੰ ਬਦਲ ਕੇ ਇਸ ਨੂੰ ਪੱਛਮੀ ਲੀਹਾਂ 'ਤੇ ਚੜ੍ਹਾਉਣ ਦਾ ਤਹੱਈਆ ਕੀਤਾ ਹੋਇਆ ਸੀ ਉੱਥੇ ਉਹ ਅਰਬਾਂ ਦੀ ਪਿਛਲੱਗ ਅਤੇ ਪਿਛਾਂਹ ਖਿੱਚੂ ਸੋਚ ਪ੍ਰਤੀ ਚਿੰਤਤ ਵੀ ਸੀ। ਅਮਰੀਕਾ ਦੇ ਪਿਛਲੇ ਲੰਮੇ ਅਰਸੇ ਤੋਂ ਉਸ ਦੀ ਇਸ ਅਗਾਂਹਵਧੂ ਸੋਚ ਨੂੰ ਕਤਲ ਕਰਨ ਦੇ ਨਾਲ-ਨਾਲ ਮੱਧ-ਪੂਰਬ ਦੇ ਨਕਸ਼ੇ ਨੂੰ ਬਦਲਨ ਦੇ ਮਨਸੂਬਿਆਂ ਨੂੰ ਇਸ ਪੁਸਤਕ ਵਿੱਚ ਰੋਸ਼ਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਤੋਂ ਪਹਿਲਾਂ ਮਹਾਂਕਾਵਿ "ਜੰਗਨਾਮਾ ਇਸਾਈ-ਮਹੁੰਮਦਾਂ 1990-2003" ਇਸੇ ਉਦੇਸ਼ ਨੂੰ ਰੋਸ਼ਨ ਕਰਦਾ ਲਿਖਿਆ ਸੀ।

ਜੀਵਨ ਸਾਥਣ ਸਰਦਾਰਨੀ ਪਰਮਜੀਤ ਕੌਰ ਵੱਲੋਂ ਮਿਲੇ ਸਹਿਯੋਗ, ਪੁੱਤਰ ਗੁਰਿੰਦਰ ਸਿੰਘ (ਐਡਵੋਕੇਟ) ਅਤੇ ਨੂੰਹ ਸਰਬਜੀਤ ਕੌਰ (ਦੋਵੇਂ ਕੈਨੇਡਾ) ਬੇਟੀ ਡਾ. ਪਵਨਪ੍ਰੀਤ ਕੌਰ ਐਮ.ਬੀ.ਬੀ. ਐਸ., ਐਮ.ਡੀ, ਐਨਸਥੀਸੀਆ ਦਾਮਾਦ ਡਾ. ਸ਼ਿਵ ਦਾਸ ਸਿੱਧੂ ਐਮ.ਬੀ.ਬੀ. ਐਸ., ਐਮ. ਐਸ., ਆਰਥੋ ਅਤੇ ਬੇਟਾ ਮਨਿੰਦਰਜੀਤ ਸਿੰਘ (ਕੈਨੇਡਾ) ਵੱਲੋਂ ਮਿਲੇ ਉਤਸ਼ਾਹ ਨੇ ਕਲਮ ਨੂੰ ਹੋਰ ਬਲ ਦਿੱਤਾ। ਜਿਸ ਕਾਰਨ ਮੈਂ ਪੁਰਾਤਨ ਭਾਰਤੀ ਇਤਿਹਾਸ ਦੀ ਡੂੰਘੀ ਖੋਜ ਕੀਤੀ। ਇਸ ਅਧਿਐਨ ਵਿੱਚ "ਭਾਰਤੀ ਮੂਲ ਨਿਵਾਸੀ ਕੌਣ ?" ਇਤਿਹਾਸ ਬੋਲ ਪਿਆ ਤੱਥਾਂ 'ਤੇ ਅਧਾਰਿਤ ਪੁਸਤਕ ਦੀ ਛੁਪਾਈ ਸੰਪੂਰਨ ਹੋਣ ਦੇ ਨੇੜੇ ਪਹੁੰਚ ਗਈ।

Forever Learning

ISBN 978-81-7142-427-6

9 788171 424276

www. unistarbooks.com ₹ 300/-